

ਪ੍ਰਾਈਵੇਟ ਗੱਡੀਆਂ, ਕਮਰਸ਼ੀਅਲ ਟਰੱਕ, ਲਾਈਫ ਅਤੇ ਘਰਾਂ ਦੀ ਇੰਸ਼ੋਰੈਂਸ ਦੀ ਸੇਵਾ ਵਿਚ ਤਜਰਬੇਕਾਰ ਬੌਬੀ ਸਿੰਘ ਨੂੰ ਚੰਗੀਆਂ ਸੇਵਾਵਾਂ ਲਈ ਅੱਜ ਹੀ ਕਾਲ ਕਰੋ

ਬੌਬੀ ਸਿੰਘ

(ਸੈਲ): 718-757-7809

ਫੋਨ (ਦਫਤਰ): 718-262-9700

(ਫੈਕਸ): 516-439-5418

ਪੰਜਾਬੀ ਭਰਾਵਾਂ ਦੀ ਸੇਵਾ ਵਿਚ ਹਰ ਪਲ ਹਾਜ਼ਰ

ਗੱਡੀਆਂ ਅਤੇ ਘਰਾਂ ਦੀ ਇੰਸ਼ੋਰੈਂਸ ਸਬੰਧੀ ਸਲਾਹ-ਮਸ਼ਵਰਾ ਕਰਕੇ ਪੈਸੇ ਦੀ ਬੱਚਤ ਕਰੋ।

120-20 101 Avenue S. Richmond Hill, NY 11419

Ad Space Available
Please Call
Ph: 847-359-0746

Pantry For Sale

Kenosha, WI

Sales Are Great!



Only Interested buyers.

Contact, Ph: 262-488-0330
or 262-902-2072



Twentieth Year of Publication ਕੈਲੀਫੋਰਨੀਆ ਐਡੀਸ਼ਨ Price 50¢

Email:punjabtimes1@gmail.com
www.punjabtimesusa.com

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ


# ਪੰਜਾਬ ਟਾਈਮਜ਼


Punjab Times, Vol 20, Issue 5, February 2, 2019 20451 N. Plum Grove Rd., Palatine, IL 60074 Ph:847-359-0746, Fax:847-705-9388


## ਬਰਗਾੜੀ ਗੋਲੀ ਕਾਂਡ: ਪੁਲਿਸ ਅਫਸਰਾਂ ਖਿਲਾਫ ਕਾਰਵਾਈ ਨੇ ਆਸ ਜਗਾਈ

### ਸਾਬਕਾ ਐਸ.ਐਸ.ਪੀ. ਗ੍ਰਿਫਤਾਰ; ਬਾਦਲਾਂ ਨੂੰ ਵੀ ਘੇਰਨ ਦੇ ਸੰਕੇਤ

**ਚੰਡੀਗੜ੍ਹ:** ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਖਿਲਾਫ਼ ਰੋਸ ਪ੍ਰਗਟ ਕਰ ਰਹੇ ਸ਼ਰਧਾਲੂਆਂ ਉਤੇ ਗੋਲੀ ਚਲਾਉਣ ਦੇ ਮਾਮਲੇ ਵਿਚ ਮੋਗਾ ਦੇ ਤਤਕਾਲੀ ਐਸ.ਐਸ.ਪੀ. ਚਰਨਜੀਤ ਸ਼ਰਮਾ ਦੀ ਗ੍ਰਿਫਤਾਰੀ ਨੇ ਸਾਫ ਕਰ ਦਿੱਤਾ ਹੈ ਕਿ ਸੂਬੇ ਦੀ ਕਾਂਗਰਸ ਸਰਕਾਰ ਨੇ ਦੋਸ਼ੀਆਂ ਖਿਲਾਫ ਕਾਰਵਾਈ ਦਾ ਮਨ ਆਖਰਕਾਰ ਬਣਾ ਲਿਆ ਹੈ। ਸ਼ਰਮਾ ਦੀ ਗ੍ਰਿਫਤਾਰੀ ਨੂੰ ਫਿਲਹਾਲ ਸ਼ੁਰੂਆਤ ਦੱਸਿਆ ਜਾ ਰਿਹਾ ਹੈ ਤੇ ਆਉਂਦੇ ਦਿਨਾਂ ਵਿਚ ਹੋਰ ਪੁਲਿਸ ਅਫਸਰਾਂ ਨੂੰ ਘੇਰਾ ਪਾਉਣ ਦੀ ਤਿਆਰੀ ਕੀਤੀ ਜਾ ਰਹੀ ਹੈ।

ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਬਾਦਲਾਂ ਨੂੰ ਵੀ ਘੇਰਨ ਦੇ ਸੰਕੇਤ ਵੀ ਦਿੱਤੇ ਹਨ ਅਤੇ ਦਾਅਵਾ ਕੀਤਾ ਹੈ ਕਿ ਚਰਨਜੀਤ ਸ਼ਰਮਾ ਦੀ ਗ੍ਰਿਫਤਾਰੀ ਤਾਂ ਸਿਰਫ ਸ਼ੁਰੂਆਤ ਹੈ, ਜਿਉਂ-ਜਿਉਂ ਫੜੇ ਗਏ ਅਫਸਰ ਖੁਲਾਸੇ ਕਰਨਗੇ, ਉਸੇ ਤਰ੍ਹਾਂ ਸਿਲਸਿਲਾ ਅੱਗੇ ਵਧਦਾ ਜਾਵੇਗਾ। ਗੋਲੀ ਦਾ ਹੁਕਮ ਦੇਣ ਵਾਲਿਆਂ ਦੀ ਸ਼ਨਾਖਤ ਵਿਸ਼ੇਸ਼ ਜਾਂਚ ਟੀਮ 'ਸਿੱਟ' ਕਰੇਗੀ। ਦੱਸ ਦਈਏ ਕਿ ਕੋਟਕਪੂਰਾ ਅਤੇ ਬਹਿਬਲ ਕਲਾਂ ਗੋਲੀ ਕਾਂਡ ਦੇ ਮੁੱਦੇ 'ਤੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ 'ਤੇ ਸਰਕਾਰ ਦੇ ਅੰਦਰੋਂ ਅਤੇ ਬਾਹਰੋਂ ਪਿਛਲੇ ਛੇ ਮਹੀਨਿਆਂ ਤੋਂ ਕਾਰਵਾਈ ਲਈ ਭਾਰੀ ਦਬਾਅ ਸੀ। ਜਸਟਿਸ ਰਣਜੀਤ ਸਿੰਘ ਕਮਿਸ਼ਨ ਨੇ ਗੋਲੀ ਕਾਂਡ ਵਿਚ ਬਾਦਲਾਂ ਦਾ ਨਾਮ ਲਿਆ ਸੀ ਪਰ ਕੈਪਟਨ ਸਰਕਾਰ ਕਾਰਵਾਈ ਤੋਂ ਟਾਲਾ ਵੱਟਦੀ ਰਹੀ। ਹੁਣ ਕਾਂਗਰਸ ਸਰਕਾਰ ਦੇ ਆਪਣੇ ਮੰਤਰੀ, ਬਾਦਲਾਂ ਖਿਲਾਫ ਢਿੱਲੀ ਕਾਰਵਾਈ ਵਿਰੁਧ ਬੋਲਣ ਲੱਗੇ


(ਬਾਕੀ ਸਫਾ 6 ਉਤੇ)




### ਪੁਲਿਸ ਨੇ ਮਾਮਲਾ ਰਫਾ-ਦਫਾ ਕਰਨ ਲਈ ਲਾਇਆ ਸੀ ਜ਼ੋਰ

ਲੋਕ ਰੋਹ ਕਾਰਨ ਭਾਵੇਂ ਬਰਗਾੜੀ ਗੋਲੀ ਕਾਂਡ ਮਾਮਲੇ ਵਿਚ ਪੁਲਿਸ ਅਧਿਕਾਰੀਆਂ ਖਿਲਾਫ ਕਾਰਵਾਈ ਕਰਨੀ ਪਈ ਪਰ ਇਸ ਮਾਮਲੇ ਨੂੰ ਰਫ਼ਾ-ਦਫ਼ਾ ਕਰਨ ਵਿਚ ਕੋਈ ਕਸਰ ਨਹੀਂ ਛੱਡੀ ਗਈ। ਇਹ ਗੱਲ ਕਾਫੀ ਹੱਦ ਤੱਕ ਸਾਹਮਣੇ ਆ ਗਈ ਹੈ ਕਿ ਕੋਟਕਪੂਰਾ ਵਿਚ ਗੋਲੀਕਾਂਡ ਵਾਲੀ ਰਾਤ ਪੁਲਿਸ ਕਾਰਵਾਈ ਲਈ 5 ਜ਼ਿਲ੍ਹਿਆਂ ਤੋਂ ਪੁਲਿਸ ਫੋਰਸ ਤੇ ਅਧਿਕਾਰੀ ਜ਼ਿਲ੍ਹਾ ਪ੍ਰਸ਼ਾਸਨ ਦੇ ਆਦੇਸ਼ਾਂ 'ਤੇ ਨਹੀਂ ਬਲਕਿ ਸੂਬਾ ਸਰਕਾਰ ਦੇ ਹੁਕਮਾਂ 'ਤੇ ਉਥੇ ਪੁੱਜੇ ਸਨ। ਸੂਬਾ ਸਰਕਾਰ ਤੇ ਸੂਬਾ ਪੁਲਿਸ ਮੁਖੀ ਦੇ ਆਦੇਸ਼ਾਂ 'ਤੇ ਕੋਟਕਪੂਰਾ ਤੇ ਬਹਿਬਲ ਕਲਾਂ ਵਿਖੇ ਚੱਲੀ ਗੋਲੀ ਦੇ ਨਿਸ਼ਾਨ ਤੇ ਸਬੂਤ ਵੀ ਖਤਮ ਕਰਨ ਦੀ ਕੋਸ਼ਿਸ਼ ਕੀਤੀ ਗਈ। ਇਥੋਂ ਤੱਕ ਕਿ ਪੁਲਿਸ ਵਿਭਾਗ ਵੱਲੋਂ ਗੋਲੀ ਚੱਲਣ ਦੀ ਘਟਨਾ ਦੀ ਪੁਸ਼ਟੀ ਤੱਕ ਵੀ ਨਹੀਂ ਕੀਤੀ ਗਈ ਤੇ ਸਰਕਾਰੀ ਮਾਲਖਾਨੇ ਵਿਚ ਆਪਣਾ ਅਸਲਾ ਵੀ ਪੂਰਾ ਮੌਜੂਦ ਹੋਣ ਦਾ ਦਾਅਵਾ ਕਰਦਿਆਂ ਉਸ ਮੌਕੇ ਗੋਲੀ ਚਲਾਉਣ ਦਾ ਕੇਸ ਵੀ ਅਣਪਛਾਤੇ ਲੋਕਾਂ ਵਿਰੁੱਧ ਦਰਜ ਕਰਕੇ ਇਸ ਕੇਸ ਨੂੰ ਰਫ਼ਾ-ਦਫ਼ਾ ਕਰਨ ਦੀ ਕੋਸ਼ਿਸ਼ ਕੀਤੀ ਗਈ।

## ਹਰਿਆਣਾ ਪੁਲਿਸ ਦੀ ਭੂਮਿਕਾ 'ਤੇ ਉਠੇ ਸਵਾਲ

**ਚੰਡੀਗੜ੍ਹ:** ਨਵੰਬਰ 1984 ਵਿਚ ਹੋਏ ਸਿੱਖ ਕਤਲੇਆਮ ਬਾਰੇ ਹਰਿਆਣਾ ਪੁਲਿਸ ਉਤੇ ਵੀ ਸਵਾਲ ਉਠੇ ਹਨ। ਆਰ.ਟੀ.ਆਈ. ਵਿਚ ਖੁਲਾਸਾ ਹੋਇਆ ਹੈ ਕਿ ਪੁਲਿਸ ਦੀ ਹਾਜ਼ਰੀ ਵਿਚ ਸਿੱਖਾਂ ਦਾ ਕਤਲੇਆਮ ਕੀਤਾ ਗਿਆ ਸੀ ਪਰ ਪੁਲਿਸ ਕੋਈ ਕਾਰਵਾਈ ਕਰਨ ਦੀ ਥਾਂ ਹਮਲਾਵਰਾਂ ਨੂੰ ਹੱਲਾਸ਼ੇਰੀ ਦਿੰਦੀ ਰਹੀ। ਹਰਿਆਣਾ ਦੇ ਪਟੌਦੀ, ਹੋਦ ਚਿੱਲੜ ਅਤੇ

### ਸਿੱਖ ਕਤਲੇਆਮ

ਗੁੜਗਾਉਂ 'ਚ ਵੱਡੀ ਗਿਣਤੀ ਸਿੱਖਾਂ ਨੂੰ ਮਾਰਿਆ ਗਿਆ ਸੀ।


ਹੋਦ ਚਿੱਲੜ ਤਾਲਮੇਲ ਕਮੇਟੀ ਦੇ ਪ੍ਰਧਾਨ ਮਨਵਿੰਦਰ ਸਿੰਘ ਗਿਆਸਪੁਰਾ ਨੇ ਆਰ.ਟੀ.ਆਈ. ਦੇ ਆਧਾਰ ਉਤੇ ਇਹ ਦਾਅਵਾ ਕੀਤਾ ਹੈ। ਉਨ੍ਹਾਂ ਦਾਅਵਾ ਕੀਤਾ ਕਿ ਨਵੰਬਰ 1984 ਵਿਚ ਹਰਿਆਣਾ ਵਿਚ ਉਨ੍ਹਾਂ ਥਾਂਵਾਂ 'ਤੇ ਹੀ ਸਿੱਖਾਂ ਦਾ ਕਤਲੇਆਮ ਕੀਤਾ ਗਿਆ ਸੀ ਜਿਥੇ ਪੁਲਿਸ ਤਾਇਨਾਤ ਸੀ।

ਯਾਦ ਰਹੇ ਕਿ ਹੋਦ ਚਿੱਲੜ ਤਾਲਮੇਲ ਕਮੇਟੀ ਪਟੌਦੀ, ਹੋਦ ਚਿੱਲੜ ਅਤੇ ਗੁੜਗਾਉਂ 'ਚ ਮਾਰੇ ਗਏ ਸਿੱਖਾਂ ਦੇ ਮਾਮਲੇ ਵਿਚ ਇਨਸਾਫ ਦਿਵਾਉਣ ਲਈ 2011 ਤੋਂ ਸੰਘਰਸ਼ ਕਰ ਰਹੀ ਹੈ। ਹੁਣ ਆਰ.ਟੀ.ਆਈ. ਰਾਹੀਂ ਜਾਣਕਾਰੀ ਮਿਲੀ ਕਿ ਹੈ ਹਰਿਆਣਾ 'ਚ ਜਿਹੜੀਆਂ ਥਾਂਵਾਂ ਉਤੇ ਸਿੱਖ ਕਤਲੇਆਮ ਹੋਇਆ, ਉਥੇ ਕਿੰਨੇ-ਕਿੰਨੇ ਪੁਲਿਸ ਮੁਲਾਜ਼ਮ ਤਾਇਨਾਤ ਸਨ। ਉਨ੍ਹਾਂ ਪਹਿਲੀ ਅਤੇ 2 ਨਵੰਬਰ 1984 ਨੂੰ ਪੁਲਿਸ ਮੁਲਾਜ਼ਮਾਂ ਦੀਆਂ ਲੱਗੀਆਂ ਡਿਊਟੀਆਂ ਦੀ ਲਿਸਟ ਵੀ ਵਿਖਾਈ ਤੇ ਦੱਸਿਆ ਕਿ 79 ਸਿੱਖਾਂ ਨੂੰ ਪੁਲਿਸ ਪ੍ਰਸ਼ਾਸਨ ਦੀ ਮਿਲੀਭੁਗਤ ਨਾਲ ਜਿਊਂਦੇ ਸਾੜ ਕੇ ਮੌਤ ਦੇ ਘਾਟ ਉਤਾਰਿਆ ਗਿਆ ਸੀ। ਗੁੜਗਾਉਂ ਵਿਚ 297 ਘਰਾਂ ਅਤੇ ਪਟੌਦੀ ਵਿਚ 47 ਘਰਾਂ ਤੇ ਫੈਕਟਰੀਆਂ ਅਤੇ ਹੋਦ ਚਿੱਲੜ ਦੇ ਪੂਰੇ ਪਿੰਡ ਨੂੰ ਸਾੜ ਕੇ ਸੁਆਹ ਕਰ ਦਿੱਤਾ ਗਿਆ ਸੀ। ਆਰ.ਟੀ.ਆਈ. ਰਾਹੀਂ ਮਿਲੀ ਸੂਚਨਾ ਅਨੁਸਾਰ ਗੁੜਗਾਉਂ ਵਿਚ 121 ਹੈੱਡ ਕਾਂਸਟੇਬਲ ਅਤੇ 697 ਸਿਪਾਹੀ ਤਾਇਨਾਤ ਸਨ। ਇਨ੍ਹਾਂ ਸਾਰਿਆਂ ਦੀ ਡਿਊਟੀ ਸਿੱਖਾਂ ਨੂੰ ਬਚਾਉਣ 'ਤੇ ਸੀ ਪਰ ਅਸਲ ਵਿਚ ਪੁਲਿਸ ਨੇ ਹੀ ਸਿੱਖਾਂ ਨੂੰ ਮਾਰਨ ਵਿਚ ਅਹਿਮ ਭੂਮਿਕਾ ਨਿਭਾਈ।

ਸੋਹਨਾ ਚੌਕ ਵਿਚ ਇਕ ਪੁਲਿਸ ਅਫਸਰ, ਦੋ ਹੈੱਡ ਕਾਂਸਟੇਬਲ ਅਤੇ 18 ਕਾਂਸਟੇਬਲ ਮੌਜੂਦ ਸਨ ਅਤੇ ਇਥੇ ਹੀ ਛੇ ਜਣਿਆਂ ਨੂੰ ਜਿਊਂਦੇ ਸਾੜ ਦਿੱਤਾ ਗਿਆ ਸੀ। ਸ. ਗਿਆਸਪੁਰਾ ਨੇ ਦੱਸਿਆ ਕਿ 1984 ਵਿਚ ਹਰਿਆਣਾ 'ਚ ਭਜਨ ਲਾਲ ਦੀ ਕਾਂਗਰਸ ਸਰਕਾਰ ਸੀ ਅਤੇ ਉਸ ਨੇ 1982 ਦੀਆਂ ਏਸ਼ਿਆਈ ਖੇਡਾਂ ਦੌਰਾਨ ਸਿੱਖਾਂ ਨੂੰ ਜ਼ਲੀਲ ਕਰ ਕੇ ਇੰਦਰਾ ਗਾਂਧੀ ਨੂੰ ਖੁਸ਼ ਕਰਨ ਦੀ ਕੋਸ਼ਿਸ਼ ਕੀਤੀ ਸੀ।

ਉਨ੍ਹਾਂ ਦੋਸ਼ ਲਾਇਆ ਕਿ ਖੱਟਰ ਸਰਕਾਰ ਅੱਜ ਵੀ ਪੁਲਿਸ ਮੁਲਾਜ਼ਮਾਂ ਨੂੰ ਬਚਾਉਣ ਵਿਚ ਲੱਗੀ ਹੋਈ ਹੈ। ਉਨ੍ਹਾਂ ਦੋਸ਼ ਲਾਇਆ ਕਿ ਖੱਟਰ ਸਰਕਾਰ ਇਸ ਮਾਮਲੇ ਨੂੰ ਲਟਕਾ ਰਹੀ ਹੈ ਅਤੇ ਹਰ ਵਾਰ ਤਰੀਕਾਂ ਅੱਗੇ ਪੁਆ ਲੈਂਦੀ ਹੈ। ਉਨ੍ਹਾਂ ਪਟੌਦੀ ਵਿਚ ਕਤਲ ਕੀਤੇ ਗਏ 47 ਸਿੱਖਾਂ, ਹੋਦ ਚਿੱਲੜ ਵਿਚ ਸੁਰਜੀਤ ਕੌਰ ਦੇ ਪਰਿਵਾਰ ਦੇ 12 ਜੀਆਂ ਅਤੇ ਬਲਵੰਤ ਸਿੰਘ ਦੇ ਪਰਿਵਾਰ ਦੇ ਕਤਲ ਕੀਤੇ ਗਏ 11 ਜੀਆਂ ਦੀ ਸੂਚੀ ਵੀ ਜਾਰੀ ਕੀਤੀ।


Tanya`s Beauty Salon



*Threading/Waxing
*Facial (Men & Women)
*Anti-Aging Facial-Bleach
*Hair Cut-Color and Style


We Specialize in Bridal & Henna

85-03 Roosevelt Ave.,
Jackson Heights, NY 11373
Ph: 718-205-7832



BEST FARE GUARANTEE





WorldWide Travel
www.fly2world.com
866 66 INDIA
4 6 3 4 2

734 838 9998

24 ਘੰਟੇ ਐਮਰਜੈਂਸੀ ਸੇਵਾ

Please call our office for more details on latest fares

Singh Accounting & Tax Services

Niagara Falls Grand Island, NY

All kinds of accounting work.

*Book keeping *Payroll *Sales Tax
*New business set up *E-file tax return

Go to App store to load our free App



Sarbjit Singh Khakh
(Sabhi)
Accountant

Ph: 716-425-7126

Fax: 716-284-0025
Email: singhtaxservice@yahoo.com
Website: singhtaxservice.com

# ਗਣਤੰਤਰ ਦਿਵਸ ਪਰੇਡ ਰਾਹੀਂ ਸਭਿਆਚਾਰਕ ਵਿਭਿੰਨਤਾ ਦਾ ਸੁਨੇਹਾ




**ਨਵੀਂ ਦਿੱਲੀ:** ਦੇਸ਼ ਦੇ 70ਵੇਂ ਗਣਤੰਤਰ ਦਿਵਸ ਮੌਕੇ ਰਾਜਪਥ 'ਤੇ ਕੀਤੀ ਗਈ ਸ਼ਾਨਦਾਰ ਪਰੇਡ ਵਿਚ ਜਲ੍ਹਿਆਂਵਾਲਾ ਬਾਗ ਦੀ ਝਾਕੀ ਤੋਂ ਇਲਾਵਾ ਇਤਿਹਾਸ ਦੀ ਪ੍ਰਦਰਸ਼ਨੀ, ਸਭਿਆਚਾਰਕ ਵਿਭਿੰਨਤਾ ਦੀਆਂ ਝਾਕੀਆਂ ਅਤੇ ਦੇਸ਼ ਦੀ ਫੌਜੀ ਸ਼ਕਤੀ ਦਾ ਪ੍ਰਦਰਸ਼ਨ ਕੀਤਾ ਗਿਆ। ਇਸ ਸਬੰਧੀ ਕੌਮੀ ਪੱਧਰੀ ਸਮਾਰੋਹ ਵਿੱਚ ਮੁੱਖ ਮਹਿਮਾਨ ਵਜੋਂ ਦੱਖਣੀ ਅਫਰੀਕਾ ਦੇ ਰਾਸ਼ਟਰਪਤੀ ਸਾਇਰਿਲ ਰਾਮਫੋਸਾ ਨੇ ਸ਼ਮੂਲੀਅਤ ਕੀਤੀ। ਉਨ੍ਹਾਂ ਤੋਂ ਇਲਾਵਾ ਵੱਡੀ ਗਿਣਤੀ ਵਿਦੇਸ਼ੀ ਸ਼ਖਸੀਅਤਾਂ, ਦੇਸ਼ ਦੇ ਉਘੇ ਸਿਆਸੀ ਆਗੂਆਂ ਤੇ ਸੀਨੀਅਰ ਅਧਿਕਾਰੀਆਂ ਸਣੇ ਹਜ਼ਾਰਾਂ ਦਰਸ਼ਕਾਂ ਨੇ ਇਸ ਸਮਾਰੋਹ ਦਾ ਆਨੰਦ ਮਾਣਿਆ।

ਵੱਖ ਵੱਖ ਰਾਜਾਂ ਤੇ ਯੂਟੀਜ਼ ਦੀਆਂ 16, ਕੇਂਦਰ ਸਰਕਾਰ ਦੇ ਮੰਤਰਾਲਿਆਂ ਤੇ ਵਿਭਾਗਾਂ ਦੀਆਂ ਛੇ ਝਾਕੀਆਂ ਸਣੇ ਕੁੱਲ 22 ਝਾਕੀਆਂ ਸਮਾਰੋਹ ਦੌਰਾਨ ਕੀਤੀ ਗਈ ਸਭਿਆਚਾਰਕ ਪਰੇਡ ਦਾ ਹਿੱਸਾ ਸਨ। ਇਨ੍ਹਾਂ ਸਾਰੀਆਂ ਝਾਕੀਆਂ ਦਾ ਵਿਸ਼ਾ ਮਹਾਤਮਾ ਗਾਂਧੀ ਦੇ ਜੀਵਨ ਤੇ ਆਦਰਸ਼ਾਂ 'ਤੇ ਅਧਾਰਤ ਸੀ। ਮੁੱਖ ਮਹਿਮਾਨ ਸਾਇਰਿਲ ਰਾਮਫੋਸਾ ਦੀ ਹਾਜ਼ਰ ਇਸ ਸਮਾਰੋਹ 'ਚ ਇਸ ਵਾਸਤੇ ਖਾਸ ਸੀ ਕਿਉਂਕਿ ਭਾਰਤ ਰਾਸ਼ਟਰ ਪਿਤਾ ਮਹਾਤਮਾ ਗਾਂਧੀ ਦਾ 150ਵਾਂ ਜਨਮ ਦਿਵਸ ਮਨਾ ਰਿਹਾ ਹੈ। ਆਜ਼ਾਦੀ ਦੀ ਜੰਗ 'ਚ ਕੁੱਦਣ ਤੋਂ ਪਹਿਲਾਂ ਮਹਾਤਮਾ ਗਾਂਧੀ ਨੇ 21 ਸਾਲ ਦੱਖਣੀ ਅਫਰੀਕਾ 'ਚ ਬਿਤਾਏ ਸਨ। ਅਤਿਵਾਦੀ ਤੋਂ ਫੌਜੀ ਬਣਨ ਉਪਰੰਤ ਕਸ਼ਮੀਰ ਦੇ ਸ਼ੋਪੀਆਂ 'ਚ ਅਤਿਵਾਦੀਆਂ ਨਾਲ ਲੜਦੇ ਹੋਏ ਸ਼ਹੀਦ ਹੋਣ ਵਾਲੇ ਲਾਂਸ ਨਾਇਕ ਨਾਜ਼ਿਰ ਅਹਿਮਦ ਵਾਨੀ ਨੂੰ ਮਿਲਣ ਵਾਲਾ ਸਭ ਤੋਂ ਉਚੇ ਦਰਜੇ ਦਾ ਬਹਾਦਰ ਪੁਰਸਕਾਰ 'ਅਸ਼ੋਕ ਚੱਕਰ' ਸ਼ਹੀਦ ਦੀ ਪਤਨੀ ਮਹਾਜਬੀਨ ਤੇ ਮਾਂ ਰਾਜਾ ਬਾਨੋ ਨੇ ਰਾਸ਼ਟਰਪਤੀ ਰਾਮ ਨਾਥ ਕੋਵਿੰਦ ਤੋਂ ਪ੍ਰਾਪਤ ਕੀਤਾ। ਉਪਰੰਤ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਇੰਡੀਆ ਗੇਟ 'ਤੇ ਸਥਿਤ ਅਮਰ ਜਵਾਨ ਜਯੋਤੀ ਉਤੇ ਸ਼ਹੀਦਾਂ ਨੂੰ ਸ਼ਰਧਾਂਜਲੀ ਦਿੱਤੇ ਜਾਣ ਤੋਂ ਬਾਅਦ ਗਣਤੰਤਰ ਦਿਵਸ ਪਰੇਡ ਸ਼ੁਰੂ ਹੋਈ।

ਕੌਮੀ ਝੰਡਾ ਲਹਿਰਾਏ ਜਾਣ ਤੋਂ ਬਾਅਦ 21 ਤੋਪਾਂ ਦੀ ਸਲਾਮੀ ਨਾਲ ਰਾਸ਼ਟਰ ਗਾਨ ਸ਼ੁਰੂ ਹੋਇਆ। ਇਸ ਤੋਂ ਬਾਅਦ ਰਾਸ਼ਟਰਪਤੀ ਰਾਮਨਾਥ ਕੋਵਿੰਦ ਨੇ ਮਾਰਚ ਪਾਸਟ ਤੋਂ ਸਲਾਮੀ ਲਈ। ਇਸ ਪਰੇਡ 'ਚ ਪਹਿਲੀ ਵਾਰ ਭਾਰਤੀ ਫੌਜ ਤੋਂ ਸੇਵਾ ਮੁਕਤ ਪਰਮਾਨੰਦ, ਲਾਲਤੀ ਰਾਮ, ਹੀਰਾ ਸਿੰਘ ਤੇ ਭਾਗਮਲ (ਸਾਰੇ 90 ਸਾਲ ਤੋਂ ਉਪਰ) ਨੇ ਵੀ ਸ਼ਮੂਲੀਅਤ ਕੀਤੀ। ਇਸ ਦੌਰਾਨ ਵੱਖ ਵੱਖ ਹਥਿਆਰਾਂ ਤੇ ਉਪਕਰਨਾਂ ਰਾਹੀਂ ਜਿਥੇ ਦੇਸ਼ ਦੀ ਫੌਜੀ ਤਾਕਤ ਦਾ ਪ੍ਰਦਰਸ਼ਨ ਕੀਤਾ ਗਿਆ ਉਥੇ ਹੀ ਵੱਖ ਵੱਖ ਝਾਕੀਆਂ ਰਾਹੀਂ ਨਾਰੀ ਸ਼ਕਤੀ ਦੀ ਪ੍ਰਦਰਸ਼ਨ ਵੀ ਕੀਤਾ ਗਿਆ। ਅਸਾਮ ਰਾਈਫਲ ਦੀਆਂ ਮਹਿਲਾ ਜਵਾਨਾਂ ਵੱਲੋਂ ਪਹਿਲੀ ਵਾਰ ਪਰੇਡ 'ਚ ਹਿੱਸਾ ਲਿਆ ਗਿਆ।

ਇਸ ਦੌਰਾਨ ਦਿਖਾਈਆਂ ਗਈਆਂ ਵੱਖ-ਵੱਖ ਰਾਜਾਂ ਦੀਆਂ ਝਾਕੀਆਂ ਵਿਚੋਂ ਪੰਜਾਬ ਦੀ ਝਾਕੀ ਜਲ੍ਹਿਆਂਵਾਲਾ ਬਾਗ 'ਤੇ ਅਧਾਰਤ ਸੀ। ਇਸ ਦੌਰਾਨ ਰਾਜਪਥ ਉਤੇ ਅਸਮਾਨ ਉਪਰ ਉਡਦੇ ਭਾਰਤੀ ਹਵਾਈ ਸੈਨਾ ਦੇ ਲੜਾਕੂ ਜਹਾਜ਼ਾਂ ਵੱਲੋਂ ਦਿਖਾਏ ਗਏ ਜੌਹਰਾਂ ਨੇ ਲੋਕਾਂ ਨੂੰ ਹੈਰਾਨ ਕਰ ਦਿੱਤਾ। ਇਸ ਸਮਾਰੋਹ 'ਚ ਪ੍ਰਧਾਨ ਮੰਤਰੀ ਬਾਲ ਪੁਰਸਕਾਰ ਪ੍ਰਾਪਤ ਕਰਨ ਵਾਲੇ 26 ਬੱਚਿਆਂ ਨੇ ਵੀ ਭਾਗ ਲਿਆ।

## ਬੀ. ਐਸ. ਐਫ ਨੇ ਪਾਕਿਸਤਾਨੀ ਰੇਂਜਰਾਂ ਨੂੰ ਦਿੱਤੀ ਮਠਿਆਈ

**ਫਾਜ਼ਿਲਕਾ:** ਭਾਰਤ-ਪਾਕਿਸਤਾਨ ਅੰਤਰਰਾਸ਼ਟਰੀ ਸਰਹੱਦ ਦੀ ਸਾਦਕੀ ਚੌਕੀ 'ਤੇ ਗਣਤੰਤਰ ਦਿਵਸ ਮੌਕੇ ਬੀ.ਐਸ.ਐਫ ਅਧਿਕਾਰੀਆਂ ਅਤੇ ਜਵਾਨਾਂ ਨੇ ਪਾਕਿਸਤਾਨੀ ਰੇਂਜਰਾਂ ਨਾਲ ਖੁਸ਼ੀ ਮਨਾਉਂਦਿਆਂ ਉਨ੍ਹਾਂ ਨੂੰ ਮਠਿਆਈ ਭੇਟ ਕੀਤੀ। ਬੀ.ਐਸ.ਐਫ ਦੇ ਡਿਪਟੀ ਕਮਾਂਡੈਂਟ ਸੰਜੇ ਡੋਵਲ ਨੇ ਜ਼ੀਰੋ ਲਾਈਨ 'ਤੇ ਪੁੱਜ ਕੇ ਰਾਸ਼ਟਰੀ ਤਿਰੰਗਾ ਲਹਿਰਾਇਆ ਤੇ ਬੀ.ਐਸ.ਐਫ ਦੀ ਇਕ ਟੁਕੜੀ ਨੇ ਤਿਰੰਗੇ ਨੂੰ ਸਲਾਮੀ ਦਿੱਤੀ। ਇਸ ਪਿਛੋਂ ਬੀ.ਐਸ.ਐਫ ਅਧਿਕਾਰੀਆਂ ਨੇ ਪਾਕਿਸਤਾਨੀ ਰੇਂਜ ਦੇ ਅਧਿਕਾਰੀਆਂ ਨੂੰ ਮਠਿਆਈ ਭੇਟ ਕੀਤੀ।

# ਢੀਂਡਸਾ, ਨਈਅਰ ਤੇ ਮਹਾਸ਼ਾ ਸਣੇ 14 ਨੂੰ 'ਪਦਮ ਭੂਸ਼ਣ' ਪੁਰਸਕਾਰ



**ਨਵੀਂ ਦਿੱਲੀ:** ਪੱਤਰਕਾਰ ਕੁਲਦੀਪ ਨਈਅਰ, ਸੀਨੀਅਰ ਅਕਾਲੀ ਆਗੂ ਸੁਖਦੇਵ ਸਿੰਘ ਢੀਂਡਸਾ, ਸੀਨੀਅਰ ਵਕੀਲ ਐਚ.ਐਸ. ਫੂਲਕਾ, ਮਹਾਸ਼ਾ ਧਰਮ ਪਾਲ ਗੁਲਾਟੀ, ਸਵ. ਬਾਲੀਵੁੱਡ ਅਦਾਕਾਰ ਕਾਦਰ ਖਾਨ, ਕ੍ਰਿਕਟਰ ਗੌਤਮ ਗੰਭੀਰ, ਜਬੂਤੀ ਦੇ ਰਾਸ਼ਟਰਪਤੀ ਇਸਮਾਇਲ ਉਮਰ ਗੁਲੇਹ, ਐਲ.ਐਂਡ.ਟੀ. ਦੇ ਚੇਅਰਮੈਨ ਏ.ਐਮ. ਨਾਇਕ ਤੇ ਸਾਬਕਾ ਕੂਟਨੀਤਕ ਐਸ. ਜੈਸ਼ੰਕਰ ਸਮੇਤ 112 ਪ੍ਰਮੁੱਖ ਸ਼ਖਸੀਅਤਾਂ ਨੂੰ ਪਦਮ ਪੁਰਸਕਾਰ ਦੇਣ ਦਾ ਐਲਾਨ ਕੀਤਾ ਗਿਆ ਹੈ।

ਇਸ ਸਬੰਧੀ ਗ੍ਰਹਿ ਮੰਤਰਾਲੇ ਨੇ ਐਲਾਨ ਕੀਤਾ ਕਿ ਛੱਤੀਸਗੜ੍ਹ ਦੀ ਲੋਕ ਕਲਾਕਾਰ ਤੀਜਨ ਬਾਈ, ਗੁਲੇਹ, ਨਾਇਕ ਤੇ ਮਹਾਰਾਸ਼ਟਰ ਦੇ ਥਿਏਟਰ ਅਦਾਕਾਰ ਬਲਵੰਤ ਮੋਰੇਸ਼ਵਰ ਪੁਰਾਂਦਰੇ ਨੂੰ 'ਪਦਮ ਵਿਭੂਸ਼ਣ', ਸੀਨੀਅਰ ਅਕਾਲੀ ਆਗੂ ਸੁਖਦੇਵ ਸਿੰਘ ਢੀਂਡਸਾ, ਪੱਤਰਕਾਰ ਕੁਲਦੀਪ ਨਈਅਰ (ਮਰਨ ਉਪਰੰਤ), ਮਹਾਸ਼ਾ ਧਰਮ ਪਾਲ ਗੁਲਾਟੀ (ਐਮ.ਡੀ.ਐਚ. ਮਸਾਲੇ), ਸਾਬਕਾ ਕੈਗ ਵੀ.ਕੇ. ਸ਼ੁੰਗਲੂ, ਸਾਬਕਾ ਕੇਂਦਰੀ ਮੰਤਰੀ ਕਰੀਆ ਮੁੰਡਾ ਸਮੇਤ 14 ਨੂੰ 'ਪਦਮ ਭੂਸ਼ਣ' ਪੁਰਸਕਾਰ ਦਿੱਤੇ ਜਾਣਗੇ।

ਇਸ ਤੋਂ ਇਲਾਵਾ ਪਦਮ ਸ੍ਰੀ ਪੁਰਸਕਾਰਾਂ ਲੈਣ ਵਾਲਿਆਂ ਵਿਚ ਸੀਨੀਅਰ ਵਕੀਲ ਐਚ.ਐਸ. ਫੂਲਕਾ, ਬਲਦੇਵ ਸਿੰਘ ਢਿੱਲੋਂ, ਡਾ: ਜਗਤ ਰਾਮ (ਪੀ.ਜੀ.ਆਈ.), ਬਾਲੀਵੁੱਡ ਅਦਾਕਾਰ ਕਾਦਰ ਖਾਨ (ਮਰਨ ਉਪਰੰਤ), ਬਾਲੀਵੁੱਡ ਅਦਾਕਾਰ ਮਨੋਜ ਵਾਜਪਾਈ, ਕ੍ਰਿਕਟਰ ਗੌਤਮ ਗੰਭੀਰ, ਫੁੱਟਬਾਲਰ ਸੁਨੀਲ ਛੇਤਰੀ, ਕੋਰੀਓਗ੍ਰਾਫਰ ਤੇ ਅਦਾਕਾਰ ਪ੍ਰਭੂ ਦੇਵਾ, ਬਾਲੀਵੁੱਡ ਗਾਇਕ ਤੇ ਸੰਗੀਤਕਾਰ ਸ਼ੰਕਰ ਮਹਾਦੇਵਨ ਨਾਰਾਇਣ, ਕੁਸ਼ਤੀ ਖਿਡਾਰੀ ਬਜਰੰਗ ਪੂਨੀਆ, ਸਾਬਕਾ ਕੂਟਨੀਤਕ ਐਸ. ਜੈਸ਼ੰਕਰ ਸਮੇਤ 94 ਸ਼ਖਸੀਅਤਾਂ ਸ਼ਾਮਲ ਹਨ। ਇਹ ਪੁਰਸਕਾਰ ਰਾਸ਼ਟਰਪਤੀ ਰਾਮ ਨਾਥ ਕੋਵਿੰਦ ਵਲੋਂ ਮਾਰਚ-ਅਪਰੈਲ 'ਚ ਦਿੱਤੇ ਜਾਣਗੇ।

## ਪ੍ਰਣਾਬ ਮੁਖਰਜੀ, ਨਾਨਾਜੀ ਤੇ ਹਜ਼ਾਰਿਕਾ ਨੂੰ 'ਭਾਰਤ ਰਤਨ'

**ਨਵੀਂ ਦਿੱਲੀ:** ਸਾਬਕਾ ਰਾਸ਼ਟਰਪਤੀ ਪ੍ਰਣਾਬ ਮੁਖਰਜੀ, ਭਾਰਤੀ ਜਨ ਸੰਘ ਦੇ ਨੇਤਾ ਸਵ. ਨਾਨਾਜੀ ਦੇਸ਼ ਮੁੱਖ ਤੇ ਸਵ. ਗਾਇਕ ਭੁਪੇਨ ਹਜ਼ਾਰਿਕਾ ਨੂੰ ਦੇਸ਼ ਦਾ ਸਭ ਤੋਂ ਵੱਡਾ ਨਾਗਰਿਕ ਪੁਰਸਕਾਰ 'ਭਾਰਤ ਰਤਨ' ਦੇਣ ਦਾ ਐਲਾਨ ਕੀਤਾ ਗਿਆ। ਭਾਰਤ ਰਤਨ ਚਾਰ ਸਾਲ ਦੇ ਵਕਫੇ ਬਾਅਦ ਦਿੱਤਾ ਜਾ ਰਿਹਾ ਹੈ। ਇਸ ਤੋਂ ਪਹਿਲਾਂ ਮੋਦੀ ਸਰਕਾਰ ਨੇ ਸਾਲ 2015 'ਚ ਸਾਬਕਾ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਤੇ ਬਨਾਰਸ ਹਿੰਦੂ ਯੂਨੀਵਰਸਿਟੀ ਦੇ ਸੰਸਥਾਪਕ ਮਦਨ ਮੋਹਨ ਮਾਲਵੀਆ ਨੂੰ 'ਭਾਰਤ ਰਤਨ' ਦਿੱਤਾ ਸੀ। ਪ੍ਰਣਾਬ ਮੁਖਰਜੀ ਸਾਲ 2012 ਤੋਂ 2017 ਤੱਕ ਭਾਰਤ ਦੇ ਰਾਸ਼ਟਰਪਤੀ ਰਹਿ ਚੁੱਕੇ ਹਨ।

83 ਸਾਲਾ ਮੁਖਰਜੀ ਨੂੰ 47 ਸਾਲ ਦੀ ਉਮਰ 'ਚ ਦੇਸ਼ ਦਾ ਸਭ ਤੋਂ ਨੌਜਵਾਨ ਵਿੱਤ ਮੰਤਰੀ ਬਣਨ ਦਾ ਮੌਕਾ ਮਿਲਿਆ ਤੇ ਸਾਲ 2004 ਤੋਂ ਉਹ ਦੇਸ਼ ਦੇ ਸਭ ਤੋਂ ਮਹੱਤਵਪੂਰਨ ਅਹੁਦੇ ਵਿਦੇਸ਼ ਮੰਤਰੀ, ਰੱਖਿਆ ਤੇ ਵਿੱਤ ਮੰਤਰੀ ਦੇ ਅਹੁਦੇ ਉਤੇ ਰਹੇ। ਰਾਸ਼ਟਰੀ ਸਵੈ ਸੇਵਕ ਸੰਘ (ਆਰ.ਐਸ.ਐਸ.) ਨਾਲ ਜੁੜੇ ਨਾਨਾਜੀ ਦੇਸ਼ ਮੁੱਖ ਨੇ 1977 'ਚ ਜਨਤਾ ਪਾਰਟੀ ਦੀ ਸਰਕਾਰ ਬਣਨ ਤੋਂ ਬਾਅਦ ਮੰਤਰੀ ਦਾ ਅਹੁਦਾ ਲੈਣ ਤੋਂ ਇਨਕਾਰ ਕਰ ਦਿੱਤਾ ਸੀ ਤੇ ਜੀਵਨ ਭਰ ਦੀਨਦਿਆਲ ਖੋਜ ਸੰਸਥਾਨ ਅਧੀਨ ਚੱਲਣ ਵਾਲੇ ਕਾਰਜਾਂ ਦੇ ਵਿਸਥਾਰ ਲਈ ਕੰਮ ਕਰਦੇ ਰਹੇ। ਅਟਲ ਬਿਹਾਰੀ ਵਾਜਪਾਈ ਸਰਕਾਰ ਨੇ ਉਨ੍ਹਾਂ ਨੂੰ ਰਾਜ ਸਭਾ ਦਾ ਮੈਂਬਰ ਨਾਮਜ਼ਦ ਕੀਤਾ ਸੀ।

## ਬਾਬਾ ਰਾਮਦੇਵ ਨੇ ਕੀਤੇ 'ਭਾਰਤ ਰਤਨ' ਉਤੇ ਸਵਾਲ

**ਹਰਿਦੁਆਰ:** ਯੋਗ ਗੁਰੂ ਬਾਬਾ ਰਾਮਦੇਵ ਨੇ ਦੇਸ਼ ਦੇ ਸਭ ਤੋਂ ਵੱਡੇ ਸਨਮਾਨ ਭਾਰਤ ਰਤਨ 'ਤੇ ਸਵਾਲ ਚੁੱਕੇ ਹਨ। ਉਨ੍ਹਾਂ ਕਿਹਾ ਹੈ ਕਿ ਆਜ਼ਾਦੀ ਦੇ 70 ਸਾਲ ਬਾਅਦ ਵੀ ਕੇਂਦਰ ਸਰਕਾਰ ਨੂੰ ਕੋਈ ਅਜਿਹਾ ਸਾਧੂ ਨਹੀਂ ਮਿਲਿਆ ਜਿਸ ਨੂੰ ਭਾਰਤ ਰਤਨ ਦਾ ਸਨਮਾਨ ਦਿੱਤਾ ਜਾ ਸਕੇ। ਉਨ੍ਹਾਂ ਸਵਾਲ ਕੀਤਾ ਹੈ ਕਿ ਕੀ ਹਾਲੇ ਤੱਕ ਕਿਸੇ ਸਾਧੂ ਨੇ ਦੇਸ਼ ਦੇ ਨਿਰਮਾਣ ਵਿਚ ਯੋਗਦਾਨ ਨਹੀਂ ਪਾਇਆ। ਰਾਮਦੇਵ ਨੇ ਕਿਹਾ ਹੈ ਕਿ ਆਜ਼ਾਦੀ ਦੇ 70 ਸਾਲਾਂ ਵਿਚ ਕੇਂਦਰ ਸਰਕਾਰ ਨੂੰ ਇਕ ਵੀ ਅਜਿਹਾ ਸੰਨਿਆਸੀ ਨਹੀਂ ਮਿਲਿਆ ਜਿਸ ਨੂੰ ਭਾਰਤ ਰਤਨ ਪੁਰਸਕਾਰ ਨਾਲ ਸਨਮਾਨਿਤ ਕੀਤਾ ਜਾ ਸਕੇ। ਉਨ੍ਹਾਂ ਕਿਹਾ, ਸਵਾਮੀ ਦਇਆਨੰਦ ਸਰਸਵਤੀ, ਸਵਾਮੀ ਸ਼ਰਧਾਨੰਦ, ਸਵਾਮੀ ਵਿਵੇਕਾਨੰਦ ਤੇ ਸਵਾਮੀ ਸ਼ਿਵ ਕੁਮਾਰ ਮਹਾਰਾਜ ਨੇ ਰਾਸ਼ਟਰ ਨਿਰਮਾਣ ਲਈ ਮਹਾਨ ਕਾਰਜ ਕੀਤੇ ਸਨ।

# ਮੁੱਖ ਮੰਤਰੀ ਵੱਲੋਂ ਸ਼ਾਹੀ ਸ਼ਹਿਰ ਨੂੰ ਫੰਡਾਂ ਦੇ ਖੁੱਲ੍ਹੇ ਗੱਫੇ

ਪਟਿਆਲਾ: ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪਟਿਆਲਾ ਸ਼ਹਿਰ ਦੇ ਸਰਬਪੱਖੀ ਵਿਕਾਸ ਲਈ ਫੰਡਾਂ ਦੇ ਖੁੱਲ੍ਹੇ ਗੱਫੇ ਦਿੰਦਿਆਂ 150 ਕਰੋੜ ਦੇ ਵਿਕਾਸ ਪ੍ਰੋਜੈਕਟਾਂ ਦਾ ਐਲਾਨ ਕੀਤਾ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਵੱਲੋਂ ਛੇਤੀ ਹੀ ਏਸ਼ੀਅਨ ਵਿਕਾਸ ਬੈਂਕ ਦੀ ਸਹਾਇਤਾ ਨਾਲ 699 ਕਰੋੜ ਦੇ ਪ੍ਰੋਜੈਕਟ ਤਹਿਤ ਪਟਿਆਲਾ ਵਾਸੀਆਂ ਨੂੰ ਨਹਿਰੀ ਪਾਣੀ 'ਤੇ ਅਧਾਰਿਤ ਸਾਫ ਅਤੇ ਸ਼ੁੱਧ ਪੀਣ ਵਾਲੇ ਪਾਣੀ ਦੀ ਬੇਰੋਕ ਸਪਲਾਈ ਮੁਹੱਈਆ ਕਰਵਾਈ ਜਾਵੇਗੀ।



ਯਾਦ ਰਹੇ ਕਿ ਪੰਜਾਬ ਸਰਕਾਰ ਨੇ ਪਹਿਲਾਂ ਹੀ ਪਟਿਆਲਾ ਸਮੇਤ ਅੰਮ੍ਰਿਤਸਰ, ਜਲੰਧਰ ਅਤੇ ਲੁਧਿਆਣਾ ਦੇ ਵਸਨੀਕਾਂ ਨੂੰ ਨਹਿਰੀ ਪਾਣੀ 'ਤੇ ਆਧਾਰਿਤ ਸ਼ੁੱਧ ਜਲ ਸਪਲਾਈ ਮੁਹੱਈਆ ਕਰਵਾਉਣ ਲਈ ਵਿਸਥਾਰਤ ਯੋਜਨਾ ਉਲੀਕੀ ਹੋਈ ਹੈ। ਮੁੱਖ ਮੰਤਰੀ ਨੇ ਇਹ ਐਲਾਨ ਇਥੇ ਗਣਤੰਤਰ ਦਿਵਸ ਸਮਾਰੋਹ ਮੌਕੇ ਕੀਤੇ। ਮੁੱਖ ਮੰਤਰੀ ਨੇ ਨੇ ਐਲਾਨ ਕੀਤਾ ਕਿ ਸ਼ਹਿਰ ਦੀਆਂ ਸਾਰੀਆਂ ਵੱਡੀਆਂ ਸੜਕਾਂ ਸਮੇਤ ਗਲੀਆਂ ਦਾ ਨਵੀਨੀਕਰਨ ਕੀਤਾ ਜਾਵੇਗਾ ਤੇ ਵਾਰਡਾਂ 'ਚ ਹੋਰ ਬੁਨਿਆਦੀ ਸਹੂਲਤਾਂ ਵੀ ਪ੍ਰਦਾਨ ਕੀਤੀਆਂ ਜਾਣਗੀਆਂ। ਕੈਪਟਨ ਨੇ ਪਟਿਆਲਾ ਦੀ ਵੱਡੀ ਅਤੇ ਛੋਟੀ ਨਦੀ ਦੇ ਸੁੰਦਰੀਕਰਨ, ਨਵੇਂ ਬੱਸ ਅੱਡੇ ਦੀ ਉਸਾਰੀ ਲਈ ਟੈਂਡਰਾਂ ਅਤੇ ਹੋਰ ਲੋੜੀਂਦੀ ਪ੍ਰਕਿਰਿਆ ਖਤਮ ਹੋਣ ਮਗਰੋਂ ਇਸ ਦਾ ਨਿਰਮਾਣ ਵੀ ਛੇਤੀ ਕਰਵਾਉਣ, ਡੇਅਰੀਆਂ ਨੂੰ ਸ਼ਹਿਰ ਤੋਂ ਬਾਹਰ ਅਬਲੋਵਾਲ ਵਿਖੇ ਜਲਦੀ ਤਬਦੀਲ ਕਰਨ ਦਾ ਐਲਾਨ ਵੀ ਕੀਤਾ।

# ਸਿੱਖ ਕਤਲੇਆਮ ਦੇ ਗਵਾਹਾਂ ਤੇ ਵਕੀਲਾਂ ਦਾ ਸਨਮਾਨ

**ਅੰਮ੍ਰਿਤਸਰ:** ਨਵੰਬਰ 1984 ਸਿੱਖ ਕਤਲੇਆਮ ਦੇ ਸੱਤ ਗਵਾਹਾਂ ਅਤੇ ਸੱਤ ਵਕੀਲਾਂ ਨੂੰ ਸ਼੍ਰੋਮਣੀ ਕਮੇਟੀ ਵੱਲੋਂ ਇਥੇ ਤੇਜਾ ਸਿੰਘ ਸਮੁੰਦਰੀ ਹਾਲ ਵਿਚ ਵਿਸ਼ੇਸ਼ ਸਮਾਗਮ ਦੌਰਾਨ ਸਨਮਾਨਿਤ ਕੀਤਾ ਗਿਆ। ਸਮਾਗਮ ਵਿਚ ਸ਼ਾਮਲ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਸਿੱਖ ਕਤਲੇਆਮ ਮਾਮਲੇ ਵਿਚ ਮਰਹੂਮ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੂੰ ਮੁੱਖ ਦੋਸ਼ੀ ਦੱਸਦਿਆਂ ਉਸ ਖਿਲਾਫ ਕੇਸ ਦਰਜ ਕਰਨ ਦੀ ਮੰਗ ਕੀਤੀ ਹੈ। ਕਤਲੇਆਮ ਕੇਸ ਵਿਚ ਗਵਾਹ ਬੀਬੀ ਜਗਦੀਸ਼ ਕੌਰ ਨੇ ਰਾਜੀਵ ਗਾਂਧੀ ਖਿਲਾਫ ਕੇਸ ਦਰਜ ਕਰਨ ਤੋਂ ਬਿਨਾ ਉਸ ਨੂੰ ਦਿੱਤਾ 'ਭਾਰਤ ਰਤਨ' ਐਜਾਜ਼ ਵਾਪਸ ਲੈਣ ਦੀ ਮੰਗ ਕੀਤੀ ਹੈ।

ਸ਼੍ਰੋਮਣੀ ਕਮੇਟੀ ਵੱਲੋਂ ਜਿਨ੍ਹਾਂ ਸੱਤ ਗਵਾਹਾਂ ਨੂੰ ਸਨਮਾਨਿਤ ਕੀਤਾ ਗਿਆ, ਉਨ੍ਹਾਂ ਵਿਚ ਬੀਬੀ ਜਗਦੀਸ਼ ਕੌਰ, ਬੀਬੀ ਨਿਰਪ੍ਰੀਤ ਕੌਰ, ਜਗਸ਼ੇਰ ਸਿੰਘ, ਕੁਲਦੀਪ ਸਿੰਘ, ਸੰਤੋਖ ਸਿੰਘ, ਸੰਗਤ ਸਿੰਘ ਤੇ ਸੁਰਜੀਤ ਸਿੰਘ ਸ਼ਾਮਲ ਹਨ। ਕੇਸਾਂ ਦੀ ਪੈਰਵਾਈ ਕਰਨ ਵਾਲੇ ਸਨਮਾਨਿਤ ਕੀਤੇ ਵਕੀਲਾਂ ਵਿਚ ਐਚ.ਐਸ. ਫੂਲਕਾ, ਆਰ.ਐਸ. ਚੀਮਾ, ਬੀਬੀ ਤਰੰਨੁਮ ਚੀਮਾ, ਡੀ.ਪੀ. ਸਿੰਘ, ਗੁਰਬਖਸ਼ ਸਿੰਘ, ਜਸਵਿੰਦਰ ਸਿੰਘ ਤੇ ਬੀਬੀ ਕਾਮਨਾ ਵੋਹਰਾ ਦੇ ਨਾਂ ਸ਼ਾਮਲ ਹਨ। ਸਨਮਾਨ ਸਮਾਗਮ ਵਿਚ ਐਡਵੋਕੇਟ ਐਚ.ਐਸ. ਫੂਲਕਾ ਖੁਦ ਨਹੀਂ ਪੁੱਜੇ ਸਨ ਅਤੇ ਉਨ੍ਹਾਂ ਦੀ ਥਾਂ ਇਹ ਸਨਮਾਨ ਉਨ੍ਹਾਂ ਦੇ ਪਰਿਵਾਰਕ ਮੈਂਬਰ ਨੂੰ ਸੌਂਪਿਆ ਗਿਆ ਹੈ।

ਇਸੇ ਤਰ੍ਹਾਂ ਐਡਵੋਕੇਟ ਆਰ.ਐਸ. ਚੀਮਾ, ਉਨ੍ਹਾਂ ਦੀ ਬੇਟੀ ਤਰੰਨੁਮ ਚੀਮਾ ਅਤੇ ਐਡਵੋਕੇਟ ਕਾਮਨਾ ਵੋਹਰਾ ਵੀ ਨਿੱਜੀ ਰੁਝੇਵੇਂ ਕਰਕੇ ਸਮਾਗਮ ਵਿਚ ਨਹੀਂ ਪੁੱਜ ਸਕੇ। ਸ਼੍ਰੋਮਣੀ ਕਮੇਟੀ ਵੱਲੋਂ ਉਨ੍ਹਾਂ ਦੇ ਇਹ ਸਨਮਾਨ ਬਾਅਦ ਵਿਚ ਉਨ੍ਹਾਂ ਨੂੰ ਸੌਂਪੇ ਜਾਣਗੇ। ਸਨਮਾਨ ਸਮਾਗਮ ਦੌਰਾਨ ਸ਼੍ਰੋਮਣੀ ਕਮੇਟੀ ਵੱਲੋਂ ਸਭ ਨੂੰ ਸਿਰੋਪਾਉ, ਸ੍ਰੀ ਸਾਹਿਬ, ਚਾਂਦੀ ਦੀ ਤਸ਼ਤਰੀ ਤੇ ਚਾਂਦੀ ਦੇ ਸਿੱਕੇ ਦਿੱਤੇ ਗਏ ਹਨ। ਸਮੂਹ ਗਵਾਹਾਂ ਨੂੰ ਸਨਮਾਨ 'ਚ ਦੋ-ਦੋ ਲੱਖ ਰੁਪਏ ਦੀ ਨਗਦ ਰਾਸ਼ੀ ਵੀ ਦਿੱਤੀ ਗਈ ਹੈ।

ਸਮਾਗਮ ਦੌਰਾਨ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਆਖਿਆ ਕਿ ਨਵੰਬਰ 1984 ਸਿੱਖ ਕਤਲੇਆਮ ਤਤਕਾਲੀਨ ਕਾਂਗਰਸ ਸਰਕਾਰ ਦੀ ਗਿਣੀ ਮਿੱਥੀ ਸਾਜ਼ਿਸ਼ ਸੀ, ਜਿਸ ਤਹਿਤ ਦੇਸ਼ ਭਰ ਵਿਚ ਬੇਦੋਸ਼ੇ ਸਿੱਖਾਂ ਨੂੰ ਕਤਲ ਕੀਤਾ ਗਿਆ। ਉਨ੍ਹਾਂ ਦੋਸ਼ ਲਾਇਆ ਕਿ ਇਸ ਕਤਲੇਆਮ ਲਈ ਮੁੱਖ ਦੋਸ਼ੀ ਸਾਬਕਾ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਹਨ। ਇਸ ਲਈ ਉਸ ਖਿਲਾਫ ਕੇਸ ਦਰਜ ਹੋਣਾ ਚਾਹੀਦਾ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਆਖਿਆ ਕਿ ਪੀੜਤ ਸਿੱਖਾਂ ਨੂੰ ਨਿਆਂ ਦਿਵਾਉਣ ਲਈ ਸ਼੍ਰੋਮਣੀ ਕਮੇਟੀ ਇਸ ਸੰਘਰਸ਼ ਨੂੰ ਅੰਤਮ ਪੜਾਅ ਤੱਕ ਜਾਰੀ ਰੱਖੇਗੀ ਅਤੇ ਪੀੜਤਾਂ ਨਾਲ ਹਰ ਮੁਕਾਮ 'ਤੇ ਖੜੀ ਰਹੇਗੀ।



# ਹਰਜਿੰਦਰ ਸਿੰਘ ਬਾਹੀਆ ਕਾਰਟਰੇਟ ਐਚ. ਪੀ. ਬੀ. ਏ. ਦੇ ਵਾਈਸ ਚੇਅਰਮੈਨ ਬਣੇ

**ਕਾਰਟਰੇਟ, ਨਿਊ ਜਰਸੀ (ਬਿਊਰੋ):** ਕਾਰਟਰੇਟ ਦੀ ਬਹੁਪੱਖੀ ਸ਼ਖਸੀਅਤ ਸ. ਹਰਜਿੰਦਰ ਸਿੰਘ ਬਾਹੀਆ ਕਾਰਟਰੇਟ ਆਨਰੇਰੀ ਪੁਲਿਸ ਬੈਨੇਵੋਲੈਂਟ ਦੇ ਸਾਲ 2019 ਲਈ ਵਾਈਸ ਚੇਅਰਮੈਨ ਬਣਾਏ ਗਏ ਹਨ।



ਸ. ਬਾਹੀਆ ਕਾਰਟਰੇਟ ਵਿਖੇ ਰਿਪਬਲੀਕਨ ਪਾਰਟੀ ਦੇ ਸੀਨੀਅਰ ਵਾਈਸ ਚੇਅਰਮੈਨ ਹਨ ਅਤੇ ਮਿਡਲਸੈਕਸ ਕਾਊਂਟੀ ਦੀ ਰਿਪਬਲੀਕਨ ਕਮੇਟੀ ਦੇ ਮੈਂਬਰ ਵੀ ਹਨ। ਜ਼ਿਕਰਯੋਗ ਹੈ ਕਿ ਉਹ 2016 'ਚ ਕਾਰਟਰੇਟ ਸਿਟੀ ਕੌਂਸਲ ਲਈ ਵੀ ਰਿਪਬਲੀਕਨ ਪਾਰਟੀ ਵਲੋਂ ਚੋਣ ਲੜ ਚੁਕੇ ਹਨ।

ਸ. ਬਾਹੀਆ ਜਲੰਧਰ ਦੇ ਸੈਂਟਰਲ ਸਕੂਲ ਅਤੇ ਲਾਇਲਪੁਰ ਖਾਲਸਾ ਕਾਲਜ ਵਿਚ ਪੜ੍ਹਦਿਆਂ ਨੈਸ਼ਨਲ ਪੱਧਰ ਤੱਕ ਹਾਕੀ ਖੇਡਦੇ ਰਹੇ ਹਨ ਅਤੇ ਅਮਰੀਕਾ ਆ ਕੇ ਉਨ੍ਹਾਂ ਦੀ ਖੇਡਾਂ 'ਚ ਦਿਲਚਸਪੀ ਨੇ ਉਨ੍ਹਾਂ ਨੂੰ ਸਾਕਰ ਕੋਚ ਬਣਾ ਦਿੱਤਾ। ਉਹ ਆਪਣੇ ਰੁਝੇਵਿਆਂ ਭਰੀ ਜ਼ਿੰਦਗੀ 'ਚੋਂ ਸਮਾਂ ਕੱਢ ਕੇ ਬੱਚਿਆਂ ਨੂੰ ਸਾਕਰ ਦੀ ਕੋਚਿੰਗ ਦੇ ਰਹੇ ਹਨ। ਪਿਛਲੇ ਕੁਝ ਸਮੇਂ ਤੋਂ ਕਾਰਟਰੇਟ ਪ੍ਰੀਮੀਅਰ ਸਾਕਰ ਐਸੋਸੀਏਸ਼ਨ ਦੇ ਵੀ ਪ੍ਰਧਾਨ ਚਲੇ ਆ ਰਹੇ ਹਨ। ਪਿਛਲੇ ਸੀਜਨ 'ਚ ਹਰਜਿੰਦਰ ਸਿੰਘ ਬਾਹੀਆ ਦੀਆਂ ਟੀਮਾਂ ਨੇ ਮਿੱਡ ਜਰਸੀ ਸਾਕਰ ਲੀਗ ਲੜੀ ਜਿੱਤੀ ਸੀ। ਉਨ੍ਹਾਂ ਦੀਆਂ ਦੋ ਟੀਮਾਂ ਅੰਡਰ-14 ਤੇ ਅੰਡਰ-15 ਚੈਂਪੀਅਨ ਬਣੀਆਂ ਸਨ ਅਤੇ ਤੀਜੀ ਟੀਮ ਬਰਾਬਰ ਰਹੀ ਸੀ। ਉਨ੍ਹਾਂ ਦੀਆਂ ਟੀਮਾਂ ਨੂੰ ਹੋਰ ਕੋਈ ਟੀਮ ਨਾ ਹਰਾ ਸਕੀ।

ਸ. ਬਾਹੀਆ ਖੇਡਾਂ ਤੇ ਸਿਆਸਤ ਤੋਂ ਇਲਾਵਾ ਧਾਰਮਕ ਖੇਤਰ 'ਚ ਵੀ ਸਰਗਰਮ ਰਹਿੰਦੇ ਹਨ ਅਤੇ ਦਸ਼ਮੇਸ਼ ਦਰਬਾਰ ਦੇ ਸਰਗਰਮ ਮੈਂਬਰ ਹਨ। ਉਹ 5 ਕੁ ਸਾਲ ਤੋਂ ਪੀ. ਬੀ. ਏ. ਮੈਂਬਰ ਰਹੇ ਹਨ ਅਤੇ ਉਨ੍ਹਾਂ ਦੀਆਂ ਸੇਵਾਵਾਂ ਨੂੰ ਮੁੱਖ ਰੱਖਦਿਆਂ ਇਸ ਸਾਲ ਲੋਕਲ 47 ਵਲੋਂ ਉਨ੍ਹਾਂ ਨੂੰ ਇਸ ਸੰਸਥਾ ਦਾ ਵਾਈਸ ਚੇਅਰਮੈਨ ਬਣਾਇਆ ਗਿਆ ਹੈ। ਇਹ ਸਨਮਾਨ ਇਸ ਤੋਂ ਪਹਿਲਾਂ ਕਿਸੇ ਇੰਡੀਅਨ/ਪੰਜਾਬੀ ਨੂੰ ਨਹੀਂ ਮਿਲਿਆ।

## ਅਕਾਲੀ ਆਗੂ ਹਰਪਾਲ ਸਿੰਘ ਮਾਨਸ਼ਾਹੀਆ ਦਾ ਦੇਹਾਂਤ

**ਪਟਿਆਲਾ:** ਸ਼੍ਰੋਮਣੀ ਅਕਾਲੀ ਦਲ ਦੇ ਟਕਸਾਲੀ ਆਗੂ ਜਥੇਦਾਰ ਹਰਪਾਲ ਸਿੰਘ ਮਾਨਸ਼ਾਹੀਆ ਦਾ ਦੇਹਾਂਤ ਹੋ ਗਿਆ। ਉਹ 81 ਵਰ੍ਹਿਆਂ ਦੇ ਸਨ। ਉਨ੍ਹਾਂ ਦੇ ਪੁੱਤਰ ਤੇ ਪਾਰਵਕੌਮ ਦੇ ਸਾਬਕਾ ਅਧਿਕਾਰੀ ਰਾਜਿੰਦਰ ਸਿੰਘ ਮਾਨਸ਼ਾਹੀਆ ਨੇ ਦੱਸਿਆ ਕਿ ਜਥੇਦਾਰ ਹਰਪਾਲ ਸਿੰਘ ਕਈ ਮੋਰਚਿਆਂ ਵਿਚ ਜੇਲ੍ਹ ਕੱਟੀ ਅਤੇ ਪੰਥ ਦੀ ਸੇਵਾ ਕੀਤੀ।

## -ਅਸਾਮ ਧਮਾਕੇ-
# ਐਨ.ਡੀ.ਐਫ.ਬੀ. ਮੁਖੀ ਸਣੇ 15 ਦੋਸ਼ੀ ਕਰਾਰ

**ਗੁਹਾਟੀ:** ਅਸਾਮ ਵਿਚ ਹੋਏ ਲੜੀਵਾਰ ਬੰਬ ਧਮਾਕਿਆਂ ਦੇ ਕੇਸ 'ਚ ਸੀ.ਬੀ.ਆਈ. ਦੀ ਫਾਸਟ ਟਰੈਕ ਅਦਾਲਤ ਨੇ ਨੈਸ਼ਨਲ ਡੈਮੋਕਰੈਟਿਕ ਫਰੰਟ ਆਫ ਬੋਡੋਲੈਂਡ (ਐਨ.ਡੀ.ਐਫ.ਬੀ.) ਦੇ ਮੁਖੀ ਰੰਜਨ ਡਾਇਮੇਰੀ ਸਮੇਤ 15 ਵਿਅਕਤੀਆਂ ਨੂੰ ਦੋਸ਼ੀ ਕਰਾਰ ਦਿੱਤਾ ਹੈ। ਸੀ.ਬੀ.ਆਈ. ਦੇ ਵਿਸ਼ੇਸ਼ ਜੱਜ ਅਪਰੇਸ਼ ਚੱਕਰਵਰਤੀ ਨੇ ਉਨ੍ਹਾਂ ਨੂੰ ਆਈ.ਪੀ.ਸੀ. ਦੀਆਂ ਵੱਖ ਵੱਖ ਧਾਰਾਵਾਂ ਹੇਠ ਦੋਸ਼ੀ ਠਹਿਰਾਇਆ ਹੈ।

ਡਾਇਮੇਰੀ ਨੂੰ 2010 'ਚ ਬੰਗਲਾਦੇਸ਼ ਤੋਂ ਗ੍ਰਿਫਤਾਰ ਕਰ ਕੇ ਗੁਹਾਟੀ ਦੀ ਸੈਂਟਰਲ ਜੇਲ੍ਹ 'ਚ ਤਬਦੀਲ ਕੀਤਾ ਗਿਆ ਸੀ। ਡਾਇਮੇਰੀ ਨੂੰ 2013 ਵਿਚ ਸ਼ਰਤਾਂ ਦੇ ਆਧਾਰ 'ਤੇ ਜ਼ਮਾਨਤ ਉਤੇ ਰਿਹਾਅ ਕਰ ਦਿੱਤਾ ਸੀ। ਉਸ ਨੂੰ ਛੱਡ ਕੇ ਬਾਕੀ ਸਾਰੇ ਦੋਸ਼ੀ ਨਿਆਇਕ ਹਿਰਾਸਤ ਵਿਚ ਹਨ।

ਜ਼ਿਕਰਯੋਗ ਹੈ ਕਿ ਐਨ.ਡੀ.ਐਫ.ਬੀ. ਨੇ 30 ਅਕਤੂਬਰ 2008 'ਚ ਗੁਹਾਟੀ, ਕੋਕਰਾਝਾੜ, ਬੋਨਗਾਈਗਾਉਂ ਅਤੇ ਬਾਰਪੇਟਾ 'ਚ ਧਮਾਕੇ ਕੀਤੇ ਸਨ ਜਿਨ੍ਹਾਂ 'ਚ 88 ਵਿਅਕਤੀ ਹਲਾਕ ਅਤੇ 500 ਤੋਂ ਵੱਧ ਜ਼ਖਮੀ ਹੋ ਗਏ ਸਨ।

# ਗਣਤੰਤਰ ਦਿਵਸ ਪਰੇਡ 'ਚ ਪੰਜਾਬ ਦੀ ਝਾਕੀ ਨੂੰ ਤੀਜਾ ਸਥਾਨ

**ਨਵੀਂ ਦਿੱਲੀ:** ਗਣਤੰਤਰ ਦਿਵਸ ਮੌਕੇ ਹੋਏ ਕੌਮੀ ਸਮਾਗਮ ਦੌਰਾਨ ਪੰਜਾਬ ਦੀ ਝਾਕੀ ਨੂੰ ਤੀਜਾ ਸਥਾਨ ਹਾਸਲ ਹੋਇਆ ਹੈ। ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਇਸ ਪ੍ਰਾਪਤੀ ਲਈ ਸੂਚਨਾ ਤੇ ਲੋਕ ਸੰਪਰਕ ਵਿਭਾਗ ਨੂੰ ਵਧਾਈ ਦਿੱਤੀ ਹੈ।

ਨਵੀਂ ਦਿੱਲੀ ਵਿਚ ਵਿਸ਼ੇਸ਼ ਸਮਾਗਮ ਦੌਰਾਨ ਕੇਂਦਰੀ ਰੱਖਿਆ ਮੰਤਰੀ ਨਿਰਮਲਾ ਸੀਤਾਰਾਮਨ ਵੱਲੋਂ ਗਣਤੰਤਰ ਦਿਵਸ ਦੀ ਝਾਕੀ ਲਈ ਦਿੱਤੇ ਇਸ ਐਵਾਰਡ ਨੂੰ ਸੂਚਨਾ ਤੇ ਲੋਕ ਸੰਪਰਕ ਵਿਭਾਗ ਦੇ ਸਕੱਤਰ ਗੁਰਕੀਰਤ ਕ੍ਰਿਪਾਲ ਸਿੰਘ ਨੇ ਡਾਇਰੈਕਟਰ ਸ੍ਰੀਮਤੀ ਅਨੰਦਿਤਾ ਮਿੱਤਰਾ ਨਾਲ ਹਾਸਲ ਕੀਤਾ।

ਜ਼ਿਕਰਯੋਗ ਹੈ ਕਿ ਸੂਬੇ ਵੱਲੋਂ ਵੱਖ-ਵੱਖ ਵਿਸ਼ਿਆਂ ਨੂੰ ਦਰਸਾਉਂਦੀਆਂ ਗਣਤੰਤਰ ਦਿਵਸ ਦੀਆਂ ਝਾਕੀਆਂ 1967 ਅਤੇ 1982 ਵਿਚ ਤੀਜਾ ਸਥਾਨ ਹਾਸਲ ਕਰ ਚੁੱਕੀਆਂ ਹਨ। ਪੰਜਾਬ ਸਰਕਾਰ ਦੇ ਬੁਲਾਰੇ ਨੇ ਦੱਸਿਆ ਕਿ ਪੰਜਾਬ ਦੀ ਜਲ੍ਹਿਆਂਵਾਲਾ ਬਾਗ ਦੇ ਸਾਕੇ ਸਬੰਧੀ ਇਸ ਝਾਕੀ ਨੂੰ ਰਾਸ਼ਟਰੀ ਟੈਬਲਿਊ ਕਮੇਟੀ ਵੱਲੋਂ ਗਣਤੰਤਰ ਦਿਵਸ ਸਮਾਗਮ ਦੌਰਾਨ ਪੇਸ਼ ਵੱਖ-ਵੱਖ ਪੇਸ਼ ਹੋਣ ਵਾਲੀਆਂ 16 ਝਾਕੀਆਂ ਵਿਚੋਂ ਚੁਣਿਆ ਗਿਆ ਸੀ। ਇਸ ਵਰ੍ਹੇ ਦੇ ਗਣਤੰਤਰ ਦਿਵਸ ਸਮਾਗਮਾਂ ਵਿਚ ਪੇਸ਼ ਤ੍ਰਿਪੁਰਾ ਅਤੇ ਜੰਮੂ-ਕਸ਼ਮੀਰ ਦੀਆਂ ਝਾਕੀਆਂ ਨੂੰ ਕ੍ਰਮਵਾਰ ਪਹਿਲਾ ਤੇ ਦੂਜਾ ਸਥਾਨ ਹਾਸਲ ਹੋਇਆ ਹੈ।

## ਫਿਲੀਪੀਨਜ਼ ਦੇ ਚਰਚ 'ਚ ਦੋ ਬੰਬ ਧਮਾਕੇ, 20 ਮੌਤਾਂ

**ਨਵੀਂ ਦਿੱਲੀ:** ਫਿਲੀਪੀਨਜ਼ ਦੇ ਜੋਲੋ ਟਾਪੂ 'ਤੇ ਗਿਰਜਾਘਰ 'ਚ ਦੋ ਬੰਬ ਧਮਾਕੇ ਹੋਏ। ਇਨ੍ਹਾਂ ਧਮਾਕਿਆਂ 'ਚ ਘੱਟੋ-ਘੱਟ 20 ਲੋਕਾਂ ਦੀ ਮੌਤ ਹੋ ਗਈ ਤੇ 77 ਜਣੇ ਜ਼ਖਮੀ ਹੋ ਗਏ ਹਨ। ਜਿਥੇ ਧਮਾਕਾ ਹੋਇਆ ਹੈ, ਉਹ ਇਲਾਕਾ ਅਤਿਵਾਦੀ ਗਤੀਵਿਧੀਆਂ ਤੋਂ ਪ੍ਰਭਾਵਿਤ ਰਿਹਾ ਹੈ।

ਸਥਾਨਕ ਮੀਡੀਆ ਮੁਤਾਬਕ ਮ੍ਰਿਤਕਾਂ 'ਚ ਪੰਜ ਫ਼ੌਜੀ ਵੀ ਸ਼ਾਮਲ ਹਨ। ਪਹਿਲਾਂ ਧਮਾਕਾ ਗਿਰਜਾਘਰ ਦੇ ਅੰਦਰ ਹੋਇਆ ਜਿਸ ਤੋਂ ਬਾਅਦ ਲੋਕਾਂ 'ਚ ਭਾਜੜ ਮਚ ਗਈ ਤੇ ਕੁਝ ਸਮੇਂ ਬਾਅਦ ਚਰਚ ਦੇ ਬਾਹਰ ਵੀ ਧਮਾਕਾ ਹੋਇਆ। ਜੋਲੋ ਦੀਪ ਲੰਮੇ ਸਮੇਂ ਤੋਂ ਅਬੂ ਸਿਆਕ ਗੁੱਟ ਅਤਿਵਾਦੀ ਗਤੀਵਿਧੀਆਂ ਤੋਂ ਪ੍ਰਭਾਵਿਤ ਹੈ।


# Matrimonials

### ਲੜਕੇ ਦੀ ਲੋੜ ਹੈ

Wanted suitable match for Saini Sikh girl, 28, 5'-6", computer science graduate, working in Chandigarh, with 10 year multipurpose USA visa. The boy should be from Saini family, professionally qualified, well settled with good family values. Girl's elder sister married and settled in California. Contact, Ph: +91-98154-47677 (India) or 408-621-7329 (USA) 5-8

Wanted well settled Canadian/US citizen/green card holder boy for Jatt Sikh Kang Canadian PR girl 24 yrs, 5'-6", diploma electrical control systems, currently working as technical support in Toronto, only child. Contact: What's App 1-437-779-2765

### ਲੜਕੀ ਦੀ ਲੋੜ ਹੈ

Saini Sikh clean shave boy, 29, 6', M.B.A. Bio Technology doing BDS in Chandigarh, seeks suitable well educated Saini/Jatt Sikh girl. Family well settled in USA. Cont. Mohan Saini Ph: 516-503-9541 or email: mohan1w34@gmail.com 5-12

Wanted educated girl under 25 year from, USA, Canada, England or Europe for 25 year graduate, businessman, Canadian citizen boy, born in Canada. For more information, call 1-236-881-2067 5-8


## ਪ੍ਰਧਾਨ ਮੰਤਰੀ ਨੂੰ ਮਿਲੇ ਤੋਹਫਿਆਂ ਦੀ ਨਿਲਾਮੀ ਸ਼ੁਰੂ

**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਭੇਟ ਕੀਤੇ ਗਏ ਸਨਮਾਨ ਚਿੰਨ੍ਹਾਂ ਨੂੰ ਨਿਲਾਮ ਕਰਨ ਦੀ ਪ੍ਰਕਿਰਿਆ ਸ਼ੁਰੂ ਹੋ ਗਈ ਹੈ। ਰਾਸ਼ਟਰੀ ਆਧੁਨਿਕ ਕਲਾ ਗੈਲਰੀ (ਐਨ.ਜੀ.ਐਮ.ਏ.) ਦਿੱਲੀ ਵਿਚ ਹੋਈ ਨਿਲਾਮੀ ਵਿਚ ਪ੍ਰਾਪਤ ਕੀਤੀ ਰਾਸ਼ੀ ਦਾ ਇਸਤੇਮਾਲ ਸਰਕਾਰ ਮਹੱਤਵਪੂਰਨ 'ਨਮਾਮੀ ਗੰਗੇ' ਪ੍ਰੋਜੈਕਟ ਉਤੇ ਲਗਾਏਗੀ। ਤੋਹਫ਼ਿਆਂ ਦੀ ਈ-ਨਿਲਾਮੀ ਲਈ ਇਕ ਖਾਸ ਵੈਬਸਾਈਟ ਸ਼ੁਰੂ ਕੀਤੀ ਗਈ ਹੈ। ਤੋਹਫ਼ਿਆਂ ਦੀ ਗਿਣਤੀ 100 ਰੁਪਏ ਤੋਂ ਲੈ ਕੇ 30,000 ਤੱਕ ਹੈ। ਤੋਹਫ਼ਿਆਂ ਬਾਰੇ ਸਾਰੇ ਤਰ੍ਹਾਂ ਦੀ ਜਾਣਕਾਰੀ ਵੈਬਸਾਈਟ 'ਤੇ ਦਿੱਤੀ ਗਈ ਹੈ।


ਤੰਦੂਰੀਏ ਦੀ ਲੋੜ ਹੈ
ਆਇਓਵਾ ਸਟੇਟ ਵਿਚ ਇੰਡੀਅਨ ਰੈਸਟੋਰੈਂਟ ਲਈ ਡਿਸ਼ ਵਾਸ਼ਰ ਤੇ ਪ੍ਰੋਫੈਸ਼ਨਲੀ ਤੰਦੂਰੀਏ ਦੀ ਲੋੜ ਹੈ ਜੋ ਤੰਦੂਰ ਦਾ ਸਾਰਾ ਕੰਮ ਜਾਣਦਾ ਹੋਵੇ। ਚੰਗੀ ਤਨਖਾਹ;
ਖਾਣਾ ਤੇ ਰਿਹਾਇਸ਼ ਮੁਫਤ
ਸੰਪਰਕ ਕਰੋ: ਮਿ. ਸਿੰਘ
ਫੋਨ: 515-291-1961
3-4

ਤੰਦੂਰੀਏ ਤੇ ਹਲਵਾਈ ਦੀ ਲੋੜ ਹੈ
ਹਿਊਸਟਨ (ਟੈਕਸਸ) ਵਿਚ ਇਕ ਭਾਰਤੀ ਰੈਸਟੋਰੈਂਟ ਲਈ ਮਿਠਾਈਆਂ ਬਣਾਉਣ ਵਾਲੇ ਕਾਰੀਗਰ ਅਤੇ ਤੰਦੂਰੀਏ ਦੀ ਲੋੜ ਹੈ
ਚੰਗੀ ਤਨਖਾਹ ਅਤੇ ਇਕੱਲੇ ਬੰਦੇ ਲਈ ਰਿਹਾਇਸ਼ ਦਾ ਪ੍ਰਬੰਧ
ਸੰਪਰਕ ਕਰੋ
ਮੁਖਤਿਆਰ ਸਿੰਘ, ਫੋਨ: 713-884-9547
ਸੁਖਦੇਵ ਸਿੰਘ, ਫੋਨ: 832-724-1635
4-

ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ
ਫੋਨ (408) 687-1899
Gurdip Singh Sandhu
Homeopathic Practitioner/Consultant Since 1973
DHMS-Gold Medalist, BAMS, MDEh.- India
**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
**EX Member:** The California Homeopathic Society
National Center For Homeopathy- USA



*Gurdip Singh Sandhu*

**Live on Jas TV**
Saturday 9:30AM and Sunday 4PM (Pacific Time)
Email: Homeomedicine@yahoo.com
7021 Village Park Way, Dublin, CA 94568

Michigan Truck Driving School
6405 Middlebelt Road, Romulus, MI 48174
ਖੁਸ਼ਖਬਰੀ! ਖੁਸ਼ਖਬਰੀ!! ਖੁਸ਼ਖਬਰੀ!!!
ਹੁਣ 48 ਸਟੇਟਾਂ ਵਿਚ ਮਨਜ਼ੂਰਸ਼ੁਦਾ




*ਆਪਣੀ ਸਟੇਟ ਤੋਂ ਲਰਨਿੰਗ ਪਰਮਿਟ ਲੈ ਕੇ ਆਓ ਤੇ ਉਸੇ ਸਟੇਟ ਦਾ ਡਰਾਈਵਿੰਗ ਲਾਇਸੈਂਸ ਲਓ
*3-4 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ
Raj Jamarai Cell:734-644-1010 Office:734-747-4298

# ਅਕਾਲ ਤਖਤ ਨੇ ਅਵਤਾਰ ਸਿੰਘ ਹਿੱਤ ਨੂੰ ਲਾਈ ਤਨਖਾਹ





ਅੰਮ੍ਰਿਤਸਰ: ਸ੍ਰੀ ਅਕਾਲ ਤਖਤ ਵੱਲੋਂ ਤਖਤ ਪਟਨਾ ਸਾਹਿਬ ਪ੍ਰਬੰਧਕੀ ਕਮੇਟੀ (ਬਿਹਾਰ) ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਹਿਤ ਨੂੰ ਮਰਿਆਦਾ ਦੀ ਉਲੰਘਣਾ ਕਰਨ ਦੇ ਦੋਸ਼ ਹੇਠ ਤਨਖਾਹ ਲਾਈ ਗਈ ਹੈ। ਜਥੇਦਾਰ ਹਿੱਤ ਖਿਲਾਫ ਸਿੱਖ ਅਰਦਾਸ ਦੇ ਵਾਕ ਨੂੰ ਵਿਅਕਤੀ ਵਿਸ਼ੇਸ਼ ਲਈ ਵਰਤ ਕੇ ਮਰਿਆਦਾ ਦੀ ਉਲੰਘਣਾ ਕਰਨ ਦੇ ਦੋਸ਼ ਹਨ।

ਦੱਸਣਯੋਗ ਹੈ ਕਿ ਜਥੇਦਾਰ ਹਿੱਤ ਵੱਲੋਂ ਪਟਨਾ ਵਿਚ 13 ਜਨਵਰੀ ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਤ ਸਮਾਗਮ ਦੌਰਾਨ ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਦੀ ਤੁਲਨਾ ਗੁਰੂ ਸਾਹਿਬ ਨਾਲ ਕੀਤੀ ਗਈ ਸੀ। ਉਨ੍ਹਾਂ ਨੇ ਅਰਦਾਸ ਵਿਚ ਗੁਰੂ ਸਾਹਿਬ ਦੀ ਵਡਿਆਈ ਲਈ ਵਰਤੇ ਜਾਂਦੇ ਵਾਕ ਨਿਤੀਸ਼ ਕੁਮਾਰ ਲਈ ਵਰਤੇ ਸਨ। ਇਸ ਮਾਮਲੇ ਦਾ ਸਿੱਖ ਜਗਤ ਵੱਲੋਂ ਸਖਤ ਵਿਰੋਧ ਹੋਇਆ ਸੀ ਅਤੇ ਅਕਾਲ ਤਖਤ ਵੱਲੋਂ ਜਥੇਦਾਰ ਹਿੱਤ ਨੂੰ ਸਪਸ਼ਟੀਕਰਨ ਦੇਣ ਲਈ ਸੱਦਿਆ ਗਿਆ ਸੀ। ਇਥੇ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ, ਤਖਤ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਰਘੁਬੀਰ ਸਿੰਘ, ਹਰਿਮੰਦਰ ਸਾਹਿਬ ਦੇ ਗ੍ਰੰਥੀ ਗਿਆਨੀ ਗੁਰਮਿੰਦਰ ਸਿੰਘ ਅਤੇ ਪੰਜ ਪਿਆਰਿਆਂ ਵਿਚ ਸ਼ਾਮਲ ਗਿਆਨੀ ਕੁਲਵੰਤ ਸਿੰਘ ਅਤੇ ਗਿਆਨੀ ਭਾਗ ਸਿੰਘ ਵੱਲੋਂ ਅਕਾਲ ਤਖਤ ਦੀ ਫਸੀਲ ਤੋਂ ਅਵਤਾਰ ਸਿੰਘ ਹਿੱਤ ਨੂੰ ਤਨਖਾਹ ਸੁਣਾਈ ਗਈ। ਇਸ ਤਹਿਤ ਆਦੇਸ਼ ਦਿੱਤਾ ਗਿਆ ਕਿ ਉਹ ਸੱਤ ਦਿਨ ਪਟਨਾ ਸਾਹਿਬ ਵਿਖੇ ਰੋਜ਼ਾਨਾ ਇਕ ਘੰਟਾ ਸੰਗਤ ਦੇ ਜੋੜੇ ਸਾਫ ਕਰਨ, ਸੰਗਤ ਦੇ ਜੂਠੇ ਬਰਤਨ ਮਾਂਜਣ ਅਤੇ ਕੀਰਤਨ ਸੁਣਨ। ਇਸੇ ਤਰ੍ਹਾਂ ਪੰਜ ਦਿਨ ਸ੍ਰੀ ਹਰਿਮੰਦਰ ਸਾਹਿਬ ਅਤੇ ਅਕਾਲ ਤਖ਼ਤ ਵਿਖੇ ਇਕ-ਇਕ ਘੰਟਾ ਇਹ ਤਿੰਨੋਂ ਸੇਵਾਵਾਂ ਪੂਰੀਆਂ ਕੀਤੀਆਂ ਜਾਣ।

ਇਸ ਸੇਵਾ ਦੌਰਾਨ ਦੋਵਾਂ ਥਾਵਾਂ 'ਤੇ ਤੜਕੇ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਸਮੇਂ ਹਾਜ਼ਰੀ ਭਰ ਕੇ ਹੁਕਮਨਾਮਾ ਸੁਣਿਆ ਜਾਵੇ ਅਤੇ ਦੋਵਾਂ ਥਾਵਾਂ ਉਤੇ ਸੇਵਾ ਮੁਕੰਮਲ ਹੋਣ ਮਗਰੋਂ ਇਕ-ਇਕ ਅਖੰਡ ਪਾਠ ਕਰਵਾਏ ਜਾਣ। ਇਸ ਤੋਂ ਇਲਾਵਾ ਦੋਵਾਂ ਥਾਵਾਂ 'ਤੇ 51-51 ਸੌ ਰੁਪਏ ਦੀ ਕੜਾਹ ਪ੍ਰਸਾਦਿ ਦੀ ਦੇਗ ਕਰਵਾ ਕੇ ਖਿਮਾ ਯਾਚਨਾ ਦੀ ਅਰਦਾਸ ਕਰਵਾਈ ਜਾਵੇ। ਇਹ ਵੀ ਹਦਾਇਤ ਕੀਤੀ ਗਈ ਹੈ ਕਿ ਜਦੋਂ ਤਕ ਤਨਖਾਹ ਪੂਰੀ ਨਹੀਂ ਕੀਤੀ ਜਾਂਦੀ ਉਦੋਂ ਤੱਕ ਕਿਸੇ ਵੀ ਧਾਰਮਿਕ ਸਟੇਜ ਤੋਂ ਨਹੀਂ ਬੋਲਣਾ ਅਤੇ ਨਾ ਹੀ ਪ੍ਰਬੰਧਕੀ ਕਮੇਟੀ ਦੇ ਕੰਮਕਾਜ ਦੇਖਣੇ ਹਨ। ਇਸ ਸੇਵਾ ਦੌਰਾਨ ਪ੍ਰਬੰਧਕੀ ਕਮੇਟੀ ਦਾ ਕੋਈ ਵੀ ਅਧਿਕਾਰੀ ਜਾਂ ਮੈਂਬਰ ਉਸ ਦਾ ਸਹਿਯੋਗ ਨਹੀਂ ਕਰੇਗਾ। ਇਸ ਮਾਮਲੇ ਦੀ ਸਮੁੱਚੀ ਸੁਣਵਾਈ ਪਹਿਲੀ ਵਾਰ ਅਕਾਲ ਤਖ਼ਤ ਦੀ ਫਸੀਲ ਤੋਂ ਸਮੁੱਚੀ ਸੰਗਤ ਦੇ ਸਾਹਮਣੇ ਕੀਤੀ ਗਈ, ਜਿਸ ਤਹਿਤ ਅਵਤਾਰ ਸਿੰਘ ਹਿੱਤ ਅਕਾਲ ਤਖ਼ਤ ਦੇ ਸਾਹਮਣੇ ਹੇਠਾਂ ਹੱਥ ਜੋੜ ਕੇ ਖੜ੍ਹੇ ਸਨ। ਪੰਜ ਜਥੇਦਾਰ ਅਕਾਲ ਤਖ਼ਤ ਦੀ ਫਸੀਲ 'ਤੇ ਹਾਜ਼ਰ ਸਨ। ਅਵਤਾਰ ਸਿੰਘ ਹਿੱਤ 'ਤੇ ਲੱਗੇ ਦੋਸ਼ ਵੀ ਸੰਗਤ ਦੇ ਸਾਹਮਣੇ ਪੜ੍ਹ ਕੇ ਸੁਣਾਏ ਗਏ ਅਤੇ ਉਨ੍ਹਾਂ ਨੇ ਸੰਗਤ ਦੇ ਸਾਹਮਣੇ ਹੀ ਇਹ ਦੋਸ਼ ਸਵੀਕਾਰ ਕੀਤੇ। ਉਨ੍ਹਾਂ ਮੰਨਿਆ ਕਿ ਉਸ ਕੋਲੋਂ ਭੁਲੇਖੇ ਵਿਚ ਇਹ ਗਲਤੀ ਹੋਈ ਹੈ ਅਤੇ ਉਹ ਇਸ ਮਾਮਲੇ ਵਿਚ ਲਾਈ ਗਈ ਸੇਵਾ ਨੂੰ ਤਨ-ਮਨ ਨਾਲ ਪੂਰਾ ਕਰੇਗਾ।

## ਗਿਆਨੀ ਇਕਬਾਲ ਸਿੰਘ ਖਿਲਾਫ ਅਕਾਲ ਤਖਤ 'ਤੇ ਸ਼ਿਕਾਇਤ

**ਅੰਮ੍ਰਿਤਸਰ:** ਤਖ਼ਤ ਪਟਨਾ ਸਾਹਿਬ ਪ੍ਰਬੰਧਕੀ ਬੋਰਡ ਦੇ ਇਕ ਮੈਂਬਰ ਕਮਿੱਕਰ ਸਿੰਘ ਮਕੰਦਪੁਰ ਨੇ ਅਕਾਲ ਤਖ਼ਤ ਦੇ ਜਥੇਦਾਰ ਨੂੰ ਇਕ ਸ਼ਿਕਾਇਤ ਪੱਤਰ ਸੌਂਪ ਕੇ ਤਖ਼ਤ ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਇਕਬਾਲ ਸਿੰਘ ਖ਼ਿਲਾਫ ਗੰਭੀਰ ਦੋਸ਼ ਲਾਉਂਦਿਆਂ ਉਨ੍ਹਾਂ ਨੂੰ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਵਿਚ ਬੈਠਣ ਤੋਂ ਰੋਕਣ ਦੀ ਮੰਗ ਕੀਤੀ ਹੈ। ਦੂਜੇ ਪਾਸੇ ਜਥੇਦਾਰ ਗਿਆਨੀ ਇਕਬਾਲ ਸਿੰਘ ਨੇ ਇਨ੍ਹਾਂ ਦੋਸ਼ਾਂ ਨੂੰ ਰੱਦ ਕਰਦਿਆਂ ਕਿਹਾ ਕਿ ਇਹ ਵਿਅਕਤੀ ਆਪਣੀ ਨਿੱਜੀ ਰੰਜਿਸ਼ ਤਹਿਤ ਅਜਿਹੇ ਦੋਸ਼ ਲਾ ਰਿਹਾ ਹੈ।

ਪੰਜ ਸਿੰਘ ਸਾਹਿਬਾਨ ਦੀ ਮੀਟਿੰਗ ਦੌਰਾਨ ਤਖ਼ਤ ਸ੍ਰੀ ਪਟਨਾ ਸਾਹਿਬ ਪ੍ਰਬੰਧਕੀ ਬੋਰਡ ਦੇ ਮਾਮਲੇ ਵੀ ਚਰਚਾ ਦਾ ਵਿਸ਼ਾ ਬਣੇ ਰਹੇ ਹਨ। ਪੰਜ ਸਿੰਘ ਸਾਹਿਬਾਨ ਵੱਲੋਂ ਇਕ ਪਾਸੇ ਤਖ਼ਤ ਸ੍ਰੀ ਪਟਨਾ ਸਾਹਿਬ ਪ੍ਰਬੰਧਕੀ ਬੋਰਡ ਦੇ ਪ੍ਰਧਾਨ ਅਵਤਾਰ ਸਿੰਘ ਹਿੱਤ ਖ਼ਿਲਾਫ਼ ਕਾਰਵਾਈ ਕਰਦਿਆਂ ਉਨ੍ਹਾਂ ਨੂੰ ਤਨਖ਼ਾਹ ਲਾਈ ਗਈ ਹੈ ਅਤੇ ਇਸ ਦੌਰਾਨ ਤਖ਼ਤ ਸ੍ਰੀ ਪਟਨਾ ਸਾਹਿਬ ਦੇ ਜਥੇਦਾਰ ਗਿਆਨੀ ਇਕਬਾਲ ਸਿੰਘ ਖ਼ਿਲਾਫ਼ ਵੀ ਸ਼ਿਕਾਇਤ ਪੁੱਜੀ ਹੈ। ਸ਼ਿਕਾਇਤ ਕਰਤਾ ਕਮਿੱਕਰ ਸਿੰਘ ਨੇ ਤਿੰਨ ਸਫ਼ਿਆਂ ਦਾ ਸ਼ਿਕਾਇਤ ਪੱਤਰ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਸੌਂਪਿਆ ਹੈ। ਇਸ ਵਿਚ ਗੰਭੀਰ ਦੋਸ਼ ਲਾਉਂਦਿਆਂ ਗਿਆਨੀ ਇਕਬਾਲ ਸਿੰਘ 'ਤੇ ਆਪ ਹੁਦਰੀਆਂ ਕਰਨ, ਸਿੱਖ ਰਹਿਤ ਮਰਿਆਦਾ ਦੀ ਉਲੰਘਣਾ ਕਰਨ ਅਤੇ ਇਨ੍ਹਾਂ ਕੰਮਾਂ ਕਾਰਨ ਸਿੱਖ ਕੌਮ ਦੀ ਹੇਠੀ ਹੋਣ ਦਾ ਦਾਅਵਾ ਕੀਤਾ ਹੈ।

## ਰਾਮ ਰਹੀਮ ਖਿਲਾਫ ਰੱਦ ਹੋਏ ਕੇਸ ਮੁੜ ਖੋਲ੍ਹਣ ਦੀ ਮੰਗ

**ਜਲੰਧਰ:** ਸਿੱਖ ਜਥੇਬੰਦੀਆਂ ਨੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਪੱਤਰ ਲਿਖ ਕੇ ਮੰਗ ਕੀਤੀ ਹੈ ਕਿ ਡੇਰਾ ਸਿਰਸਾ ਦੇ ਮੁਖੀ ਗੁਰਮੀਤ ਰਾਮ ਰਹੀਮ ਨੂੰ 2007 ਦੇ ਕੇਸ ਵਿਚੋਂ ਬਚਾਉਣ ਦੀ ਸੀਨੀਅਰ ਉੱਚ ਅਧਿਕਾਰੀਆਂ ਤੋਂ ਮੁੜ ਸਮਾਂਬੱਧ ਜਾਂਚ ਕਰਵਾਈ ਜਾਵੇ।

ਦਰਬਾਰ-ਏ-ਖਾਲਸਾ ਜਥੇਬੰਦੀ ਦੇ ਮੁਖੀ ਭਾਈ ਹਰਜਿੰਦਰ ਸਿੰਘ ਮਾਝੀ ਤੇ ਐਲਾਇੰਸ ਆਫ ਸਿੱਖ ਆਰਗੇਨਾਈਜੇਸ਼ਨ ਦੇ ਬੁਲਾਰੇ ਸੁਖਦੇਵ ਸਿੰਘ ਫਗਵਾੜਾ ਸਮੇਤ 30 ਸਿੱਖ ਜਥੇਬੰਦੀਆਂ ਵੱਲੋਂ ਲਿਖੀ ਗਈ ਚਿੱਠੀ ਵਿਚ ਮੁੱਖ ਮੰਤਰੀ ਨੂੰ ਅਪੀਲ ਕੀਤੀ ਗਈ ਹੈ ਕਿ ਐਡਵੋਕੇਟ ਜਸਪਾਲ ਸਿੰਘ ਮੰਝਪੁਰ ਵੱਲੋਂ ਵੀ ਇਸ ਕੇਸ ਨੂੰ ਮੁੜ ਖੋਲ੍ਹਣ ਦੀ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ ਇਕ ਪਟੀਸ਼ਨ ਪਾਈ ਹੋਈ ਹੈ ਤੇ ਪੰਜਾਬ ਸਰਕਾਰ ਇਸ ਪਟੀਸ਼ਨ 'ਚ ਨਿਆਂ ਦਿਵਾਉਣ ਲਈ ਠੀਕ ਪੱਖ ਰੱਖਣ ਵਿਚ ਸਹਿਯੋਗ ਦੇਵੇ। ਇਨ੍ਹਾਂ ਆਗੂਆਂ ਨੇ ਕਿਹਾ ਕਿ ਇਸ ਮਾਮਲੇ ਦੀ ਅਗਲੀ ਸੁਣਵਾਈ 13 ਫਰਵਰੀ ਨੂੰ ਹੋਣੀ ਹੈ।

ਸਿੱਖ ਆਗੂਆਂ ਨੇ ਕਿਹਾ ਕਿ ਜਾਂਚ ਵਿਚ ਇਹ ਵੀ ਸਪੱਸ਼ਟ ਕੀਤਾ ਜਾਵੇ ਕਿ ਉਸ ਵੇਲੇ ਗੁਰੂ ਗੋਬਿੰਦ ਸਿੰਘ ਜੀ ਦਾ ਸਵਾਂਗ ਰਚਣ ਵਾਲੇ ਡੇਰਾ ਮੁਖੀ ਰਾਮ ਰਹੀਮ ਨੂੰ ਬਚਾਉਣ ਲਈ ਕਿਹੜੇ-ਕਿਹੜੇ ਸਿਆਸੀ ਆਗੂ ਨੇ ਤੇ ਖਾਸ ਕਰਕੇ ਉਸ ਵੇਲੇ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਗ੍ਰਹਿ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਪੁਲਿਸ ਅਧਿਕਾਰੀਆਂ ਨੂੰ ਕੀ ਆਦੇਸ਼ ਦਿੱਤੇ ਸਨ, ਇਨ੍ਹਾਂ ਵਿਰੁੱਧ ਵੀ ਜਾਂਚ ਕਰਕੇ ਇਨ੍ਹਾਂ ਨੂੰ ਕੇਸ ਵਿਚ ਸ਼ਾਮਲ ਕੀਤਾ ਜਾਵੇ। ਉਨ੍ਹਾਂ ਮੁੱਖ ਮੰਤਰੀ ਨੂੰ ਅਪੀਲ ਕੀਤੀ ਕਿ ਇਹ ਸਮਾਂਬੱਧ ਜਾਂਚ 15 ਦਿਨਾਂ 'ਚ ਕੀਤੀ ਜਾਵੇ।

## ਨੌਕਰੀ ਮੰਗਣ ਆਏ ਅਧਿਆਪਕਾਂ 'ਤੇ ਪੁਲਿਸ ਵੱਲੋਂ ਲਾਠੀਚਾਰਜ

**ਅੰਮ੍ਰਿਤਸਰ:** ਸਿੱਖਿਆ ਮੰਤਰੀ ਓ.ਪੀ. ਸੋਨੀ ਦੀ ਕੋਠੀ ਦਾ ਘਿਰਾਓ ਕਰਨ ਪਹੁੰਚੇ ਬੇਰੁਜ਼ਗਾਰ ਅਧਿਆਪਕਾਂ 'ਤੇ ਪੁਲਿਸ ਵੱਲੋਂ ਲਾਠੀਚਾਰਜ ਕੀਤਾ ਗਿਆ। ਦੱਸ ਦਈਏ ਕਿ ਅਧਿਆਪਕ ਬਣਨ ਦੀਆਂ ਸਾਰੀਆਂ ਯੋਗਤਾਵਾਂ ਪੂਰੀਆਂ ਕਰ ਚੁਕੇ ਈ.ਟੀ.ਟੀ. ਟੈਟ ਪਾਸ ਬੇਰੁਜ਼ਗਾਰ ਅਧਿਆਪਕਾਂ ਨੂੰ ਸਰਕਾਰ ਕੋਈ ਰਾਹ ਨਹੀਂ ਦੇ ਰਹੀ। ਲਾਠੀਚਾਰਜ ਦੌਰਾਨ 5 ਅਧਿਆਪਕ ਜ਼ਖ਼ਮੀ ਹੋ ਗਏ ਜਦਕਿ ਇਨ੍ਹਾਂ 'ਚੋਂ ਇਕ ਅਧਿਆਪਕ ਦੀ ਲੱਤ ਟੁੱਟ ਗਈ। ਅਧਿਆਪਕਾਂ ਨੇ ਦੋਸ਼ ਲਾਇਆ ਕਿ ਸਰਕਾਰ ਦੀ ਵਾਅਦਾਖਿਲਾਫ਼ੀ ਕਾਰਨ ਪੰਜਾਬ ਦੀ ਨੌਜਵਾਨ ਪੀੜੀ ਨੂੰ ਮਹਿੰਗੇ ਭਾਅ ਦੀ ਵਿੱਦਿਅਕ ਯੋਗਤਾ ਪੂਰੀ ਕਰਨ ਉਪਰੰਤ ਹੁਣ ਸੜਕਾਂ 'ਤੇ ਰੁਲਣ ਲਈ ਮਜਬੂਰ ਹੋਣਾ ਪੈ ਰਿਹਾ ਹੈ ਅਤੇ ਜੇਕਰ ਉਹ ਨੌਕਰੀ ਦੀ ਮੰਗ ਕਰਦੇ ਹਨ ਤਾਂ ਉਨ੍ਹਾਂ ਨੂੰ ਚੁੱਪ ਕਰਵਾਉਣ ਲਈ ਅਜਿਹਾ ਤਸ਼ੱਦਦ ਕੀਤਾ ਜਾਂਦਾ ਹੈ।

ਉਨ੍ਹਾਂ ਦੱਸਿਆ ਕਿ ਪੁਲਿਸ ਵੱਲੋਂ ਕੀਤੇ ਗਏ ਲਾਠੀਚਾਰਜ 'ਚ 5 ਅਧਿਆਪਕ ਜ਼ਖ਼ਮੀ ਹੋਏ ਹਨ, ਜਿਸ 'ਚ ਜਤਿੰਦਰ ਸਿੰਘ ਜਲਾਲਾਬਾਦ ਦੀ ਲੱਤ ਟੁੱਟ ਗਈ ਹੈ। ਇਸ ਤੋਂ ਪਹਿਲਾਂ ਬੇਰੁਜ਼ਗਾਰ ਈ.ਟੀ.ਟੀ. ਟੈਟ ਪਾਸ ਅਧਿਆਪਕ ਯੂਨੀਅਨ ਵੱਲੋਂ ਹਾਲ ਗੇਟ ਤੋਂ ਸਿੱਖਿਆ ਮੰਤਰੀ ਦੀ ਕੋਠੀ ਤੱਕ ਰੋਸ ਮਾਰਚ ਕੀਤਾ ਗਿਆ। ਇਸ ਦੌਰਾਨ ਸਿੱਖਿਆ ਮੰਤਰੀ ਦੀ ਗ਼ੈਰ ਹਾਜ਼ਰੀ 'ਚ ਉਨ੍ਹਾਂ ਦੇ ਪਰਿਵਾਰਕ ਮੈਂਬਰ ਕੌਂਸਲਰ ਵਿਕਾਸ ਸੋਨੀ ਨੇ ਯੂਨੀਅਨ ਆਗੂਆਂ ਪਾਸੋਂ ਮੰਗ ਪੱਤਰ ਪ੍ਰਾਪਤ ਕੀਤਾ। ਉਧਰ, ਸਿੱਖਿਆ ਮੰਤਰੀ ਪੰਜਾਬ ਓ.ਪੀ. ਸੋਨੀ ਨੇ ਕਿਹਾ ਕਿ ਧਰਨੇ, ਮੁਜ਼ਾਹਰੇ ਕਰਨ ਵਾਲੇ ਤਾਂ ਅਧਿਆਪਕ ਹੀ ਨਹੀਂ, ਇਹ ਤਾਂ ਮੁੱਠੀ ਭਰ ਕੁਝ ਸਿਰ ਫਿਰੇ ਬੇਰੁਜ਼ਗਾਰ ਨੌਜਵਾਨ ਹਨ।

## ਅੰਮ੍ਰਿਤਸਰ 'ਚ ਚੱਲਣਗੀਆਂ 93 ਏ. ਸੀ. ਬੱਸਾਂ

### 3 ਮਹੀਨੇ ਮੁਫਤ ਸਫਰ

**ਅੰਮ੍ਰਿਤਸਰ:** ਲਗਭਗ 545 ਕਰੋੜ ਰੁਪਏ ਦੀ ਲਾਗਤ ਵਾਲੇ ਬੱਸ ਰੈਪਿਡ ਟਰਾਂਜ਼ਿਟ ਸਿਸਟਮ (ਬੀ.ਆਰ.ਟੀ.ਐਸ.) ਹੇਠ 93 ਏ.ਸੀ. ਬੱਸਾਂ ਨੂੰ ਸ਼ਹਿਰ ਵਿਚ ਦੋ ਰੂਟਾਂ ਲਈ ਚਲਾਇਆ ਗਿਆ ਹੈ, ਜਿਸ ਦੀ ਸਥਾਨਕ ਸਰਕਾਰਾਂ ਬਾਰੇ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਹਰੀ ਝੰਡੀ ਦੇ ਕੇ ਸ਼ੁਰੂਆਤ ਕੀਤੀ।

ਸੂਬਾਈ ਤੇ ਕੇਂਦਰ ਸਰਕਾਰ ਦੀ ਸਾਂਝੀ ਭਾਈਵਾਲੀ ਨਾਲ ਹੋਂਦ ਵਿਚ ਆਇਆ ਬੀ.ਆਰ.ਟੀ.ਐਸ. ਹੁਣ ਤੱਕ ਦੇਸ਼ ਦੇ 12 ਸ਼ਹਿਰਾਂ ਵਿਚ ਚੱਲ ਰਿਹਾ ਹੈ, ਜਿਨ੍ਹਾਂ ਵਿਚ ਅਹਿਮਦਾਬਾਦ, ਜੈਪੁਰ, ਸੂਰਤ, ਪੁਣੇ, ਰਾਜਕੋਟ, ਵਿਜੈਵਾੜਾ, ਇੰਦੌਰ, ਭੁਬਨੇਸ਼ਵਰ, ਭੋਪਾਲ, ਹੁਬਲੀ, ਰਾਇਪੁਰ, ਵਿਸ਼ਾਖਾਪਟਨਮ ਸ਼ਾਮਲ ਹਨ। ਇਸ ਯੋਜਨਾ ਹੇਠ ਚਲਾਈਆਂ ਗਈਆਂ ਅਤਿ-ਆਧੁਨਿਕ ਬੱਸਾਂ ਵਿਚ ਸ਼ੁਰੂਆਤ ਵਿਚ ਤਿੰਨ ਮਹੀਨੇ ਵਾਸਤੇ ਕੋਈ ਵੀ ਵਿਅਕਤੀ ਮੁਫ਼ਤ ਯਾਤਰਾ ਕਰ ਸਕੇਗਾ। ਇਹ ਸਹੂਲਤ ਸਕੂਲੀ ਵਿਦਿਆਰਥੀਆਂ ਲਈ ਸਦਾ ਵਾਸਤੇ ਹੋਵੇਗੀ ਜਦੋਂਕਿ ਕਾਲਜ ਵਿਦਿਆਰਥੀਆਂ ਨੂੰ 66 ਫੀਸਦੀ ਕਿਰਾਏ ਵਿਚ ਛੋਟ ਅਤੇ ਸੀਨੀਅਰ ਸਿਟੀਜ਼ਨ ਤੇ ਅਪਾਹਜ ਵਿਅਕਤੀਆਂ ਨੂੰ 50 ਫੀਸਦੀ ਕਿਰਾਏ ਵਿਚ ਛੋਟ ਹੋਵੇਗੀ। ਇਸ ਤੋਂ ਇਲਾਵਾ ਕੋਈ ਵੀ ਯਾਤਰੀ 25 ਰੁਪਏ ਦਾ ਕਾਰਡ ਬਣਾ ਕੇ ਇਕ ਦਿਨ ਵਿਚ ਬਿਨਾਂ ਕਿਸੇ ਹੱਦ ਦੇ ਸਾਰਾ ਦਿਨ ਇਨ੍ਹਾਂ ਬੱਸਾਂ ਵਿਚ ਇਕ ਤੋਂ ਦੂਜੀ ਥਾਂ ਸਫਰ ਕਰ ਸਕੇਗਾ।



ਦੱਸਣਯੋਗ ਹੈ ਕਿ ਬੀ.ਆਰ.ਟੀ.ਐਸ. ਯੋਜਨਾ ਅਕਾਲੀ-ਭਾਜਪਾ ਸਰਕਾਰ ਵੇਲੇ ਸ਼ੁਰੂ ਕੀਤੀ ਗਈ ਸੀ ਅਤੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੀ ਸੁਪਨਮਈ ਯੋਜਨਾ ਸੀ ਪਰ ਇਹ ਯੋਜਨਾ ਅਕਾਲੀ-ਭਾਜਪਾ ਸਰਕਾਰ ਦੇ ਵੇਲੇ ਮੁਕੰਮਲ ਨਹੀਂ ਹੋ ਸਕੀ ਸੀ। ਕਾਹਲੀ ਵਿਚ ਦਸੰਬਰ 2016 ਵਿਚ ਸੁਖਬੀਰ ਸਿੰਘ ਬਾਦਲ ਵੱਲੋਂ ਇਸ ਯੋਜਨਾ ਦਾ ਉਦਘਾਟਨ ਕਰ ਦਿੱਤਾ ਗਿਆ ਸੀ ਜਦੋਂਕਿ ਉਸ ਵੇਲੇ ਇਸ ਦੇ ਕਈ ਬਸ ਟਰਮੀਨਲ ਬਣਨ ਵਾਲੇ ਸਨ। ਇਸ ਯੋਜਨਾ ਨੂੰ ਮੁਕੰਮਲ ਕਰਨ ਦਾ ਟੀਚਾ ਮਾਰਚ 2017 ਰੱਖਿਆ ਗਿਆ ਸੀ। ਲਗਭਗ ਦੋ ਵਰ੍ਹਿਆਂ ਮਗਰੋਂ ਇਸ ਯੋਜਨਾ ਨੂੰ ਮੁੜ ਸ਼ੁਰੂ ਕੀਤਾ ਗਿਆ ਹੈ ਪਰ ਅਜੇ ਵੀ ਐਲੀਵੇਟਿਡ ਰੋਡ 'ਤੇ ਇਸ ਦੇ ਦੋ ਬੱਸ ਟਰਮੀਨਲ ਉਸਾਰੀ ਅਧੀਨ ਹਨ।

ਸਥਾਨਕ ਸਰਕਾਰਾਂ ਬਾਰੇ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਬੀ.ਆਰ.ਟੀ.ਐਸ. ਦੀ ਸ਼ੁਰੂਆਤ ਕਰਦਿਆਂ ਆਖਿਆ ਕਿ ਕਾਂਗਰਸ ਸਰਕਾਰ ਵੇਲੇ ਇਹ ਕੰਮ ਕਿਸੇ ਵਿਰੋਧ ਦੀ ਭਾਵਨਾ ਨਾਲ ਬੰਦ ਨਹੀਂ ਕੀਤਾ ਗਿਆ ਸੀ ਸਗੋਂ ਇਸ ਨੂੰ ਵਧੇਰੇ ਸਫਲਤਾ ਨਾਲ ਚਲਾਉਣ ਦੇ ਮੰਤਵ ਨਾਲ ਰੋਕਿਆ ਗਿਆ ਸੀ। ਹੁਣ ਇਸ ਦੇ ਸਾਰੇ ਬੱਸ ਟਰਮੀਨਲ ਬਣਾਏ ਗਏ ਹਨ ਅਤੇ ਮੁਢਲਾ ਢਾਂਚਾ ਮੁਕੰਮਲ ਹੋਣ ਮਗਰੋਂ ਮੁੜ ਪੂਰੇ ਜ਼ੋਰ-ਸ਼ੋਰ ਨਾਲ ਸ਼ੁਰੂ ਕੀਤਾ ਜਾ ਰਿਹਾ ਹੈ। ਉਨ੍ਹਾਂ ਆਖਿਆ ਕਿ 31 ਕਿਲੋਮੀਟਰ ਦੇ ਘੇਰੇ ਹੇਠ 93 ਏਸੀ ਬੱਸਾਂ ਇੰਡੀਆ ਗੇਟ ਤੋਂ ਵੇਰਕਾ ਅਤੇ ਵੇਰਕਾ ਤੋਂ ਅੰਮ੍ਰਿਤਸਰ ਗੋਲਡਨ ਗੇਟ ਤੱਕ ਚੱਲਣਗੀਆਂ। ਇਸੇ ਤਰ੍ਹਾਂ ਅੰਮ੍ਰਿਤਸਰ ਗੋਲਡਨ ਗੇਟ ਤੋਂ ਇੰਡੀਆ ਗੇਟ ਤਕ ਵੀ ਨਿਰੰਤਰ ਬੱਸਾਂ ਚੱਲਣਗੀਆਂ। ਹਰੇਕ ਬੱਸ ਚਾਰ ਮਿੰਟਾਂ ਬਾਅਦ ਚੱਲੇਗੀ।

## ਕੁਲਬੀਰ ਸਿੰਘ ਜ਼ੀਰਾ ਬਹਾਲ ਹੋਏ

**ਚੰਡੀਗੜ੍ਹ:** ਪੰਜਾਬ ਪ੍ਰਦੇਸ਼ ਕਾਂਗਰਸ ਨੇ ਜ਼ੀਰਾ ਹਲਕੇ ਦੇ ਵਿਧਾਇਕ ਕੁਲਬੀਰ ਸਿੰਘ ਜ਼ੀਰਾ, ਜਿਨ੍ਹਾਂ ਨੂੰ ਪਿਛਲੇ ਦਿਨੀਂ ਪਾਰਟੀ ਅਨੁਸ਼ਾਸਨ ਦੀ ਉਲੰਘਣਾ ਦੇ ਦੋਸ਼ ਹੇਠ ਮੁਅੱਤਲ ਕਰ ਦਿੱਤਾ ਗਿਆ ਸੀ, ਨੂੰ ਬਹਾਲ ਕਰ ਦਿੱਤਾ ਹੈ। ਸ੍ਰੀ ਜ਼ੀਰਾ ਨੇ ਬਹਾਲੀ ਤੋਂ ਬਾਅਦ ਇਥੇ ਕਾਂਗਰਸ ਵਿਧਾਇਕਾਂ ਅਤੇ ਸਾਬਕਾ ਜ਼ਿਲ੍ਹਾ ਪ੍ਰਧਾਨਾਂ ਦੀ ਮੀਟਿੰਗ 'ਚ ਹਿੱਸਾ ਲਿਆ। ਉਨ੍ਹਾਂ ਦੀ ਬਹਾਲੀ ਆਲ ਇੰਡੀਆ ਕਾਂਗਰਸ ਕਮੇਟੀ ਦੀ ਸਹਿਮਤੀ ਨਾਲ ਕੀਤੀ ਗਈ ਹੈ।



ਦੱਸਣਯੋਗ ਹੈ ਕਿ ਉਨ੍ਹਾਂ ਫ਼ਿਰੋਜ਼ਪੁਰ 'ਚ ਪੰਚਾਂ ਤੇ ਸਰਪੰਚਾਂ ਦੇ ਸਹੁੰ ਚੁੱਕ ਸਮਾਗਮ ਵਿਚ ਫ਼ਿਰੋਜ਼ਪੁਰ ਰੇਂਜ ਦੇ ਆਈ.ਜੀ. ਵਿਰੁੱਧ ਸ਼ਰਾਬ ਮਾਫ਼ੀਆ ਨਾਲ ਮਿਲੀਭੁਗਤ ਦੇ ਦੋਸ਼ ਲਾਉਂਦਿਆਂ ਸਮਾਗਮ ਦਾ ਬਾਈਕਾਟ ਕਰ ਦਿੱਤਾ ਸੀ ਅਤੇ ਇਸ ਤੋਂ ਬਾਅਦ ਟੀਵੀ ਚੈਨਲਾਂ 'ਤੇ ਵੀ ਇੰਟਰਵਿਊ ਦਿੱਤੀਆਂ ਸਨ ਜਿਨ੍ਹਾਂ ਵਿਚ ਉਨ੍ਹਾਂ ਪੁਲਿਸ ਅਫਸਰਾਂ 'ਤੇ ਸ਼ਰਾਬ ਮਾਫ਼ੀਆ ਦੀ ਪੁਸ਼ਤਪਨਾਹੀ ਦੇ ਦੋਸ਼ ਲਾਏ ਸਨ। ਉਨ੍ਹਾਂ ਇਸ ਮਾਮਲੇ ਸਬੰਧੀ ਆਈ.ਜੀ. ਵਿਰੁੱਧ ਕਾਰਵਾਈ ਨਾ ਕੀਤੇ ਜਾਣ 'ਤੇ ਕਾਂਗਰਸ ਅਤੇ ਸੂਬਾ ਸਰਕਾਰ ਖ਼ਿਲਾਫ਼ ਵੀ ਸਵਾਲ ਉਠਾਏ ਸਨ।



## ਸਾਬਕਾ ਮੰਤਰੀ ਦਲੀਪ ਸਿੰਘ ਪਾਂਧੀ ਨਹੀਂ ਰਹੇ

**ਅਮਲੋਹ:** ਪੰਜਾਬ ਦੇ ਸਾਬਕਾ ਮੰਤਰੀ ਦਲੀਪ ਸਿੰਘ ਪਾਂਧੀ (82) ਦਾ ਦੇਹਾਂਤ ਹੋ ਗਿਆ। ਉਹ ਕੁਝ ਸਮੇਂ ਤੋਂ ਬਿਮਾਰ ਸਨ। ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਸ੍ਰੀ ਪਾਂਧੀ ਨੂੰ ਸਾਹ ਲੈਣ ਵਿਚ ਤਕਲੀਫ ਮਗਰੋਂ ਹਸਪਤਾਲ ਲਿਜਾਇਆ ਗਿਆ, ਪਰ ਉਥੇ ਉਨ੍ਹਾਂ ਨੂੰ ਦਿਲ ਦਾ ਦੌਰਾ ਪੈ ਗਿਆ ਤੇ ਹਸਪਤਾਲ ਵਿਚ ਹੀ ਮੌਤ ਹੋ ਗਈ।

ਜ਼ਿਕਰਯੋਗ ਹੈ ਕਿ ਸ੍ਰੀ ਪਾਂਧੀ ਦਾ ਜਨਮ ਅਮਲੋਹ ਸਬ ਡਿਵੀਜ਼ਨ ਦੇ ਪਿੰਡ ਭੰਬਾਲਾ ਵਿਚ ਹੋਇਆ ਸੀ। ਉਹ 1969 ਵਿਚ ਪਹਿਲੀ ਵਾਰ ਅਮਲੋਹ ਹਲਕੇ ਤੋਂ ਵਿਧਾਇਕ ਬਣੇ ਤੇ ਮਗਰੋਂ 1977, 1980 ਅਤੇ 1985 ਵਿਚ ਅਮਲੋਹ ਹਲਕੇ ਤੋਂ ਮੁੜ ਵਿਧਾਇਕ ਚੁਣੇ ਗਏ। ਮਰਹੂਮ ਸੁਰਜੀਤ ਸਿੰਘ ਬਰਨਾਲਾ ਦੀ ਵਜ਼ਾਰਤ ਵਿਚ ਉਹ ਪੰਜਾਬ ਦੇ ਸਮਾਜ ਭਲਾਈ ਰਾਜ ਮੰਤਰੀ ਵੀ ਰਹੇ ਜਦਕਿ ਪਿਛਲੀ ਅਕਾਲੀ ਸਰਕਾਰ ਸਮੇਂ ਉਹ ਛੇ ਸਾਲ ਪੰਜਾਬ ਅਨੁਸੂਚਿਤ ਜਾਤੀ ਕਮਿਸ਼ਨ ਦੇ ਮੈਂਬਰ ਵੀ ਰਹੇ।

# ਚੋਣਾਂ ਤੋਂ ਪਹਿਲਾਂ ਕਰਜ਼ ਮੁਆਫੀ ਲਈ ਕੈਪਟਨ ਸਰਕਾਰ ਨੇ ਫੜੀ ਸਰਗਰਮੀ

**ਸ੍ਰੀ ਅਨੰਦਪੁਰ ਸਾਹਿਬ:** ਚੋਣਾਂ ਮੌਕੇ ਕਿਸਾਨਾਂ ਨਾਲ ਕਰਜ਼ਾ ਮੁਆਫੀ ਦੇ ਕੀਤੇ ਵਾਅਦੇ ਤਹਿਤ ਕੈਪਟਨ ਸਰਕਾਰ ਨੇ ਕਰਜ਼ਾ ਮੁਆਫੀ ਸਕੀਮ ਦੇ ਤੀਜੇ ਗੇੜ ਦੀ ਸ਼ੁਰੂਆਤ ਸ੍ਰੀ ਅਨੰਦਪੁਰ ਸਾਹਿਬ ਦੀ ਪਾਵਨ ਅਤੇ ਇਤਿਹਾਸਕ ਧਰਤੀ ਤੋਂ ਕੀਤੀ। ਉਨ੍ਹਾਂ ਐਲਾਨ ਕੀਤਾ ਕਿ ਇਸ ਗੇੜ ਦੀ ਸਕੀਮ ਤਹਿਤ ਪੰਜਾਬ ਦੇ 2 ਤੋਂ 5 ਏਕੜ ਜ਼ਮੀਨ ਵਾਲੇ ਕਿਸਾਨਾਂ ਦਾ ਸਹਿਕਾਰੀ ਸਭਾਵਾਂ ਦਾ 2 ਲੱਖ ਰੁਪਏ ਦਾ ਕਰਜ਼ਾ ਮੁਆਫ ਕੀਤਾ ਗਿਆ ਹੈ। ਇਸੇ ਤਰ੍ਹਾਂ ਪਿੰਡ ਮਹਿਰਾਜ ਵਿਚ ਬਠਿੰਡਾ ਤੇ ਮਾਨਸਾ ਦੇ 18,308 ਕਿਸਾਨਾਂ ਨੂੰ ਸਹਿਕਾਰੀ ਕਰਜ਼ੇ ਦੀ 97 ਕਰੋੜ ਦੀ ਰਾਹਤ ਦੇਣ ਲਈ ਰਾਜ ਪੱਧਰੀ ਸਮਾਰੋਹ ਰੱਖੇ ਹੋਏ ਸਨ ਜਿਨ੍ਹਾਂ ਵਿਚ ਕੁਝ ਕਿਸਾਨਾਂ ਨੂੰ ਸਟੇਜ 'ਤੇ ਬੁਲਾ ਕੇ ਕਰਜ਼ਾ ਮੁਆਫੀ ਰਾਹਤ ਦੇ ਸਰਟੀਫਿਕੇਟਾਂ ਦੀ ਵੰਡ ਕੀਤੀ। ਉਨ੍ਹਾਂ ਕਿਹਾ ਕਿ ਇਸ ਗੇੜ ਤਹਿਤ ਪੰਜਾਬ ਦੇ ਕੁੱਲ 1 ਲੱਖ 42 ਹਜ਼ਾਰ ਕਿਸਾਨਾਂ ਨੂੰ 1009 ਕਰੋੜ ਰੁਪਏ ਦੀ ਕਰਜ਼ਾ ਰਾਹਤ ਦਿੱਤੀ ਗਈ ਹੈ। ਇਸ ਸਕੀਮ ਤਹਿਤ ਜ਼ਿਲ੍ਹਾ ਰੂਪਨਗਰ ਦੇ ਕਰੀਬ 2413 ਕਿਸਾਨਾਂ ਦਾ ਕਰੀਬ 17 ਕਰੋੜ 74 ਲੱਖ ਰੁਪਏ ਦਾ ਕਰਜ਼ਾ ਮੁਆਫ ਕੀਤਾ ਗਿਆ ਹੈ।

ਉਨ੍ਹਾਂ ਐਲਾਨ ਕੀਤਾ ਕਿ ਸਰਕਾਰ ਵੱਲੋਂ ਬਹੁਤ ਜਲਦ ਪੰਜਾਬ ਦੇ ਖੇਤ ਮਜ਼ਦੂਰਾਂ ਦਾ ਵੀ 2 ਲੱਖ ਰੁਪਏ ਤੱਕ ਦੀ ਖੇਤੀਬਾੜੀ ਕਰਜ਼ਾ ਮੁਆਫ ਕੀਤਾ ਜਾਵੇਗਾ। ਕਰਜ਼ਾ ਰਾਹਤ ਦੀ ਰਾਸ਼ੀ ਸਬੰਧਤ ਕਿਸਾਨਾਂ ਦੇ ਬੈਂਕ ਖਾਤਿਆਂ 'ਚ ਵੀ ਪਾ ਦਿੱਤੀ ਗਈ ਹੈ। ਇਸ ਤੋਂ ਪਹਿਲਾ ਵੀ ਸਰਕਾਰ ਵੱਲੋਂ ਸਹਿਕਾਰੀ ਬੈਂਕਾਂ ਦਾ 3.18 ਲੱਖ ਛੋਟੇ ਕਿਸਾਨਾਂ ਨੂੰ 1815 ਕਰੋੜ ਰੁਪਏ ਦੀ ਕਰਜ਼ਾ ਰਾਹਤ ਸਕੀਮ ਤਹਿਤ ਲਾਭ ਪਹੁੰਚਾਉਣ ਤੋਂ ਇਲਾਵਾ ਵਪਾਰਕ ਬੈਂਕਾਂ ਦੇ 1.04 ਲੱਖ ਛੋਟੇ ਕਿਸਾਨਾਂ ਨੂੰ 1689 ਕਰੋੜ ਦੀ ਕਰਜ਼ ਰਾਹਤ ਪ੍ਰਦਾਨ ਕੀਤੀ ਜਾ ਚੁੱਕੀ ਹੈ।



ਇਸ ਮੌਕੇ ਕੈਪਟਨ ਅਮਰਿੰਦਰ ਸਿੰਘ ਨੇ ਸਬ ਡਵੀਜ਼ਨ ਸ੍ਰੀ ਅਨੰਦਪੁਰ ਸਾਹਿਬ ਦੀ ਚੰਗਰ ਪੱਟੀ ਦੇ ਕਿਸਾਨਾਂ ਨੂੰ ਸਿੰਚਾਈ ਵਾਲੇ ਪਾਣੀ ਦੀ ਚਿਰੋਕਣੀ ਮੰਗ ਨੂੰ ਪੂਰਾ ਕਰਦਿਆਂ ਲਿਫਟ ਇਰੀਗੇਸ਼ਨ ਸਕੀਮ ਦਾ ਨੀਂਹ ਪੱਥਰ ਵੀ ਰੱਖਿਆ। ਅਗਲੇ 3 ਸਾਲਾਂ 'ਚ 9 ਗੇੜ ਵਿਚ ਮੁਕੰਮਲ ਕੀਤੀ ਜਾਣ ਵਾਲੀ ਇਸ ਸਕੀਮ ਦੇ ਪਹਿਲੇ ਗੇੜ ਚੰਗਰ ਪੱਟੀ ਦੇ 4 ਪਿੰਡਾਂ ਨੂੰ ਪਾਣੀ ਦੀ ਸਪਲਾਈ ਦਿੱਤੀ ਜਾਵੇਗੀ।

ਮੁੱਖ ਮੰਤਰੀ ਨੇ ਸਮਾਗਮ ਦੌਰਾਨ ਗੜ੍ਹਸ਼ੰਕਰ ਸ੍ਰੀ ਅਨੰਦਪੁਰ ਸਾਹਿਬ ਮੁੱਖ ਮਾਰਗ ਦੀ ਲੋੜੀਂਦੀ ਮੁਰੰਮਤ ਲਈ ਤੁਰਤ 7 ਕਰੋੜ ਰੁਪਏ ਜਾਰੀ ਕਰਨ, ਛੇ ਗੁਰੂ ਸਾਹਿਬਾਨ ਦੀ ਚਰਨ ਛੋਹ ਪ੍ਰਾਪਤ ਇਤਿਹਾਸਕ ਨਗਰੀ ਕੀਰਤਪੁਰ ਸਾਹਿਬ ਦੇ 2026 'ਚ ਆ ਰਹੇ 400 ਸਾਲਾ ਸਮਾਗਮ ਨੂੰ ਸ਼ਾਨੋ-ਸ਼ੌਕਤ ਨਾਲ ਮਨਾਉਣ ਐਲਾਨ ਕਰਦਿਆਂ ਇਥੋਂ ਦੀ ਨਗਰ ਪੰਚਾਇਤ ਨੂੰ 50 ਲੱਖ ਰੁਪਏ ਦੀ ਵਿਸ਼ੇਸ਼ ਗ੍ਰਾਂਟ ਜਾਰੀ ਕਰਨ, ਸ੍ਰੀ ਅਨੰਦਪੁਰ ਸਾਹਿਬ ਨਗਰ ਕੌਂਸਲ ਲਈ 2 ਕਰੋੜ ਰੁਪਏ, ਨਗਰ ਕੌਂਸਲ ਨੰਗਲ ਲਈ 2 ਕਰੋੜ ਰੁਪਏ, ਰੂਪਨਗਰ ਲਈ 1.5 ਕਰੋੜ, ਸ੍ਰੀ ਚਮਕੌਰ ਸਾਹਿਬ ਨਗਰ ਪੰਚਾਇਤ ਨੂੰ 50 ਲੱਖ ਅਤੇ ਮੋਰਿੰਡਾ ਨੂੰ 1.5 ਕਰੋੜ ਰੁਪਏ ਦੇਣ ਦਾ ਐਲਾਨ ਕੀਤਾ।

ਉਨ੍ਹਾਂ ਸ੍ਰੀ ਅਨੰਦਪੁਰ ਸਾਹਿਬ ਦੇ ਸਰਬਪੱਖੀ ਵਿਕਾਸ ਲਈ ਸ੍ਰੀ ਅਨੰਦਪੁਰ ਸਾਹਿਬ ਵਿਕਾਸ ਅਥਾਰਟੀ ਬਣਾਉਣ ਦਾ ਵੀ ਐਲਾਨ ਕੀਤਾ। ਮੁੱਖ ਮੰਤਰੀ ਨੇ ਜ਼ਿਲ੍ਹਾ ਰੂਪਨਗਰ ਦੇ ਤਿੰਨ ਵਿਧਾਨ ਸਭਾ ਹਲਕਿਆਂ ਦੇ ਵਿਕਾਸ ਕਾਰਜਾਂ ਲਈ 5-5 ਕਰੋੜ ਦੀ ਵਿਸ਼ੇਸ਼ ਗ੍ਰਾਂਟ ਜਾਰੀ ਕਰਨ ਦਾ ਐਲਾਨ ਵੀ ਕੀਤਾ। ਜ਼ਿਲ੍ਹੇ ਦੇ ਦਿਹਾਤੀ ਖੇਤਰਾਂ 'ਚ ਪੀਣ ਵਾਲੇ ਪਾਣੀ ਦੀ ਸਹੂਲਤ ਮੁਹੱਈਆ ਕਰਵਾਉਣ ਲਈ ਜਲ ਸਪਲਾਈਆਂ ਲਈ 26 ਕਰੋੜ ਰੁਪਏ ਦੇ ਵਿਸ਼ੇਸ਼ ਫੰਡ ਜਾਰੀ ਕੀਤੇ।

## ਵਿਕਾਸ ਕੰਮ ਛੇਤੀ ਨਿਬੇੜਨ ਦੀਆਂ ਸਖਤ ਹਦਾਇਤਾਂ

**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਡਿਪਟੀ ਕਮਿਸ਼ਨਰਾਂ ਦੀ ਕਾਰਗੁਜ਼ਾਰੀ 'ਤੇ ਨਾਖੁਸ਼ੀ ਜ਼ਾਹਰ ਕਰਦਿਆਂ ਉਨ੍ਹਾਂ ਨੂੰ ਲੋਕਾਂ ਨਾਲ ਰਾਬਤਾ ਵਧਾਉਣ ਲਈ ਸਖਤ ਮਿਹਨਤ ਕਰਨ ਦੇ ਸੱਦੇ ਦਾ ਲਾਜ਼ਮੀ ਅਸਰ ਪੈਣ ਦੀ ਆਸ ਹੈ। ਲੋਕ ਸਭਾ ਚੋਣਾਂ ਵਿਚ ਲਗਭਗ ਦੋ ਮਹੀਨਿਆਂ ਦਾ ਸਮਾਂ ਰਹਿ ਗਿਆ ਹੈ ਤੇ ਇਸ ਕਰ ਕੇ ਕੈਪਟਨ ਸਰਕਾਰ ਦਾ ਸਾਰਾ ਜ਼ੋਰ ਵਿਕਾਸ ਕੰਮ ਛੇਤੀ ਨਿਬੇੜਨ 'ਤੇ ਲੱਗਿਆ ਹੋਇਆ ਹੈ, ਇਸ ਕਰ ਕੇ ਮੁੱਖ ਮੰਤਰੀ ਨੇ ਬਜਟ ਤੋਂ ਪਹਿਲਾਂ ਕਾਂਗਰਸੀ ਵਿਧਾਇਕਾਂ ਨਾਲ ਕੀਤੀਆਂ ਮੀਟਿੰਗਾਂ ਵਿਚ ਮਿਲੀ ਫੀਡਬੈਕ ਦੇ ਆਧਾਰ 'ਤੇ ਡਿਪਟੀ ਕਮਿਸ਼ਨਰਾਂ ਨੂੰ ਵਿਕਾਸ ਏਜੰਡੇ ਤਹਿਤ ਅਗਲੇ ਦੋ ਮਹੀਨੇ ਸਖਤ ਮਿਹਨਤ ਤੇ ਵਚਨਬੱਧਤਾ ਨਾਲ ਕੰਮ ਕਰਨ ਲਈ ਆਖਿਆ। ਡਿਪਟੀ ਕਮਿਸ਼ਨਰਾਂ ਨੂੰ ਦੱਸਿਆ ਕਿ ਵਿਕਾਸ ਕੰਮਾਂ ਲਈ ਪੈਸਾ ਜਲਦੀ ਪਹੁੰਚ ਜਾਵੇਗਾ। ਪੈਸਾ ਮਿਲਦੇ ਸਾਰ ਹੀ ਕੰਮ ਸ਼ੁਰੂ ਕਰ ਦਿੱਤੇ ਜਾਣ ਤੇ ਇਨ੍ਹਾਂ ਕੰਮਾਂ ਦੇ ਉਦਘਾਟਨ ਅਗਲੇ ਤਿੰਨ-ਚਾਰ ਦਿਨਾਂ ਅੰਦਰ ਵਿਧਾਇਕਾਂ ਅਤੇ ਮੰਤਰੀਆਂ ਕੋਲੋਂ ਕਰਵਾਏ ਜਾਣ।

## ਕਰਜ਼ਈ ਕਿਸਾਨਾਂ ਦੀ ਬਾਂਹ ਨਾ ਫੜਨ 'ਤੇ ਕੇਂਦਰ 'ਤੇ ਵਰ੍ਹੇ ਕੈਪਟਨ

**ਸ੍ਰੀ ਆਨੰਦਪੁਰ ਸਾਹਿਬ:** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਰਜ਼ੇ ਦੇ ਜਾਲ ਵਿਚ ਫਸੇ ਕਿਸਾਨਾਂ ਦੀ ਬਾਂਹ ਨਾ ਫੜਨ ਲਈ ਭਾਜਪਾ ਦੀ ਅਗਵਾਈ ਹੇਠਲੀ ਕੇਂਦਰ ਸਰਕਾਰ 'ਤੇ ਵਰ੍ਹਦਿਆਂ ਕਿਹਾ ਹੈ ਕਿ ਜੇਕਰ ਉਨ੍ਹਾਂ ਕਿਸਾਨਾਂ ਪ੍ਰਤੀ ਆਪਣਾ ਵਤੀਰਾ ਨਾ ਬਦਲਿਆ ਤਾਂ ਪੰਜਾਬ ਸਮੇਤ ਬਾਕੀ ਰਾਜਾਂ ਵਿਚ ਕਿਸਾਨਾਂ ਦੀਆਂ ਖੁਦਕੁਸ਼ੀਆਂ ਨਹੀਂ ਰੁਕਣਗੀਆਂ।

ਕਰਜ਼ਾ ਰਾਹਤ ਸਕੀਮ ਦੇ ਤੀਜੇ ਪੜਾਅ ਦੀ ਸ਼ੁਰੂਆਤ ਕਰਦਿਆਂ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਸੂਬੇ ਆਪਣੇ ਪੱਧਰ 'ਤੇ ਕਿਸਾਨਾਂ ਨੂੰ ਮੁਕੰਮਲ ਤੌਰ ਉਤੇ ਕਰਜ਼ੇ ਦੇ ਜਾਲ ਵਿਚੋਂ ਨਹੀਂ ਕੱਢ ਸਕਦੇ ਹਨ। ਇਸ ਲਈ ਕੇਂਦਰ ਨੂੰ ਕਿਸਾਨਾਂ ਦੀ ਮਦਦ ਲਈ ਅੱਗੇ ਆਉਣਾ ਚਾਹੀਦਾ ਹੈ। ਸਵਾਮੀਨਾਥਨ ਕਮਿਸ਼ਨ ਦੀ ਰਿਪੋਰਟ ਲਾਗੂ ਕਰਨ ਦੀ ਮੰਗ ਕਰਦਿਆਂ ਉਨ੍ਹਾਂ ਕਿਹਾ ਕਿ ਉਹ ਅਨੇਕਾਂ ਵਾਰ ਪ੍ਰਧਾਨ ਮੰਤਰੀ ਅਤੇ ਕੇਂਦਰੀ ਵਿੱਤ ਮੰਤਰੀ ਨੂੰ ਮਿਲ ਕੇ ਇਹ ਮਾਮਲਾ ਉਠਾ ਚੁੱਕੇ ਹਨ ਪਰ ਉਹ ਕਿਸਾਨਾਂ ਦੀ ਗੰਭੀਰ ਹਾਲਤ ਨੂੰ ਸਮਝਣ ਵਿਚ ਨਾਕਾਮ ਰਹੇ ਹਨ।

# ਮਾਝੇ 'ਚ ਮੁੜ ਪੈਰ ਜਮਾਉਣ ਲਈ ਸੁਖਬੀਰ ਨੇ ਘੜੀ ਰਣਨੀਤੀ

**ਤਰਨ ਤਾਰਨ:** ਮਾਝੇ ਦੀ ਸਿਆਸਤ ਉਤੇ ਮੁੜ ਪਕੜ ਬਣਾਉਣ ਲਈ ਅਕਾਲੀ ਦਲ ਬਾਦਲ ਨੇ ਸਰਗਰਮੀਆਂ ਵਿੱਢ ਦਿੱਤੀਆਂ ਹਨ। ਮਾਝੇ ਵਿਚੋਂ ਘਟੇ ਆਪਣੇ ਅਧਾਰ ਨੂੰ ਫਿਰ ਤੋਂ ਮਜ਼ਬੂਤ ਕਰਨ ਅਤੇ ਪਾਰਟੀ ਤੋਂ ਕਿਨਾਰਾ ਕਰ ਕੇ ਬਾਦਲ ਪਰਿਵਾਰ ਦਾ ਖੁੱਲ੍ਹ ਕੇ ਵਿਰੋਧ ਕਰ ਰਹੇ ਟਕਸਾਲੀ ਅਕਾਲੀ ਆਗੂਆਂ ਰਣਜੀਤ ਸਿੰਘ ਬ੍ਰਹਮਪੁਰਾ, ਸਾਬਕਾ ਮੰਤਰੀ ਸੇਵਾ ਸਿੰਘ ਸੇਖਵਾਂ ਅਤੇ ਸਾਬਕਾ ਮੈਂਬਰ ਪਾਰਲੀਮੈਂਟ ਡਾ. ਰਤਨ ਸਿੰਘ ਅਜਨਾਲਾ ਦੀਆਂ ਗਤੀਵਿਧੀਆਂ ਵਾਚਣ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਪਿਛਲੇ ਕਈ ਦਿਨਾਂ ਤੋਂ ਮਾਝੇ 'ਚ ਡੇਰਾ ਲਾਈ ਬੈਠੇ ਹਨ।

ਇਨ੍ਹਾਂ ਮੀਟਿੰਗਾਂ 'ਚ ਜਿਥੇ ਆਉਣ ਵਾਲੀਆਂ ਲੋਕ ਸਭਾ ਚੋਣਾਂ ਦੀ ਤਿਆਰੀ ਕੀਤੀ ਜਾ ਰਹੀ ਹੈ, ਉਥੇ ਅਕਾਲੀ ਦਲ ਵਿਰੋਧੀ ਪਾਰਟੀਆਂ 'ਤੇ ਵੀ ਨਿਸ਼ਾਨੇ ਸਾਧ ਰਿਹਾ ਹੈ। ਹਲਕਾਵਾਰ ਮੀਟਿੰਗਾਂ ਦਾ ਨਾਂ ਦੇ ਕੇ ਵੱਖ-ਵੱਖ ਵਿਧਾਨ ਸਭਾ ਹਲਕਿਆਂ 'ਚ ਸੁਖਬੀਰ ਸਿੰਘ ਬਾਦਲ ਆਪਣੇ ਨਾਲ ਬਿਕਰਮ ਸਿੰਘ ਮਜੀਠੀਆ ਅਤੇ ਨੌਜਵਾਨ ਸਾਬਕਾ ਵਿਧਾਇਕਾਂ ਦੀ ਟੀਮ ਨੂੰ ਲੈ ਕੇ ਅਕਾਲੀ ਵਰਕਰਾਂ ਨਾਲ ਮੀਟਿੰਗ ਕਰ ਰਹੇ ਹਨ। ਮਾਝੇ 'ਚ ਅਕਾਲੀ ਦਲ ਦੇ ਖੁਸੇ ਹੋਏ ਅਧਾਰ ਨੂੰ ਮੁੜ ਸੁਰਜੀਤ ਕਰਨ ਲਈ ਜਿਥੇ ਵਰਕਰਾਂ ਨਾਲ ਗਲੇ ਮਿਲ ਰਹੇ ਹਨ, ਉਥੇ ਅਕਾਲੀ ਦਲ ਤੋਂ ਬਾਗੀ ਹੋਏ ਆਗੂਆਂ ਦੇ ਹਲਕਿਆਂ 'ਚ ਜਾ ਕੇ ਉਨ੍ਹਾਂ ਦੇ ਸਮਰਥਕਾਂ ਨੂੰ ਤੋੜ ਜੋੜ ਰਹੇ ਹਨ। ਸੁਖਬੀਰ ਸਿੰਘ ਬਾਦਲ ਪਿਛਲੇ ਕਈ ਦਿਨਾਂ ਤੋਂ ਅਜਨਾਲਾ, ਰਾਜਾਸਾਂਸੀ,



ਖਡੂਰ ਸਾਹਿਬ, ਬਾਬਾ ਬਕਾਲਾ, ਜੰਡਿਆਲਾ ਅਤੇ ਅੰਮ੍ਰਿਤਸਰ ਸ਼ਹਿਰੀ ਹਲਕਿਆਂ 'ਚ ਵਰਕਰਾਂ ਨਾਲ ਖੁੱਲ੍ਹ ਕੇ ਮਿਲ ਰਹੇ ਹਨ ਅਤੇ ਇਥੋਂ ਤੱਕ ਵਰਕਰਾਂ ਨਾਲ ਸੈਲਫੀਆਂ ਵੀ ਖਿਚਵਾ ਰਹੇ ਹਨ।

ਵਿਧਾਨ ਸਭਾ ਚੋਣਾਂ 'ਚ ਮਿਲੀ ਵੱਡੀ ਹਾਰ ਤੋਂ ਬਾਅਦ ਢਿੱਲੇ ਪਏ ਅਕਾਲੀ ਵਰਕਰਾਂ 'ਚ ਨਵਾਂ ਜੋਸ਼ ਭਰਨ ਦਾ ਜੋ ਫਾਰਮੂਲਾ ਸੁਖਬੀਰ ਸਿੰਘ ਬਾਦਲ ਵੱਲੋਂ ਵਰਤਿਆ ਜਾ ਰਿਹਾ ਹੈ, ਉਹ ਉਸ ਵਿਚ ਕਾਫੀ ਹੱਦ ਤੱਕ ਕਾਮਯਾਬ ਵੀ ਹੋ ਰਹੇ ਹਨ। ਇਨ੍ਹਾਂ ਮੀਟਿੰਗਾਂ ਵਿਚ ਭਾਵੇਂ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨਹੀਂ ਪਹੁੰਚ ਰਹੇ, ਪਰ ਜਿਸ ਜੋਸ਼ੋ ਖਰੋਸ਼ ਨਾਲ ਸੁਖਬੀਰ ਸਿੰਘ ਬਾਦਲ ਵਰਕਰਾਂ ਨਾਲ ਮਿਲ ਰਹੇ ਹਨ, ਉਸ ਦਾ ਵੱਡਾ ਲਾਭ ਅਕਾਲੀ ਦਲ ਨੂੰ ਪਾਰਲੀਮੈਂਟ ਚੋਣਾਂ 'ਚ ਜ਼ਰੂਰ ਪ੍ਰਾਪਤ ਹੋਵੇਗਾ। ਕਾਂਗਰਸ ਸਰਕਾਰ ਦੀਆਂ ਨਾਕਾਮੀਆਂ ਦਾ ਵੀ ਅਕਾਲੀ ਦਲ ਵੱਲੋਂ ਕੀਤੀਆਂ ਜਾ ਰਹੀਆਂ ਹਲਕਾਵਾਰ ਮੀਟਿੰਗਾਂ 'ਚ ਪੂਰਾ ਲਾਹਾ ਲਿਆ ਜਾ ਰਿਹਾ ਹੈ।

## ਆਮ ਆਦਮੀ ਪਾਰਟੀ ਵੱਲੋਂ ਜ਼ਿਲ੍ਹਾ ਪੱਧਰ 'ਤੇ ਸਰਗਰਮੀਆਂ ਤੇਜ਼

**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਪੰਜਾਬ ਨੇ ਪਾਰਟੀ ਦੀ ਮਜ਼ਬੂਤੀ ਅਤੇ ਢਾਂਚੇ ਦਾ ਵਿਸਥਾਰ ਕਰਦੇ ਹੋਏ 19 ਵਿਧਾਨ ਸਭਾ ਹਲਕਿਆਂ ਦੇ ਪ੍ਰਧਾਨ ਅਤੇ ਸਹਿ-ਪ੍ਰਧਾਨ ਨਿਯੁਕਤ ਕੀਤੇ ਹਨ, ਜਦੋਂਕਿ ਅਜੇ ਵਰਮਾ ਨੂੰ ਹੁਸ਼ਿਆਰਪੁਰ ਦਾ ਸ਼ਹਿਰੀ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ। ਇਹ ਫੈਸਲਾ ਕੋਰ ਕਮੇਟੀ ਪੰਜਾਬ ਦੇ ਚੇਅਰਮੈਨ ਪ੍ਰਿੰਸੀਪਲ ਬੁੱਧਰਾਮ ਦੀ ਅਗਵਾਈ ਹੇਠ ਹੋਈ ਕੋਰ ਕਮੇਟੀ ਬੈਠਕ ਦੌਰਾਨ ਹੋਈ ਵਿਚਾਰ ਚਰਚਾ ਉਪਰੰਤ ਲਿਆ ਗਿਆ। 'ਆਪ' ਵੱਲੋਂ ਵਿਧਾਨ ਸਭਾ ਹਲਕਿਆਂ ਦੇ ਪ੍ਰਧਾਨਾਂ ਅਤੇ ਸਹਿ-ਪ੍ਰਧਾਨਾਂ ਦੀ ਨਿਯੁਕਤੀ ਦੀ ਜਾਰੀ ਸੂਚੀ ਅਨੁਸਾਰ ਜਲਾਲਾਬਾਦ ਤੋਂ ਮਹਿੰਦਰ ਸਿੰਘ ਕਚੂਰਾ, ਹੁਸ਼ਿਆਰਪੁਰ ਤੋਂ ਸੰਦੀਪ ਸੈਣੀ, ਸਾਹਕੋਟ ਤੋਂ ਰਤਨ ਸਿੰਘ ਕਾਕੜ ਕਲਾਂ, ਫਾਜ਼ਿਲਕਾ ਤੋਂ ਸਮਰਵੀਰ ਸਿੰਘ, ਬਠਿੰਡਾ (ਸ਼ਹਿਰੀ) ਅੰਮ੍ਰਿਤ ਲਾਲ ਅਗਰਵਾਲ, ਸਮਰਾਲਾ ਤੋਂ ਜਗਤਾਰ ਸਿੰਘ ਦਿਆਲਪੁਰਾ, ਪਾਇਲ ਤੋਂ ਬਲਜਿੰਦਰ ਸਿੰਘ ਚਾਂਦਾ, ਲੁਧਿਆਣਾ (ਦੱਖਣੀ) ਰਜਿੰਦਰ ਪਾਲ ਕੌਰ ਛੀਨਾ, ਘਨੌਰ ਤੋਂ ਜਰਨੈਲ ਮੰਨੂ, ਸਨੌਰ ਤੋਂ ਇੰਦਰਜੀਤ ਸਿੰਘ ਸੰਧੂ, ਰਾਜਪੁਰਾ ਤੋਂ ਸ੍ਰੀਮਤੀ ਨੀਨਾ ਮਿੱਤਲ ਤੇ ਜੈਤੋਂ ਤੋਂ ਅਮੋਲਕ ਸਿੰਘ ਨੂੰ ਹਲਕਾ ਪ੍ਰਧਾਨ ਨਿਯੁਕਤ ਕੀਤਾ ਗਿਆ।

## ਕਾਂਗਰਸ ਵੱਲੋਂ ਲੋਕ ਸਭਾ ਚੋਣਾਂ ਲਈ ਕਵਾਇਦ ਸ਼ੁਰੂ

**ਚੰਡੀਗੜ੍ਹ:** ਪੰਜਾਬ ਪ੍ਰਦੇਸ਼ ਕਾਂਗਰਸ ਨੇ ਲੋਕ ਸਭਾ ਚੋਣਾਂ ਦੀਆਂ ਤਿਆਰੀਆਂ ਲਈ ਪਾਰਟੀ ਨੂੰ ਹੇਠਲੇ ਪੱਧਰ ਸਰਗਰਮ ਕਰਨ ਦੀ ਕਵਾਇਦ ਸ਼ੁਰੂ ਕਰ ਦਿੱਤੀ ਹੈ। ਇਸ ਕੜੀ ਤਹਿਤ ਪੰਜਾਬ ਪ੍ਰਦੇਸ਼ ਕਾਂਗਰਸ ਦੇ ਨਵੇਂ ਲਾਏ ਜ਼ਿਲ੍ਹਾ ਪ੍ਰਧਾਨਾਂ ਨਾਲ ਮੀਟਿੰਗ ਕਰਕੇ ਉਨ੍ਹਾਂ ਨੂੰ ਜ਼ਿਲ੍ਹਾ ਪੱਧਰ 'ਤੇ ਸਰਗਰਮੀਆਂ ਸ਼ੁਰੂ ਕਰਨ ਦੀ ਹਦਾਇਤ ਕੀਤੀ ਗਈ ਹੈ। ਇਸ ਦੇ ਨਾਲ ਹੀ ਅਗਲੇ ਕੁਝ ਦਿਨਾਂ ਵਿਚ ਸੂਬੇ ਦੇ ਸਾਰੇ ਲੋਕ ਸਭਾ ਹਲਕਿਆਂ ਲਈ ਉਮੀਦਵਾਰਾਂ ਦੇ ਪੈਨਲ ਤਿਆਰ ਕਰਕੇ ਕਾਂਗਰਸ ਹਾਈਕਮਾਂਡ ਨੂੰ ਭੇਜੇ ਜਾਣਗੇ ਤੇ ਇਸ ਮਾਮਲੇ ਵਿਚ ਪੰਜਾਬ ਪ੍ਰਦੇਸ਼ ਕਾਂਗਰਸ ਦੇ ਮਾਮਲਿਆਂ ਦੇ ਸਹਾਇਕ ਇੰਚਾਰਜ ਹਰੀਸ਼ ਚੌਧਰੀ ਦੇ ਮੀਟਿੰਗਾਂ ਵਿਚ ਸ਼ਾਮਲ ਨਾ ਹੋਣ ਕਰਕੇ ਕੁਝ ਦੇਰੀ ਹੋ ਰਹੀ ਹੈ। ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਨੇ ਦੱਸਿਆ ਕਿ ਨਵੇਂ ਪ੍ਰਧਾਨਾਂ ਨਾਲ ਕੀਤੀ ਗਈ ਮੀਟਿੰਗ ਦਾ ਮੰਤਵ ਉਨ੍ਹਾਂ ਨੂੰ ਪਾਰਟੀ ਦੇ ਕੰਮ ਕਾਜ ਅਤੇ ਆ ਰਹੀਆਂ ਲੋਕ ਸਭਾ ਚੋਣਾਂ ਲਈ ਤਿਆਰ ਕਰਨਾ ਹੈ।

## ਅਕਾਲੀ ਦਲ ਤੇ ਕਾਂਗਰਸ ਵਿਚਾਲੇ ਹੋਇਆ ਸਮਝੌਤਾ: ਬ੍ਰਹਮਪੁਰਾ

**ਅੰਮ੍ਰਿਤਸਰ:** ਸ਼੍ਰੋਮਣੀ ਅਕਾਲੀ ਦਲ ਟਕਸਾਲੀ ਦੇ ਮੁਖੀ ਰਣਜੀਤ ਸਿੰਘ ਬ੍ਰਹਮਪੁਰਾ ਨੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਖਿਲਾਫ ਹਮਲਾਵਰ ਰੁਖ ਬਰਕਰਾਰ ਰੱਖਦਿਆਂ ਦੋਸ਼ ਲਾਇਆ ਕਿ ਵਿਧਾਨ ਸਭਾ ਚੋਣਾਂ 2017 ਵਿਚ ਉਸ ਦਾ ਕੈਪਟਨ ਅਮਰਿੰਦਰ ਸਿੰਘ ਨਾਲ ਸਮਝੌਤਾ ਹੋਇਆ ਸੀ। ਉਨ੍ਹਾਂ ਅਜਿਹੇ ਮਾਮਲਿਆਂ ਸਬੰਧੀ ਖੁੱਲ੍ਹੀ ਬਹਿਸ ਵਾਸਤੇ ਸੁਖਬੀਰ ਸਿੰਘ ਬਾਦਲ ਨੂੰ ਚੁਣੌਤੀ ਵੀ ਦਿੱਤੀ ਹੈ।

ਰਣਜੀਤ ਸਿੰਘ ਬ੍ਰਹਮਪੁਰਾ, ਡਾ. ਰਤਨ ਸਿੰਘ ਅਜਨਾਲਾ, ਮਨਮੋਹਨ ਸਿੰਘ ਸਠਿਆਲਾ ਆਦਿ ਨੇ ਕੁਝ ਤਸਵੀਰਾਂ ਮੀਡੀਆ ਸਾਹਮਣੇ ਪੇਸ਼ ਕਰਦਿਆਂ ਦਾਅਵਾ ਕੀਤਾ ਕਿ ਕੈਪਟਨ ਪਰਿਵਾਰ ਅਤੇ ਬਾਦਲ ਪਰਿਵਾਰ ਵਿਚਾਲੇ ਨੇੜਤਾ ਹੈ। ਦੋਵੇਂ ਪਰਿਵਾਰ ਇਕ ਦੂਜੇ ਦੇ ਸਮਾਗਮਾਂ ਵਿਚ ਵੀ ਸ਼ਾਮਲ ਹੁੰਦੇ ਹਨ। ਉਨ੍ਹਾਂ ਸੁਖਬੀਰ ਸਿੰਘ ਬਾਦਲ ਵੱਲੋਂ ਟਕਸਾਲੀਆਂ ਨੂੰ ਕਾਂਗਰਸ ਦੀ 'ਬੀ' ਟੀਮ ਆਖਣ 'ਤੇ ਸਖਤ ਇਤਰਾਜ਼ ਜ਼ਾਹਿਰ ਕਰਦਿਆਂ ਮੁੜ ਆਖਿਆ ਕਿ ਉਹ ਆਪਣੇ ਪਰਿਵਾਰ ਸਮੇਤ ਸ੍ਰੀ ਹਰਿਮੰਦਰ ਸਾਹਿਬ ਜਾ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਨਮੁਖ ਹੋ ਕੇ ਸਹੁੰ ਚੁੱਕਣ ਨੂੰ ਤਿਆਰ ਹਨ। ਉਨ੍ਹਾਂ ਆਖਿਆ ਕਿ ਜੇ ਸੁਖਬੀਰ ਸੱਚਾ ਹੈ ਤਾਂ ਉਹ ਆਪਣੇ ਪਰਿਵਾਰ ਸਮੇਤ ਸ੍ਰੀ ਹਰਿਮੰਦਰ ਸਾਹਿਬ ਗੁਰੂ ਦੀ ਹਜ਼ੂਰੀ ਵਿਚ ਆਖੇ ਕਿ ਉਸ ਦੀ ਵਿਧਾਨ ਸਭਾ ਚੋਣਾਂ 2017 ਦੌਰਾਨ ਕੈਪਟਨ ਅਮਰਿੰਦਰ ਸਿੰਘ ਨਾਲ ਕੋਈ 'ਡੀਲ' ਨਹੀਂ ਹੋਈ ਸੀ।

## ਚੀਫ ਖਾਲਸਾ ਦੀਵਾਨ ਦੀਆਂ ਚੋਣਾਂ 17 ਫਰਵਰੀ ਨੂੰ

**ਅੰਮ੍ਰਿਤਸਰ:** ਚੀਫ ਖਾਲਸਾ ਦੀਵਾਨ ਦੀਆਂ ਚੋਣਾਂ ਹੁਣ 17 ਫਰਵਰੀ ਨੂੰ ਕਰਾਉਣ ਦਾ ਫੈਸਲਾ ਕੀਤਾ ਗਿਆ ਹੈ। ਇਹ ਫੈਸਲਾ ਦੀਵਾਨ ਦੀ ਕਾਰਜਸਾਧਕ ਕਮੇਟੀ ਦੀ ਮੀਟਿੰਗ ਵਿਚ ਕੀਤਾ ਗਿਆ ਹੈ। ਦੀਵਾਨ ਦੇ ਆਨਰੇਰੀ ਸਕੱਤਰ ਨਰਿੰਦਰ ਸਿੰਘ ਖੁਰਾਣਾ ਨੇ ਦੱਸਿਆ ਕਿ ਅਦਾਲਤ ਵੱਲੋਂ ਚੋਣ 'ਤੇ ਲੱਗੀ ਰੋਕ ਹਟਾਉਣ ਮਗਰੋਂ ਚੋਣ ਦੀ ਤਰੀਕ ਤੈਅ ਕਰਨ ਬਾਰੇ ਕਾਰਜਸਾਧਕ ਕਮੇਟੀ ਦੀ ਮੀਟਿੰਗ ਸੱਦੀ ਗਈ ਸੀ, ਜਿਸ ਵਿਚ ਇਹ ਚੋਣਾਂ 17 ਫਰਵਰੀ ਨੂੰ ਕਰਾਉਣ ਦਾ ਫੈਸਲਾ ਕੀਤਾ ਹੈ।

ਉਨ੍ਹਾਂ ਦੱਸਿਆ ਕਿ ਇਹ ਵੀ ਫੈਸਲਾ ਹੋਇਆ ਹੈ ਕਿ ਜਿਨ੍ਹਾਂ ਉਮੀਦਵਾਰਾਂ ਵੱਲੋਂ ਪ੍ਰਧਾਨ, ਮੀਤ ਪ੍ਰਧਾਨ, ਜਨਰਲ ਸਕੱਤਰ ਆਦਿ ਅਹੁਦਿਆਂ ਵਾਸਤੇ ਨਾਮਜ਼ਦਗੀ ਪੱਤਰ ਭਰੇ ਹੋਏ ਹਨ, ਉਨ੍ਹਾਂ ਨੂੰ ਮੁੜ ਨਾਮਜ਼ਦਗੀ ਪੱਤਰ ਭਰਨ ਦੀ ਲੋੜ ਨਹੀਂ ਹੈ ਪਰ ਜੇਕਰ ਕੋਈ ਨਾਮਜ਼ਦਗੀ ਪੱਤਰ ਵਾਪਸ ਲੈਣਾ ਚਾਹੁੰਦਾ ਹੈ ਅਤੇ ਕੋਈ ਹੋਰ ਨਾਮਜ਼ਦਗੀ ਪੱਤਰ ਦਾਖਲ ਕਰਨਾ ਚਾਹੁੰਦਾ ਹੈ ਤਾਂ ਇਸ ਸਬੰਧੀ ਤਰੀਕ ਦਾ ਐਲਾਨ ਜਲਦੀ ਕੀਤਾ ਜਾਵੇਗਾ। ਮੀਟਿੰਗ ਵਿਚ ਸਰਬਜੀਤ ਸਿੰਘ ਧੰਜੇ ਦੇ 13 ਮੈਂਬਰਾਂ ਨੇ 'ਪ੍ਰਵਾਨ ਨਹੀਂ' ਦਾ ਨੋਟ ਲਿਖ ਕੇ ਦਿੰਦਿਆਂ ਮੀਟਿੰਗ ਦੇ ਕੁਝ ਫੈਸਲਿਆਂ 'ਤੇ ਇਤਰਾਜ਼ ਕੀਤਾ ਹੈ। ਕੌਂਸਲਰ ਅਤੇ ਮੈਂਬਰ ਅਮਰਜੀਤ ਸਿੰਘ ਭਾਟੀਆ ਨੇ ਦੱਸਿਆ ਕਿ ਮੀਟਿੰਗ ਵਿਚ ਪਿਛਲੀਆਂ ਮੀਟਿੰਗਾਂ ਦੀ ਕਾਰਵਾਈ ਦੀ ਪੁਸ਼ਟੀ ਕਰਨ ਬਾਰੇ ਆਖਿਆ ਗਿਆ ਸੀ ਪਰ ਕੁਝ ਮੈਂਬਰਾਂ ਨੇ ਮੀਟਿੰਗ ਦੀ ਕਾਰਵਾਈ ਲਿਖਤੀ ਰੂਪ ਵਿਚ ਦਿੱਤੇ ਬਿਨਾਂ ਇਸ ਦੀ ਪੁਸ਼ਟੀ ਕਰਨ ਤੋਂ ਇਨਕਾਰ ਕੀਤਾ ਹੈ। ਉਨ੍ਹਾਂ ਆਖਿਆ ਕਿ ਨਿਯਮ ਮੁਤਾਬਕ ਮੀਟਿੰਗ ਤੋਂ ਪਹਿਲਾਂ ਪਿਛਲੀ ਮੀਟਿੰਗ ਦੀ ਕਾਰਵਾਈ ਦੇ ਵੇਰਵੇ ਲਿਖਤੀ ਰੂਪ ਵਿਚ ਮੈਂਬਰਾਂ ਨੂੰ ਮੁਹੱਈਆ ਕੀਤੇ ਜਾਂਦੇ ਹਨ, ਜਿਸ ਪਿਛੋਂ ਇਸ ਦੀ ਪੁਸ਼ਟੀ ਹੁੰਦੀ ਹੈ।

**Punjab Times**

**Established in 2000**
**20th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Gurbakhsh Singh Bhandal
Baljit Basi
Ashok Bhaura
Tarlochan Singh Dupalpur
Major Kular
**California**
Shiara Dhindsa
661-703-6664
**New York**
**Iqbal S. Jabowalia**
**917-375-6395**
**Circulation**
**Harbhajan Singh**
**917-856-5229**
**Photographer**
**Kamaljit Singh Virdi**
**Ph. 847-502-2703**

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਭ੍ਰਿਸ਼ਟਾਚਾਰ ਮਾਮਲਿਆਂ 'ਚ ਜੀ. ਕੇ. ਦੀਆਂ ਮੁਸ਼ਕਲਾਂ ਵਧੀਆਂ

**ਨਵੀਂ ਦਿੱਲੀ:** ਦਿੱਲੀ ਸਿੱਖ ਗੁਰਦੁਆਰਾ ਕਮੇਟੀ ਪ੍ਰਬੰਧਕ ਵਿਚ ਭ੍ਰਿਸ਼ਟਾਚਾਰ ਸਬੰਧੀ ਮਨਜੀਤ ਸਿੰਘ ਜੀ.ਕੇ. ਤੇ ਹੋਰਨਾਂ ਖਿਲਾਫ਼ ਚੱਲ ਰਹੇ ਮਾਮਲੇ ਨੂੰ ਲੈ ਕੇ ਅਦਾਲਤ ਨੇ ਸਖਤ ਰੁਖ ਅਪਣਾਇਆ ਹੈ। ਕੋਰਟ ਨੇ ਇਸ ਮਾਮਲੇ 'ਚ ਸਰਚ ਵਰੰਟ ਜਾਰੀ ਕਰਦੇ ਹੋਏ ਪੁਲਿਸ ਜਾਂਚ ਅਧਿਕਾਰੀ ਨੂੰ ਮਾਮਲੇ ਨਾਲ ਸਬੰਧਤ ਦਿੱਲੀ ਕਮੇਟੀ ਦੇ ਸਾਰੇ ਦਸਤਾਵੇਜ਼ ਕਬਜ਼ੇ ਵਿਚ ਲੈਣ ਦਾ ਹੁਕਮ ਦਿੱਤਾ ਹੈ।

ਮਾਮਲੇ ਦੀ ਜਾਂਚ 'ਤੇ ਸਵਾਲ ਚੁੱਕਦੇ ਹੋਏ ਪਟਿਆਲਾ ਹਾਊਸ ਅਦਾਲਤ ਦੀ ਮੈਟਰੋਪੋਲੀਟਿਨ ਜੱਜ ਪ੍ਰੀਤੀ ਪ੍ਰੇਵਾ ਨੇ ਦਿੱਲੀ ਪੁਲਿਸ ਕਮਿਸ਼ਨਰ ਨੂੰ ਵੀ ਨੋਟਿਸ ਜਾਰੀ ਕਰ ਕੇ ਜਵਾਬ ਮੰਗਿਆ ਹੈ ਕਿ ਇਸ ਮਾਮਲੇ ਨੂੰ ਜਾਂਚ ਲਈ ਕਿਉਂ ਨਾ ਭ੍ਰਿਸ਼ਟਾਚਾਰ ਵਿਰੋਧੀ ਸ਼ਾਖਾ ਕੋਲ ਭੇਜ ਦਿੱਤਾ ਜਾਵੇ। ਅਦਾਲਤ ਨੇ ਇਹ ਵੀ ਆਦੇਸ਼ ਦਿੱਤਾ ਹੈ ਕਿ ਪਹਿਲਾਂ ਹੀ ਪੁਲਿਸ ਕੋਲ ਬਿਆਨ ਦਰਜ ਕਰਵਾ ਚੁੱਕੇ ਮਾਮਲੇ ਦੇ ਤਿੰਨ ਮੁਲਜ਼ਮਾਂ ਦੇ 5 ਦਿਨ 'ਚ ਧਾਰਾ 164 ਤਹਿਤ ਅਦਾਲਤ ਵਿਚ ਬਿਆਨ ਦਰਜ ਕਰਵਾਏ ਜਾਣ। ਜੀ.ਕੇ. ਤੇ ਹੋਰਨਾਂ ਨੂੰ 41-ਏ ਦਾ ਨੋਟਿਸ ਕਿਉਂ ਨਾ ਦਿੱਤਾ ਗਿਆ। ਸ਼ਿਕਾਇਤਕਰਤਾ ਗੁਰਮੀਤ ਸਿੰਘ ਸ਼ੰਟੀ ਵੱਲੋਂ ਇਹ ਮੰਗਾਂ ਅਰਜ਼ੀ ਦਾਇਰ ਕਰ ਕੇ ਕੀਤੀਆਂ ਗਈਆਂ ਸਨ। ਇਸੇ ਦੌਰਾਨ ਮੈਟਰੋ ਪੋਲੀਟਿਨ ਜੱਜ ਪ੍ਰੀਤੀ ਪ੍ਰੇਵਾ ਨੇ ਪੁਲਿਸ ਜਾਂਚ ਅਧਿਕਾਰੀ ਨੂੰ ਇਸ ਮਾਮਲੇ ਸਬੰਧੀ ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਖਾਲਸਾ ਨੂੰ ਵੀ ਨੋਟਿਸ ਭੇਜ ਕੇ ਉਨ੍ਹਾਂ ਪਾਸੋਂ ਪੁੱਛਗਿੱਛ ਕਰਨ ਅਤੇ ਉਨ੍ਹਾਂ ਵੱਲੋਂ ਦਿੱਲੀ ਕਮੇਟੀ ਨੂੰ 30 ਜੂਨ 2016 ਲਿਖੀ ਚਿੱਠੀ ਦੀ ਫੋਰੈਂਸਿਕ ਜਾਂਚ ਕਰਨ ਦਾ ਹੁਕਮ ਸੁਣਾਇਆ ਹੈ।

# ਬਰਗਾੜੀ ਕਾਂਡ: ਗਿਆਨੀ ਗੁਰਬਚਨ ਸਿੰਘ ਵੱਲੋਂ ਸਿੱਟ ਅੱਗੇ ਪੇਸ਼ ਹੋਣ ਤੋਂ ਇਨਕਾਰ

**ਅੰਮ੍ਰਿਤਸਰ:** ਬੇਅਦਬੀ ਤੇ ਗੋਲੀਕਾਂਡ ਦੀ ਪੜਤਾਲ ਲਈ ਬਣੀ ਵਿਸ਼ੇਸ਼ ਜਾਂਚ ਟੀਮ ਵੱਲੋਂ ਸ੍ਰੀ ਅਕਾਲ ਤਖਤ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਗੁਰਬਚਨ ਸਿੰਘ ਤੋਂ ਪੁੱਛਗਿੱਛ ਕੀਤੇ ਜਾਣ ਬਾਰੇ ਸਥਿਤੀ ਕੁਝ ਸਾਫ ਹੋ ਗਈ ਹੈ। ਗਿਆਨੀ ਗੁਰਬਚਨ ਸਿੰਘ ਐਸ.ਆਈ.ਟੀ. ਕੋਲ ਪੇਸ਼ ਨਹੀਂ ਹੋਣਗੇ, ਉਨ੍ਹਾਂ ਕਿਹਾ ਕਿ ਜੇਕਰ ਐਸ.ਆਈ.ਟੀ. ਨੇ ਕੋਈ ਸਵਾਲ-ਜਵਾਬ ਕਰਨਾ ਹੈ ਤਾਂ ਅਧਿਕਾਰੀ ਉਨ੍ਹਾਂ ਕੋਲ ਆ ਸਕਦੇ ਹਨ।

ਸਾਬਕਾ ਜਥੇਦਾਰ ਨੇ ਕਿਹਾ ਕਿ ਉਹ ਐਸ.ਆਈ.ਟੀ. ਦਾ ਸਤਿਕਾਰ ਕਰਦੇ ਹਨ, ਜੇਕਰ ਉਹ ਉਨ੍ਹਾਂ ਤੋਂ ਕੋਈ ਸਵਾਲ ਜਾਂ ਕਿਸੇ ਤਰ੍ਹਾਂ ਦੇ ਪੁੱਛਗਿੱਛ ਕਰਨਾ ਚਾਹੁੰਦੀ ਹੈ ਤਾਂ ਉਹ ਜਵਾਬ ਦੇਣ ਲਈ ਤਿਆਰ ਹਨ। ਬਸ਼ਰਤੇ ਕੋਈ ਉਨ੍ਹਾਂ ਨੂੰ ਆ ਕੇ ਆਪਣੇ ਸਵਾਲ ਕਰੇ। ਉਨ੍ਹਾਂ ਕਿਹਾ ਕਿ ਉਹ ਐਸ.ਆਈ.ਟੀ. ਤੇ ਕੁੰਵਰ ਵਿਜੇ ਪ੍ਰਤਾਪ ਵਰਗੇ ਅਫਸਰਾਂ ਦਾ ਵੀ ਸਤਿਕਾਰ ਕਰਦੇ ਹਨ ਤੇ ਉਹ ਸਵਾਲਾਂ ਦੇ ਜਵਾਬ ਦੇਣ ਲਈ ਤਿਆਰ ਹਨ।

ਰਾਮ ਰਹੀਮ ਨੂੰ ਮੁਆਫੀ ਦੇਣ ਦੇ ਮਾਮਲੇ ਵਿਚ ਘਿਰਨ ਸਾਬਕਾ ਜਥੇਦਾਰ ਇਸ ਮੁੱਦੇ ਉਤੇ ਵੀ ਗੱਲਬਾਤ ਕਰਨ ਲਈ ਰਜ਼ਾਮੰਦ ਹਨ। ਉਨ੍ਹਾਂ ਕਿਹਾ ਕਿ ਕਿਸੇ ਨੂੰ ਮੁਆਫੀ ਦੇਣਾ ਜਾਂ ਸ੍ਰੀ ਅਕਾਲ ਤਖਤ ਸਾਹਿਬ ਨੂੰ ਮਿਲੀ ਕਿਸੇ ਵੀ ਅਰਜ਼ੀ 'ਤੇ ਵਿਚਾਰ ਕਰਨਾ, ਪੰਜ ਸਿੰਘ ਸਾਹਿਬਾਨਾਂ ਦੇ ਅਧਿਕਾਰ ਖੇਤਰ ਅਧੀਨ ਆਉਂਦਾ ਹੈ। ਜੇਕਰ ਇਸ ਬਾਰੇ ਪੁੱਛਗਿੱਛ ਕੀਤੀ ਜਾਂਦੀ ਹੈ ਤਾਂ ਉਹ ਜਵਾਬ ਦੇ ਦੇਣਗੇ। ਪਿਛਲੇ ਕਈ ਦਿਨਾਂ ਤੋਂ ਅਜਿਹੇ ਅੰਦਾਜ਼ੇ ਸਨ ਕਿ ਐਸ.ਆਈ.ਟੀ. ਹੁਣ ਤਤਕਾਲੀ ਜਥੇਦਾਰ ਤੋਂ ਵੀ ਪੁੱਛਗਿੱਛ ਕਰ ਸਕਦੀ ਹੈ, ਕਿਉਂਕਿ ਬੇਅਦਬੀਆਂ ਦਾ ਮਾਮਲਾ ਡੇਰਾ ਸਿਰਸਾ ਨਾਲ ਵੀ ਜੁੜਦਾ ਵਿਖਾਈ ਦੇ ਰਿਹਾ ਹੈ।

# ਨਸ਼ਿਆਂ ਦੇ ਖਾਤਮੇ ਲਈ ਪੰਜਾਬ ਸਰਕਾਰ ਨੂੰ ਸਖਤ ਹਦਾਇਤਾਂ

**ਚੰਡੀਗੜ੍ਹ:** ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਪੰਜਾਬ ਸਰਕਾਰ ਨੂੰ ਸੂਬੇ ਵਿਚੋਂ ਨਸ਼ਿਆਂ ਦੀ ਬੁਰਾਈ ਨੂੰ ਖਤਮ ਕਰਨ ਲਈ ਲਾਜ਼ਮੀ ਮੰਨਣਯੋਗ 25 ਹਦਾਇਤਾਂ ਜਾਰੀ ਕੀਤੀਆਂ ਹਨ। ਇਨ੍ਹਾਂ ਹਦਾਇਤਾਂ ਵਿਚ ਤਸਕਰਾਂ ਵਿਰੁੱਧ ਐਨ.ਡੀ.ਪੀ.ਐਸ. ਦੇ ਨਾਲ ਨਾਲ ਹਵਾਲਾ ਰੋਕੂ ਕਾਨੂੰਨ ਤਹਿਤ ਕੇਸ ਦਰਜ ਕਰਨ ਅਤੇ ਵਿਦਿਅਕ ਸੰਸਥਾਵਾਂ ਦੇ ਬਾਹਰ ਪੁਲਿਸ ਮੁਲਾਜ਼ਮ ਤਾਇਨਾਤ ਕਰਨੇ ਆਦਿ ਸ਼ਾਮਲ ਹਨ।

ਹਾਈ ਕੋਰਟ ਦੇ ਜਸਟਿਸ ਰਾਜੀਵ ਸ਼ਰਮਾ ਅਤੇ ਹਰਿੰਦਰ ਸਿੰਘ ਸਿੱਧੂ ਨੇ ਬਲਜਿੰਦਰ ਸਿੰਘ ਅਤੇ ਖੁਸ਼ੀ ਰਾਮ ਵੱਲੋਂ ਪਟਿਆਲਾ ਦੀ ਅਦਾਲਤ ਦੇ ਹੁਕਮਾਂ ਵਿਰੁੱਧ ਦਾਇਰ ਪਟੀਸ਼ਨ ਦਾ ਨਿਪਟਾਰਾ ਕਰਦਿਆਂ ਇਹ ਹਦਾਇਤਾਂ ਜਾਰੀ ਕੀਤੀਆਂ ਹਨ। ਪਟਿਆਲਾ ਦੀ ਅਦਾਲਤ ਨੇ ਦੋਵਾਂ ਨੂੰ ਹੀ ਐਨ.ਡੀ.ਪੀ.ਐਸ. ਐਕਟ ਤਹਿਤ 2011 ਵਿਚ 12 ਸਾਲ ਦੀ ਸਜ਼ਾ ਸੁਣਾਈ ਸੀ। ਹਾਈ ਕੋਰਟ ਨੇ ਹੇਠਲੀ ਅਦਾਲਤ ਦੇ ਹੁਕਮਾਂ ਨੂੰ ਰੱਦ ਕਰਦਿਆਂ ਦੋਵਾਂ ਨੂੰ ਹੀ ਬਰੀ ਕਰ ਦਿੱਤਾ ਹੈ। ਅਦਾਲਤ ਨੇ ਮੰਨਿਆ ਕਿ ਨਸ਼ਿਆਂ ਦੀ ਬੁਰਾਈ ਇਕ ਬੇਹੱਦ ਗੰਭੀਰ ਮੁੱਦਾ ਹੈ। ਇਸ ਨਾਲ ਸਮਾਜਿਕ ਤਾਣਾ ਬਾਣਾ ਤਬਾਹ ਹੋ ਰਿਹਾ ਹੈ ਅਤੇ ਪਰਿਵਾਰ ਟੁੱਟ ਰਹੇ ਹਨ। ਆਪਣੇ ਹੁਕਮ ਵਿਚ ਅਦਾਲਤ ਨੇ ਕਿਹਾ ਕਿ ਸੂਬੇ ਵਿਚ ਕਿਸੇ ਵੀ ਕੀਮਤ ਉੱਤੇ ਚਰਸ,ਹੈਰੋਇਨ ਅਤੇ ਸਿੰਥੈਟਿਕ ਡਰੱਗ ਵਰਗੇ ਨਸ਼ੇ ਨਹੀਂ ਮਿਲਣੇ ਚਾਹੀਦੇ।

ਅਦਾਲਤ ਨੇ ਸਰਕਾਰ ਨੂੰ ਕਿਹਾ ਹੈ ਕਿ ਉਹ ਨਸ਼ਿਆਂ ਵਿਰੁੱਧ ਲੋਕਾਂ ਨੂੰ ਜਾਗਰੂਕ ਕਰਨ ਲਈ ਵਿਸ਼ੇਸ਼ ਮੁਹਿੰਮ ਚਲਾਏ। ਇਸ ਦੇ ਨਾਲ ਹੀ ਅਦਾਲਤ ਨੇ ਪੰਜਾਬ ਪੁਲਿਸ ਦੇ ਮੁਖੀ ਨੂੰ ਵਿਸ਼ੇਸ਼ ਟਾਸਕ ਫੋਰਸ ਨੂੰ ਤਾਕਤਵਰ ਬਣਾਉਣ ਇਸ ਦੇ ਢਾਂਚੇ ਨੂੰ ਨਵੇਂ ਸਿਰੇ ਤੋਂ ਤਿਆਰ ਕਰਨ ਲਈ ਵੀ ਕਿਹਾ ਹੈ। ਅਦਾਲਤ ਨੇ ਪੁਲਿਸ ਮੁਖੀ ਨੂੰ ਕਿਹਾ ਹੈ ਕਿ ਨਸ਼ਾ ਤਸਕਰਾਂ ਵਿਰੁੱਧ ਐਨ.ਡੀ.ਪੀ.ਐਸ. ਐਕਟ ਤਹਿਤ ਕੇਸ ਦਰਜ ਕਰਨ ਮੌਕੇ ਹਵਾਲਾ ਰੋਕੂ ਕਾਨੂੰਨ (ਪੀ.ਐਮ.ਐਲ. ਐਕਟ -2002) ਅਤੇ ਅਫੀਮ ਕਾਨੂੰਨ ਤਹਿਤ ਵੀ ਕੇਸ ਦਰਜ ਕੀਤੇ ਜਾਣ।

# ਬਰਗਾੜੀ ਗੋਲੀ ਕਾਂਡ: ਪੁਲਿਸ ਅਫਸਰਾਂ ਖਿਲਾਫ ਕਾਰਵਾਈ ਨੇ ਆਸ ਜਗਾਈ

***(ਸਫਾ ਇਕ ਦੀ ਬਾਕੀ)***

ਸਨ। ਕਈ ਮੰਤਰੀਆਂ ਤੇ ਵਿਧਾਇਕਾਂ ਨੇ ਮੁੱਖ ਮੰਤਰੀ 'ਤੇ ਜ਼ੋਰ ਪਾਇਆ ਸੀ ਕਿ ਉਹ ਸਰਕਾਰ ਅਤੇ ਪਾਰਟੀ ਦੇ ਅਕਸ ਨੂੰ ਬਚਾਉਣ ਲਈ ਨਰਮ ਰਵੱਈਏ ਤੋਂ ਗੁਰੇਜ਼ ਕਰਨ ਅਤੇ ਦੋਸ਼ੀਆਂ ਵਿਰੁੱਧ ਬਣਦੀ ਕਾਰਵਾਈ ਫੌਰੀ ਕੀਤੀ ਜਾਵੇ।

ਸ਼ਰਮਾ ਦੀ ਗ੍ਰਿਫਤਾਰੀ ਪਿੱਛੋਂ 'ਸਿੱਟ' ਨੇ ਬਾਜਾਖਾਨਾ ਥਾਣੇ ਦੇ ਸਾਬਕਾ ਐਸ.ਐਚ.ਓ ਇੰਸਪੈਕਟਰ ਅਮਰਜੀਤ ਸਿੰਘ ਕੁਲਾਰ ਨੂੰ ਹਿਰਾਸਤ ਵਿਚ ਲੈਣ ਲਈ ਛਾਪਾ ਮਾਰਿਆ ਪਰ ਉਹ ਘਰ ਨਹੀਂ ਮਿਲਿਆ। ਇਸ ਗ੍ਰਿਫਤਾਰੀ ਪਿੱਛੋਂ ਪੁਲਿਸ ਵਿਭਾਗ ਵਿਚ ਹਲਚਲ ਮੱਚ ਗਈ ਹੈ। ਉਸ ਸਮੇਂ ਦੇ ਐਸ.ਪੀ. ਬਿਕਰਮਜੀਤ ਸਿੰਘ ਅਤੇ ਇੰਸਪੈਕਟਰ ਪ੍ਰਦੀਪ ਸਿੰਘ ਗ੍ਰਿਫਤਾਰੀ ਤੋਂ ਬਚਨ ਲਈ ਅਦਾਲਤ ਵਿਚ ਅਗਾਊਂ ਜ਼ਮਾਨਤ ਦੀ ਅਰਜ਼ੀ ਲਾ ਦਿੱਤੀ ਹੈ। ਸ਼ਰਮਾ ਨੂੰ ਗ੍ਰਿਫ਼ਤਾਰ ਕਰਨ ਬਾਅਦ ਇਕ ਸਾਬਕਾ ਡੀ.ਜੀ.ਪੀ. ਅਤੇ ਆਈ.ਜੀ. ਵੀ ਸੰਕਟ ਵਿਚ ਘਿਰਦੇ ਨਜ਼ਰ ਆ ਰਹੇ ਹਨ। ਸੂਤਰਾਂ ਦਾ ਦੱਸਣਾ ਹੈ ਕਿ ਗ੍ਰਿਫਤਾਰ ਕੀਤੇ ਸਾਬਕਾ ਐਸ.ਐਸ.ਪੀ. ਕੋਲ ਆਈ.ਜੀ. ਵੱਲੋਂ ਕੋਟਕਪੂਰਾ ਅਤੇ ਬਹਿਬਲ ਕਲਾਂ ਗੋਲੀ ਕਾਂਡ ਸਮੇਂ ਦਿੱਤੇ ਹੁਕਮਾਂ ਦੇ ਪੁਖਤਾ ਸਬੂਤ ਹਨ। ਇਨ੍ਹਾਂ ਸਬੂਤਾਂ ਦੇ ਆਧਾਰ 'ਤੇ ਸਿੱਟ ਵੱਲੋਂ ਆਈ.ਜੀ. ਅਤੇ ਸਾਬਕਾ ਡੀ.ਜੀ.ਪੀ. ਨੂੰ ਘੇਰਿਆ ਜਾ ਸਕਦਾ ਹੈ।

ਯਾਦ ਰਹੇ ਕਿ ਜਸਟਿਸ ਰਣਜੀਤ ਸਿੰਘ ਕਮਿਸ਼ਨ ਦੀ ਰਿਪੋਰਟ ਦੇ ਆਧਾਰ 'ਤੇ ਵਿਸ਼ੇਸ਼ ਜਾਂਚ ਟੀਮ ਵੱਲੋਂ ਤਫਤੀਸ਼ ਸ਼ੁਰੂ ਕਰਨ ਪਿੱਛੋਂ ਸ਼ਰਮਾ ਅਤੇ ਕਈ ਹੋਰ ਪੁਲਿਸ ਅਧਿਕਾਰੀ ਗ੍ਰਿਫਤਾਰੀ ਤੋਂ ਬਚਣ ਲਈ ਹਾਈ ਕੋਰਟ ਚਲੇ ਗਏ ਸਨ। ਇਨ੍ਹਾਂ ਨੇ ਜਸਟਿਸ ਰਣਜੀਤ ਸਿੰਘ ਦੀ ਰਿਪੋਰਟ ਨੂੰ ਚੁਣੌਤੀ ਵੀ ਦਿੱਤੀ ਸੀ। 5 ਸਤੰਬਰ 2018 ਨੂੰ ਹਾਈ ਕੋਰਟ ਨੇ ਚਰਨਜੀਤ ਸ਼ਰਮਾ ਖਿਲਾਫ਼ ਜਾਂਚ ਰੋਕ ਦਿੱਤੀ ਸੀ ਪਰ 25 ਜਨਵਰੀ ਨੂੰ ਹਾਈ ਕੋਰਟ ਦੇ ਹੁਕਮਾਂ ਨਾਲ ਐਸ.ਆਈ.ਟੀ. ਨੂੰ ਹਰੀ ਝੰਡੀ ਮਿਲ ਗਈ। ਸ਼ਰਮਾ ਨੂੰ 29 ਜਨਵਰੀ ਨੂੰ 'ਸਿੱਟ' ਨੇ ਪਹਿਲਾਂ ਹੀ ਤਲਬ ਕੀਤਾ ਹੋਇਆ ਸੀ ਪਰ ਦੋ ਦਿਨ ਪਹਿਲਾਂ ਹੀ ਉਸ ਨੂੰ ਘਰੋਂ ਚੁੱਕ ਲਿਆ ਗਿਆ। ਇਸੇ ਦਿਨ ਸਰਕਾਰ ਦੇ ਨੱਕ ਵਿਚ ਦਮ ਕਰਨ ਵਾਲੇ ਬਰਗਾੜੀ ਮੋਰਚੇ ਦੇ ਆਗੂਆਂ ਵੱਲੋਂ ਸੰਘਰਸ਼ ਨੂੰ ਅੱਗੇ ਤੋਰਨ ਲਈ ਮੀਟਿੰਗ ਰੱਖੀ ਗਈ ਸੀ।

ਅਕਤੂਬਰ 2015 ਨੂੰ ਫਰੀਦਕੋਟ ਜ਼ਿਲ੍ਹੇ ਦੇ ਪਿੰਡ ਬੁਰਜ ਜਵਾਹਰ ਸਿੰਘ ਵਾਲਾ ਤੇ ਬਰਗਾੜੀ ਸਮੇਤ ਕਈ ਪਿੰਡਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਤੋਂ ਬਾਅਦ ਮਾਹੌਲ ਬੇਹੱਦ ਤਣਾਅਪੂਰਨ ਹੋ ਗਿਆ ਸੀ। ਲੋਕਾਂ ਨੇ ਪੱਕੇ ਧਰਨੇ ਮਾਰ ਲਏ ਅਤੇ 14 ਅਕਤੂਬਰ 2015 ਨੂੰ ਬਹਿਬਲ ਕਲਾਂ ਅਤੇ ਕੋਟਕਪੂਰਾ ਵਿਚ ਬੇਅਦਬੀਆਂ ਦੇ ਰੋਸ ਅਤੇ ਦੋਸ਼ੀਆਂ ਦੀ ਗ੍ਰਿਫਤਾਰੀ ਦੀ ਮੰਗ ਕਰ ਰਹੇ ਲੋਕਾਂ 'ਤੇ ਪੁਲਿਸ ਨੇ ਕਾਰਵਾਈ ਕਰ ਦਿੱਤੀ। ਕੋਟਕਪੂਰਾ ਤੇ ਬਹਿਬਲ ਕਲਾਂ ਵਿਚ ਪੁਲਿਸ ਦੀ ਗੋਲ਼ੀ ਕਾਰਨ ਗੁਰਜੀਤ ਸਿੰਘ ਅਤੇ ਕ੍ਰਿਸ਼ਨ ਭਗਵਾਨ ਸਿੰਘ ਦੀ ਮੌਤ ਤੋਂ ਇਲਾਵਾ ਤਕਰੀਬਨ 50 ਜਣੇ ਜ਼ਖ਼ਮੀ ਵੀ ਹੋਏ ਸਨ।

ਸਾਲ 2015 ਵਿਚ ਧਾਰਮਿਕ ਗ੍ਰੰਥਾਂ ਦੀ ਬੇਅਦਬੀ ਦੇ ਇਨ੍ਹਾਂ ਮਾਮਲੇ ਦੀ ਜਾਂਚ ਲਈ ਕੈਪਟਨ ਸਰਕਾਰ ਵੱਲੋਂ ਬਣਾਏ ਜਸਟਿਸ ਰਣਜੀਤ ਸਿੰਘ (ਰਿਟਾ.) ਕਮਿਸ਼ਨ ਨੇ ਸਮੁੱਚੀ ਰਿਪੋਰਟ ਚਾਰ ਭਾਗਾਂ ਵਿਚ ਪੇਸ਼ ਕੀਤੀ ਸੀ। ਕਮਿਸ਼ਨ ਨੇ ਆਪਣੀ ਰਿਪੋਰਟ ਵਿਚ ਕੋਟਕਪੂਰਾ ਅਤੇ ਬਹਿਬਲ ਕਲਾਂ ਗੋਲੀਕਾਂਡ ਲਈ ਪੁਲਿਸ ਨੂੰ ਜ਼ਿੰਮੇਵਾਰ ਠਹਿਰਾਇਆ।

ਕਮਿਸ਼ਨ ਦੀ ਰਿਪੋਰਟ ਮਗਰੋਂ ਅਗਸਤ 2018 ਵਿਚ ਥਾਣਾ ਬਾਜਾਖਾਨਾ ਵਿਚ ਤਤਕਾਲੀ ਐਸ.ਐਸ.ਪੀ. ਮੋਗਾ ਚਰਨਜੀਤ ਸ਼ਰਮਾ, ਐਸ.ਪੀ. ਬਿਕਰਮਜੀਤ ਸਿੰਘ, ਇੰਸਪੈਕਟਰ ਪ੍ਰਦੀਪ ਸਿੰਘ, ਸਬ ਇੰਸਪੈਕਟਰ ਅਮਰਜੀਤ ਸਿੰਘ ਸਮੇਤ ਚਾਰ ਹੋਰ ਪੁਲਿਸ ਮੁਲਾਜ਼ਮਾਂ 'ਤੇ ਕੇਸ ਦਰਜ ਕੀਤਾ ਗਿਆ। ਬੇਅਦਬੀ ਤੇ ਗੋਲ਼ੀਕਾਂਡ ਮਾਮਲਿਆਂ ਦੀ ਜਾਂਚ ਐਸ.ਆਈ.ਟੀ. ਵੱਲੋਂ ਕੀਤੀ ਜਾ ਰਹੀ ਹੈ ਪਰ ਪਰਚੇ ਵਿਚ ਨਾਮਜ਼ਦ ਪੁਲਿਸ ਅਧਿਕਾਰੀ ਅਦਾਲਤ ਚਲੇ ਗਏ। 25 ਜਨਵਰੀ 2018 ਨੂੰ ਅਦਾਲਤ ਨੇ ਪੁਲਿਸ ਅਧਿਕਾਰੀਆਂ ਦੀਆਂ ਅਪੀਲਾਂ ਰੱਦ ਕਰਦਿਆਂ ਐਸ.ਆਈ.ਟੀ. ਨੂੰ ਅੱਗੇ ਵਧਣ ਦੇ ਹੁਕਮ ਦਿੱਤੇ ਸਨ।

# ਸੱਜਣ ਕੁਮਾਰ ਦਿੱਲੀ ਅਦਾਲਤ 'ਚ ਪੇਸ਼

**ਨਵੀਂ ਦਿੱਲੀ:** ਸਾਬਕਾ ਕਾਂਗਰਸੀ ਆਗੂ ਸੱਜਣ ਕੁਮਾਰ ਨੂੰ ਸਖਤ ਸੁਰੱਖਿਆ ਪ੍ਰਬੰਧ ਹੇਠ 1984 ਦੇ ਸਿੱਖ ਦੰਗਿਆਂ ਸਬੰਧੀ ਕੇਸ ਦੀ ਸੁਣਵਾਈ ਲਈ ਦਿੱਲੀ ਅਦਾਲਤ 'ਚ ਪੇਸ਼ ਕੀਤਾ ਗਿਆ। ਤਿਹਾੜ ਜੇਲ੍ਹ ਪ੍ਰਸ਼ਾਸਨ ਵੱਲੋਂ ਪਿਛਲੀ ਸੁਣਵਾਈ ਮੌਕੇ ਸੱਜਣ ਕੁਮਾਰ ਨੂੰ ਪੇਸ਼ ਕਰਨ 'ਚ ਨਾਕਾਮ ਰਹਿਣ ਕਰਕੇ ਅਦਾਲਤ ਨੂੰ 22 ਜਨਵਰੀ ਨੂੰ ਮੁਲਜ਼ਮ ਖਿਲਾਫ਼ ਪ੍ਰੋਡਕਸ਼ਨ ਵਾਰੰਟ ਕੱਢਣੇ ਪਏ ਸਨ।

ਕੁਮਾਰ ਜੇਲ੍ਹ ਵਿਚ 1984 ਸਿੱਖ ਕਤਲੇਆਮ ਨਾਲ ਸਬੰਧਤ ਇਕ ਕੇਸ ਵਿਚ ਉਮਰ ਕੈਦ ਦੀ ਸਜ਼ਾ ਕੱਟ ਰਿਹਾ ਹੈ। ਸਾਬਕਾ ਕਾਂਗਰਸੀ ਆਗੂ ਤੇ ਦੋ ਹੋਰਨਾਂ ਬ੍ਰਹਮਾਨੰਦ ਗੁਪਤਾ ਤੇ ਵੇਦ ਪ੍ਰਕਾਸ਼ ਨੂੰ ਜਿਸ ਕੇਸ ਦੇ ਸਿਲਸਿਲੇ ਵਿਚ ਪੇਸ਼ ਕੀਤਾ ਗਿਆ, ਉਹ ਸਿੱਖ ਦੰਗਿਆਂ ਦੌਰਾਨ ਸੁਲਤਾਨਪੁਰੀ ਦੇ ਸੁਰਜੀਤ ਸਿੰਘ ਦੀ ਹੱਤਿਆ ਨਾਲ ਸਬੰਧਤ ਹੈ। ਯਾਦ ਰਹੇ ਕਿ 31 ਅਕਤੂਬਰ 1984 ਨੂੰ ਤਤਕਾਲੀਨ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਮਗਰੋਂ ਭੜਕੇ ਸਿੱਖ ਵਿਰੋਧੀ ਦੰਗਿਆਂ 'ਚ ਹਿੰਸਕ ਭੀੜ ਨੇ ਵੱਡੀ ਗਿਣਤੀ ਸਿੱਖਾਂ ਨੂੰ ਮਾਰ ਮੁਕਾਇਆ ਸੀ।

# ਸੰਗਰੂਰ ਜ਼ਿਲ੍ਹੇ 'ਚ ਸਵਾਈਨ ਫਲੂ ਦਾ ਕਹਿਰ

**ਸੰਗਰੂਰ:** ਪੰਜਾਬ ਵਿਚ ਸਵਾਈਨ ਫਲੂ ਦਾ ਕਹਿਰ ਜਾਰੀ ਹੈ। ਸੰਗਰੂਰ ਜ਼ਿਲ੍ਹੇ ਵਿਚ ਸਵਾਈਨ ਫਲੂ ਨਾਲ ਪਿਛਲੇ ਅੱਠ ਦਿਨਾਂ ਦੌਰਾਨ ਮਰਨ ਵਾਲਿਆਂ ਦੀ ਗਿਣਤੀ ਪੰਜ ਹੋ ਗਈ ਹੈ। ਜ਼ਿਲ੍ਹੇ ਵਿਚ ਸਵਾਈਨ ਫਲੂ ਤੋਂ ਪੀੜਤ 16 ਹੋਰ ਮਰੀਜ਼ ਸਾਹਮਣੇ ਆਏ ਹਨ ਜਦੋਂਕਿ ਸ਼ੱਕੀ ਮਰੀਜ਼ਾਂ ਦੀ ਗਿਣਤੀ 80 ਤੱਕ ਜਾ ਪੁੱਜੀ ਹੈ। ਇਸ ਕਾਰਨ ਲੋਕਾਂ ਵਿਚ ਸਹਿਮ ਪਾਇਆ ਜਾ ਰਿਹਾ ਹੈ।

ਸਵਾਈਨ ਫਲੂ ਤੋਂ ਪੀੜਤ ਮਧੂ ਗਰਗ (59 ਸਾਲ) ਵਾਸੀ ਸੰਗਰੂਰ ਅਤੇ ਜ਼ਿਲ੍ਹੇ ਦੇ ਪਿੰਡ ਬੀਂਬੜੀ ਵਾਸੀ ਹਰਦੀਪ ਸਿੰਘ (61 ਸਾਲ) ਦੀ ਮੌਤ ਹੋਈ ਹੈ। ਦੋਵੇਂ ਮਰੀਜ਼ਾਂ ਦਾ ਪਟਿਆਲਾ ਵਿਚ ਇਲਾਜ ਚੱਲ ਰਿਹਾ ਸੀ। ਸਵਾਈਨ ਫਲੂ ਤੋਂ ਪੀੜਤ 16 ਹੋਰ ਮਰੀਜ਼ ਸਾਹਮਣੇ ਆਏ ਹਨ, ਜਿਨ੍ਹਾਂ ਦਾ ਜ਼ਿਲ੍ਹੇ ਤੋਂ ਬਾਹਰਲੇ ਹਸਪਤਾਲਾਂ ਵਿਚ ਇਲਾਜ ਚੱਲ ਰਿਹਾ ਹੈ ਜਦੋਂ ਕਿ ਜ਼ਿਲ੍ਹੇ ਵਿਚ ਸ਼ੱਕੀ ਮਰੀਜ਼ਾਂ ਦੀ ਗਿਣਤੀ 80 ਹੋ ਗਈ ਹੈ। ਸਵਾਈਨ ਫਲੂ ਨਾਲ ਪਿਛਲੇ ਅੱਠ ਦਿਨਾਂ ਦੌਰਾਨ ਪੰਜ ਮੌਤਾਂ ਹੋ ਚੁੱਕੀਆਂ ਹਨ। ਸਵਾਈਨ ਫਲੂ ਨਾਲ 20 ਜਨਵਰੀ ਨੂੰ ਪਿੰਡ ਸੰਗਤਪੁਰ ਦੀ ਵਸਨੀਕ ਪ੍ਰੀਤਮ ਕੌਰ, 23 ਜਨਵਰੀ ਨੂੰ ਪਿੰਡ ਮਰਦ ਖੇੜਾ ਵਾਸੀ ਮਹਿੰਦਰ ਸਿੰਘ ਅਤੇ 26 ਜਨਵਰੀ ਨੂੰ ਜਸਪਾਲ ਸਿੰਘ ਵਾਸੀ ਪਿੰਡ ਉਭਾਵਾਲ ਦੀ ਮੌਤ ਹੋਈ ਸੀ।


ਸਥਾਨਕ ਸਿਵਲ ਹਸਪਤਾਲ ਵਿਚ ਭਾਵੇਂ ਸਵਾਈਨ ਫਲੂ ਦੇ ਮਰੀਜ਼ਾਂ ਲਈ ਵੱਖਰਾ ਵਾਰਡ ਬਣਾਇਆ ਗਿਆ ਹੈ ਪਰ ਸਿਵਲ ਹਸਪਤਾਲ ਵਿਚ ਸਵਾਈਨ ਫਲੂ ਦੇ ਮਰੀਜ਼ਾਂ ਲਈ ਕੋਈ ਵੈਂਟੀਲੇਟਰ ਮਸ਼ੀਨ ਨਹੀਂ ਹੈ। ਇਸ ਕਰਕੇ ਮਰੀਜ਼ਾਂ ਦਾ ਇਲਾਜ ਪਟਿਆਲਾ ਅਤੇ ਚੰਡੀਗੜ੍ਹ ਦੇ ਹਸਪਤਾਲਾਂ ਵਿਚ ਕਰਵਾਇਆ ਜਾ ਰਿਹਾ ਹੈ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਗੁਰਵੀਰ ਸਿੰਘ ਗਿੱਲ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿੱਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ

# ਮੋਦੀ ਵੱਲੋਂ ਜਲ੍ਹਿਆਂਵਾਲਾ ਬਾਗ ਅਜਾਇਬ ਘਰ ਦਾ ਉਦਘਾਟਨ

**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਜਲ੍ਹਿਆਂਵਾਲਾ ਬਾਗ ਨੂੰ ਸਮਰਪਿਤ 'ਯਾਦ-ਏ-ਜਲ੍ਹਿਆਂ' ਅਜਾਇਬ ਘਰ ਦਾ ਉਦਘਾਟਨ ਕੀਤਾ। 'ਯਾਦ-ਏ-ਜਲ੍ਹਿਆਂ' ਅਜਾਇਬ ਘਰ 'ਚ 13 ਅਪਰੈਲ, 1919 ਨੂੰ ਹੋਏ ਸਾਕੇ ਬਾਰੇ ਜਾਣਕਾਰੀ ਮੁਹੱਈਆ ਕਰਵਾਈ ਜਾਵੇਗੀ। ਇਸ ਤੋਂ ਇਲਾਵਾ ਅਜਾਇਬ ਘਰ ਵਿਚ ਜਲ੍ਹਿਆਂਵਾਲਾ ਬਾਗ ਦਾ ਪ੍ਰਤਿਰੂਪ (ਹੂਬਹੂ ਨਕਲ) ਵੀ ਰੱਖਿਆ ਗਿਆ ਹੈ। ਜ਼ਿਕਰਯੋਗ ਹੈ ਕਿ 13 ਅਪਰੈਲ, 2019 ਵਿਚ ਜਲ੍ਹਿਆਂਵਾਲਾ ਬਾਗ ਸਾਕੇ ਨੂੰ 100 ਸਾਲ ਪੂਰੇ ਹੋ ਜਾਣਗੇ ਅਤੇ ਸਰਕਾਰ ਕੰਪਲੈਕਸ ਨੂੰ 'ਕ੍ਰਾਂਤੀ ਮੰਦਰ' ਦੇ ਨਾਂ ਨਾਲ ਜਾਣਿਆ ਜਾਵੇਗਾ। ਨੇਤਾ ਜੀ ਸੁਭਾਸ਼ ਚੰਦਰ ਬੋਸ ਤੇ ਭਾਰਤੀ ਰਾਸ਼ਟਰੀ ਫੌਜ ਨਾਲ ਸਬੰਧਤ ਅਜਾਇਬ ਘਰ ਵਿਚ ਨੇਤਾ ਜੀ ਤੇ ਭਾਰਤੀ ਰਾਸ਼ਟਰੀ ਫੌਜ ਨਾਲ ਸਬੰਧਤ ਕਲਾਕ੍ਰਿਤੀਆਂ ਨੂੰ ਰੱਖਿਆ ਗਿਆ ਹੈ। ਇਨ੍ਹਾਂ ਕਲਾਕ੍ਰਿਤੀਆਂ 'ਚ ਲੱਕੜ ਦੀ ਕੁਰਸੀ ਤੇ ਸੈਨਾਪਤੀ ਵੱਲੋਂ ਵਰਤੀ ਗਈ ਤਲਵਾਰ, ਤਗਮੇ, ਬਿੱਲੇ (ਬੈਜ), ਵਰਦੀਆਂ ਤੇ ਭਾਰਤੀ ਰਾਸ਼ਟਰੀ ਫੌਜ ਨਾਲ ਸਬੰਧਤ ਹੋਰ ਵਸਤਾਂ ਰੱਖੀਆਂ ਗਈਆਂ ਹਨ। ਬੋਸ ਤੇ ਭਾਰਤੀ ਰਾਸ਼ਟਰੀ ਫੌਜ 'ਤੇ ਬਣਾਈ ਗਈ ਇਕ ਦਸਤਾਵੇਜ਼ੀ ਫਿਲਮ ਰਾਹੀਂ ਦਰਸ਼ਕਾਂ



100 ਸਾਲਾ ਸਮਾਗਮਾਂ ਨੂੰ ਯਾਦਗਾਰ ਬਣਾਉਣ ਲਈ ਕਈ ਪ੍ਰੋਗਰਾਮ ਵੀ ਉਲੀਕੇ ਗਏ ਹਨ। ਪ੍ਰਧਾਨ ਮੰਤਰੀ ਨੇ ਇਸ ਤੋਂ ਇਲਾਵਾ 1857 ਦੇ ਗ਼ਦਰ 'ਤੇ ਆਧਾਰਿਤ ਅਜਾਇਬ ਘਰ ਦਾ ਵੀ ਉਦਘਾਟਨ ਕੀਤਾ ਅਤੇ ਨੇਤਾ ਜੀ ਸੁਭਾਸ਼ ਚੰਦਰ ਬੋਸ ਬਾਰੇ ਅਜਾਇਬ ਘਰ ਦਾ ਵੀ ਉਦਘਾਟਨ ਕੀਤਾ। ਇਹ ਅਜਾਇਬ ਘਰ ਦਿੱਲੀ ਦੇ ਲਾਲ ਕਿਲ੍ਹਾ ਕੰਪਲੈਕਸ 'ਚ ਬਣਾਏ ਗਏ ਹਨ। ਅਜਾਇਬ ਘਰ ਵਿਚ ਸੁਭਾਸ਼ ਚੰਦਰ ਬੋਸ ਤੇ ਭਾਰਤੀ ਰਾਸ਼ਟਰੀ ਫੌਜ ਦੀ ਆਜ਼ਾਦੀ ਬਾਰੇ ਮੁਹਿੰਮ ਨੂੰ ਦਰਸਾਇਆ ਗਿਆ ਹੈ।

ਦੇਸ਼ ਦੀ ਆਜ਼ਾਦੀ ਦਾ ਸੰਘਰਸ਼ ਲੜਨ ਵਾਲੇ ਸੁਤੰਤਰਤਾ ਸੈਨਾਨੀਆਂ ਤੇ ਉਨ੍ਹਾਂ ਦੇ ਕ੍ਰਾਂਤੀਕਾਰੀ ਜੋਸ਼ ਨੂੰ ਸਮਰਪਿਤ ਸਾਰੇ ਅਜਾਇਬ ਘਰਾਂ ਦੇ ਨੂੰ ਸਾਡੇ ਆਜ਼ਾਦੀ ਘੁਲਾਟੀਆਂ ਦੇ ਸੰਘਰਸ਼ ਨੂੰ ਜਾਨਣ 'ਚ ਮਦਦ ਮਿਲੇਗੀ। ਇਸ ਦਸਤਾਵੇਜ਼ੀ ਫਿਲਮ ਲਈ ਬਾਲੀਵੁੱਡ ਅਦਾਕਾਰ ਅਭਿਸ਼ੇਕ ਬੱਚਨ ਨੇ ਆਪਣੀ ਆਵਾਜ਼ ਦਿੱਤੀ ਹੈ। ਇਸ ਤੋਂ ਇਲਾਵਾ ਅਜਾਇਬ ਘਰ 'ਚ ਪਹਿਲੇ ਵਿਸ਼ਵ ਯੁੱਧ ਦੌਰਾਨ ਭਾਰਤੀ ਫੌਜੀਆਂ ਵੱਲੋਂ ਵਿਖਾਈ ਬੀਰਤਾ, ਬਹਾਦਰੀ ਤੇ ਤਿਆਗ ਨੂੰ ਵਿਖਾਇਆ ਗਿਆ ਹੈ। ਪਹਿਲੇ ਵਿਸ਼ਵ ਯੁੱਧ ਦੌਰਾਨ ਬਰਤਾਨੀਆ ਸਾਮਰਾਜ ਲਈ ਲੜਨ ਵਾਲੇ ਭਾਰਤੀ ਫੌਜੀਆਂ ਦੀ ਦੁਰਦਸ਼ਾ ਨੂੰ ਦਰਸਾਉਂਦੀ ਸਰੋਜਨੀ ਨਾਇਡੂ ਦੀ ਕਵਿਤਾ 'ਤੋਹਫਾ' (ਗਿਫਟ) ਨੂੰ ਵੀ ਅਜਾਇਬ ਘਰ 'ਚ ਕਲਾਕ੍ਰਿਤੀਆਂ ਦਾ ਹਿੱਸਾ ਬਣਾਇਆ ਗਿਆ ਹੈ।

# ਅਟਾਰੀ ਸਰਹੱਦ 'ਤੇ ਬਣੀ ਨਵੀਂ ਦਰਸ਼ਕ ਗੈਲਰੀ ਦੇਸ਼ ਨੂੰ ਸਮਰਪਿਤ

**ਅੰਮ੍ਰਿਤਸਰ:** ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਨੇ ਭਾਰਤ-ਪਾਕਿਸਤਾਨ ਵਿਚਕਾਰ ਅਟਾਰੀ-ਵਾਹਗਾ ਸਰਹੱਦ 'ਤੇ ਰੋਜ਼ਾਨਾ ਸ਼ਾਮ ਸਮੇਂ ਹੋਣ ਵਾਲੀ ਝੰਡਾ ਉਤਾਰਨ ਦੀ ਰਸਮ ਪਰੇਡ (ਰੀਟਰੀਟ ਸੈਰਾਮਨੀ) ਦੇਖਣ ਲਈ ਅਟਾਰੀ ਸਰਹੱਦ 'ਚ ਨਵੀਂ ਬਣੀ ਦਰਸ਼ਕ ਗੈਲਰੀ ਦਰਸ਼ਕਾਂ ਨੂੰ ਸਮਰਪਤ ਕੀਤੀ ਅਤੇ ਆਈ.ਸੀ.ਪੀ. 'ਚ ਬੀ.ਐਸ.ਐਫ. ਦੇ ਜਵਾਨਾਂ ਵਾਸਤੇ ਰਿਹਾਇਸ਼ੀ ਕੰਪਲੈਕਸ ਉਸਾਰਨ ਦਾ ਨੀਂਹ ਪੱਥਰ ਵੀ ਰੱਖਿਆ। ਕੇਂਦਰੀ ਗ੍ਰਹਿ ਮੰਤਰੀ ਨੇ ਝੰਡਾ ਉਤਾਰਨ ਦੀ ਰਸਮ ਵੀ ਦੇਖੀ।

ਇਸ ਮੌਕੇ ਕੇਂਦਰੀ ਗ੍ਰਹਿ ਮੰਤਰੀ ਰਾਜ ਨਾਥ ਸਿੰਘ ਨੇ ਆਖਿਆ ਕਿ ਦੇਸ਼ ਵਿਚ ਜਿੰਨੀਆਂ ਵੀ ਸੰਗਠਿਤ ਚੈੱਕ ਪੋਸਟਾਂ (ਆਈ.ਸੀ.ਪੀ.) ਹਨ, ਉਥੇ ਡਿਊਟੀ 'ਤੇ ਤਾਇਨਾਤ ਸੁਰੱਖਿਆ ਬਲਾਂ ਵਾਸਤੇ ਰਿਹਾਇਸ਼ੀ ਕੰਪਲੈਕਸ ਉਸਾਰੇ ਜਾਣਗੇ। ਇਥੇ ਬੀ.ਐਸ.ਐਫ. ਦੀਆਂ ਚਾਰ ਬਟਾਲੀਅਨਾਂ ਦੇ ਜਵਾਨਾਂ ਵਾਸਤੇ ਲਗਭਗ 300 ਕੁਆਰਟਰਾਂ ਦਾ ਰਿਹਾਇਸ਼ੀ ਕੰਪਲੈਕਸ ਬਣੇਗਾ, ਜਿਸ ਉਪਰ ਲਗਭਗ 25 ਕਰੋੜ ਰੁਪਏ ਖਰਚ ਹੋਣਗੇ ਅਤੇ ਇਹ ਕੰਪਲੈਕਸ ਦਸੰਬਰ 2019 ਤੱਕ ਮੁਕੰਮਲ ਕੀਤਾ ਜਾਵੇਗਾ।

ਉਨ੍ਹਾਂ ਕਿਹਾ ਕਿ ਅਟਾਰੀ ਆਈ.ਸੀ.ਪੀ. ਦੇਸ਼ ਦੀ ਪਹਿਲੀ ਸੰਗਠਿਤ ਚੈੱਕ ਪੋਸਟ ਹੈ ਅਤੇ ਇਹ ਦੇਸ਼ ਦੀਆਂ ਹੋਰਨਾਂ ਆਈ.ਸੀ.ਪੀ. ਵਾਸਤੇ ਮਿਸਾਲ ਹੈ। ਇਥੇ ਕੇਂਦਰੀ ਤੇ ਸੂਬਾਈ ਏਜੰਸੀਆਂ ਆਪਸੀ ਤਾਲਮੇਲ ਨਾਲ ਕੰਮ ਕਰ ਰਹੀਆਂ ਹਨ, ਜਿਸ ਦੇ ਚੰਗੇ ਨਤੀਜੇ ਮਿਲ ਰਹੇ ਹਨ। ਇਥੇ ਮਾਲ ਦੀ ਢੋਆ ਢੁਆਈ ਅਤੇ ਵਪਾਰੀਆਂ ਤੇ ਕੰਮ ਕਰਦੇ ਕਰਮਚਾਰੀਆਂ ਵਾਸਤੇ ਲੋੜੀਂਦੀਆਂ ਸਹੂਲਤਾਂ ਵੀ ਮੁਹੱਈਆ ਕੀਤੀਆਂ ਗਈਆਂ ਹਨ।

ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਦਾ ਸੰਗਠਿਤ ਚੈੱਕ ਪੋਸਟ ਅਟਾਰੀ ਪਹੁੰਚਣ 'ਤੇ ਲੈਂਡ ਪੋਰਟ ਅਥਾਰਿਟੀ ਦੇ ਚੇਅਰਮੈਨ ਅਨਿਲ ਕੁਮਾਰ ਬਾਂਬਾ, ਸੀਮਾ ਸੁਰੱਖਿਆ ਬਲ ਦੇ ਡਾਇਰੈਕਟਰ ਜਨਰਲ ਰਜਨੀ ਕਾਂਤ ਮਿਸ਼ਰਾ ਅਤੇ ਪੰਜਾਬ ਸਰਕਾਰ ਵੱਲੋਂ ਸਿੱਖਿਆ ਮੰਤਰੀ ਓਮ ਪ੍ਰਕਾਸ਼ ਸੋਨੀ ਨੇ ਨਿੱਘਾ ਸਵਾਗਤ ਕੀਤਾ।

ਜ਼ਿਕਰਯੋਗ ਹੈ ਕਿ ਅਟਾਰੀ ਸਰਹੱਦ 'ਤੇ




ਦਰਸ਼ਕ ਗੈਲਰੀ ਬਣਾਉਣ ਦਾ ਨੀਂਹ ਪੱਥਰ 22 ਮਾਰਚ 2015 ਨੂੰ ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਨੇ ਰੱਖਿਆ ਸੀ। ਯੂ ਆਕਾਰ ਦੀ ਇਸ ਦਰਸ਼ਕ ਗੈਲਰੀ ਵਿਚ ਵੀਹ ਹਜ਼ਾਰ ਦਰਸ਼ਕ ਬੈਠ ਕੇ ਝੰਡਾ ਉਤਾਰਨ ਦੀ ਰਸਮ ਪਰੇਡ ਦੇਖ ਸਕਦੇ ਹਨ। ਦਰਸ਼ਕ ਗੈਲਰੀ ਤੋਂ ਇਲਾਵਾ ਇਥੇ ਕਾਨਫਰੰਸ ਹਾਲ, ਜਵਾਨਾਂ ਦੇ ਰਹਿਣ ਲਈ ਬੈਰਕ, ਹਸਪਤਾਲ, ਅਜਾਇਬਘਰ, ਓਪਨ ਏਅਰ ਥੀਏਟਰ, ਵੀ.ਆਈ.ਪੀ. ਗੈਲਰੀ, ਕੈਫੇਟੇਰੀਆ, ਲੌਬੀ, ਡਾਇਨਿੰਗ ਹਾਲ ਵੀ ਬਣਾਏ ਗਏ ਹਨ।

# ਕੈਪਟਨ ਵੱਲੋਂ ਆਨੰਦਪੁਰ ਸਾਹਿਬ ਦੇ ਵਿਕਾਸ ਲਈ ਅਥਾਰਿਟੀ ਦੇ ਗਠਨ ਦਾ ਐਲਾਨ

**ਸ੍ਰੀ ਆਨੰਦਪੁਰ ਸਾਹਿਬ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸ੍ਰੀ ਆਨੰਦਪੁਰ ਸਾਹਿਬ ਵਿਕਾਸ ਅਥਾਰਿਟੀ ਦੇ ਗਠਨ ਦਾ ਐਲਾਨ ਕੀਤਾ ਜੋ ਕਿ ਨਵੰਬਰ ਮਹੀਨੇ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਸਬੰਧੀ ਵਿਕਾਸ ਯੋਜਨਾਵਾਂ ਨੂੰ ਅਮਲ ਵਿਚ ਲਿਆਏਗੀ। ਉਨ੍ਹਾਂ ਨੇ ਤੁਪਕਾ ਤੇ ਲਿਫਟ ਸਿੰਜਾਈ ਸਕੀਮਾਂ ਦਾ ਨੀਂਹ ਪੱਥਰ ਰੱਖਦਿਆਂ ਕਿਹਾ ਕਿ ਇਹ ਪ੍ਰੋਜੈਕਟ 9 ਪੜਾਵਾਂ ਵਿਚ ਪੂਰਾ ਹੋਵੇਗਾ ਅਤੇ ਪਹਿਲੇ ਪੜਾਅ ਦੀ ਪ੍ਰਕਿਰਿਆ ਸ਼ੁਰੂ ਕੀਤੀ ਜਾ ਚੁੱਕੀ ਹੈ। ਇਸ ਸਕੀਮ ਨਾਲ 80 ਪਿੰਡਾਂ ਦੀ ਪਾਣੀ ਦੀ ਲੋੜ ਪੂਰੀ ਹੋਵੇਗੀ ਜਿਸ ਵਿਚੋਂ ਪਹਿਲੇ ਪੜਾਅ ਵਿਚ 4 ਪਿੰਡਾਂ ਦੀ ਚੋਣ ਕੀਤੀ ਗਈ ਹੈ।

ਕੈਪਟਨ ਨੇ ਦੱਸਿਆ ਕਿ 9.52 ਕਰੋੜ ਰੁਪਏ ਦੀ ਲਾਗਤ ਵਾਲਾ ਇਹ ਪ੍ਰੋਜੈਕਟ ਅਗਲੇ ਤਿੰਨ ਸਾਲਾਂ ਵਿਚ ਪੂਰਾ ਹੋਵੇਗਾ। ਉਨ੍ਹਾਂ ਐਲਾਨ ਕੀਤਾ ਕਿ ਆਨੰਦਪੁਰ ਸਾਹਿਬ ਵਿਕਾਸ ਅਥਾਰਿਟੀ, ਡੇਰਾ ਬਾਬਾ ਨਾਨਕ ਵਿਕਾਸ ਅਥਾਰਿਟੀ ਦੀ ਤਰਜ਼ 'ਤੇ ਬਣਾਈ ਜਾਵੇਗੀ। ਉਨ੍ਹਾਂ ਨੇ ਆਨੰਦਪੁਰ ਸਾਹਿਬ ਦੇ ਪਿੰਡਾਂ ਨੂੰ ਪੀਣ ਵਾਲਾ ਸਾਫ ਪਾਣੀ ਮੁਹੱਈਆ ਕਰਵਾਉਣ ਲਈ 26 ਕਰੋੜ ਰੁਪਏ ਦਾ ਐਲਾਨ ਕੀਤਾ। ਉਨ੍ਹਾਂ ਕਿਹਾ ਕਿ ਨੂਰਪੁਰ ਬੇਦੀ ਇਲਾਕੇ ਦੇ ਪਿੰਡਾਂ ਨੂੰ ਵੀ ਜਲ ਸਪਲਾਈ ਲਈ ਫੰਡ ਦਿੱਤੇ ਜਾਣਗੇ। ਉਨ੍ਹਾਂ ਆਖਿਆ ਕਿ ਗੜ੍ਹਸ਼ੰਕਰ-ਆਨੰਦਪੁਰ ਸਾਹਿਬ ਸੜਕ ਦੀ ਮੁਰੰਮਤ ਦਾ ਕੰਮ ਛੇਤੀ ਸ਼ੁਰੂ ਹੋਵੇਗਾ। ਇਹ ਪ੍ਰੋਜੈਕਟ 7 ਕਰੋੜ ਰੁਪਏ ਦੀ ਲਾਗਤ ਨਾਲ ਮੁਕੰਮਲ ਕੀਤਾ ਜਾਵੇਗਾ। ਉਨ੍ਹਾਂ ਐਲਾਨ ਕੀਤਾ ਕਿ ਸਾਲ 2026 ਵਿਚ 400 ਸਾਲਾ ਸਮਾਗਮ ਦੇ ਮੱਦੇਨਜ਼ਰ ਕੀਰਤਪੁਰ ਸਾਹਿਬ ਲਈ ਵਿਸ਼ੇਸ਼ ਵਿਕਾਸ ਯੋਜਨਾ ਉਲੀਕੀ ਜਾਵੇਗੀ। ਕੀਰਤਪੁਰ ਬੱਸ ਅੱਡੇ ਅਤੇ ਮਾਰਕੀਟ ਦਰਮਿਆਨ ਪੁਲ ਦਾ ਨਿਰਮਾਣ ਹੋਵੇਗਾ। ਖੇਤਰ ਵਿਕਾਸ ਯੋਜਨਾ ਤਹਿਤ ਰੂਪਨਗਰ ਜ਼ਿਲ੍ਹੇ ਦੇ ਤਿੰਨਾਂ ਹਲਕਿਆਂ ਲਈ 15 ਕਰੋੜ ਰੁਪਏ ਦੇ ਫੰਡਾਂ ਦਾ ਐਲਾਨ ਕਰਦਿਆਂ ਪੇਂਡੂ ਖੇਤਰਾਂ ਲਈ ਕ੍ਰਮਵਾਰ 4 ਕਰੋੜ ਰੁਪਏ, 3 ਕਰੋੜ ਰੁਪਏ ਅਤੇ 6 ਕਰੋੜ ਰੁਪਏ ਦੀ ਵੱਖਰੀ ਗ੍ਰਾਂਟ ਦਾ ਵੀ ਐਲਾਨ ਕੀਤਾ। ਕੈਪਟਨ ਅਮਰਿੰਦਰ ਸਿੰਘ ਨੇ ਇਹ ਵੀ ਐਲਾਨ ਕੀਤਾ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਵੱਡੇ ਸਾਹਿਬਜ਼ਾਦਿਆਂ ਦੀ ਯਾਦਗਾਰ



ਮੁੱਖ ਮੰਤਰੀ ਨੇ ਆਖਿਆ ਕਿ ਵਿਕਾਸ ਮੰਤਵਾਂ ਲਈ ਸ੍ਰੀ ਆਨੰਦਪੁਰ ਸਾਹਿਬ ਨਗਰ ਕੌਂਸਲ ਅਤੇ ਨੰਗਲ ਨਗਰ ਕੌਂਸਲ ਨੂੰ 2-2 ਕਰੋੜ ਰੁਪਏ ਦਾ ਫੰਡ ਵੱਖਰੇ ਤੌਰ 'ਤੇ ਦਿੱਤਾ ਜਾਵੇਗਾ।

ਉਨ੍ਹਾਂ ਇਹ ਵੀ ਐਲਾਨ ਕੀਤਾ ਕਿ ਕੀਰਤਪੁਰ ਸਾਹਿਬ ਲਈ 50 ਲੱਖ ਰੁਪਏ, ਰੋਪੜ ਲਈ 1.5 ਕਰੋੜ ਰੁਪਏ, ਚਮਕੌਰ ਸਾਹਿਬ ਲਈ 50 ਲੱਖ ਰੁਪਏ ਅਤੇ ਮੋਰਿੰਡਾ ਲਈ 1.5 ਕਰੋੜ ਰੁਪਏ ਦੇ ਫੰਡ ਦਿੱਤੇ ਜਾਣਗੇ। ਮੁੱਖ ਮੰਤਰੀ ਨੇ ਚਮਕੌਰ ਸਾਹਿਬ, ਰੋਪੜ ਅਤੇ ਸ੍ਰੀ ਆਨੰਦਪੁਰ ਸਾਹਿਬ ਦੇ ਦੇ ਨਿਰਮਾਣ ਅਤੇ ਚਮਕੌਰ ਸਾਹਿਬ ਦੇ ਸੁੰਦਰੀਕਰਨ 'ਤੇ 11 ਕਰੋੜ ਰੁਪਏ ਖਰਚੇ ਜਾਣਗੇ। ਇਸ ਮੌਕੇ ਤਕਨੀਕੀ ਸਿੱਖਿਆ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਕਿਹਾ ਕਿ ਚਮਕੌਰ ਸਾਹਿਬ ਵਿਖੇ ਸਕਿੱਲ ਯੂਨੀਵਰਸਿਟੀ ਸਥਾਪਤ ਹੋਣ ਨਾਲ ਪੰਜਾਬ, ਮੁਲਕ ਦੀ ਹੁਨਰਮੰਦ ਰਾਜਧਾਨੀ ਵਜੋਂ ਉਭਰੇਗਾ। ਵਿਧਾਨ ਸਭਾ ਦੇ ਸਪੀਕਰ ਰਾਣਾ ਕੇ.ਪੀ. ਸਿੰਘ ਨੇ ਕੰਢੀ ਖੇਤਰ ਵਿਚ ਵੱਡੇ ਉਦਯੋਗਿਕ ਯੂਨਿਟ ਸਥਾਪਤ ਕਰਨ ਦੀ ਅਪੀਲ ਕੀਤੀ।

# 'ਮਿਤਰੋ ਮਰਜਾਣੀ' ਵਾਲੀ ਕ੍ਰਿਸ਼ਨਾ ਸੋਬਤੀ ਨਹੀਂ ਰਹੀ

**ਨਵੀਂ ਦਿੱਲੀ:** ਔਰਤਾਂ ਦੇ ਮੁੱਦਿਆਂ ਨੂੰ ਆਪਣੀ ਲੇਖਣੀ ਰਾਹੀਂ ਉਠਾਉਣ ਵਾਲੀ ਹਿੰਦੀ ਦੀ ਉਘੀ ਲੇਖਿਕਾ ਅਤੇ ਨਿਬੰਧਕਾਰ ਕ੍ਰਿਸ਼ਨਾ ਸੋਬਤੀ ਦਾ ਦੇਹਾਂਤ ਹੋ ਗਿਆ। ਫਰਵਰੀ 'ਚ ਉਨ੍ਹਾਂ 94 ਸਾਲ ਦੀ ਹੋ ਜਾਣਾ ਸੀ ਪਰ ਮਹੀਨਾ ਕੁ ਪਹਿਲਾਂ ਉਨ੍ਹਾਂ ਸਵਾਸ ਤਿਆਗ ਦਿੱਤੇ। ਸਾਹਿਤ ਅਕਾਦਮੀ ਅਤੇ ਗਿਆਨਪੀਠ ਸਮੇਤ ਵੱਕਾਰੀ ਪੁਰਸਕਾਰ ਜੇਤੂ ਕ੍ਰਿਸ਼ਨਾ ਸੋਬਤੀ ਪਿਛਲੇ ਦੋ ਮਹੀਨਿਆਂ ਤੋਂ ਹਸਪਤਾਲ 'ਚ ਦਾਖਲ ਸਨ ਅਤੇ ਪਿਛਲੇ ਸੱਤ ਦਿਨਾਂ ਤੋਂ ਆਈ.ਸੀ.ਯੂ. 'ਚ ਸਨ। ਉਨ੍ਹਾਂ ਪਦਮ ਭੂਸ਼ਣ ਲੈਣ ਤੋਂ ਇਨਕਾਰ ਕਰ ਦਿੱਤਾ ਸੀ। 'ਮਿਤਰੋ ਮਰਜਾਣੀ', 'ਚੰਨਾ', 'ਏ ਲੜਕੀ' ਸਮੇਤ ਉਨ੍ਹਾਂ ਸੱਤ ਨਾਵਲ ਸਾਹਿਤ ਦੀ ਝੋਲੀ 'ਚ ਪਾਏ ਜਦਕਿ ਕਹਾਣੀਆਂ ਦੀਆਂ ਚਾਰ ਕਿਤਾਬਾਂ ਲਿਖੀਆਂ।



ਭਾਰਤੀ ਸਾਹਿਤ ਦੀ 'ਦਾਦੀ' ਵਜੋਂ ਜਾਣੀ ਜਾਂਦੀ ਕ੍ਰਿਸ਼ਨਾ ਸੋਬਤੀ ਦੀ ਜੀਵਨੀ 'ਤੇ ਆਧਾਰਿਤ 'ਜ਼ਿੰਦਗੀਨਾਮਾ' ਵੀ ਸੁਰਖੀਆਂ 'ਚ ਰਿਹਾ। ਉਨ੍ਹਾਂ ਦੀਆਂ ਕਈ ਮਸ਼ਹੂਰ ਕਿਤਾਬਾਂ ਦਾ ਤਰਜਮਾ ਅੰਗਰੇਜ਼ੀ ਅਤੇ ਉਰਦੂ 'ਚ ਵੀ ਕੀਤਾ ਗਿਆ। ਉਨ੍ਹਾਂ ਦਾ ਨਾਵਲ 'ਚੰਨਾ' ਦਿੱਲੀ ਵਿਸ਼ਵ ਪੁਸਤਕ ਮੇਲੇ 'ਚ ਇਸ ਸਾਲ 11 ਜਨਵਰੀ ਨੂੰ ਰਿਲੀਜ਼ ਹੋਇਆ ਸੀ।

ਰਾਜਕਮਲ ਪ੍ਰਕਾਸ਼ਨ ਦੇ ਪ੍ਰਬੰਧ ਨਿਰਦੇਸ਼ਕ ਅਤੇ ਦੋਸਤ ਅਸ਼ੋਕ ਮਹੇਸ਼ਵਰੀ ਨੇ ਕਿਹਾ ਕਿ 'ਚੰਨਾ' ਕ੍ਰਿਸ਼ਨਾ ਸੋਬਤੀ ਦਾ ਪਹਿਲਾ ਨਾਵਲ ਸੀ ਜੋ ਉਨ੍ਹਾਂ 60 ਸਾਲ ਪਹਿਲਾਂ ਲਿਖਿਆ ਸੀ ਪਰ ਅਲਾਹਾਬਾਦ ਦੇ ਪ੍ਰਕਾਸ਼ਕ ਨਾਲ ਕੁਝ ਅਣਬਣ ਹੋਣ ਕਰਕੇ ਇਹ ਪ੍ਰਕਾਸ਼ਿਤ ਨਹੀਂ ਹੋ ਸਕਿਆ ਸੀ।

ਪਾਕਿਸਤਾਨ 'ਚ ਪੈਂਦੇ ਗੁਜਰਾਤ 'ਚ 1925 'ਚ ਜੰਮੀ ਕ੍ਰਿਸ਼ਨਾ ਸੋਬਤੀ ਨੇ ਆਪਣੀ ਲੇਖਣੀ 'ਚ ਮਹਿਲਾਵਾਂ ਦੇ ਮੁੱਦਿਆਂ ਅਤੇ ਆਜ਼ਾਦ ਕਿਰਦਾਰਾਂ ਨੂੰ ਉਸ ਸਮੇਂ ਉਭਾਰਿਆ ਜਦੋਂ ਕੁਝ ਹੀ ਲੇਖਕ ਅਜਿਹਾ ਜ਼ੋਖ਼ਮ ਉਠਾਉਣ ਦਾ ਹੀਆ ਕਰਦੇ ਸਨ। ਉਨ੍ਹਾਂ ਦੇ ਦੇਹਾਂਤ ਨੂੰ ਸਾਹਿਤ ਜਗਤ ਲਈ ਵੱਡਾ ਨੁਕਸਾਨ ਦੱਸਦਿਆਂ ਕਵੀ ਅਸ਼ੋਕ ਚੱਕਰਧਰ ਨੇ ਕਿਹਾ ਕਿ ਸੋਬਤੀ ਦੇ 'ਮਿਤਰੋ ਮਰਜਾਣੀ' ਨੇ ਭਾਰਤੀ ਸਾਹਿਤ 'ਚ ਲੇਖਨੀ ਦੀ ਸ਼ੈਲੀ ਨੂੰ ਨਵਾਂ ਮੁਹਾਂਦਰਾ ਬਖ਼ਸ਼ਿਆ। 'ਖੁਸ਼ਕਿਸਮਤ ਹਾਂ ਕਿ ਮੈਂ ਉਨ੍ਹਾਂ ਨੂੰ ਜਾਣਦਾ ਸੀ। ਉਨ੍ਹਾਂ ਦੇ ਦੇਹਾਂਤ ਨਾਲ ਨਾ ਸਿਰਫ ਮੁਲਕ ਸਗੋਂ ਪੂਰੀ ਦੁਨੀਆਂ ਨੂੰ ਨੁਕਸਾਨ ਹੋਇਆ ਹੈ।' ਲੇਖਕ ਅਤੇ ਕਵੀ ਅਸ਼ੋਕ ਵਾਜਪਾਈ ਨੇ ਕਿਹਾ ਕਿ ਸਾਹਿਤ ਨੂੰ ਦਿੱਤੇ ਯੋਗਦਾਨ ਰਾਹੀਂ ਕ੍ਰਿਸ਼ਨਾ ਸੋਬਤੀ 'ਭਾਰਤੀ ਜਮਹੂਰੀਅਤ ਦੀ ਸਰਪ੍ਰਸਤ' ਸਨ।

# ਔਰਤਾਂ ਲਈ ਵੀ ਬਣੇਗੀ ਖੁੱਲ੍ਹੀ ਖੇਤੀ ਜੇਲ੍ਹ

**ਪਟਿਆਲਾ:** ਪੁਰਸ਼ ਬੰਦੀਆਂ ਲਈ ਨਾਭਾ 'ਚ ਸਥਿਤ 'ਖੁੱਲ੍ਹੀ ਖੇਤੀਬਾੜੀ ਜੇਲ੍ਹ' ਦੀ ਤਰਜ਼ 'ਤੇ ਸੂਬਾ ਸਰਕਾਰ 'ਮਹਿਲਾਵਾਂ ਲਈ ਵੀ ਖੁੱਲ੍ਹੀ ਖੇਤੀਬਾੜੀ' ਜੇਲ੍ਹ ਬਣਾਏਗੀ। ਕੇਂਦਰੀ ਜੇਲ੍ਹ ਪਟਿਆਲਾ ਵਿਚ ਨਵੇਂ ਉਡੀਕ ਘਰ ਸਮੇਤ ਸੋਲਰ ਸਿਸਟਮ ਅਤੇ ਈ-ਪਰਸ ਪ੍ਰਣਾਲੀ ਦਾ ਉਦਘਾਟਨ ਕਰਦਿਆਂ, ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਏ.ਡੀ.ਜੀ.ਪੀ (ਜੇਲ੍ਹਾਂ) ਰੋਹਿਤ ਚੌਧਰੀ ਨੂੰ ਕਿਹਾ ਕਿ ਇਹ ਪ੍ਰਸਤਾਵ ਉਹ ਸਰਕਾਰ ਕੋਲ ਭੇਜਣ ਤਾਂ ਜੋ ਅਗਲੇਰੀ ਕਾਰਵਾਈ ਅਰੰਭੀ ਜਾ ਸਕੇ।

ਰੋਜ਼ਾਨਾ ਵਰਤੋਂ ਵਾਲੀਆਂ ਵਸਤਾਂ ਦੀ ਖਰੀਦ ਸਬੰਧੀ ਈ-ਪਰਸ ਸਿਸਟਮ ਜਾਰੀ ਕਰਦਿਆਂ, ਮੁੱਖ ਮੰਤਰੀ ਨੇ ਦੱਸਿਆ ਕਿ ਇਹ ਪ੍ਰਣਾਲੀ 15 ਜੇਲ੍ਹਾਂ ਵਿਚ ਸ਼ੁਰੂ ਕੀਤੀ ਗਈ ਹੈ ਜਿਥੇ ਸਾਰੇ ਵਿੱਤੀ ਤਬਾਦਲੇ ਸਮਾਰਟ ਕਾਰਡ ਦੀ ਮਦਦ ਦੇ ਨਾਲ ਕੰਪਿਊਟਰ ਸਾਫਟਵੇਅਰ ਰਾਹੀਂ ਕੀਤੇ ਜਾਣਗੇ। ਮੁੱਖ ਮੰਤਰੀ ਨੇ ਵਾਤਾਵਰਣ ਪੱਖੀ ਊਰਜਾ ਦੀ ਵਰਤੋਂ ਦੇ ਮੱਦੇਨਜ਼ਰ ਪਟਿਆਲਾ ਜੇਲ੍ਹ ਵਿਚ ਸਥਾਪਤ ਕੀਤੇ 320 ਕਿਲੋਵਾਟ ਦੇ ਸੂਰਜੀ ਊਰਜਾ ਪਲਾਂਟ ਨੂੰ ਵੀ ਚਾਲੂ ਕਰਦਿਆਂ, 19 ਜੇਲ੍ਹਾਂ ਵਿਚ 5000 ਯੂਨਿਟ ਦੀ ਸਮਰੱਥਾ ਵਾਲੇ ਅਜਿਹੇ ਸੂਰਜ ਊਰਜਾ ਪਲਾਂਟ ਲਗਾਏ ਜਾਣ ਦੀ ਜਾਣਕਾਰੀ ਵੀ ਦਿੱਤੀ।

# ਸਰਕਾਰੀ ਕਾਲਜਾਂ 'ਚ ਨਵੀਂ ਭਰਤੀ ਤੋਂ ਹੱਥ ਖੜ੍ਹੇ

**ਚੰਡੀਗੜ੍ਹ:** ਪੰਜਾਬ ਦੇ ਸਰਕਾਰੀ ਕਾਲਜਾਂ 'ਚ ਸਰਕਾਰੀ ਸਰਪ੍ਰਸਤੀ ਹੇਠਲੀ ਪੜ੍ਹਾਈ ਆਏ ਦਿਨ ਮਨਫੀ ਹੋਣ ਲੱਗੀ ਹੈ। ਪੰਜਾਬ ਦੇ ਸਰਕਾਰੀ ਕਾਲਜ ਨਾਂ ਦੇ ਹੀ ਸਰਕਾਰੀ ਰਹਿ ਗਏ ਹਨ। ਪੰਜਾਬ ਸਰਕਾਰ ਨੇ ਸਰਕਾਰੀ ਕਾਲਜਾਂ ਵਿਚ ਨਵੀਂ ਭਰਤੀ ਤੋਂ ਹੱਥ ਖੜ੍ਹੇ ਕਰ ਦਿੱਤੇ ਹਨ। ਕੈਪਟਨ ਸਰਕਾਰ ਸੂਬੇ ਵਿਚ 16 ਹੋਰ ਨਵੇਂ ਡਿਗਰੀ ਕਾਲਜ ਖੋਲ੍ਹਣ ਜਾ ਰਹੀ ਹੈ। ਸੂਬੇ ਵਿਚ 49 ਸਰਕਾਰੀ, 150 ਪ੍ਰਾਈਵੇਟ, 136 ਏਡਿਡ ਅਤੇ 300 ਤੋਂ ਵੱਧ ਸੈਲਫ ਫਾਇਨਾਂਸ ਕਾਲਜ ਹਨ।

ਰੈਗੂਲਰ ਕਾਲਜਾਂ ਵਿਚ ਕੁੱਲ 1873 ਅਸਾਮੀਆਂ 'ਚੋਂ ਲਗਭਗ 525 ਰੈਗੂਲਰ ਹਨ, ਵਿਦਿਆਰਥੀ ਹਜ਼ਾਰ ਤੋਂ ਲੈ ਕੇ ਪੰਜ ਹਜ਼ਾਰ ਤੱਕ ਲਿਆ ਜਾਂਦਾ ਹੈ ਤੇ ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਨੂੰ ਵੀ ਇਸ ਫੰਡ ਤੋਂ ਛੋਟ ਨਹੀਂ ਹੈ। ਫੰਡ ਵੱਧ ਹੋਣ ਕਰਕੇ ਗਰੀਬ ਘਰਾਂ ਦੇ ਵਿਦਿਆਰਥੀ ਫੰਡ ਦੇਣ ਤੋਂ ਅਸਮਰਥ ਰਹਿੰਦੇ ਹਨ ਤੇ ਪੜ੍ਹਾਈ ਵਿਚਾਲੇ ਛੱਡ ਦਿੰਦੇ ਹਨ। ਮਲੇਰਕੋਟਲਾ ਦੇ ਸਰਕਾਰੀ ਬੀ.ਐੱਡ. ਕਾਲਜ ਦੇ ਵਿਦਿਆਰਥੀਆਂ ਨੂੰ 35,000 ਤੱਕ ਵੀ ਪੀ.ਟੀ.ਏ. ਫੰਡ ਦੇਣਾ ਪਿਆ।

ਭੁਲੱਥ ਦੇ ਸਰਕਾਰੀ ਕਾਲਜ ਵਿਚ ਰੈਗੂਲਰ ਅਧਿਆਪਕਾਂ ਦੀ ਗਿਣਤੀ ਤਿੰਨ ਅਤੇ ਜੰਡਿਆਲਾ ਵਿਚ ਇਕ ਹੈ ਤੇ ਇਨ੍ਹਾਂ ਦੋਵਾਂ ਕਾਲਜਾਂ ਵਿਚ ਕੇਵਲ

## ਪ੍ਰੋਫੈਸ਼ਨਲ ਕੋਰਸ ਬਣੇ ਕਮਾਈ ਦਾ ਸਾਧਨ

**ਪਟਿਆਲਾ:** ਪੜ੍ਹਾਈ ਦੇ ਬਦਲਵੇਂ ਪ੍ਰਬੰਧਾਂ ਵਜੋਂ ਪ੍ਰੋਫੈਸ਼ਨਲ ਕੋਰਸ ਅਮਰ ਵੇਲ ਵਾਂਗ ਵੱਧ ਰਹੇ ਹਨ। ਇਹ ਕੋਰਸ ਸਰਕਾਰੀ ਕਾਲਜਾਂ ਦੀ ਕਮਾਈ ਦਾ ਵੱਡਾ ਸਾਧਨ ਵੀ ਬਣੇ ਹੋਏ ਹਨ। ਵਧੇਰੇ ਸਰਕਾਰੀ ਕਾਲਜਾਂ ਨੇ ਅਜਿਹੇ ਕੋਰਸ ਸਿਰਫ ਅਪਣਾਏ ਹੀ ਨਹੀਂ ਹੋਏ ਸਗੋਂ ਦਾਖਲਿਆਂ ਦੌਰਾਨ ਵਿਦਿਆਰਥੀਆਂ ਨੂੰ ਪ੍ਰੋਫੈਸ਼ਨਲ ਕੋਰਸਾਂ ਪ੍ਰਤੀ ਉਤਸ਼ਾਹਿਤ ਕਰਨ 'ਚ ਪੂਰਾ ਜ਼ੋਰ ਵੀ ਲਾਇਆ ਜਾਂਦਾ ਹੈ। ਸਰਕਾਰੀ ਕਾਲਜਾਂ ਦੀਆਂ ਮੋਟੀਆਂ ਦਾਖਲਾ ਫੀਸਾਂ ਵਾਲੇ ਇਹ ਕੋਰਸ ਬਕਾਇਦਾ ਪੰਜਾਬ ਸਰਕਾਰ ਦੀ ਸਰਪ੍ਰਸਤੀ ਹੇਠ ਚੱਲ ਰਹੇ ਹਨ।




ਪੀ.ਐਚ.ਡੀ. ਤੱਕ ਦੀ ਪੜ੍ਹਾਈ ਮੁਫਤ ਕਰਨ ਦੇ ਵਿਧਾਨ ਸਭਾ ਵਿਚ ਕੀਤੇ ਐਲਾਨ ਧਰੇ ਧਰਾਏ ਰਹਿ ਗਏ ਹਨ।

ਪੰਜਾਬ ਵਿਚ ਸਰਕਾਰੀ ਅਤੇ ਪ੍ਰਾਈਵੇਟ ਕੁੱਲ 618 ਕਾਲਜਾਂ ਵਿਚੋਂ 49 ਸਰਕਾਰੀ ਕਾਲਜਾਂ ਵਿਚ ਬੀਏ ਭਾਗ ਪਹਿਲਾ, ਬੀਐਡ ਤੋਂ ਐਮ.ਏ. ਤੱਕ ਦੀਆਂ ਕਲਾਸਾਂ ਵਿਚ 2013-14 ਦੌਰਾਨ 85 ਹਜ਼ਾਰ ਦੇ ਮੁਕਾਬਲੇ 2018-19 ਦੌਰਾਨ ਵਿਦਿਆਰਥੀਆਂ ਦੀ ਗਿਣਤੀ ਘਟ ਕੇ 72 ਹਜ਼ਾਰ ਰਹਿ ਗਈ। ਉੱਚ ਵਿੱਦਿਆ ਨਾਲ ਸਬੰਧਤ ਇਕ ਸੀਨੀਅਰ ਅਧਿਕਾਰੀ ਨੇ ਕਿਹਾ ਕਿ ਨੌਜਵਾਨਾਂ ਅੰਦਰ ਵਿਦੇਸ਼ ਦੇ ਰੁਝਾਨ ਕਰਕੇ ਗਿਣਤੀ ਘਟ ਰਹੀ ਹੈ। ਦੱਬੀ ਸੁਰ ਵਿਚ ਉਹ ਸਰਕਾਰ ਵੱਲੋਂ ਰੈਗੂਲਰ ਸਟਾਫ ਭਰਤੀ ਨਾ ਕਰਨ ਨੂੰ ਵੀ ਜ਼ਿੰਮੇਵਾਰ ਠਹਿਰਾ ਰਹੇ ਹਨ। ਪੰਜਾਬ ਦੇ ਸਰਕਾਰੀ ਕਾਲਜਾਂ ਵਿਚ ਕੁੱਲ 1873 ਪ੍ਰੋਫੈਸਰਾਂ ਦੀਆਂ ਪੋਸਟਾਂ ਹਨ। ਇਹ ਮਨਜ਼ੂਰਸ਼ੁਦਾ ਪੋਸਟਾਂ 1996 ਤੋਂ ਪਹਿਲਾਂ ਦੀਆਂ ਹਨ। ਇਨ੍ਹਾਂ ਵਿਚੋਂ 512 ਹੀ ਰੈਗੂਲਰ ਪ੍ਰੋਫੈਸਰ ਹਨ। ਪ੍ਰਿੰਸੀਪਲਾਂ ਸਮੇਤ ਇਨ੍ਹਾਂ ਵਿਚੋਂ ਵੀ 90 ਦੇ ਕਰੀਬ ਐਕਸਟੈਨਸ਼ਨ ਉਤੇ ਚੱਲ ਰਹੇ ਹਨ। ਕੁੱਲ ਪੋਸਟਾਂ ਵਿਚੋਂ 925 ਪੋਸਟਾਂ ਗੈਸਟ ਫੈਕਲਟੀ ਵਾਲਿਆਂ ਦੀ ਹੈ, ਜਿਨ੍ਹਾਂ ਨੂੰ ਮਹੀਨੇ 21600 ਰੁਪਏ ਮਿਲਣ ਵਾਲੀ ਤਨਖਾਹ ਵਿਚੋਂ ਦਸ ਹਜ਼ਾਰ ਰੁਪਏ ਮਹੀਨਾ ਸਰਕਾਰ ਰਾਸ਼ਟਰੀ ਉਚ ਸਿੱਖਿਆ ਅਭਿਆਨ (ਰੂਸਾ) ਦੇ ਫੰਡ ਵਿਚੋਂ ਅਤੇ 11600 ਰੁਪਏ ਮਾਪੇ ਅਧਿਆਪਕ ਐਸੋਸੀਏਸ਼ਨ (ਪੀ.ਟੀ.ਏ.) ਫੰਡ ਵਿਚੋਂ ਦਿੱਤਾ ਜਾਂਦਾ ਹੈ। ਇਸੇ ਕਰਕੇ ਵਿਦਿਆਰਥੀਆਂ 'ਤੇ ਪੀ.ਟੀ.ਏ. ਫੰਡ ਦਾ ਬੋਝ ਲਗਾਤਾਰ ਵਧ ਰਿਹਾ ਹੈ।

ਬਾਕੀ ਗੈਸਟ ਫੈਕਲਟੀ ਅਤੇ ਪਾਰਟ ਟਾਈਮ ਪ੍ਰੋਫੈਸਰ ਹਨ। ਸਰਕਾਰੀ ਕਾਲਜਾਂ ਵਿਚ ਅਧਿਆਪਕਾਂ ਦੀ ਰੈਗੂਲਰ ਭਰਤੀ ਪੰਜਾਬ ਲੋਕ ਸੇਵਾ ਕਮਿਸ਼ਨ ਦੇ ਤਤਕਾਲੀ ਚੇਅਰਮੈਨ ਰਵੀ ਸਿੱਧੂ ਦੀ ਭਰਤੀ ਘੁਟਾਲੇ ਵਿਚ ਗ੍ਰਿਫਤਾਰੀ ਕਾਰਨ ਸਰਕਾਰੀ ਕਾਲਜਾਂ ਵਿਚ ਅਧਿਆਪਕਾਂ ਦੀ ਰੈਗੂਲਰ ਭਰਤੀ ਬੰਦ ਹੈ, ਜਿਸ ਕਾਰਨ ਕਾਲਜਾਂ ਦੇ ਪ੍ਰਬੰਧਕਾਂ ਨੂੰ ਅਧਿਆਪਨ ਦਾ ਕੰਮ ਐਡਹਾਕ ਭਰਤੀ ਨਾਲ ਹੀ ਚਲਾਉਣਾ ਪੈ ਰਿਹਾ ਹੈ। ਪਾਰਟ ਟਾਈਮਰਜ਼ ਨੂੰ 21,600 ਰੁਪਏ ਤੇ ਡੀ.ਏ. ਦਿੱਤਾ ਜਾਂਦਾ ਹੈ, ਜਿਸ ਨਾਲ ਉਨ੍ਹਾਂ ਦੀ ਤਨਖਾਹ 45-50 ਹਜ਼ਾਰ ਰੁਪਏ ਪ੍ਰਤੀ ਮਹੀਨਾ ਹੋ ਜਾਂਦੀ ਹੈ ਪਰ ਗੈਸਟ ਟੀਚਰ 21,600 ਰੁਪਏ ਪ੍ਰਤੀ ਮਹੀਨਾ ਮਿਲ ਰਹੇ ਹਨ। ਸਰਕਾਰੀ ਕਾਲਜ ਦੇ ਪ੍ਰਬੰਧਕ ਵਿਦਿਆਰਥੀਆਂ ਕੋਲੋਂ ਪੀਟੀਏ ਫੰਡ ਵਸੂਲ ਕੇ ਅਧਿਆਪਕਾਂ ਨੂੰ ਤਨਖਾਹਾਂ ਦੇਣ ਦਾ ਜੁਗਾੜ ਕਰਦੇ ਹਨ। ਜਿਸ ਕਾਲਜ ਵਿਚ ਗੈਸਟ ਅਧਿਆਪਕਾਂ ਦੀ ਗਿਣਤੀ ਵੱਧ ਹੈ ਉਹ ਵਿਦਿਆਰਥੀਆਂ ਕੋਲੋਂ ਵੱਧ ਪੀ.ਟੀ.ਏ. ਫੰਡ ਲੈ ਰਹੇ ਹਨ। ਇਹ ਫੰਡ ਪ੍ਰਤੀ

30-30 ਵਿਦਿਆਰਥੀ ਹੀ ਰਹਿ ਗਏ ਹਨ। ਭੁਲੱਥ ਵਿਚ ਵਿਦਿਆਰਥੀਆਂ ਨੂੰ ਪੀ.ਟੀ.ਏ. ਫੰਡ ਵੱਧ ਦੇਣਾ ਪੈਂਦਾ ਹੈ, ਇਸ ਕਰ ਕੇ ਵਿਦਿਆਰਥੀ ਕਰਤਾਰਪੁਰ ਜਾਂ ਜਲੰਧਰ ਦੇ ਕਾਲਜਾਂ ਵਿਚ ਚਲੇ ਜਾਂਦੇ ਹਨ। 1996 ਤੋਂ ਬਾਅਦ ਸਰਕਾਰੀ ਭਰਤੀ ਨਾ ਹੋਣ ਅਤੇ ਸਰਕਾਰ ਵੱਲੋਂ ਲਗਾਤਾਰ ਇਹ ਮੁੱਦਾ ਨਜ਼ਰਅੰਦਾਜ਼ ਕਰਨ ਕਰਕੇ ਉੱਚ ਵਿੱਦਿਆ ਦੇ ਭਵਿੱਖ 'ਤੇ ਖਤਰੇ ਦੇ ਬੱਦਲ ਮੰਡਰਾ ਰਹੇ ਹਨ। ਜ਼ੀਰਾ, ਢੁੱਡੀਕੇ, ਰੋਡੇ, ਕਾਲਾ ਅਫਗਾਨਾ, ਜੰਡਿਆਲਾ ਆਦਿ 11 ਸਰਕਾਰੀ ਕਾਲਜਾਂ ਦਾ ਭਵਿੱਖ ਡਾਵਾਂਡੋਲ ਹੈ ਕਿਉਂਕਿ ਇਨ੍ਹਾਂ ਵਿਚ ਬੱਚਿਆਂ ਦੀ ਗਿਣਤੀ ਘਟਣ ਕਾਰਨ ਪੀ.ਟੀ.ਏ. ਫੰਡ ਵੀ ਘਟ ਗਿਆ ਹੈ। ਤਕਨੀਕੀ ਸੰਸਥਾਵਾਂ ਮਗਰੋਂ ਹੁਣ ਡਿਗਰੀ ਕਾਲਜਾਂ ਨੂੰ ਵੀ ਵਿਦਿਆਰਥੀਆਂ ਦੀ ਕਮੀ ਦੇ ਸੰਕਟ ਨੇ ਘੇਰਾ ਪਾਉਣਾ ਸ਼ੁਰੂ ਕਰ ਦਿੱਤਾ ਹੈ। ਅਨੁਸੂਚਿਤ ਜਾਤੀ ਦੇ ਵਿਦਿਆਰਥੀਆਂ ਲਈ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਤਹਿਤ ਮੁਫਤ ਵਿੱਦਿਆ ਅਤੇ ਜੂਨ 2017 ਵਿਚ ਕੈਪਟਨ ਅਮਰਿੰਦਰ ਸਿੰਘ ਵੱਲੋਂ ਲੜਕੀਆਂ ਲਈ

# ਅਣਖ ਖਾਤਰ ਕਤਲ: ਜੱਸੀ ਦੀ ਮਾਂ ਤੇ ਮਾਮਾ ਗ੍ਰਿਫਤਾਰ

**ਸੰਗਰੂਰ:** ਪੰਜਾਬ ਵਿਚ ਲਗਭਗ ਸਾਢੇ ਅਠਾਰਾਂ ਸਾਲ ਪਹਿਲਾਂ ਅਣਖ ਖਾਤਰ ਜਸਵਿੰਦਰ ਕੌਰ ਉਰਫ ਜੱਸੀ ਸਿੱਧੂ ਦੇ ਹੋਏ ਕਤਲ ਕੇਸ ਵਿਚ ਲੋੜੀਂਦੀ ਉਸ ਦੀ ਮਾਂ ਮਲਕੀਤ ਕੌਰ ਸਿੱਧੂ ਅਤੇ ਮਾਮਾ ਸੁਰਜੀਤ ਸਿੰਘ ਬਦੇਸ਼ਾ ਨੂੰ ਦਿੱਲੀ ਹਵਾਈ ਅੱਡੇ 'ਤੇ ਲੋੜੀਂਦੀ ਪ੍ਰਕਿਰਿਆ ਮਗਰੋਂ ਕੈਨੇਡਾ ਪੁਲਿਸ ਨੇ ਸੰਗਰੂਰ ਪੁਲਿਸ ਹਵਾਲੇ ਕਰ ਸਿੱਧੂ (68) ਅਤੇ ਸੁਰਜੀਤ ਸਿੰਘ ਬਦੇਸ਼ਾ (73) ਨੂੰ ਭਾਰਤ ਲਿਆਉਣ ਲਈ ਲੰਮੀ ਜਦੋਜਹਿਦ ਕਰਨੀ ਪਈ।

ਸਤੰਬਰ-2017 ਵਿਚ ਵੀ ਪੰਜਾਬ ਪੁਲਿਸ ਦੀ ਟੀਮ ਦੋਵਾਂ ਨੂੰ ਭਾਰਤ ਲਿਆਉਣ ਲਈ ਕੈਨੇਡਾ ਗਈ ਸੀ। ਕੈਨੇਡਾ ਦੀ ਸੁਪਰੀਮ ਕੋਰਟ ਨੇ ਉਦੋਂ ਦੋਵਾਂ ਨੂੰ ਭਾਰਤ ਹਵਾਲੇ ਕਰਨ ਦੇ ਹੁਕਮ ਦਿੱਤੇ



ਦਿੱਤਾ ਹੈ। ਸੰਗਰੂਰ ਪੁਲਿਸ ਨੇ ਦੋਵਾਂ ਨੂੰ ਪਟਿਆਲਾ ਕੋਰਟ ਹਾਊਸ ਵਿਚ ਪੇਸ਼ ਕੀਤਾ। ਕੈਨੇਡਾ ਦੀ ਜੰਮਪਲ 25 ਸਾਲਾ ਜਸਵਿੰਦਰ ਕੌਰ ਉਰਫ ਜੱਸੀ ਸਿੱਧੂ 1996 ਵਿਚ ਪੰਜਾਬ ਆਈ ਸੀ। ਇਸ ਦੌਰਾਨ ਜਗਰਾਉਂ ਵਿਚ ਉਹਦੀ ਸੁਖਵਿੰਦਰ ਸਿੰਘ ਉਰਫ ਮਿੱਠੂ ਵਾਸੀ ਕਾਉਂਕੇ ਖੋਸਾ ਨਾਲ ਮੁਲਾਕਾਤ ਹੋਈ ਤੇ ਦੋਵਾਂ ਵਿਚ ਪਿਆਰ ਹੋ ਗਿਆ।

ਇਸ ਮਗਰੋਂ 1999 ਵਿਚ ਜਦੋਂ ਜੱਸੀ ਸਿੱਧੂ ਕੈਨੇਡਾ ਤੋਂ ਭਾਰਤ ਆਈ ਤਾਂ ਉਹਨੇ ਸੁਖਵਿੰਦਰ ਸਿੰਘ ਉਰਫ ਮਿੱਠੂ ਨਾਲ ਚੁੱਪ-ਚੁਪੀਤੇ ਵਿਆਹ ਕਰਵਾ ਲਿਆ। ਦੋਵਾਂ ਉਪਰ ਜੂਨ 2000 ਵਿਚ ਮਾਲੇਰਕੋਟਲਾ ਉਪ ਮੰਡਲ ਅਧੀਨ ਪੈਂਦੇ ਪਿੰਡ ਨਾਰੀਕੇ ਨੇੜੇ ਹਮਲਾ ਹੋਇਆ। ਦੋਵੇਂ ਉਦੋਂ ਸਕੂਟਰ 'ਤੇ ਸਵਾਰ ਸਨ। ਮਿੱਠੂ ਦੀ ਬੇਰਹਿਮੀ ਨਾਲ ਕੁੱਟਮਾਰ ਮਗਰੋਂ ਉਹਨੂੰ ਸੜਕ ਕਿਨਾਰੇ ਸੁੱਟ ਦਿੱਤਾ ਜਦੋਂ ਕਿ ਜੱਸੀ ਸਿੱਧੂ ਨੂੰ ਅਗਵਾ ਕਰਕੇ ਬਾਅਦ ਵਿਚ ਕਤਲ ਕਰ ਦਿੱਤਾ ਗਿਆ। ਪੁਲਿਸ ਜਾਂਚ ਦੌਰਾਨ ਸਾਹਮਣੇ ਆਇਆ ਕਿ ਇਹ ਵਾਰਦਾਤ ਕਥਿਤ ਕੈਨੇਡਾ ਰਹਿੰਦੀ ਜੱਸੀ ਦੀ ਮਾਂ ਅਤੇ ਮਾਮੇ ਨੇ ਭਾੜੇ ਦੇ ਗੁੰਡਿਆਂ ਤੋਂ ਕਰਵਾਈ ਸੀ। ਕਤਲ ਕੇਸ ਦੀ ਸੁਣਵਾਈ ਦੌਰਾਨ ਭਾਰਤੀ ਅਦਾਲਤ ਵੱਲੋਂ ਜੱਸੀ ਸਿੱਧੂ ਦੀ ਮਾਂ ਤੇ ਮਾਮੇ ਸਮੇਤ ਤਿੰਨ ਵਿਅਕਤੀਆਂ ਨੂੰ ਦੋਸ਼ੀ ਠਹਿਰਾਇਆ ਗਿਆ ਸੀ। ਕੈਨੇਡੀਅਨ ਨਾਗਰਿਕ ਮਲਕੀਤ ਕੌਰ

ਸਨ। ਐਨ ਆਖਰੀ ਮੌਕੇ ਦੋਵਾਂ ਦੀ ਭਾਰਤ ਨੂੰ ਸਪੁਰਦਗੀ ਰੁਕ ਗਈ, ਜਿਸ ਕਾਰਨ ਪੰਜਾਬ ਪੁਲਿਸ ਦੀ ਟੀਮ ਨੂੰ ਕੈਨੇਡਾ ਤੋਂ ਖਾਲੀ ਹੱਥ ਪਰਤਣਾ ਪਿਆ।

## ਪੁਲਿਸ ਨੇ ਕਾਲ ਡਿਟੇਲ ਰਾਹੀਂ ਨੱਪੀ ਸੀ ਮੁਲਜ਼ਮਾਂ ਦੀ ਪੈੜ

**ਸੰਗਰੂਰ:** ਪੰਜਾਬ ਵਿਚ ਕੈਨੇਡਾ ਦੀ ਨਾਗਰਿਕ ਜਸਵਿੰਦਰ ਕੌਰ ਉਰਫ ਜੱਸੀ ਸਿੱਧੂ ਦਾ ਕਤਲ ਕੇਸ ਪਹਿਲਾ ਅਜਿਹਾ ਕੇਸ ਹੈ ਜਿਸ ਵਿਚ ਕੈਨੇਡਾ ਸਰਕਾਰ ਵੱਲੋਂ ਜਾਂਚ ਦੌਰਾਨ ਕੈਨੇਡੀਅਨ ਨਾਗਰਿਕਾਂ ਮਲਕੀਤ ਕੌਰ ਸਿੱਧੂ ਅਤੇ ਮਾਮਾ ਸੁਰਜੀਤ ਸਿੰਘ ਬਦੇਸ਼ਾ ਨੂੰ ਭਾਰਤ ਹਵਾਲੇ ਕੀਤਾ ਗਿਆ ਹੈ। ਪੁਲਿਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਇਹ ਕਤਲ ਕੇਸ ਪੁਲਿਸ ਲਈ ਵੱਡੀ ਚੁਣੌਤੀ ਸੀ ਅਤੇ ਪੰਜਾਬ ਪੁਲਿਸ ਲਈ ਵਕਾਰ ਦਾ ਸਵਾਲ ਸੀ। ਇਸ ਕੇਸ ਨੂੰ ਟਰੇਸ ਕਰਨ ਲਈ ਪੁਲਿਸ ਨੂੰ ਕਾਫੀ ਜੱਦੋਜਹਿਦ ਕਰਨੀ ਪਈ। ਜ਼ਿਲ੍ਹਾ ਪੁਲਿਸ ਮੁਖੀ ਡਾ. ਸੰਦੀਪ ਗਰਗ ਨੇ ਦਾਅਵਾ ਕੀਤਾ ਕਿ ਪੁਲਿਸ ਕੋਲ ਮਲਕੀਤ ਕੌਰ ਅਤੇ ਸੁਰਜੀਤ ਸਿੰਘ ਬਦੇਸ਼ਾ ਦੇ ਖਿਲਾਫ ਪੁਖਤਾ ਸਬੂਤ ਹਨ। ਉਨ੍ਹਾਂ ਕਿਹਾ ਕਿ ਪੁਲਿਸ ਕੋਲ ਤਿੰਨ ਸੌ ਪੰਨਿਆਂ ਦੀ ਕਾਲ ਡਿਟੇਲ ਦਾ ਰਿਕਾਰਡ ਵੀ ਹੈ ਜੋ ਕਿ ਇਸ ਕੇਸ ਵਿਚ ਅਹਿਮ ਸਬੂਤ ਮੰਨਿਆ ਜਾ ਰਿਹਾ ਹੈ।

# ਖਸਤਾਹਾਲ ਸਰਕਾਰੀ ਗੱਡੀਆਂ ਤੋਂ ਵਿਰੋਧੀ ਧਿਰ ਦੇ ਵਿਧਾਇਕ ਔਖੇ

**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਵਿਰੋਧੀ ਧਿਰ ਦੇ ਵਿਧਾਇਕਾਂ ਨਾਲ ਮਤਰੇਈ ਮਾਂ ਵਾਲਾ ਸਲੂਕ ਕਰਨ ਦੀ ਇਕ ਮਿਸਾਲ ਸਾਹਮਣੇ ਆਈ ਹੈ। ਵਿਧਾਨ ਸਭਾ ਹਲਕਾ ਭਦੌੜ ਦੇ ਆਮ ਆਦਮੀ ਪਾਰਟੀ (ਆਪ) ਦੇ ਵਿਧਾਇਕ ਪਿਰਮਲ ਸਿੰਘ ਖਾਲਸਾ ਨੂੰ ਸਰਕਾਰ ਵੱਲੋਂ ਅਲਾਟ ਕੀਤੀ ਇਨੋਵਾ ਕਾਰ ਉਨ੍ਹਾਂ ਲਈ ਰੋਜ਼ਾਨਾ ਮੁਸੀਬਤ ਦਾ ਸਬੱਬ ਬਣਦੀ ਆ ਰਹੀ ਹੈ।

ਵਿਧਾਇਕ ਪਿਰਮਲ ਸਿੰਘ ਜਦੋਂ ਵਿਧਾਨ ਸਭਾ ਦੀ ਐਸਟੀਮੇਟ ਕਮੇਟੀ ਦੀ ਮੀਟਿੰਗ ਵਿਚ ਸ਼ਾਮਲ ਹੋ ਕੇ ਵਾਪਸ ਜਾ ਰਹੇ ਸਨ ਤਾਂ ਬਨੂੜ-ਰਾਜਪੁਰਾ ਸੜਕ ਉਪਰ ਉਨ੍ਹਾਂ ਦੀ ਸਰਕਾਰੀ ਇਨੋਵਾ ਕਾਰ (ਪੀਬੀ65ਐਚ9166) ਖਰਾਬ ਹੋ ਗਈ ਅਤੇ ਉਹ ਉਥੇ ਸੜਕ ਉਪਰ ਹੀ ਲੰਮਾਂ ਸਮਾਂ ਖੱਜਲ-ਖੁਆਰ ਹੁੰਦੇ ਰਹੇ ਪਰ ਕਿਸੇ ਵੀ ਅਫਸਰ ਨੇ ਉਨ੍ਹਾਂ ਦੀ ਸੁਣਵਾਈ ਨਾ ਕੀਤੀ। ਫਿਰ ਉਨ੍ਹਾਂ ਚੰਡੀਗੜ੍ਹ ਵਿਚ ਹੀ ਇਕ ਮੀਟਿੰਗ ਵਿਚ ਆਏ ਵਿਧਾਨ ਸਭਾ ਹਲਕਾ ਭੁੱਚੋ ਮੰਡੀ ਦੇ ਕਾਂਗਰਸ ਦੇ ਵਿਧਾਇਕ ਪ੍ਰੀਤਮ ਸਿੰਘ ਕੋਟਭਾਈ ਨੂੰ ਫੋਨ ਕਰਕੇ ਆਪਣੇ ਨਾਲ ਲਿਜਾਣ ਦੀ ਬੇਨਤੀ ਕੀਤੀ ਅਤੇ ਲੰਮੀ ਉਡੀਕ ਤੋਂ ਬਾਅਦ ਉਹ ਕਾਂਗਰਸੀ ਵਿਧਾਇਕ ਦੀ ਕਾਰ ਰਾਹੀਂ ਵਾਪਸ ਪੁੱਜੇ। ਪਿਰਮਲ ਸਿੰਘ ਨੇ ਦੋਸ਼ ਲਾਇਆ ਕਿ ਕੈਪਟਨ ਸਰਕਾਰ ਵੱਲੋਂ ਵਿਰੋਧੀ ਧਿਰ ਦੇ ਵਿਧਾਇਕਾਂ ਨਾਲ ਮਤਰੇਆ ਸਲੂਕ ਕੀਤਾ ਜਾ ਰਿਹਾ ਹੈ।

ਵਿਧਾਇਕ ਨੇ ਦੱਸਿਆ ਕਿ ਸਰਕਾਰ ਨੇ ਉਨ੍ਹਾਂ ਨੂੰ ਸਾਲ 2009 ਮਾਡਲ ਦੀ ਕੰਡਮ ਇਨੋਵਾ ਕਾਰ ਮੁਹੱਈਆ ਕਰਵਾਈ ਹੈ ਜਦਕਿ ਕਾਂਗਰਸੀ ਵਿਧਾਇਕਾਂ ਨੂੰ ਉਚੇ ਮਾਡਲ ਦੀਆਂ ਕਾਰਾਂ ਦਿੱਤੀਆਂ ਗਈਆਂ ਹਨ। ਉਨ੍ਹਾਂ ਦੱਸਿਆ ਕਿ ਹਾਲੇ ਪਿਛਲੇ ਦਿਨੀਂ ਹੀ ਉਨ੍ਹਾਂ ਦੀ ਕਾਰ ਦੀਆਂ ਬਰੇਕਾਂ ਫੇਲ੍ਹ ਹੋ ਗਈਆਂ ਸਨ ਅਤੇ ਮਸਾਂ ਬਚਾਅ ਹੋਇਆ ਸੀ।

ਉਨ੍ਹਾਂ ਦੀ ਕਾਰ ਦਾ ਰੇਡੀਏਟਰ (ਵਾਟਰ



ਬਾਡੀ) ਅਕਸਰ ਲੀਕ ਹੋਣ ਕਾਰਨ ਕਾਰ ਗਰਮ ਹੋ ਜਾਂਦੀ ਹੈ। ਇਸ ਬਾਰੇ ਉਨ੍ਹਾਂ ਬਹੁਤ ਵਾਰੀ ਸਬੰਧਤ ਅਧਿਕਾਰੀਆਂ ਨੂੰ ਬੇਨਤੀ ਕੀਤੀ ਹੈ ਪਰ ਉਨ੍ਹਾਂ ਦੀ ਕੋਈ ਸੁਣਵਾਈ ਨਹੀਂ ਹੋਈ, ਜਿਸ ਕਾਰਨ ਅਕਸਰ ਉਨ੍ਹਾਂ ਨੂੰ ਰਸਤਿਆਂ ਵਿਚ ਖੱਜਲ-ਖੁਆਰ ਹੋਣਾ ਪੈਂਦਾ ਹੈ। ਕਾਰ ਦੀ ਵਾਟਰ ਬਾਡੀ ਲੀਕ ਹੋਣ ਕਾਰਨ ਉਹ ਪਰੇਸ਼ਾਨ ਹੋਏ ਹਨ। ਉਨ੍ਹਾਂ

ਇਸ ਦੀ ਜਾਣਕਾਰੀ ਮੌਕੇ ਤੋਂ ਹੀ ਸਬੰਧਤ ਅਧਿਕਾਰੀਆਂ ਨੂੰ ਦਿੱਤੀ ਪਰ ਉਨ੍ਹਾਂ ਸਾਫ ਇਨਕਾਰ ਕਰ ਦਿੱਤਾ ਕਿ ਸਰਕਾਰ ਬਦਲਵੀਂ ਗੱਡੀ ਨਹੀਂ ਦੇ ਸਕਦੀ। ਉਨ੍ਹਾਂ ਨੂੰ ਲੰਮਾ ਸਮਾਂ ਸੜਕ 'ਤੇ ਹੀ ਖੱਜਲ ਹੋਣਾ ਪਿਆ ਅਤੇ ਅਖੀਰ ਉਹ ਕਾਂਗਰਸੀ ਵਿਧਾਇਕ ਪ੍ਰੀਤਮ ਸਿੰਘ ਦੀ ਕਾਰ ਰਾਹੀਂ ਵਾਪਸ ਜਾਣ ਲਈ ਮਜਬੂਰ ਹੋਏ ਹਨ।

ਉਨ੍ਹਾਂ ਦੱਸਿਆ ਕਿ ਇਥੇ ਪੈਟਰੋਲ ਪੰਪ ਦੇ ਪ੍ਰਬੰਧਕਾਂ ਨੇ ਖਰਾਬ ਹੋਈ ਕਾਰ ਨੂੰ ਖੜ੍ਹੀ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਅਤੇ ਨਾ ਹੀ ਕਿਸੇ ਸਬੰਧਤ ਅਫਸਰ ਨੇ ਹੀ ਉਨ੍ਹਾਂ ਦੀ ਕੋਈ ਮਦਦ ਜਾਂ ਸਾਰ ਲਈ ਹੈ। ਉਹ ਪਹਿਲਾਂ ਆਪਣੇ ਪੱਲਿਉਂ 62 ਹਜ਼ਾਰ ਰੁਪਏ ਖਰਚ ਕੇ ਕਾਰ ਮੁਰੰਮਤ ਕਰਵਾ ਚੁੱਕਾ ਹੈ ਤੇ ਹਾਲੇ ਤੱਕ ਉਸ ਦੀ ਅਦਾਇਗੀ ਵੀ ਨਹੀਂ ਹੋਈ। ਇਸੇ ਤਰ੍ਹਾਂ ਤੇਲ ਦੇ ਵੀ ਕਈ ਬਿੱਲ ਪੈਂਡਿੰਗ ਹਨ। ਪਿਰਮਲ ਸਿੰਘ ਨੇ ਦੋਸ਼ ਲਾਇਆ ਕਿ ਅਫਸਰਸ਼ਾਹੀ ਨੇ ਕਦੇ ਵੀ ਉਨ੍ਹਾਂ ਦੀ ਢੰਗ ਨਾਲ ਸੁਣਵਾਈ ਨਹੀਂ ਕੀਤੀ, ਜਿਸ ਤੋਂ ਜਾਪਦਾ ਹੈ ਕਿ ਉਪਰੋਂ ਅਫਸਰਸ਼ਾਹੀ ਨੂੰ ਵਿਰੋਧੀ ਧਿਰਾਂ ਦੇ ਵਿਧਾਇਕਾਂ ਨਾਲ ਵਿਤਕਰਾ ਕਰਨ ਦੇ ਗੁਪਤ ਹੁਕਮ ਦਿੱਤੇ ਜਾਪਦੇ ਹਨ।

ਉਨ੍ਹਾਂ ਦੱਸਿਆ ਕਿ ਪਿਛਲੇ ਸਮੇਂ ਉਨ੍ਹਾਂ ਦੀ ਪਾਰਟੀ ਦੇ ਵਿਧਾਇਕ ਕੰਵਰ ਸੰਧੂ ਨੇ ਮੁੱਖ ਮੰਤਰੀ ਕੋਲੋਂ ਕਈ ਤਰ੍ਹਾਂ ਦੀਆਂ ਸਮੱਸਿਆਵਾਂ ਉਪਰ ਵਿਚਾਰ ਕਰਨ ਲਈ ਉਨ੍ਹਾਂ ਕੋਲੋਂ ਮੀਟਿੰਗ ਦਾ ਸਮਾਂ ਮੰਗਿਆ ਸੀ ਪਰ ਅੱਜ ਤੱਕ ਸਮਾਂ ਨਹੀਂ ਮਿਲਿਆ। ਜਿਸ ਤੋਂ ਸਾਫ ਸੰਕੇਤ ਮਿਲਦੇ ਹਨ ਕਿ ਕੈਪਟਨ ਵਿਰੋਧੀ ਧਿਰ ਦੇ ਵਿਧਾਇਕਾਂ ਨੂੰ ਵੀ ਮਿਲਣ ਤੋਂ ਝਿਜਕ ਦਿਖਾਉਂਦੇ ਹਨ। ਉਨ੍ਹਾਂ ਦੋਸ਼ ਲਾਇਆ ਕਿ ਸਰਕਾਰ ਹਰੇਕ ਪੱਧਰ 'ਤੇ ਵਿਰੋਧੀ ਧਿਰ ਦੇ ਵਿਧਾਇਕਾਂ ਨਾਲ ਵਿਤਕਰਾ ਕਰ ਰਹੀ ਹੈ।

ਦੱਸਣਯੋਗ ਹੈ ਕਿ ਪਿਛਲੇ ਸਮੇਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਆਪਣੇ 78 ਕਾਂਗਰਸੀ ਵਿਧਾਇਕਾਂ ਨਾਲ ਮੀਟਿੰਗ ਕਰਕੇ ਉਨ੍ਹਾਂ ਨੂੰ ਹਲਕਿਆਂ ਦੇ ਵਿਕਾਸ ਲਈ 5-5 ਕਰੋੜ ਰੁਪਏ ਅਲਾਟ ਕਰਨ ਦਾ ਐਲਾਨ ਕੀਤਾ ਸੀ। ਇਸ ਦੇ ਰੋਸ ਵਜੋਂ 'ਆਪ' ਦੇ ਖਰੜ ਦੇ ਵਿਧਾਇਕ ਕੰਵਰ ਸੰਧੂ ਨੇ ਕੈਪਟਨ ਨੂੰ ਪੱਤਰ ਲਿਖ ਕੇ ਮੰਗ ਕੀਤੀ ਸੀ ਕਿ ਉਹ (ਕੈਪਟਨ) ਸਾਰੇ 117 ਹਲਕਿਆਂ ਦੇ ਮੁੱਖ ਮੰਤਰੀ ਹਨ, ਇਸ ਲਈ ਵਿਰੋਧੀ ਧਿਰਾਂ ਦੇ ਵਿਧਾਇਕਾਂ ਨੂੰ ਵੀ 5-5 ਲੱਖ ਰੁਪਏ ਅਲਾਟ ਕੀਤੇ ਜਾਣ ਪਰ ਫਿਲਹਾਲ ਮੁੱਖ ਮੰਤਰੀ ਨੇ ਇਸ ਬਾਰੇ ਕੋਈ ਹੁੰਗਾਰਾ ਨਹੀਂ ਦਿੱਤਾ।

## ਪੰਜਾਬ ਸਰਕਾਰ ਵੱਲੋਂ ਬਰਖਾਸਤ ਅਧਿਆਪਕ ਬਹਾਲ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਯੂ-ਟਰਨ ਲੈਂਦਿਆਂ ਸੰਘਰਸ਼ ਦੌਰਾਨ ਬਰਖਾਸਤ ਕੀਤੇ ਪੰਜ ਅਧਿਆਪਕ ਆਗੂਆਂ ਨੂੰ ਬਹਾਲ ਕਰਨ ਦਾ ਫੈਸਲਾ ਲੈ ਲਿਆ। ਇਸ ਤੋਂ ਇਲਾਵਾ ਸੰਘਰਸ਼ ਦੌਰਾਨ ਕੀਤੀਆਂ ਗਈਆਂ ਸਾਰੀਆਂ ਬਦਲੀਆਂ ਵੀ ਰੱਦ ਕਰ ਦਿੱਤੀਆਂ ਗਈਆਂ ਹਨ। ਡਾਇਰੈਕਟਰ ਜਨਰਲ (ਸਿੱਖਿਆ) ਵੱਲੋਂ ਜਾਰੀ ਹੁਕਮਾਂ 'ਚ ਕਿਹਾ ਗਿਆ ਹੈ ਕਿ ਸਿੱਖਿਆ ਵਿਭਾਗ ਨੇ ਪਹਿਲੀ ਨਵੰਬਰ ਤੋਂ ਕੀਤੀਆਂ ਅਧਿਆਪਕਾਂ ਦੀਆਂ ਬਦਲੀਆਂ ਰੱਦ ਕਰ ਦਿੱਤੀਆਂ ਹਨ।

ਹੁਕਮਾਂ ਅਨੁਸਾਰ ਹੁਣ ਸਾਰੇ ਅਧਿਆਪਕਾਂ ਨੂੰ ਉਨ੍ਹਾਂ ਦੇ ਪੁਰਾਣੇ ਸਟੇਸ਼ਨਾਂ 'ਤੇ ਹੀ ਲਗਾਇਆ ਜਾਵੇਗਾ। ਇਹ ਫੈਸਲਾ ਇਕ ਮੀਟਿੰਗ ਵਿਚ ਲਿਆ ਗਿਆ ਜਿਸ ਵਿਚ ਵੱਖ-ਵੱਖ ਅਧਿਆਪਕ ਯੂਨੀਅਨਾਂ ਵੱਲੋਂ ਸਿੱਖਿਆ ਮੰਤਰੀ ਓਪੀ ਸੋਨੀ ਤੋਂ ਬਦਲੀਆਂ ਰੱਦ ਕਰਨ ਦੀ ਮੰਗ ਕੀਤੀ ਗਈ ਸੀ। ਅਧਿਆਪਕ ਆਗੂਆਂ ਦੀ ਮੰਗ ਮੰਨਦਿਆਂ ਸ੍ਰੀ ਸੋਨੀ ਨੇ ਬਦਲੀਆਂ ਰੱਦ ਕਰਨ ਦੇ ਹੁਕਮ ਦਿੱਤੇ। ਹਾਲਾਂਕਿ ਆਪਣੀ ਮਰਜ਼ੀ ਮੁਤਾਬਕ ਬਦਲੀਆਂ ਦੀ ਮੰਗ ਕਰਨ ਵਾਲੇ ਅਧਿਆਪਕਾਂ 'ਤੇ ਇਹ ਹੁਕਮ ਲਾਗੂ ਨਹੀਂ ਹੋਣਗੇ।

# ਸਿੱਖਸ ਫਾਰ ਜਸਟਿਸ ਦਾ ਮੁਜਾਹਰਾ ਹੋਇਆ ਠੁੱਸ

**ਵਾਸ਼ਿੰਗਟਨ:** ਸਿੱਖਸ ਫਾਰ ਜਸਟਿਸ (ਐਸ.ਐਫ.ਜੇ.) ਨਾਲ ਜੁੜੇ ਸਿੱਖ ਵੱਖਵਾਦੀਆਂ ਨੇ ਗਣਤੰਤਰ ਦਿਵਸ ਮੌਕੇ ਇਥੇ ਭਾਰਤੀ ਸਫਾਰਤਖਾਨੇ ਦੇ ਬਾਹਰ ਤਿਰੰਗੇ ਝੰਡੇ ਨੂੰ ਸਾੜਨ ਦਾ ਯਤਨ ਕੀਤਾ। ਮੁਕਾਮੀ ਸਿੱਖ ਭਾਈਚਾਰੇ ਨੇ ਵੱਖਵਾਦੀਆਂ ਦੇ ਇਸ ਯਤਨ ਨੂੰ ਜਿਥੇ ਰੱਜ ਕੇ ਭੰਡਿਆ, ਉਥੇ ਭਾਰਤ ਸਰਕਾਰ ਦੇ ਸੂਤਰਾਂ ਨੇ ਰੋਸ ਪ੍ਰਦਰਸ਼ਨ ਨੂੰ 'ਫਲਾਪ ਸ਼ੋਅ' ਕਰਾਰ ਦਿੱਤਾ ਹੈ। ਇਸ ਦੌਰਾਨ ਅਮਰੀਕੀ ਹਿੰਦੂ ਗੱਠਜੋੜ (ਏ.ਐਚ.ਸੀ.) ਤੇ ਭਾਰਤੀ ਅਮਰੀਕੀ ਸਿੱਖ ਆਗੂਆਂ ਨੇ ਸਫਾਰਤਖਾਨੇ ਦੇ ਬਾਹਰ ਭਾਰਤੀ ਝੰਡਾ ਸਾੜਨ ਦੇ ਯਤਨ ਦੀ ਨਿਖੇਧੀ ਕੀਤੀ ਹੈ।

ਅਧਿਕਾਰਤ ਸੂਤਰਾਂ ਨੇ ਨਵੀਂ ਦਿੱਲੀ ਵਿਚ ਕਿਹਾ ਕਿ ਐਸ.ਐਫ.ਜੇ. ਵੱਲੋਂ ਵਾਸ਼ਿੰਗਟਨ ਵਿਚ ਭਾਰਤੀ ਸਫਾਰਤਖਾਨੇ ਦੇ ਬਾਹਰ ਕੀਤੇ ਪ੍ਰਦਰਸ਼ਨ ਵਿਚ ਗਿਣਤੀ ਦੇ 15 ਤੋਂ 20 ਲੋਕ ਸ਼ਾਮਲ ਸਨ। ਇਨ੍ਹਾਂ ਦੇ ਮੁਕਾਬਲੇ ਭਾਰਤੀ ਝੰਡਾ ਝੁਲਾਉਣ ਵਾਲੇ, ਜੋਸ਼ ਤੇ ਉਤਸ਼ਾਹ ਨਾਲ ਭਰੇ ਵਤਨਪ੍ਰਸਤ ਭਾਰਤੀਆਂ ਦੀ ਗਿਣਤੀ ਕਿਤੇ ਵੱਧ ਸੀ। ਉਨ੍ਹਾਂ ਕਿਹਾ ਕਿ ਭਾਰਤੀ ਸਫਾਰਤਖਾਨੇ ਦੇ ਬਾਹਰ ਐਸ.ਐਫ.ਜੇ. ਮੈਂਬਰਾਂ ਦੀ ਗਿਣਤੀ ਤੋਂ ਜਥੇਬੰਦੀ ਦੇ ਉਨ੍ਹਾਂ ਦਾਅਵਿਆਂ ਦੀ ਫੂਕ ਨਿਕਲ ਗਈ ਹੈ ਕਿ ਉਨ੍ਹਾਂ ਨੂੰ ਵੱਡੀ ਗਿਣਤੀ ਲੋਕਾਂ ਦੀ ਹਮਾਇਤ ਹੈ। ਉਨ੍ਹਾਂ ਕਿਹਾ ਕਿ ਪ੍ਰਦਰਸ਼ਨਕਾਰੀਆਂ ਵਿਚੋਂ ਬਹੁਤੇ ਪਾਕਿਸਤਾਨੀ ਸਨ, ਜਿਨ੍ਹਾਂ 'ਖਾਲਿਸਤਾਨ ਜ਼ਿੰਦਾਬਾਦ' ਦੇ ਨਾਅਰੇ ਲਾਉਂਦਿਆਂ ਮੁਕਾਮੀ ਪਾਕਿਸਤਾਨੀ ਮੀਡੀਆ ਦੇ ਰਿਪੋਰਟਰਾਂ ਦੀ ਹਾਜ਼ਰੀ ਵਿਚ ਭਾਰਤੀ ਝੰਡੇ ਨੂੰ ਸਾੜਨ ਦੀ ਕੋਸ਼ਿਸ਼ ਕੀਤੀ।

ਸੂਤਰਾਂ ਮੁਤਾਬਕ ਐਸ.ਐਫ.ਜੇ. ਨੇ ਆਪਣੀ ਵੈੱਬਸਾਈਟ ਉਤੇ ਸਫਾਰਤਖਾਨੇ ਦੇ ਬਾਹਰ ਭਾਰਤੀ ਝੰਡਾ ਸਾੜਨ ਦਾ ਦਾਅਵਾ ਕੀਤਾ ਹੈ, ਪਰ ਮੌਕੇ ਦੀਆਂ ਤਸਵੀਰਾਂ/ਵੀਡੀਓਜ਼ ਮੁਤਾਬਕ ਉਥੇ ਅਜਿਹਾ ਕੁਝ ਨਹੀਂ ਹੋਇਆ। ਸੂਤਰਾਂ ਨੇ ਕਿਹਾ ਕਿ ਐਸ.ਐਫ.ਜੇ. ਹਮਾਇਤੀਆਂ ਨਾਲੋਂ ਮੌਕੇ 'ਤੇ ਭਾਰਤੀ-ਅਮਰੀਕੀਆਂ ਦੀ ਗਿਣਤੀ ਵੱਧ ਸੀ, ਜਿਨ੍ਹਾਂ ਹੱਥਾਂ 'ਚ ਤਿਰੰਗਾ ਫੜ ਕੇ 'ਵੰਦੇ ਮਾਤਰਮ' ਤੇ 'ਭਾਰਤ ਮਾਤਾ ਕੀ ਜੈ' ਦੇ ਨਾਅਰੇ ਲਾਏ।

# ਸੈਂਟਰਲ ਜਰਸੀ ਸਿੱਖ ਐਸੋਸੀਏਸ਼ਨ ਗੁਰਦੁਆਰਾ ਸਾਹਿਬ ਵਿਖੇ ਨਵੀਂ ਕਮੇਟੀ ਬਣੀ

**ਵਿੰਡਸਰ, ਨਿਊ ਜਰਸੀ (ਬਿਊਰੋ):** 3 ਅਗਸਤ 2018 ਨੂੰ ਉਸ ਸਮੇਂ ਇਥੇ ਹਾਲਾਤ ਅਣਸੁਖਾਵੇਂ ਹੋ ਗਏ ਸਨ ਜਦੋਂ ਕਮੇਟੀ ਪ੍ਰਧਾਨ ਅਵਤਾਰ ਸਿੰਘ ਹੇਅਰ ਤੇ ਕਮੇਟੀ ਨੂੰ ਸੰਗਤ ਦੇ ਵਿਰੋਧ ਦਾ ਸਾਹਮਣਾ ਕਰਨਾ ਪਿਆ ਸੀ, ਕਿਉਂਕਿ ਇਸ ਤੋਂ ਇੱਕ ਹਫਤਾ ਪਹਿਲਾਂ ਅਵਤਾਰ ਸਿੰਘ ਹੇਅਰ ਤੇ ਕਮੇਟੀ ਦੀ ਥਾਂ ਨਵੀਂ ਕਮੇਟੀ ਹੋਂਦ 'ਚ ਆ ਚੁਕੀ ਸੀ, ਜਿਸ ਦਾ ਪ੍ਰਧਾਨ ਜਸਵੰਤ ਸਿੰਘ ਸੰਧੂ ਨੂੰ ਚੁਣਿਆ ਗਿਆ ਸੀ। ਪਰ ਅਵਤਾਰ ਸਿੰਘ ਹੇਅਰ ਤੇ ਸਾਥੀਆਂ ਨੇ ਕਥਿਤ ਤੌਰ 'ਤੇ ਪੁਲਿਸ ਅਤੇ ਪ੍ਰਾਈਵੇਟ ਸਿਕਿਉਰਿਟੀ ਦੀ ਮਦਦ ਨਾਲ ਗੁਰਦੁਆਰਾ ਸਾਹਿਬ 'ਤੇ ਕਬਜ਼ਾ ਜਾਰੀ ਰੱਖਣ ਦੀ ਕੋਸ਼ਿਸ਼ ਕੀਤੀ ਸੀ, ਪਰ ਸੰਗਤ ਦੇ ਭਾਰੀ ਵਿਰੋਧ ਕਾਰਨ ਕਾਮਯਾਬ ਨਹੀਂ ਸੀ ਹੋ ਸਕੇ।

ਫਿਰ ਹਾਲਾਤ ਅਣਸੁਖਾਵੇਂ ਹੋਣ ਕਾਰਨ ਪੁਲਿਸ ਨੂੰ ਜੁੱਤੀਆਂ ਸਮੇਤ ਆਉਣਾ ਪਿਆ ਸੀ, ਜੋ ਅਵਤਾਰ ਸਿੰਘ ਹੇਅਰ ਨੇ ਬੁਲਾਈ ਸੀ। ਜਦ ਸੰਗਤ ਨੇ ਨਵੀਂ ਕਮੇਟੀ ਦਾ ਸਾਥ ਦੇ ਕੇ ਪੁਰਾਣੀ ਕਮੇਟੀ ਨੂੰ ਆਪਣੀਆਂ ਸੇਵਾਵਾਂ ਨਿਭਾਉਣ ਤੋਂ ਰੋਕ ਦਿੱਤਾ ਤਾਂ ਅਵਤਾਰ ਸਿੰਘ ਹੇਅਰ ਨੇ ਅਦਾਲਤ ਦਾ ਸਹਾਰਾ ਲਿਆ। ਅਵਤਾਰ ਸਿੰਘ ਦੇ ਦੋਵੇਂ ਪੁੱਤਰ ਵੀ ਵਕੀਲ ਹਨ ਅਤੇ 3 ਤੇ 5 ਅਗਸਤ ਨੂੰ ਗੁਰਦੁਆਰਾ ਸਾਹਿਬ ਵਿਖੇ ਹਾਜ਼ਰ ਸਨ। ਅਦਾਲਤ ਨੇ ਦੋਹਾਂ ਧਿਰਾਂ ਨੂੰ ਸਟੇਟਸ ਕੋ ਬਹਾਲ ਰੱਖਣ ਦਾ ਆਦੇਸ਼ ਦੇ ਕੇ ਅਗਲੀ ਤਰੀਕ 18 ਜਨਵਰੀ 2019 ਰੱਖੀ ਸੀ, ਜਿਸ ਨਾਲ ਦਸੰਬਰ 'ਚ ਹੋਣ ਵਾਲੀ ਨਵੀਂ ਕਮੇਟੀ ਦੀ ਚੋਣ ਵੀ ਅੱਗੇ ਪੈ ਗਈ ਸੀ। ਅਵਤਾਰ ਸਿੰਘ ਵਲੋਂ ਨਵੀਂ ਕਮੇਟੀ ਨੂੰ ਚੁਣੌਤੀ ਦੇਣ ਤੋਂ ਇਲਾਵਾ ਅਮਰ ਸਿੰਘ ਗਿੱਲ ਤੇ ਹੋਰ ਕਮੇਟੀ ਮੈਂਬਰਾਂ 'ਤੇ ਕੇਸ ਕੀਤੇ ਹੋਏ ਸਨ ਅਤੇ 11 ਜਨਵਰੀ ਨੂੰ ਇਸ ਨਾਲ ਸਬੰਧਤ ਕਿਸੇ ਹੋਰ ਕੇਸ ਦੀ ਸੁਣਵਾਈ ਦੌਰਾਨ ਹੀ ਮਾਣਯੋਗ ਜੱਜ ਨੇ ਮਰਸਰ ਕਾਉਂਟੀ ਦੀ ਸੁਪੀਰੀਅਰ ਕੋਰਟ 'ਚ ਅਵਤਾਰ ਸਿੰਘ ਹੇਅਰ ਦੀਆਂ ਨਵੀਂ ਕਮੇਟੀ ਨੂੰ ਚੁਣੌਤੀ ਦਿੰਦੀਆਂ ਪਟੀਸ਼ਨਾਂ ਖਾਰਜ ਕਰ ਦਿੱਤੀਆਂ ਸਨ, ਜਿਸ ਉਪਰੰਤ ਨਵੀਂ ਕਮੇਟੀ ਦੀ ਚੋਣ ਲਈ ਰਾਹ ਖੁੱਲ੍ਹ ਗਿਆ ਸੀ। ਦਸੰਬਰ 2018 'ਚ 7 ਮੈਂਬਰ ਟਰੱਸਟ ਦੇ ਚੁਣੇ ਜਾਣੇ ਸਨ ਪਰ 8 ਮੈਂਬਰਾਂ ਨੇ 501-501 ਡਾਲਰ ਜਮਾਂ ਕਰਵਾ ਕੇ ਉਮੀਦਵਾਰੀ ਲਈ ਆਪਣੇ ਨਾਂ ਦਿੱਤੇ ਸਨ ਅਤੇ ਇੱਕ ਮੈਂਬਰ ਬਿਪਨਪ੍ਰੀਤ ਸਿੰਘ ਨਾਗਰਾ ਵਲੋਂ ਆਪਣਾ ਨਾਂ ਵਾਪਸ ਲੈ ਲੈਣ ਤੋਂ ਬਾਅਦ ਸਾਰੇ ਮੈਂਬਰ ਬਿਨਾ ਮੁਕਾਬਲਾ ਹੀ ਮੈਂਬਰ ਚੁਣੇ ਗਏ। ਇਨ੍ਹਾਂ ਵਿਚ ਜਸਬੀਰ ਸਿੰਘ ਗਿੱਲ, ਕਰਮਜੀਤ ਕੌਰ ਵੜੈਚ, ਬਲਜਿੰਦਰ ਸਿੰਘ ਬੈਨੀਪਾਲ, ਤਰਨਜੀਤ ਸਿੰਘ, ਬਲਜੀਤ ਸਿੰਘ ਸੰਧੂ, ਚਰਨਜੀਤ ਸਿੰਘ ਅਤੇ ਸੁਖਬੀਰ ਸਿੰਘ ਚਿਰਾਏ ਸ਼ਾਮਲ ਹਨ। ਇਹ ਮੈਂਬਰ 3 ਸਾਲ ਲਈ ਚੁਣੇ ਗਏ ਹਨ, ਜਿਨ੍ਹਾਂ ਦੀ ਚੋਣ ਬਾਰੇ ਪੁਸ਼ਟੀ ਇਲੈਕਸ਼ਨ ਰੂਲਜ਼ (ਈ. ਆਰ.) ਕਮੇਟੀ ਦੇ ਸੈਕਟਰੀ ਦਲਬੀਰ ਸਿੰਘ ਸੇਠੀ ਅਤੇ ਮੈਂਬਰ ਹਰਮਨਦੀਪ ਸਿੰਘ ਨੇ ਕੀਤੀ ਹੈ।

ਇਲੈਕਸ਼ਨ ਰੂਲਜ਼ ਕਮੇਟੀ ਨੇ ਨਵੀਂ ਕਮੇਟੀ ਚੁਣੇ ਜਾਣ ਦਾ ਐਲਾਨ ਕੀਤਾ ਹੈ, ਜਿਸ ਅਨੁਸਾਰ ਸੁਖਬੀਰ ਸਿੰਘ ਚਿਰਾਏ ਚੇਅਰਮੈਨ ਅਤੇ ਚਰਨਜੀਤ ਸਿੰਘ ਸੈਕਟਰੀ ਬਣਾਏ ਗਏ ਹਨ। ਵਰਕਿੰਗ ਕਮੇਟੀ ਵਿਚ ਜਸਬੀਰ ਸਿੰਘ ਗਿੱਲ ਪ੍ਰਧਾਨ, ਬਲਜੀਤ ਸਿੰਘ ਸੰਧੂ ਸੈਕਟਰੀ, ਜਸਬੀਰ ਕੌਰ ਢਿੱਲੋਂ ਖਜਾਨਚੀ, ਬਖਸ਼ੀਸ਼ ਸਿੰਘ ਐਜੂਕੇਸ਼ਨ ਸੈਕਟਰੀ ਅਤੇ ਮੈਂਬਰ ਮਨਪ੍ਰੀਤ ਸਿੰਘ ਭੰਡਾਲ, ਬਲਵੀਰ ਸਿੰਘ ਢਿੱਲੋਂ ਤੇ ਸੁਖਮਿੰਦਰ ਸਿੰਘ ਗਿੱਲ ਸ਼ਾਮਲ ਹਨ।

ਇਸ ਤੋਂ ਇਲਾਵਾ ਇਲੈਕਸ਼ਨ ਤੇ ਰੂਲਜ਼ ਕਮੇਟੀ ਵਿਚ ਹਰਮਨ ਸਿੰਘ ਸਰਾਂ ਕੋਆਰਡੀਨੇਟਰ, ਦੀਪਇੰਦਰ ਸਿੰਘ ਸੰਧੂ ਸੈਕਟਰੀ ਅਤੇ ਕਰਮਜੀਤ ਕੌਰ ਵੜੈਚ ਮੈਂਬਰ ਬਣਾਏ ਗਏ ਹਨ।


ਪਲੈਨਿੰਗ ਅਤੇ ਅਡਵਾਇਜ਼ਰੀ ਕਮੇਟੀ ਦੇ ਮੈਂਬਰਾਂ ਵਿਚ ਬਲਜਿੰਦਰ ਸਿੰਘ ਬੈਨੀਪਾਲ, ਤਰਨਜੀਤ ਸਿੰਘ, ਗੁਰਚਰਨ ਸਿੰਘ ਬੈਨੀਪਾਲ, ਅਵਤਾਰ ਸਿੰਘ ਹੇਅਰ, ਹਰਕਮਲਜੀਤ ਸਿੰਘ ਸੰਘਾ, ਦੀਵਾਨ ਸਿੰਘ ਬੈਨੀਪਾਲ, ਦਲਜੀਤ ਸਿੰਘ ਮਾਨ, ਬਿਕਰਮ ਸਿੰਘ ਗਿੱਲ ਅਤੇ ਰਾਜਵੰਤ ਸਿੰਘ ਲਏ ਗਏ ਹਨ।

**Punjab Times**
*Punjabtimes1@gmail.com*

# ਸੀ. ਬੀ. ਆਈ. ਦਾ ਹੁੱਡਾ ਨੂੰ ਘੇਰਾ

## 20 ਟਿਕਾਣਿਆਂ 'ਤੇ ਛਾਪੇ

**ਨਵੀਂ ਦਿੱਲੀ:** ਹਰਿਆਣਾ ਦੇ ਸਾਬਕਾ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਦੀਆਂ ਪਰੇਸ਼ਾਨੀਆਂ ਵਧਦੀਆਂ ਹੀ ਜਾ ਰਹੀਆਂ ਹਨ। ਗੁੜਗਾਉਂ ਵਿਚ 2009 ਵਿਚ 1,417 ਏਕੜ ਜ਼ਮੀਨ ਗ੍ਰਹਿਣ ਕਰਨ ਦੇ ਇਕ ਮਾਮਲੇ 'ਚ ਭ੍ਰਿਸ਼ਟਾਚਾਰ ਦੇ ਦੋਸ਼ ਹੇਠ ਸੀ.ਬੀ.ਆਈ. ਨੇ ਹੁੱਡਾ ਖਿਲਾਫ਼ ਕੇਸ ਦਰਜ ਕੀਤਾ ਹੈ। ਜਾਂਚ ਏਜੰਸੀ ਨੇ



ਇਸ ਮਾਮਲੇ 'ਚ ਦਿੱਲੀ ਤੇ ਗੁੜਗਾਉਂ ਦੀਆਂ 20 ਵੱਖ-ਵੱਖ ਥਾਵਾਂ 'ਤੇ ਛਾਪੇ ਵੀ ਮਾਰੇ ਹਨ। ਇਸ ਤੋਂ ਇਲਾਵਾ ਹੁੱਡਾ ਦੀ ਰੋਹਤਕ ਸਥਿਤ ਰਿਹਾਇਸ਼ 'ਤੇ ਵੀ ਛਾਪਾ ਮਾਰਿਆ ਗਿਆ ਹੈ।

ਸੀ.ਬੀ.ਆਈ. ਨੇ ਇਸ ਮਾਮਲੇ ਵਿਚ ਵਧੀਕ ਮੁੱਖ ਸਕੱਤਰ ਤ੍ਰਿਲੋਕ ਚੰਦ ਗੁਪਤਾ ਜੋ ਕਿ ਉਸ ਵੇਲੇ ਹਰਿਆਣਾ ਸ਼ਹਿਰੀ ਵਿਕਾਸ ਅਥਾਰਿਟੀ ਦੇ ਮੁੱਖ ਪ੍ਰਸ਼ਾਸਕ ਸਨ, ਨੂੰ ਵੀ ਮੁਲਜ਼ਮ ਵਜੋਂ ਨਾਮਜ਼ਦ ਕੀਤਾ ਹੈ। ਉਨ੍ਹਾਂ ਤੋਂ ਬਿਨਾ ਇਸ ਮਾਮਲੇ ਨਾਲ ਜੁੜੇ 15 ਬਿਲਡਰਾਂ, ਡੀ. ਐਲ.ਐਫ., ਐਮਾਰ ਐਮ.ਜੀ.ਐਫ., ਬੱਜ਼ ਹੋਟਲਜ਼, ਆਂਸਲ ਗਰੁੱਪ ਨੂੰ ਵੀ ਨਾਮਜ਼ਦ ਕੀਤਾ ਗਿਆ ਹੈ। ਜ਼ਮੀਨ ਗ੍ਰਹਿਣ ਮਾਮਲੇ ਵਿਚ ਕੇਸ ਨਵੰਬਰ 2017 ਵਿਚ ਸੁਪਰੀਮ ਕੋਰਟ ਦੀਆਂ ਹਦਾਇਤਾਂ 'ਤੇ ਦਰਜ ਕੀਤਾ ਗਿਆ ਸੀ। 2009 ਤੋਂ 2012 ਦਰਮਿਆਨ ਗੁੜਗਾਉਂ 'ਚ ਸੈਕਟਰ 58-63 ਤੇ 65-67 ਲਈ ਜ਼ਮੀਨ ਗ੍ਰਹਿਣ ਕਰਨ ਵੇਲੇ ਬੇਨੇਮੀਆਂ ਦੇ ਮਾਮਲੇ ਦੀ ਜਾਂਚ ਕੇਂਦਰੀ ਜਾਂਚ ਏਜੰਸੀ ਨੂੰ ਸੌਂਪੀ ਗਈ ਸੀ। ਏਜੰਸੀ ਨੇ ਜਾਂਚ 'ਚ ਕਿਹਾ ਹੈ ਕਿ ਹੁੱਡਾ, ਗੁਪਤਾ ਤੇ ਬਿਲਡਰਾਂ ਨੇ ਅਪਰਾਧਕ ਸਾਜ਼ਿਸ਼ ਘੜ ਕੇ ਜ਼ਮੀਨ ਮਾਲਕ ਨੂੰ ਧੋਖਾ ਦਿੱਤਾ ਹੈ।

ਸੀ.ਬੀ.ਆਈ. ਮੁਤਾਬਕ ਜ਼ਮੀਨ ਗ੍ਰਹਿਣ ਦੇ ਨੋਟੀਫਿਕੇਸ਼ਨ ਨੇ ਜ਼ਮੀਨ ਮਾਲਕਾਂ 'ਚ ਹਲਚਲ ਪੈਦਾ ਕਰ ਦਿੱਤੀ ਤੇ ਉਨ੍ਹਾਂ ਪ੍ਰਾਈਵੇਟ ਬਿਲਡਰਾਂ ਨੂੰ ਜ਼ਮੀਨ ਮਾਰਕੀਟ ਰੇਟ ਨਾਲੋਂ ਕਾਫੀ ਘੱਟ ਕੀਮਤ 'ਤੇ ਜਲਦਬਾਜ਼ੀ ਵਿਚ ਵੇਚ ਦਿੱਤੀ। ਜ਼ਮੀਨ ਦੇ ਵੱਡੇ ਹਿੱਸੇ ਨਾਲ ਹਰਿਆਣਾ ਸ਼ਹਿਰੀ ਵਿਕਾਸ ਅਥਾਰਿਟੀ ਦਾ ਕੋਈ ਲੈਣਾ-ਦੇਣਾ ਨਹੀਂ ਸੀ, ਫਿਰ ਵੀ ਇਸ ਨੂੰ ਨੋਟੀਫਿਕੇਸ਼ਨ ਵਿਚ ਸ਼ਾਮਲ ਕੀਤਾ ਗਿਆ। ਬਿਲਡਰਾਂ ਨੇ ਆਪਣੇ ਰਸੂਖ ਦੀ ਵਰਤੋਂ ਕਰ ਕੇ ਉਸ ਜ਼ਮੀਨ ਲਈ ਲਾਇਸੈਂਸ ਹਾਸਲ ਕੀਤੇ ਜੋ ਹੁੱਡਾ ਦੇ ਕੰਮ ਦੀ ਨਹੀਂ ਸੀ ਤੇ ਮਗਰੋਂ ਉਸ ਜ਼ਮੀਨ ਨੂੰ ਗ੍ਰਹਿਣ ਕਰਨ ਦੀ ਪ੍ਰਕਿਰਿਆ ਵਿਚੋਂ ਵੱਖ ਕਰ ਦਿੱਤਾ ਗਿਆ। ਮਗਰੋਂ ਕੀਤੀ ਗਈ ਜਾਂਚ ਵਿਚ ਸਾਹਮਣੇ ਆਇਆ ਹੈ ਕਿ ਲਗਭਗ 616.40 ਏਕੜ ਜ਼ਮੀਨ ਬਿਲਡਰਾਂ ਦੇ ਹੱਕ ਵਿਚ ਇਸੇ ਤਰੀਕੇ ਨਾਲ ਰਿਲੀਜ਼ ਕੀਤੀ ਗਈ ਹੈ।

### ਸੀ. ਬੀ. ਆਈ. ਦੀ ਕਾਰਵਾਈ ਸਿਆਸੀ ਬਦਲਾਖੋਰੀ: ਹੁੱਡਾ

ਸਾਬਕਾ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਨੇ ਸੀ.ਬੀ.ਆਈ. ਦੀ ਕਾਰਵਾਈ ਨੂੰ ਸਿਆਸੀ ਬਦਲਾਖੋਰੀ ਕਰਾਰ ਦਿੱਤਾ ਹੈ। ਸੀ.ਬੀ.ਆਈ. ਨੇ ਰੋਹਤਕ ਸਥਿਤ ਉਨ੍ਹਾਂ ਦੇ ਘਰ ਤੇ ਦਿੱਲੀ ਅਤੇ ਇਸ ਦੇ ਨੇੜਲੀਆਂ ਕਈ ਜਾਇਦਾਦਾਂ ਉਤੇ ਛਾਪੇ ਮਾਰੇ ਹਨ। ਹੁੱਡਾ ਨੇ ਕਿਹਾ ਕਿ ਵਿਰੋਧੀ ਉਨ੍ਹਾਂ ਦੀ ਆਵਾਜ਼ ਨੂੰ ਦਬਾਉਣਾ ਚਾਹੁੰਦੇ ਹਨ, ਪਰ ਨਾਕਾਮ ਹੋਣਗੇ। ਉਨ੍ਹਾਂ ਕਿਹਾ ਕਿ ਸੀ.ਬੀ.ਆਈ. ਟੀਮ ਨੂੰ ਪੂਰਾ ਸਹਿਯੋਗ ਦਿੱਤਾ ਗਿਆ ਹੈ ਤੇ ਕੁਝ ਘਰ ਵਿਚੋਂ ਕੁਝ ਗਲਤ ਨਹੀਂ ਮਿਲਿਆ। ਭੁਪਿੰਦਰ ਹੁੱਡਾ ਨੇ ਕਿਹਾ ਕਿ ਇਹ 'ਲੜਾਈ' ਉਹ ਖੁਦ ਲੜਨਗੇ।

### ਬੰਦੂਕਧਾਰੀ ਨੇ ਬੈਂਕ 'ਚ ਪੰਜ ਲੋਕਾਂ ਨੂੰ ਮਾਰਿਆ

**ਮਿਆਮੀ:** ਫਲੋਰਿਡਾ ਦੇ ਸੇਬਰਿੰਗ 'ਚ ਬੈਂਕ ਅੰਦਰ ਬੰਦੂਕਧਾਰੀ ਵੱਲੋਂ ਚਲਾਈਆਂ ਗਈਆਂ ਗੋਲੀਆਂ ਕਾਰਨ ਪੰਜ ਵਿਅਕਤੀ ਹਲਾਕ ਹੋ ਗਏ। ਪੁਲਿਸ ਮੁਖੀ ਕਾਰਲ ਹੋਗਲੁੰਡ ਨੇ ਦੱਸਿਆ ਕਿ ਹਮਲਾਵਰ 21 ਸਾਲਾਂ ਦਾ ਨੌਜਵਾਨ ਹੈ ਤੇ ਉਸ ਨੂੰ ਹਿਰਾਸਤ 'ਚ ਲੈ ਲਿਆ ਗਿਆ ਹੈ। ਗੋਲੀਬਾਰੀ ਦੇ ਕਾਰਨਾਂ ਦਾ ਪਤਾ ਨਹੀਂ ਲੱਗ ਸਕਿਆ ਹੈ।

ਵੇਟਰ ਅਤੇ ਹੈਲਪਰ ਦੀ ਲੋੜ ਹੈ

ਮੈਡੀਸਨ, ਵਿਸਕਾਨਸਿਨ 'ਚ ਭਾਰਤੀ ਰੈਸਟੋਰੈਂਟ ਲਈ ਵੇਟਰ ਅਤੇ ਹੈਲਪਰ ਦੀ ਲੋੜ ਹੈ।
ਰਿਹਾਇਸ਼ ਫਰੀ, ਚੰਗੀ ਤਨਖਾਹ
ਸੰਪਰਕ ਕਰੋ: ਸੰਨੀ
ਫੋਨ: 608-630-0287
3-6

ਨੈਸ਼ਨਲ ਟਰੱਕ ਡਰਾਈਵਿੰਗ ਸਕੂਲ
National Truck Driving School
1816 Main Ave., Secramento CA, 95838
ਸੈਕਰਾਮੈਂਟੋ, ਕੈਲੀਫੋਰਨੀਆ
*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ

ਨੈਸ਼ਨਲ ਟਰਾਂਸਪੋਰਟ ਕੰਪਨੀ ਲਈ ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 42 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ



ਕੰਪਨੀ ਦੇ ਟਰੱਕ ਤੇ ਟਰੇਲਰ ਲੀਜ਼ 'ਤੇ ਲੈ ਸਕਦੇ ਹੋ

Call For Special Price
Kashmir S. Thandi
Office: (866) 933-3038
Balhar S. Ranu Cell:916-502-7733

# ਸਰਕਾਰ ਵੱਲੋਂ ਆਲਮੀ ਕਾਰੋਬਾਰੀਆਂ ਨੂੰ ਨਿਵੇਸ਼ ਦਾ ਸੱਦਾ




**ਚੰਡੀਗੜ੍ਹ/ਡਾਵੋਸ:** ਵਿਸ਼ਵ ਆਰਥਿਕ ਮੰਚ ਦੇ ਡਾਵੋਸ ਵਿਚ ਚੱਲ ਰਹੇ ਸਾਲਾਨਾ ਸੰਮੇਲਨ ਵਿਚ ਪੰਜਾਬ ਦੇ ਉੱਚ ਪੱਧਰੀ ਵਫਦ ਨੇ ਸੂਬੇ ਵਿਚ ਨਿਵੇਸ਼ ਲਈ ਆਲਮੀ ਕਾਰੋਬਾਰੀ ਆਗੂਆਂ ਨਾਲ ਬੈਠਕਾਂ ਕੀਤੀਆਂ। ਪੰਜਾਬ ਦੇ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਦੀ ਅਗਵਾਈ ਹੇਠਲੇ ਵਫਦ ਵਿਚ ਵਣਜ ਤੇ ਉਦਯੋਗ ਦੇ ਵਧੀਕ ਮੁੱਖ ਸਕੱਤਰ ਵਿਨੀ ਮਹਾਜਨ ਅਤੇ ਇਨਵੈਸਟ ਪੰਜਾਬ ਦੇ ਸੀਈਓ ਰਜਤ ਅਗਰਵਾਲ ਸ਼ਾਮਲ ਹਨ।

ਵਿੱਤ ਮੰਤਰੀ ਨੇ ਵੱਖ ਵੱਖ ਸੈਸ਼ਨਾਂ ਵਿਚ ਕਈ ਆਲਮੀ ਮੁੱਦਿਆਂ 'ਤੇ ਵਿਚਾਰ ਚਰਚਾ ਕੀਤੀ। ਉਨ੍ਹਾਂ ਵਪਾਰਕ ਅਤੇ ਸਨਅਤੀ ਗਤੀਸ਼ੀਲਤਾ ਦੇ ਵਿਸ਼ਿਆਂ 'ਤੇ ਦੋ ਸੈਸ਼ਨਾਂ ਵਿਚ ਹਿੱਸਾ ਲਿਆ। ਵਫਦ ਨੇ ਪ੍ਰਮੁੱਖ ਵਪਾਰਕ ਆਗੂਆਂ ਵਿਚ ਨੈਸਲੇ ਦੇ ਕਾਰਜਕਾਰੀ ਉਪ ਮੁਖੀ ਅਤੇ ਸੀਈਓ ਏਸ਼ੀਆ, ਓਸ਼ਨੀਆ ਅਤੇ ਸਬ-ਸਹਾਰਨ ਅਫਰੀਕਾ ਕ੍ਰਿਸ ਜੌਹਨਸਨ, ਨੈਸਪਰਜ਼ ਦੇ ਉਪ ਮੁਖੀ, ਕਾਰਪੋਰੇਟ ਮਾਮਲੇ ਅਤੇ ਜਨਤਕ ਨੀਤੀ ਫ੍ਰਿਕ ਡੈਲਮਾਰਟਿਨੋ, ਜੇਬੀਐਮ ਗਰੁੱਪ ਦੇ ਕਾਰਜਕਾਰੀ ਨਿਰਦੇਸ਼ਕ ਨਿਸ਼ਾਂਤ ਆਰੀਆ ਅਤੇ ਅਵਾਦਾ ਦੇ ਭਾਵਿਨ ਸ਼ਾਹ (ਨੀਤੀਘਾੜਾ) ਅਤੇ ਨਿਤਿਨ ਮਿੱਤਲ (ਉਪ ਮੁਖੀ ਕਾਰਪੋਰੇਟ ਵਿੱਤ) ਸ਼ਾਮਲ ਹਨ। ਵਿੱਤ ਮੰਤਰੀ ਨੇ ਨੈਸਲੇ ਦੇ ਉਚ ਅਧਿਕਾਰੀਆਂ ਨਾਲ ਸੂਬੇ ਵਿਚ ਨਿਵੇਸ਼ ਨੂੰ ਵਿਸਥਾਰ ਦੇਣ ਦੀ ਯੋਜਨਾ ਅਤੇ ਸੰਭਾਵਨਾਵਾਂ 'ਤੇ ਧਿਆਨ ਕੇਂਦਰਤ ਕੀਤਾ। ਸੂਬੇ ਵਿਚ ਸਾਫ ਸੁਥਰੀ ਊਰਜਾ ਦੇ ਖੇਤਰ ਨੂੰ ਹੁਲਾਰਾ ਦੇਣ ਲਈ ਵਫਦ ਨੇ ਜੇ.ਬੀ.ਐਮ. ਗਰੁੱਪ ਅਤੇ ਅਵਾਦਾ ਨਾਲ ਗੱਲਬਾਤ ਕੀਤੀ। ਈ-ਵਾਹਨਾਂ ਤੇ ਵਾਹਨਾਂ ਦੇ ਪੁਰਜ਼ਿਆਂ ਦੇ ਨਿਰਮਾਣ ਬਾਰੇ ਉਦਯੋਗ ਸਥਾਪਤ ਕਰਨ ਲਈ ਜੇ.ਬੀ.ਐਮ. ਗਰੁੱਪ ਦੇ ਨਿਸ਼ਾਂਤ ਆਰੀਆ ਨੂੰ ਲੁਧਿਆਣਾ ਅਤੇ ਸੂਬੇ ਦੇ ਹੋਰ ਖੇਤਰਾਂ ਵਿਚ ਨਿਵੇਸ਼ ਮੌਕਿਆਂ ਬਾਰੇ ਜਾਣੂ ਕਰਾਇਆ। ਕੁਦਰਤੀ ਹਵਾ ਅਤੇ ਸੂਰਜੀ ਊਰਜਾ ਨਾਲ ਸਬੰਧਤ ਖੇਤਰਾਂ ਦੀ ਮੁਹਾਰਤ ਰੱਖਦੀ ਅਵਾਦਾ ਕੰਪਨੀ ਨਾਲ ਨਵਿਆਉਣਯੋਗ ਊਰਜਾ ਪ੍ਰੋਜੈਕਟਾਂ ਬਾਰੇ ਵਿਚਾਰ ਵਟਾਂਦਰਾ ਕੀਤਾ।

# 'ਆਪ' ਨੇ ਬਾਦਲ ਸਰਕਾਰ ਵੇਲੇ ਹੋਏ ਖੁਰਾਕ ਘੁਟਾਲੇ ਦੀ ਜਾਂਚ ਬਾਰੇ ਵਾਅਦਾ ਚੇਤੇ ਕਰਵਾਇਆ

**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਨੇ ਅਕਾਲੀ-ਭਾਜਪਾ ਗੱਠਜੋੜ ਸਰਕਾਰ ਸਮੇਂ ਖੁਰਾਕ ਤੇ ਸਪਲਾਈ ਵਿਭਾਗ ਵਿਚ ਹੋਏ ਕਥਿਤ 31 ਹਜ਼ਾਰ ਕਰੋੜ ਰੁਪਏ ਦੇ ਖੁਰਾਕ ਘੁਟਾਲੇ ਨੂੰ ਟਰਮ ਲੋਨ ਵਿਚ ਤਬਦੀਲ ਕਰਨ ਦੀ ਜਾਂਚ ਲਈ ਉਚ ਪੱਧਰੀ ਕਮੇਟੀ ਬਣਾਉਣ ਦੀ ਮੰਗ ਕੀਤੀ ਹੈ।



'ਆਪ' ਦੇ ਸੁਨਾਮ ਤੋਂ ਵਿਧਾਇਕ ਅਮਨ ਅਰੋੜਾ ਨੇ ਕਿਹਾ ਕਿ ਪਿਛਲੀ ਸਰਕਾਰ ਨੇ ਆਪਣੇ ਕਾਰਜਕਾਲ ਦੇ ਅੰਤ 'ਚ 31 ਹਜ਼ਾਰ ਕਰੋੜ ਰੁਪਏ ਦੇ ਉਕਤ ਕਰਜ਼ ਨੂੰ ਆਗਾਮੀ 20 ਸਾਲਾਂ ਵਿਚ ਇਕ ਨਿਸ਼ਚਤ ਵਿਆਜ ਦਰ 'ਤੇ ਅਦਾ ਕਰਨ ਲਈ ਲਿਆ ਸੀ, ਜੋ 20 ਸਾਲਾਂ ਵਿਚ ਵੱਧ ਕੇ 65 ਹਜ਼ਾਰ ਕਰੋੜ ਰੁਪਏ ਬਣ ਜਾਣਗੇ। ਭਾਵੇਂ ਹਰ ਮਹੀਨੇ 270 ਕਰੋੜ ਰੁਪਏ ਜਾਂ ਹਰ ਰੋਜ਼ 9 ਕਰੋੜ ਰੁਪਏ ਦਾ ਕਰਜ਼ ਪੰਜਾਬੀਆਂ ਸਿਰ ਪਿਛਲੀ ਸਰਕਾਰ ਦੇ ਘਪਲੇ ਕਾਰਨ ਖੜ੍ਹਾ ਹੋ ਗਿਆ। ਅਮਨ ਅਰੋੜਾ ਨੇ ਕਿਹਾ ਕਿ ਪਿਛਲੇ ਸਾਲ ਪੰਜਾਬ ਦੇ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਸਦਨ ਨੂੰ ਭਰੋਸਾ ਦਿੱਤਾ ਸੀ ਕਿ ਇਸ ਘਪਲੇ ਦੀ ਉਹ ਬਾਕਾਇਦਾ ਉੱਚ ਪੱਧਰੀ ਕਮੇਟੀ ਜਾਂਚ ਤੋਂ ਕਰਵਾਉਣਗੇ ਪਰ ਅਜੇ ਤੱਕ ਕੋਈ ਪੁਖਤਾ ਕਾਰਵਾਈ ਨਹੀਂ ਹੋਈ। ਉਨ੍ਹਾਂ ਕਿਹਾ ਕਿ ਇਸ ਕਰਜ਼ ਰਾਸ਼ੀ ਦਾ ਕਾਂਗਰਸ ਨੇ ਆਪਣੇ ਚੋਣ ਮੈਨੀਫੈਸਟੋ ਵਿਚ ਵੀ ਜ਼ਿਕਰ ਕੀਤਾ ਸੀ। ਉਨ੍ਹਾਂ ਕਿਹਾ ਕਿ 'ਆਪ' ਨੇ ਪੰਜਾਬ ਵਿਧਾਨ ਸਭਾ ਵਿਚ ਇਕ ਮਤਾ ਭੇਜਿਆ ਹੈ, ਜਿਸ ਵਿਚ ਇਸ ਘਪਲੇ ਦੀ ਜਾਂਚ ਲਈ ਇਕ ਹਾਈ ਪਾਵਰ ਕਮੇਟੀ ਬਣਾਉਣ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਕਿ ਇਸ ਕਰਜ਼ ਦੇ ਭੁਗਤਾਨ ਤੋਂ ਪੰਜਾਬ ਨੂੰ ਲਗਭਗ 3200 ਕਰੋੜ ਰੁਪਏ ਦਾ ਪ੍ਰਤੀ ਸਾਲ ਭੁਗਤਾਨ ਕਰਨਾ ਪਵੇਗਾ।

## ਢੀਂਡਸਾ ਨੇ ਵੀ ਲਾਇਆ ਸੁਖਬੀਰ ਦੀ ਕੁਰਸੀ ਖੋਹਣ ਲਈ ਮੋਰਚਾ

**ਸੰਗਰੂਰ:** ਮੈਂਬਰ ਰਾਜ ਸਭਾ ਸੁਖਦੇਵ ਸਿੰਘ ਢੀਂਡਸਾ ਨੇ ਕਿਹਾ ਹੈ ਕਿ ਜੇ ਸ਼੍ਰੋਮਣੀ ਅਕਾਲੀ ਦਲ ਦੀ ਹੋਂਦ ਬਚਾਉਣੀ ਹੈ ਤਾਂ ਪਾਰਟੀ 'ਤੇ ਕਬਜ਼ਾ ਕਰੀ ਬੈਠੇ ਆਗੂ ਨੂੰ ਇਕ ਪਾਸੇ ਹੋ ਜਾਣਾ ਚਾਹੀਦਾ ਹੈ। ਢੀਂਡਸਾ ਨੇ ਕਿਹਾ ਕਿ ਜੇ ਇਹ ਆਗੂ ਕੁਰਬਾਨੀ ਦੇਣ ਲਈ ਅੱਗੇ ਆਉਣ ਤਾਂ ਪਾਰਟੀ ਬਚ ਸਕਦੀ ਹੈ ਤੇ ਦੁਖੀ ਹੋ ਕੇ ਪਾਰਟੀ ਛੱਡਣ ਵਾਲੇ ਆਗੂ ਵੀ ਵਾਪਸ ਆ ਸਕਦੇ ਹਨ।

ਜਦ ਢੀਂਡਸਾ ਨੂੰ ਇਸ ਆਗੂ ਬਾਰੇ ਪੁੱਛਿਆ ਗਿਆ ਤਾਂ ਉਨ੍ਹਾਂ ਸਪਸ਼ਟ ਕਿਹਾ ਕਿ ਉਨ੍ਹਾਂ ਦਾ ਇਸ਼ਾਰਾ ਪਾਰਟੀ ਪ੍ਰਧਾਨ ਵੱਲ ਹੈ। ਉਨ੍ਹਾਂ ਕਿਹਾ ਕਿ ਅਜਿਹਾ ਉਨ੍ਹਾਂ ਨੇ ਕੁਝ ਸਮਾਂ ਪਹਿਲਾਂ ਪਾਰਟੀ ਦੀ ਕੋਰ ਕਮੇਟੀ ਦੀ ਮੀਟਿੰਗ ਦੌਰਾਨ ਵੀ ਕਿਹਾ ਸੀ ਕਿ ਪ੍ਰਕਾਸ਼ ਸਿੰਘ ਬਾਦਲ ਨੂੰ ਹੀ ਪਾਰਟੀ ਦਾ ਮੁੜ ਪ੍ਰਧਾਨ ਬਣ ਜਾਣਾ ਚਾਹੀਦਾ ਹੈ। ਲੋਕ ਸਭਾ ਚੋਣ ਲੜਨ ਬਾਰੇ ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਆਪਣੇ ਬੇਟੇ ਪਰਮਿੰਦਰ ਸਿੰਘ ਢੀਂਡਸਾ ਵਿਧਾਇਕ ਨੂੰ ਲੋਕ ਸਭਾ ਚੋਣ ਨਾ ਲੜਨ ਬਾਰੇ ਕਹਿ ਦਿੱਤਾ ਹੈ ਕਿਉਂਕਿ ਪਾਰਟੀ ਦੇ ਹਾਲਾਤ ਠੀਕ ਨਹੀਂ ਹਨ।

# ਵਿੱਕੀ ਗੌਂਡਰ ਦੀ ਮੌਤ ਮਗਰੋਂ ਮੱਠੀ ਪਈ ਗੈਂਗਸਟਰਾਂ ਦੀ ਸਰਗਰਮੀ

**ਪਟਿਆਲਾ:** ਗੈਂਗਸਟਰ ਵਿੱਕੀ ਗੌਂਡਰ ਨੂੰ ਪੰਜਾਬ ਪੁਲਿਸ ਨੇ ਸਾਲ ਪਹਿਲਾਂ, 26 ਜਨਵਰੀ 2018 ਨੂੰ ਰਾਜਸਥਾਨ ਵਿਚ ਹੋਏ ਇਕ ਪੁਲਿਸ ਮੁਕਾਬਲੇ ਦੌਰਾਨ ਮੌਤ ਦੇ ਘਾਟ ਉਤਾਰ ਦਿੱਤਾ ਸੀ। ਇਸ ਤੋਂ ਪਹਿਲਾਂ ਵਿੱਕੀ ਗੌਂਡਰ ਅਤੇ ਉਸ ਦੇ ਸਾਥੀਆਂ ਨੇ ਪੁਲਿਸ ਦੇ ਨੱਕ ਵਿਚ ਦਮ ਕੀਤਾ ਹੋਇਆ ਸੀ। ਪਰ ਵਿੱਕੀ ਦੀ ਮੌਤ ਤੋਂ ਬਾਅਦ ਗੈਂਗਸਟਰਾਂ ਦੀਆਂ ਸਰਗਰਮੀਆਂ ਮੱਠੀਆਂ ਪਈਆਂ ਹਨ। ਕਿਉਂਕਿ ਇਸ ਇਕ ਸਾਲ ਦੌਰਾਨ ਪੰਜਾਬ ਅੰਦਰ ਮਾਰਧਾੜ ਵਾਲੀ ਕੋਈ ਵੱਡੀ ਘਟਨਾ ਨਹੀਂ ਵਾਪਰੀ। ਉਂਜ ਗੈਂਗਸਟਰਾਂ ਦਾ ਦਬਦਬਾ ਬਰਕਰਾਰ ਹੈ, ਸੋਸ਼ਲ ਮੀਡੀਆ 'ਤੇ ਸਰਗਰਮੀਆਂ ਜਾਰੀ ਹਨ। ਖਾਸ ਕਰਕੇ ਵਿੱਕੀ ਗੌਂਡਰ ਨੂੰ ਮਾਰਨ ਵਾਲੇ ਪੁਲਿਸ ਵਾਲਿਆਂ ਨੂੰ ਸਬਕ ਸਿਖਾਉਣ ਦੀਆਂ ਧਮਕੀਆਂ ਵੀ ਦਿੱਤੀਆਂ ਜਾਂਦੀਆਂ ਹਨ।

ਜੇਲ੍ਹਾਂ ਵਿਚ ਬੰਦ ਗੈਂਗਸਟਰ ਦੇ ਹੌਸਲੇ ਵੀ ਬੁਲੰਦ ਹਨ। ਉਹ ਨਾ ਸਿਰਫ ਜੇਲ੍ਹ ਅਧਿਕਾਰੀਆਂ ਨੂੰ ਡਰਾਉਂਦੇ ਹਨ, ਬਲਕਿ ਹਮਲੇ ਤੱਕ ਵੀ ਕਰ ਦਿੰਦੇ ਹਨ।

ਜ਼ਿਕਰਯੋਗ ਹੈ ਕਿ ਮੁਕਤਸਰ ਖੇਤਰ ਦੇ ਬੋਦਲਾ ਸਰਾਵਾਂ ਨਾਲ ਸਬੰਧਤ ਵਿੱਕੀ ਗੌਂਡਰ ਕੁਝ ਸਾਲ ਪਹਿਲਾਂ ਪੁਲਿਸ ਹਿਰਾਸਤ ਵਿਚ ਗੈਂਗਸਟਰ ਸੁੱਖਾ ਕਾਹਲਵਾਂ ਦੀ ਹੱਤਿਆ ਕਰਨ ਤੋਂ ਬਾਅਦ ਹੀ ਵਧੇਰੇ ਚਰਚਾ ਵਿਚ ਆਇਆ ਸੀ। ਇਸ ਕਤਲ ਤੋਂ ਕੁਝ ਸਮਾਂ ਬਾਅਦ ਫੜੇ ਜਾਣ ਉਪਰੰਤ ਜਦੋਂ ਉਹ ਨਾਭਾ ਜੇਲ੍ਹ ਵਿਚ ਬੰਦ ਸੀ, ਤਾਂ ਕਈ ਹਥਿਆਰਬੰਦ ਸਾਥੀਆਂ ਵੱਲੋਂ ਜੇਲ੍ਹ 'ਤੇ ਕੀਤੇ ਗਏ ਹਮਲੇ ਦੌਰਾਨ ਉਹ ਪੰਜ ਹੋਰ ਸਾਥੀਆਂ ਸਮੇਤ ਜੇਲ੍ਹ ਵਿਚੋਂ ਫਰਾਰ ਹੋ ਗਿਆ ਸੀ। ਜੇਲ੍ਹੋਂ ਫਰਾਰ ਹੋਏ ਕਸ਼ਮੀਰਾ ਸਿੰਘ ਦਾ ਅਜੇ ਵੀ ਪਤਾ ਨਹੀਂ ਲੱਗਾ ਤੇ ਵਿੱਕੀ ਗੌਂਡਰ ਨੂੰ ਓਕੂ ਦੀ ਟੀਮ ਨੇ ਮਾਰ ਮੁਕਾਇਆ। ਉਂਜ ਇਸ ਪੁਲਿਸ ਮੁਕਾਬਲੇ 'ਤੇ ਸਵਾਲ ਵੀ ਉੱਠੇ ਸਨ। ਗੌਂਡਰ ਦੇ ਸਾਥੀ ਤਾਂ ਹੁਣ ਤੱਕ ਇਸ ਨੂੰ ਝੂਠਾ ਮੁਕਾਬਲਾ ਹੀ ਗਰਦਾਨਦੇ ਆ ਰਹੇ ਹਨ। ਦੇਸ਼ ਤੇ ਵਿਦੇਸ਼ ਵਿਚ ਰਹਿ ਰਹੇ ਕਈ ਗੈਂਗਸਟਰ ਤਾਂ ਪੁਲਿਸ ਟੀਮ, ਖਾਸ ਕਰਕੇ ਸਰਕਾਰ ਵੱਲੋਂ ਸਪੈਸ਼ਲ ਕੇਸ ਵਜੋਂ ਡੀ.ਐਸ.ਪੀ. ਬਣਾਏ ਗਏ ਬਿਕਰਮਜੀਤ ਬਰਾੜ ਨੂੰ ਜਾਨ ਤੋਂ ਮਾਰਨ ਦੀਆਂ ਧਮਕੀਆਂ ਦਿੰਦੇ ਆ ਰਹੇ ਹਨ।



## ਹੱਤਿਆ ਦੇ ਮਾਮਲੇ ਵਿਚ ਪਿਉ-ਪੁੱਤਰ ਨੂੰ ਸਜ਼ਾ

**ਅਬੋਹਰ:** ਤਿੰਨ ਸਾਲ ਪਹਿਲਾਂ ਇਕ ਨੌਜਵਾਨ ਦੀ ਹੱਤਿਆ ਕਰਨ ਤੇ ਉਸ ਦੇ ਭਰਾ ਨੂੰ ਤੇਜ਼ਧਾਰ ਹਥਿਆਰਾਂ ਨਾਲ ਜ਼ਖ਼ਮੀ ਕਰਨ ਦੇ ਮਾਮਲੇ ਵਿਚ ਅਦਾਲਤ ਨੇ ਪਿਉ-ਪੁੱਤਰ ਨੂੰ ਦੋਸ਼ੀ ਕਰਾਰ ਦਿੱਤਾ ਹੈ। ਜਦਕਿ ਹੋਰ ਛੇ ਮੁਲਜ਼ਮਾਂ ਨੂੰ ਬਰੀ ਕਰ ਦਿੱਤਾ ਗਿਆ ਹੈ। ਅਦਾਲਤ ਨੇ ਅੰਮ੍ਰਿਤਪਾਲ ਸਿੰਘ ਨੂੰ ਉਮਰ ਕੈਦ ਅਤੇ ਉਸ ਦੇ ਪਿਤਾ ਬਲਜੀਤ ਸਿੰਘ ਨੂੰ 10 ਸਾਲ ਦੀ ਸਜ਼ਾ ਸੁਣਾਉਂਦਿਆਂ ਬਾਕੀ ਮੁਲਜ਼ਮਾਂ ਨੂੰ ਬਰੀ ਕਰ ਦਿੱਤਾ ਹੈ। ਦੋਵਾਂ ਪਿਉ-ਪੁੱਤਰ ਨੂੰ ਦਸ-ਦਸ ਹਜ਼ਾਰ ਰੁਪਏ ਜੁਰਮਾਨਾ ਵੀ ਕੀਤਾ ਗਿਆ ਹੈ।

ਵੇਰਵਿਆਂ ਮੁਤਾਬਕ ਛੇ ਅਪਰੈਲ, 2016 ਨੂੰ ਕੰਧਵਾਲਾ ਰੋਡ 'ਤੇ ਆਪਸੀ ਰੰਜਿਸ਼ ਕਾਰਨ ਨਵੀਂ ਆਬਾਦੀ ਵਾਸੀ ਬਿਜਲੀ ਬੋਰਡ ਦੇ ਸੇਵਾ ਮੁਕਤ ਜੇਈ ਜੰਗੀਰ ਸਿੰਘ ਦੇ ਦੋ ਪੁੱਤਰਾਂ ਜਗਸੀਰ ਸਿੰਘ ਅਤੇ ਹਰਵਿੰਦਰ ਸਿੰਘ 'ਤੇ ਕੁਝ ਲੋਕਾਂ ਨੇ ਕਾਤਲਾਨਾ ਹਮਲਾ ਕਰ ਦਿੱਤਾ ਸੀ। ਹਮਲੇ ਵਿਚ ਜ਼ਖ਼ਮੀ ਨੌਜਵਾਨ ਜਗਸੀਰ ਦੀ ਮੌਕੇ 'ਤੇ ਹੀ ਮੌਤ ਹੋ ਗਈ ਸੀ ਜਦਕਿ ਉਸ ਦੇ ਭਰਾ ਨੂੰ ਗੰਭੀਰ ਹਾਲਤ ਵਿਚ ਮੈਡੀਕਲ ਕਾਲਜ ਫਰੀਦਕੋਟ ਦਾਖ਼ਲ ਕਰਵਾਇਆ ਗਿਆ ਸੀ।

# ਸ਼ਰਾਬੀ ਕਹਿਣ ਵਾਲਿਆਂ ਨੂੰ ਭਗਵੰਤ ਮਾਨ ਦਾ ਮੋੜਵਾਂ ਜਵਾਬ

**ਸੰਗਰੂਰ:** ਆਮ ਆਦਮੀ ਪਾਰਟੀ ਦੇ ਸੰਸਦ ਮੈਂਬਰ ਭਗਵੰਤ ਮਾਨ ਨੇ ਆਖਿਆ ਕਿ ਵਿਰੋਧੀਆਂ ਵੱਲੋਂ ਸ਼ਰਾਬ ਦੇ ਨਾਮ 'ਤੇ ਉਸ ਨੂੰ ਬਦਨਾਮ ਕੀਤਾ ਜਾ ਰਿਹਾ ਹੈ, ਕਿਉਂਕਿ ਵੱਡੇ ਸਿਆਸੀ ਘਰਾਣਿਆਂ



ਨੂੰ ਇਹ ਗੱਲ ਹਜ਼ਮ ਨਹੀਂ ਹੋ ਰਹੀ ਕਿ ਇਕ ਆਮ ਪਰਿਵਾਰ ਦਾ ਮੁੰਡਾ ਜਿੱਤ ਕੇ ਰਾਜਨੀਤੀ ਵਿਚ ਕਿਵੇਂ ਆ ਗਿਆ। ਉਨ੍ਹਾਂ ਕਿਹਾ ਕਿ ਉਸ ਨੇ ਵੱਡੇ ਸਿਆਸੀ ਘਰਾਣਿਆਂ ਵਾਂਗ ਪੰਜਾਬ ਦੇ ਲੋਕਾਂ ਦਾ ਖੂਨ ਨਹੀਂ ਪੀਤਾ। ਸਗੋਂ ਜੇ ਉਹ ਸ਼ਰਾਬ ਪੀਂਦਾ ਵੀ ਸੀ ਤਾਂ ਆਪਣੀ ਜੇਬੋਂ ਪੀਂਦਾ ਸੀ।

ਉਨ੍ਹਾਂ ਕਿਹਾ ਕਿ ਸੁਖਬੀਰ ਸਿੰਘ ਬਾਦਲ ਅਤੇ ਬਿਕਰਮ ਸਿੰਘ ਮਜੀਠੀਆ ਉਸ ਨੂੰ ਬਦਨਾਮ ਕਰਨ 'ਤੇ ਤੁਲੇ ਹੋਏ ਹਨ। ਉਨ੍ਹਾਂ ਦੋਸ਼ ਲਾਇਆ ਕਿ ਅਕਾਲੀ ਅਤੇ ਕਾਂਗਰਸੀ ਸੋਸ਼ਲ ਮੀਡੀਆ ਉੱਤੇ ਜਾਅਲੀ ਆਈਡੀ ਜਾਂ ਗਰੁੱਪ ਬਣਾ ਕੇ ਆਮ ਆਦਮੀ ਪਾਰਟੀ ਨੂੰ ਬਦਨਾਮ ਕਰ ਰਹੇ ਹਨ। ਸ੍ਰੀ ਮਾਨ ਨੇ ਸੁਖਬੀਰ ਬਾਦਲ ਵੱਲੋਂ ਪੁਲਿਸ ਅਧਿਕਾਰੀਆਂ ਨੂੰ ਧਮਕਾਉਣ ਦਾ ਗੰਭੀਰ ਨੋਟਿਸ ਲੈਂਦਿਆਂ ਕਿਹਾ ਕਿ ਬਾਦਲ ਭੁੱਲ ਗਏ ਹਨ ਕਿ ਅਕਾਲੀ ਸਰਕਾਰ ਵੇਲੇ ਕਿੰਨੇ ਝੂਠੇ ਕੇਸ ਦਰਜ ਹੋਏ ਸਨ।

ਸੰਸਦ ਮੈਂਬਰ ਨੇ ਦੱਸਿਆ ਕਿ 16 ਫਰਵਰੀ ਨੂੰ ਮਾਲੇਰਕੋਟਲਾ ਵਿਖੇ ਖੇਤਰੀ ਪਾਸਪੋਰਟ ਦਫਤਰ ਖੁੱਲ੍ਹ ਜਾਵੇਗਾ, ਜਿਸ ਬਾਰੇ ਕੇਂਦਰੀ ਵਿਦੇਸ਼ ਮੰਤਰਾਲੇ ਵੱਲੋਂ ਮਨਜ਼ੂਰੀ ਮਿਲ ਚੁੱਕੀ ਹੈ ਅਤੇ ਪਾਸਪੋਰਟ ਦਫਤਰ ਵਾਸਤੇ ਥਾਂ ਦਾ ਵੀ ਪ੍ਰਬੰਧ ਕਰ ਲਿਆ ਗਿਆ ਹੈ। ਪਾਸਪੋਰਟ ਦਫਤਰ ਖੁੱਲ੍ਹਣ ਨਾਲ ਸੰਗਰੂਰ ਲੋਕ ਸਭਾ ਹਲਕੇ ਦੇ ਲੋਕਾਂ ਨੂੰ ਵੱਡੀ ਰਾਹਤ ਮਿਲੇਗੀ।

ਪੰਜਾਬ ਵਿਧਾਨ ਸਭਾ 'ਚ ਵਿਰੋਧੀ ਧਿਰ ਦੇ ਆਗੂ ਹਰਪਾਲ ਸਿੰਘ ਚੀਮਾ ਨੇ ਕਿਹਾ ਹੈ ਕਿ ਸੋਸ਼ਲ ਮੀਡੀਆ 'ਤੇ ਜਾਅਲੀ ਆਈਡੀ ਬਣਾ ਕੇ ਪਾਰਟੀ ਨੂੰ ਢਾਹ ਲਾਉਣ ਵਾਲਿਆਂ ਖਿਲਾਫ ਉਹ ਪੰਜਾਬ ਪੁਲਿਸ ਦੇ ਮੁਖੀ ਨੂੰ ਮਿਲ ਕੇ ਇਸ ਮਾਮਲੇ ਦੀ ਜਾਂਚ ਕਰਵਾਉਣਗੇ।

# ਨਵਜੋਤ ਕੌਰ ਸਿੱਧੂ ਤੇ ਤਿਵਾੜੀ ਨੇ ਠੋਕੀ ਚੰਡੀਗੜ੍ਹ ਸੀਟ 'ਤੇ ਦਾਅਵੇਦਾਰੀ

**ਚੰਡੀਗੜ੍ਹ:** ਪੰਜਾਬ ਵਜ਼ਾਰਤ ਵਿਚ ਮੰਤਰੀ ਨਵਜੋਤ ਸਿੰਘ ਸਿੱਧੂ ਦੀ ਪਤਨੀ ਅਤੇ ਪੰਜਾਬ ਦੀ ਸਾਬਕਾ ਮੁੱਖ ਪਾਰਲੀਮਾਨੀ ਸਕੱਤਰ ਡਾ. ਨਵਜੋਤ ਕੌਰ ਸਿੱਧੂ ਨੇ ਅੰਮ੍ਰਿਤਸਰ ਹਲਕੇ ਨੂੰ ਛੱਡ ਕੇ ਲੋਕ ਸਭਾ ਹਲਕਾ ਚੰਡੀਗੜ੍ਹ ਤੋਂ ਉਮੀਦਵਾਰ ਵਜੋਂ ਆਪਣੀ ਦਾਅਵੇਦਾਰੀ ਪੇਸ਼ ਕਰ ਕੇ ਸਿਆਸੀ ਹਲਚਲ ਮਚਾ ਦਿੱਤੀ ਹੈ। ਉਧਰ, ਸਾਬਕਾ ਕੇਂਦਰੀ ਮੰਤਰੀ ਮਨੀਸ਼ ਤਿਵਾੜੀ ਵੱਲੋਂ ਪੇਸ਼ ਸੱਜਰੇ ਦਾਅਵੇ ਨਾਲ ਚੰਡੀਗੜ੍ਹ ਸੰਸਦੀ ਸੀਟ ਤੋਂ ਟਿਕਟ ਲਈ ਕੋਈ ਧੜਾ ਨਹੀਂ ਹੈ।

ਸ੍ਰੀਮਤੀ ਸਿੱਧੂ ਨੇ ਦਾਅਵਾ ਕੀਤਾ ਕਿ ਜੇ ਹਾਈਕਮਾਂਡ ਚੰਡੀਗੜ੍ਹ ਤੋਂ ਉਨ੍ਹਾਂ ਨੂੰ ਟਿਕਟ ਦੇਵੇਗੀ ਤਾਂ ਸ੍ਰੀ ਬਾਂਸਲ ਉਨ੍ਹਾਂ ਨੂੰ ਸਮਰਥਨ ਜ਼ਰੂਰ ਦੇਣਗੇ ਅਤੇ ਜੇ ਸ੍ਰੀ ਬਾਂਸਲ ਨੂੰ ਟਿਕਟ ਮਿਲੀ ਤਾਂ ਉਹ ਵੀ ਉਨ੍ਹਾਂ ਦਾ ਖੁੱਲ੍ਹ ਕੇ ਸਮਰਥਨ ਕਰਨਗੇ। ਉਨ੍ਹਾਂ ਚੰਡੀਗੜ੍ਹ ਦੀ ਮੌਜੂਦਾ ਸੰਸਦ ਮੈਂਬਰ ਕਿਰਨ ਖੇਰ ਉਪਰ ਵਰ੍ਹਦਿਆਂ ਕਿਹਾ ਕਿ ਉਹ ਸ਼ਹਿਰ ਵਿਚ ਹੋਰ ਤਾਂ ਕੁਝ ਨਹੀਂ ਕਰਵਾ ਸਕੀ ਘੱਟੋ-ਘੱਟ





ਫਿਲਮੀ ਹਸਤੀ ਹੋਣ ਕਾਰਨ ਇਥੇ ਫਿਲਮ ਸਿਟੀ ਹੀ ਬਣਵਾ ਦਿੰਦੇ। ਇਸ ਮੌਕੇ ਪਵਨ ਬਾਂਸਲ ਨੇ ਕਿਹਾ ਕਿ ਉਹ ਲੰਮੇ ਸਮੇਂ ਤੋਂ ਪਾਰਟੀ ਲਈ ਕੰਮ ਕਰ ਰਹੇ ਹਨ ਅਤੇ ਉਨ੍ਹਾਂ ਨੂੰ ਪੂਰੀ ਆਸ ਹੈ ਕਿ ਹਾਈਕਮਾਂਡ ਉਨ੍ਹਾਂ ਨੂੰ ਹੀ ਟਿਕਟ ਦੇਵੇਗੀ।

ਕਾਂਗਰਸ ਵਿਚਾਲੇ ਤਿੰਨ ਧਿਰੀ ਮੁਕਾਬਲੇ ਦੇ ਆਸਾਰ ਬਣ ਸਕਦੇ ਹਨ। ਤੀਜੇ ਦਾਅਵੇਦਾਰ ਸਾਬਕਾ ਕੇਂਦਰੀ ਮੰਤਰੀ ਪਵਨ ਕੁਮਾਰ ਬਾਂਸਲ ਹਨ। ਸ੍ਰੀਮਤੀ ਸਿੱਧੂ ਨੇ ਜਿਸ ਤਰੀਕੇ ਨਾਲ ਚੰਡੀਗੜ੍ਹ ਵਿਚ ਦਸਤਕ ਦਿੱਤੀ ਹੈ, ਉਸ ਤੋਂ ਇਕ ਗੱਲ ਤਾਂ ਸਪਸ਼ਟ ਹੈ ਕਿ ਸਿੱਧੂ ਜੋੜੀ ਨੇ ਕਾਂਗਰਸ ਦੇ ਕੌਮੀ ਪ੍ਰਧਾਨ ਰਾਹੁਲ ਗਾਂਧੀ ਅਤੇ ਉਨ੍ਹਾਂ ਦੀ ਭੈਣ ਪ੍ਰਿਯੰਕਾ ਗਾਂਧੀ ਵਾਡਰਾ ਨਾਲ ਆਪਣੀਆਂ ਨਜ਼ਦੀਕੀਆਂ ਦਾ ਲਾਭ ਉਠਾ ਲਿਆ ਹੈ।

ਸ੍ਰੀਮਤੀ ਨਵਜੋਤ ਕੌਰ ਸਿੱਧੂ 26 ਜਨਵਰੀ ਨੂੰ ਗਣਤੰਤਰ ਦਿਵਸ ਮੌਕੇ ਚੰਡੀਗੜ੍ਹ ਵਿਚ ਸਨ। ਉਨ੍ਹਾਂ ਸੀਨੀਅਰ ਕਾਂਗਰਸੀ ਆਗੂ ਤੇ ਸਾਬਕਾ ਕੇਂਦਰੀ ਮੰਤਰੀ ਪਵਨ ਕੁਮਾਰ ਬਾਂਸਲ ਦੇ ਬਾਗੀ ਧੜੇ ਦੀ ਅਗਵਾਈ ਕਰ ਰਹੀ ਸਾਬਕਾ ਮੇਅਰ ਪੂਨਮ ਸ਼ਰਮਾ ਵੱਲੋਂ ਧਨਾਸ ਕਲੋਨੀ ਵਿਚ ਰੱਖੇ ਸਮਾਗਮ ਵਿਚ ਸ਼ਮੂਲੀਅਤ ਕੀਤੀ। ਸ੍ਰੀਮਤੀ ਸਿੱਧੂ ਨੇ ਇਸ ਮੌਕੇ ਕਿਹਾ ਕਿ ਪੰਜਾਬ ਵਿਚ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ, ਪੰਜਾਬ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਅਤੇ ਸੰਸਦ ਮੈਂਬਰ ਪ੍ਰਤਾਪ ਸਿੰਘ ਬਾਜਵਾ ਵਿਚਕਾਰ ਧੜੇਬੰਦੀਆਂ ਚਲਦੀਆਂ ਆ ਰਹੀਆਂ ਹਨ, ਜਿਸ ਕਾਰਨ ਉਹ ਪੰਜਾਬ ਛੱਡ ਕੇ ਚੰਡੀਗੜ੍ਹ ਤੋਂ ਲੋਕ ਸਭਾ ਦੀ ਚੋਣ ਲੜਨਾ ਚਾਹੁੰਦੀ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਪਤੀ ਤੇ ਮੰਤਰੀ ਨਵਜੋਤ ਸਿੰਘ ਸਿੱਧੂ ਦਾ ਪੰਜਾਬ ਵਿਚ


## ਅਵਾਰਾ ਕੁੱਤਿਆਂ ਨੇ ਨੋਚ ਨੋਚ ਕੇ ਖਾਧਾ ਮਾਸੂਮ ਬੱਚਾ

**ਨਾਭਾ:** ਪ੍ਰਸ਼ਾਸਨ ਦੀ ਵੱਡੀ ਅਣਗਹਿਲੀ ਕਾਰਨ ਹਲਕਾ ਨਾਭਾ ਦੇ ਪਿੰਡ ਮੈਹਸ ਨਜ਼ਦੀਕ ਭੱਠੇ 'ਤੇ ਕੰਮ ਕਰਦੇ ਪਰਵਾਸੀ ਮਜ਼ਦੂਰਾਂ ਦਾ ਇਕ ਹੋਰ 10 ਸਾਲਾ ਬੱਚਾ ਧੀਰਜ ਕੁਮਾਰ ਆਵਾਰਾ ਖੂੰਖਾਰ ਕੁੱਤਿਆਂ ਨੇ ਨੋਚ-ਨੋਚ ਕੇ ਮਾਰ ਮੁਕਾਇਆ।

ਇਹ ਬੱਚਾ ਆਪਣੇ 3 ਹੋਰ ਸਾਥੀਆਂ ਸਣੇ ਪਤੰਗ ਲੁੱਟਣ ਲਈ ਗਿਆ ਸੀ, ਜਿਥੇ ਹੱਡਾ ਰੋੜੀ ਕੋਲ 12 ਦੇ ਕਰੀਬ ਕੁੱਤਿਆਂ ਨੇ ਬੱਚੇ ਨੂੰ ਆਪਣਾ ਸ਼ਿਕਾਰ ਬਣਾ ਲਿਆ। ਲੋਕਾਂ ਨੇ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਇਸ ਸਬੰਧੀ ਕੋਈ ਠੋਸ ਕਦਮ ਚੁੱਕ ਆਵਾਰਾ ਕੁੱਤਿਆਂ ਦਾ ਹੱਲ ਕੀਤਾ ਜਾਵੇ। ਪਿੰਡ ਮੈਹਸ ਦੇ ਸਰਪੰਚ ਦਵਿੰਦਰ ਸਿੰਘ ਮੌਲ਼ੀ ਤੇ ਭੱਠਾ ਮਾਲਕ ਕ੍ਰਿਸ਼ਨ ਕੁਮਾਰ ਨੇ ਕਿਹਾ ਕਿ ਪਹਿਲਾਂ ਵੀ ਪ੍ਰਸ਼ਾਸਨ ਨੂੰ ਜਾਣੂ ਕਰਵਾਇਆ ਗਿਆ ਸੀ, ਪਰ ਕੋਈ ਕਦਮ ਨਹੀਂ ਚੁੱਕਿਆ ਗਿਆ।

# ਭਾਜਪਾ ਦੇ ਗੁਬਾਰੇ 'ਚ ਪਹਿਲਾਂ ਵਾਲੀ ਹਵਾ ਨਹੀਂ ਰਹੀ!

## ਸਿਆਸਤ ਦਾ ਪਿੜ




ਜਤਿੰਦਰ ਪਨੂੰ
ਫੋਨ: 91-98140-68455

ਜਿਵੇਂ ਹਮੇਸ਼ਾ ਤੋਂ ਹੁੰਦਾ ਆਇਆ ਹੈ, ਇਸ ਵਾਰ ਵੀ ਚੋਣਾਂ ਨੇੜੇ ਆਈਆਂ ਵੇਖ ਕੇ ਦੋ ਗੱਲਾਂ ਦੀ ਚਰਚਾ ਪੂਰੇ ਜ਼ੋਰ ਨਾਲ ਚੱਲ ਪਈ ਹੈ। ਇੱਕ ਚਰਚਾ ਤਾਂ ਚੋਣ ਸਰਵੇਖਣਾਂ ਦੀ ਹੈ ਤੇ ਦੂਜੀ ਵੋਟਾਂ ਪਾਉਣ ਦੇ ਪ੍ਰਬੰਧ ਦੀ। ਦੋਹਾਂ ਮੁੱਦਿਆਂ ਦੀ ਚਰਚਾ ਵਿਚੋਂ ਅੱਜ ਤੱਕ ਕਦੇ ਕੁਝ ਨਿਕਲਿਆ ਨਹੀਂ ਤੇ ਇਸ ਵਾਰੀ ਵੀ ਕੁਝ ਨਿਕਲਣ ਦੀ ਆਸ ਨਹੀਂ ਜਾਪਦੀ। ਫਿਰ ਵੀ ਇਹ ਮੁੱਦੇ ਆਮ ਲੋਕਾਂ ਦਾ ਧਿਆਨ ਮੱਲੀ ਰੱਖਦੇ ਹਨ ਅਤੇ ਚਿੱਤ ਤੇ ਚੇਤੇ-ਦੋਹਾਂ 'ਚੋਂ ਨਹੀਂ ਨਿਕਲਦੇ।

ਪਹਿਲੀ ਚਰਚਾ ਇਸ ਵਕਤ ਭਾਰੂ ਹੈ ਵੋਟਿੰਗ ਮਸ਼ੀਨਾਂ ਬਾਰੇ। ਇੰਗਲੈਂਡ ਵਿਚ ਕੀਤੇ ਪ੍ਰੋਗਰਾਮ ਦੌਰਾਨ ਇੱਕ ਜਣੇ ਨੇ ਆਪਣੇ ਆਪ ਨੂੰ ਅਮਰੀਕਾ ਵਿਚ ਰਹਿੰਦਾ ਦੱਸ ਕੇ ਇਹ ਦਾਅਵਾ ਕੀਤਾ ਹੈ ਕਿ ਚਾਰ ਸਾਲ ਪਹਿਲਾਂ ਦੀਆਂ ਲੋਕ ਸਭਾ ਚੋਣਾਂ ਵੇਲੇ ਵੋਟਿੰਗ ਮਸ਼ੀਨਾਂ ਦੀ ਹੈਕਿੰਗ ਹੋਈ ਸੀ, ਜਦੋਂ ਨਰਿੰਦਰ ਮੋਦੀ ਪ੍ਰਧਾਨ ਮੰਤਰੀ ਬਣੇ ਸਨ। ਆਪਣੀ ਗੱਲ ਨੂੰ ਅੱਗੇ ਵਧਾਉਂਦਿਆਂ ਉਸ ਨੇ ਇਹ ਵੀ ਆਖ ਦਿੱਤਾ ਕਿ ਸੀਨੀਅਰ ਭਾਜਪਾ ਆਗੂ ਤੇ ਕੇਂਦਰੀ ਮੰਤਰੀ ਗੋਪੀ ਨਾਥ ਦੇ ਮੁੰਡੇ ਨੂੰ ਇਸ ਦੀ ਕੁਝ ਸੂਹ ਲੱਗ ਗਈ ਸੀ, ਜਿਸ ਦੇ ਕੁਝ ਦਿਨ ਬਾਅਦ ਇੱਕ ਸ਼ੱਕੀ ਸੜਕ ਹਾਦਸੇ ਵਿਚ ਉਸ ਦੀ ਮੌਤ ਹੋ ਗਈ ਸੀ ਤੇ ਉਸ ਦੇ ਬਾਅਦ ਹਾਦਸੇ ਦੀ ਜਾਂਚ ਕਰਨ ਵਾਲੇ ਅਫਸਰ ਦੀ ਮੌਤ ਹੋ ਗਈ ਸੀ।

ਇਹ ਬੜਾ ਸੰਗੀਨ ਦੋਸ਼ ਸੀ। ਭਾਜਪਾ ਵੱਲੋਂ ਹਰ ਆਗੂ ਇੱਕੋ ਗੱਲ 'ਤੇ ਜ਼ੋਰ ਦੇਣ ਲੱਗ ਪਿਆ ਕਿ ਏਦਾਂ ਦੇ ਖੁਲਾਸੇ ਕਰਨ ਵੇਲੇ ਉਥੇ ਕਾਂਗਰਸੀ ਆਗੂ ਕਪਿਲ ਸਿੱਬਲ ਦਾ ਹੋਣਾ ਦੱਸਦਾ ਹੈ ਕਿ ਦੋਸ਼ ਹਵਾਈ ਹਨ ਤੇ ਕਾਂਗਰਸੀ ਨੀਤੀ ਨਾਲ ਲੱਗੇ ਨਹੀਂ, ਇਹ ਲਵਾਏ ਗਏ ਹਨ। ਕਪਿਲ ਸਿੱਬਲ ਦਾ ਉਥੇ ਹੋਣਾ ਵੱਖਰੀ ਗੱਲ ਹੈ, ਉਸ ਨਾਲ ਸਿਆਸੀ ਆਢਾ ਭਾਜਪਾ ਵਾਲੇ ਲਾਈ ਰੱਖਣ, ਪਰ ਸਵਾਲ ਦੋਸ਼ਾਂ ਦਾ ਆਉਂਦਾ ਹੈ ਤਾਂ ਚੋਣ ਕਮਿਸ਼ਨ ਦੇ ਮੁਖੀ ਨੂੰ ਏਦਾਂ ਦੀ ਬੋਲੀ ਨਹੀਂ ਬੋਲਣੀ ਚਾਹੀਦੀ ਕਿ ਉਹ ਭਾਜਪਾ ਦੀ ਚੋਣ ਏਜੰਸੀ ਵਾਂਗ ਇੱਕ ਪੱਖ ਲੈਂਦਾ ਜਾਪਣ ਲੱਗ ਪਵੇ।

ਹਕੀਕਤਾਂ ਦਾ ਖਿਆਲ ਰੱਖ ਕੇ ਬੋਲਣਾ ਹੋਵੇ ਤਾਂ ਇਹ ਗੱਲ ਰਿਕਾਰਡ 'ਤੇ ਹੈ ਕਿ ਚੋਣਾਂ ਤੋਂ ਪਹਿਲਾਂ ਦੋ ਵਾਰ, ਤੇ ਇਹ ਗੱਲ ਵੀ ਨੋਟ ਕਰਨ ਵਾਲੀ ਹੈ ਕਿ ਦੋਵੇਂ ਵਾਰ, ਉਨ੍ਹਾਂ ਰਾਜਾਂ ਵਿਚ ਇਨ੍ਹਾਂ ਮਸ਼ੀਨਾਂ ਨੂੰ ਭਾਜਪਾ ਦੇ ਪੱਖ ਵਿਚ ਨਤੀਜੇ ਦਿੰਦੇ ਵੇਖਿਆ ਗਿਆ ਹੈ, ਜਿੱਥੇ ਭਾਜਪਾ ਸਰਕਾਰ ਸੀ। ਅਪਰੈਲ 2017 ਵਿਚ ਇਹ ਦੋ ਘਟਨਾਵਾਂ ਮੱਧ ਪ੍ਰਦੇਸ਼ ਦੇ ਭਿੰਡ ਅਤੇ ਰਾਜਸਥਾਨ ਦੇ ਧੌਲਪੁਰ ਵਿਚ ਵਾਪਰੀਆਂ ਸਨ। ਧੌਲਪੁਰ ਉਸ ਵਕਤ ਰਾਜਸਥਾਨ ਵਿਚ ਰਾਜ ਕਰਦੀ ਭਾਜਪਾ ਮੁੱਖ ਮੰਤਰੀ ਵਸੁੰਧਰਾ ਰਾਜੇ ਦਾ ਆਪਣਾ ਜ਼ਿਲਾ ਹੈ। ਉਹ ਉਥੋਂ ਦੇ ਰਾਜ ਪਰਿਵਾਰ ਦੀ ਨੂੰਹ ਹੈ। ਦੋਵੇਂ ਥਾਂਈਂ ਜਦੋਂ ਇਸ ਮਸ਼ੀਨ ਦੇ ਪ੍ਰਦਰਸ਼ਨ ਵੇਲੇ ਵੋਟ ਦਾ ਬਟਨ ਦੱਬਿਆ ਗਿਆ ਤਾਂ ਵੋਟ ਭਾਜਪਾ ਦੇ ਖਾਤੇ ਵਿਚ ਜਾਂਦੀ ਰਹੀ ਸੀ। ਭਾਜਪਾ ਦੀ ਵੋਟ ਕਿਸੇ ਹੋਰ ਧਿਰ ਦੇ ਖਾਤੇ ਵਿਚ ਕਿਉਂ ਨਹੀਂ ਸੀ ਗਈ ਤੇ ਸਿਰਫ ਭਾਜਪਾ ਦੇ ਖਾਤੇ ਵਿਚ ਕਿਉਂ ਗਈ ਸੀ, ਸਮੁੱਚੇ ਚੋਣ ਤੰਤਰ ਦੇ ਕਿਸੇ ਅਧਿਕਾਰੀ ਨੇ ਇਸ ਦਾ ਕਦੇ ਸਪੱਸ਼ਟੀਕਰਨ ਨਹੀਂ ਸੀ ਦਿੱਤਾ।



ਅਸੀਂ ਉਨ੍ਹਾਂ ਨਾਲ ਖੜ੍ਹੇ ਨਹੀਂ ਹੋਣਾ ਚਾਹੁੰਦੇ, ਜੋ ਆਪਣੀਆਂ ਸਿਆਸੀ ਲੋੜਾਂ ਲਈ ਵੋਟਿੰਗ ਮਸ਼ੀਨਾਂ ਨੂੰ ਭੰਡਣ ਤੇ ਸਲਾਹੁਣ ਲਈ ਪੱਖ ਬਦਲਦੇ ਹਨ, ਪਰ ਇਹ ਗੱਲ ਕਹਿ ਸਕਦੇ ਹਾਂ ਕਿ ਮਸ਼ੀਨਾਂ ਸ਼ੱਕ ਤੋਂ ਪਰੇ ਨਹੀਂ ਜਾਪਦੀਆਂ।

ਦੂਜਾ ਮਾਮਲਾ ਚੋਣ ਸਰਵੇਖਣਾਂ ਦਾ ਹੈ, ਜਿਨ੍ਹਾਂ ਬਾਰੇ ਅਸੀਂ ਇਹ ਸਮਝਦੇ ਹਾਂ ਕਿ ਚੋਣਾਂ ਤੋਂ ਪਹਿਲਾਂ ਤਾਂ ਕੀ, ਇਹ ਵੋਟਾਂ ਪਾਏ ਜਾਣ ਤੋਂ ਪਹਿਲੀ ਸ਼ਾਮ ਤੱਕ ਵੀ ਬਹੁਤੀ ਵਾਰ ਵੋਟਰਾਂ ਨੂੰ ਇੱਕ ਜਾਂ ਦੂਜੀ ਧਿਰ ਦੇ ਪੱਖ ਵਿਚ ਪ੍ਰੇਰਨ ਦੇ ਲਈ ਪੇਸ਼ ਕੀਤੇ ਜਾਂਦੇ ਹਨ। ਫਿਰ ਵੀ ਸਾਰੇ ਸਰਵੇਖਣਾਂ ਬਾਰੇ ਇੱਕੋ ਗੱਲ ਨਹੀਂ ਕਹੀ ਜਾ ਸਕਦੀ। ਇਨ੍ਹਾਂ ਨੂੰ ਗਹੁ ਨਾਲ ਵੇਖੀਏ ਤਾਂ ਪੂਰੀ ਸੱਚਾਈ ਫਿਰ ਵੀ ਨਾ ਸਹੀ, ਸੱਚਾਈ ਦੀ ਕੁਝ ਨਾ ਕੁਝ ਝਲਕ ਮਿਲ ਜਾਂਦੀ ਹੈ। ਇਹ ਝਲਕ ਅਗਲੇ ਮਹੀਨਿਆਂ ਦੌਰਾਨ ਹੋਣ ਵਾਲੀਆਂ ਲੋਕ ਸਭਾ ਚੋਣਾਂ ਬਾਰੇ ਵੀ ਮਿਲਣ ਲੱਗ ਪਈ ਹੈ। ਸਭ ਤੋਂ ਤਾਜ਼ਾ ਸਰਵੇਖਣ ਜੋ ਚੈਨਲ ਨੇ ਪੇਸ਼ ਕੀਤਾ ਹੈ, ਉਹ ਕਦੀ ਭਾਰਤੀ ਜਨਤਾ ਪਾਰਟੀ ਵਾਲਿਆਂ ਦੇ ਨੇੜੇ ਸਮਝਿਆ ਜਾਂਦਾ ਸੀ ਅਤੇ ਕਦੀ ਭਾਜਪਾ ਤੇ ਆਰ. ਐਸ. ਐਸ. ਦੇ ਸਮਰਥਕਾਂ ਦੇ ਹਮਲੇ ਦਾ ਸ਼ਿਕਾਰ ਵੀ ਹੋ ਚੁਕਾ ਹੈ।

ਜਦੋਂ ਇਹ ਸਮਝਿਆ ਜਾਂਦਾ ਸੀ ਕਿ ਭਾਰਤ ਵਿਚ ਭਾਜਪਾ ਦੇ ਆਗੂ ਨਰਿੰਦਰ ਮੋਦੀ ਦਾ ਰੱਥ ਅੱਗੇ ਵਧਦਾ ਜਾ ਰਿਹਾ ਹੈ, ਇਸ ਨੇ ਉਦੋਂ ਇਸ ਰੱਥ ਨਾਲ ਤੁਰੇ ਰਹਿਣਾ ਠੀਕ ਜਾਣਿਆ ਸੀ ਤੇ ਜਦੋਂ ਇਸ ਵੇਲੇ ਇਹ ਦਿੱਸ ਰਿਹਾ ਹੈ ਕਿ ਚੋਣਾਂ ਸਿਰ 'ਤੇ ਹਨ ਤੇ ਨਕਸ਼ਾ ਪਲਟਣ ਦੀ ਘਟਨਾ ਵਾਪਰ ਵੀ ਸਕਦੀ ਹੈ ਤਾਂ ਉਸ ਨੇ ਲੋਕਾਂ ਦਾ ਮੂਡ ਪੇਸ਼ ਕਰ ਦਿੱਤਾ ਹੈ। ਲੋਕਾਂ ਦਾ ਮੂਡ ਦੱਸਦਾ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਇਸ ਵਕਤ ਆਪਣਾ ਘਟਦਾ ਪ੍ਰਭਾਵ ਰੋਕਣ ਤੋਂ ਅਸਮਰਥ ਹਨ ਤੇ ਭਾਜਪਾ ਹਰ ਪਲ ਥੋੜ੍ਹੀ-ਥੋੜ੍ਹੀ ਪਿੱਛੇ ਖਿਸਕਦੀ ਜਾਂਦੀ ਹੈ ਤੇ ਉਸ ਦੇ ਵਿਰੋਧ ਵਾਲਿਆਂ ਦਾ ਕਿਸੇ ਥਾਂ ਇਕੱਠਾ ਤੇ ਕਿਸੇ ਥਾਂ ਵੱਖੋ-ਵੱਖਰਾ ਜੋੜ ਇਸ 'ਤੇ ਭਾਰੂ ਹੁੰਦਾ ਜਾਪਦਾ ਹੈ।

ਇਸ ਨੂੰ ਇੱਕ ਹੋਰ ਤਰੀਕੇ ਨਾਲ ਸਮਝਿਆ ਜਾ ਸਕਦਾ ਹੈ ਤੇ ਉਹ ਤਰੀਕਾ ਭਾਰਤ ਦੀਆਂ ਜਾਂਚ ਤੇ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਦੇ ਵਿਹਾਰ ਨਾਲ ਬੱਝਾ ਹੈ। ਉਤਰ ਪ੍ਰਦੇਸ਼ ਦੀ ਰਾਜ ਸਰਕਾਰ ਪੰਜਾਬ ਦੇ ਨਾਲ ਮਾਰਚ 2017 ਵਿਚ ਬਦਲ ਗਈ ਸੀ ਤੇ ਤਿੰਨ ਮਹੀਨੇ ਬਾਅਦ ਜੂਨ ਵਿਚ ਉਥੇ ਰਿਵਰ ਫਰੰਟ ਪ੍ਰਾਜੈਕਟ ਵਿਚ ਭ੍ਰਿਸ਼ਟਾਚਾਰ ਦਾ ਮੁੱਖ ਕੇਸ ਦਰਜ ਕੀਤਾ ਗਿਆ ਸੀ। ਪੌਣੇ ਦੋ ਸਾਲ ਇਸ ਕੇਸ ਵਿਚ ਕੋਈ ਖਾਸ ਕਰਵਾਈ ਨਹੀਂ ਹੋਈ ਤੇ ਜਿਸ ਦਿਨ ਅਖਿਲੇਸ਼ ਸਿੰਘ ਤੇ ਮਾਇਆਵਤੀ ਨੇ ਚੋਣ ਗੱਠਜੋੜ ਕੀਤਾ ਤੇ ਪਹਿਲੇ ਸਰਵੇਖਣ ਵਿਚ ਉਥੇ ਭਾਜਪਾ ਦੀਆਂ ਸੀਟਾਂ 72 ਦੀ ਥਾਂ ਸਿਰਫ 28 ਰਹਿ ਜਾਣ ਦੀ ਗੱਲ ਜ਼ਰਾ ਬਾਹਰ ਆਈ, ਉਸੇ ਰਾਤ ਇਸ ਕੇਸ ਬਾਰੇ ਸੀ. ਬੀ. ਆਈ. ਵੱਲੋਂ ਛਾਪੇ ਮਾਰਨੇ ਸ਼ੁਰੂ ਕਰ ਦਿੱਤੇ ਗਏ।

ਸੋਨੀਆ ਗਾਂਧੀ ਦੇ ਦਾਮਾਦ ਰਾਬਰਟ ਵਾਡਰਾ ਦੇ ਖਿਲਾਫ ਸਕਾਈਲਾਈਟ ਹਾਸਪਿਟੈਲਿਟੀ ਦਾ ਕੇਸ ਕਰੀਬ ਸੱਤ ਸਾਲ ਪੁਰਾਣਾ ਹੈ, ਉਦੋਂ ਦੀ ਕਦੇ ਪੁੱਛਗਿੱਛ ਨਹੀਂ ਸੀ ਹੋਈ ਤੇ ਜਿਸ ਦਿਨ ਪ੍ਰਿਅੰਕਾ ਗਾਂਧੀ ਨੂੰ ਕਾਂਗਰਸ ਨੇ ਉਤਰ ਪ੍ਰਦੇਸ਼ ਦੇ ਪੂਰਵਾਂਚਲ ਇਲਾਕੇ ਦੀ ਕਮਾਂਡ ਦੇ ਕੇ ਤੋਰ ਲਿਆ, ਰਾਤੋ-ਰਾਤ ਰਾਬਰਟ ਵਾਡਰਾ ਨੂੰ ਫਰਵਰੀ ਵਿਚ ਪੇਸ਼ੀ ਦਾ ਸੰਮਨ ਜਾਰੀ ਹੋਣ ਦੀ ਖਬਰ ਵੀ ਮੀਡੀਏ ਵਿਚ ਆ ਗਈ।

ਭੁਪਿੰਦਰ ਸਿੰਘ ਹੁੱਡਾ ਦਸ ਸਾਲ ਹਰਿਆਣੇ ਦਾ ਮੁੱਖ ਮੰਤਰੀ ਰਹਿ ਕੇ ਅਕਤੂਬਰ 2014 ਦੀਆਂ ਚੋਣਾਂ ਵਿਚ ਆਪਣੀ ਪਾਰਟੀ ਦੀ ਹਾਰ ਪਿੱਛੋਂ ਗੱਦੀ ਛੱਡ ਗਿਆ, ਉਸ ਉਤੇ ਦੋ ਮਹੀਨੇ ਬਾਅਦ ਹੀ ਕੇਸ ਬਣਨ ਲੱਗ ਪਏ, ਪਰ ਜਦੋਂ ਚੋਣਾਂ ਵਾਲੀ ਕੜਾਹੀ ਚੜ੍ਹਨ ਦਾ ਸਮਾਂ ਆਇਆ ਤਾਂ ਉਸ ਬਾਰੇ ਜਾਂਚ ਵਾਲੀ ਫਾਈਲ ਇਸ ਹਫਤੇ ਕੱਢੀ ਗਈ ਅਤੇ ਛਾਪੇ ਵੱਜਣੇ ਸ਼ੁਰੂ ਹੋ ਗਏ ਹਨ। ਕੁਝ ਹੋਰ ਰਾਜਾਂ ਵਿਚੋਂ ਵੀ ਅਜਿਹੇ ਹੀ ਦੱਬੇ ਮੁਰਦੇ ਪੁੱਟੇ ਜਾਣ ਅਤੇ ਚੋਣਾਂ ਨੇੜੇ ਪਹੁੰਚ ਕੇ ਉਨ੍ਹਾਂ ਉਤੇ ਕਾਹਲ ਭਰੀ ਕਾਰਵਾਈ ਦੀਆਂ ਖਬਰਾਂ ਆ ਰਹੀਆਂ ਹਨ।

ਸਿਰਫ ਨਰਿੰਦਰ ਮੋਦੀ ਸਰਕਾਰ ਦੀ ਗੱਲ ਨਹੀਂ, ਸਾਡੇ ਕੋਲ ਪਿਛਲੀਆਂ ਕਾਂਗਰਸ ਪਾਰਟੀ ਦੀ ਅਗਵਾਈ ਵਾਲੀਆਂ ਸਰਕਾਰਾਂ ਦਾ ਵੀ ਇਹੋ ਤਜਰਬਾ ਹੈ ਕਿ ਅਜਿਹੇ ਮੌਕੇ ਜਾਂਚ ਏਜੰਸੀਆਂ ਨੂੰ ਵਿਰੋਧ ਦੀ ਚੜ੍ਹਤ ਰੋਕਣ ਦੇ ਲਈ ਸਪੀਡ ਬਰੇਕਰ ਵਜੋਂ ਵਰਤਿਆ ਜਾਂਦਾ ਹੈ। ਇਹੋ ਕੰਮ ਵਾਜਪਾਈ ਸਰਕਾਰ ਵੇਲੇ ਵੀ ਹੁੰਦਾ ਰਿਹਾ ਸੀ। ਆਮ ਪ੍ਰਭਾਵ ਇਹ ਬਣਿਆ ਹੈ ਕਿ ਅਜਿਹੇ ਕੰਮ ਉਹ ਸਰਕਾਰ ਕਰਦੀ ਹੁੰਦੀ ਹੈ, ਜੋ ਚੋਣ ਦਰਿਆ 'ਚ ਵੱਜਦੀਆਂ ਛੱਲਾਂ ਦੀ ਮਾਰ ਤੋਂ ਘਾਬਰ ਰਹੀ ਹੋਵੇ। ਇਸ ਵੇਲੇ ਅਜਿਹੀ ਘਬਰਾਹਟ ਭਾਜਪਾ ਲੀਡਰਸ਼ਿਪ ਤੋਂ ਲੁਕਾਈ ਨਹੀਂ ਗਈ। ਹਾਲੇ ਇਹ ਕਹਿਣਾ ਔਖਾ ਹੈ ਕਿ ਚੋਣਾਂ ਵਿਚ ਜਿੱਤੇਗਾ ਕੌਣ, ਪਰ ਇਹ ਕਿਹਾ ਜਾਣ ਲੱਗਾ ਹੈ ਕਿ ਨਰਿੰਦਰ ਮੋਦੀ ਵਾਲੇ ਜਿਸ ਗੁਬਾਰੇ ਆਸਰੇ ਭਾਜਪਾ ਪਿਛਲੀ ਵਾਰੀ ਸੱਤਵੇਂ ਅਸਮਾਨ ਵਿਚ ਉਡਾਰੀ ਲਾਉਣ ਦੇ ਦਾਅਵੇ ਕਰਦੀ ਪਈ ਸੀ, ਐਤਕੀਂ ਉਸ ਵਿਚ ਉਹ ਹਵਾ ਨਹੀਂ ਰਹੀ ਕਿ ਭਾਜਪਾ ਇੱਕ ਹੋਰ ਵੱਡੀ ਜਿੱਤ ਨਾਲ ਧਰਤੀ ਹਿਲਾਉਣ ਦੀ ਆਸ ਕਰ ਸਕਦੀ ਹੋਵੇ।

# ਲੰਮੀ ਉਡੀਕ ਮਗਰੋਂ ਸਿਆਸੀ ਪਿੜ ਵਿਚ ਨਿੱਤਰੀ ਪ੍ਰਿਯੰਕਾ

**ਨਵੀਂ ਦਿੱਲੀ:** ਲੰਮੀ ਉਡੀਕ ਮਗਰੋਂ ਗਾਂਧੀ ਪਰਿਵਾਰ ਦੀ ਧੀ ਪ੍ਰਿਯੰਕਾ ਗਾਂਧੀ ਵਾਡਰਾ ਰਸਮੀ ਤੌਰ 'ਤੇ ਸਿਆਸਤ ਦੇ ਪਿੜ 'ਚ ਕੁੱਦ ਪਈ। ਕਾਂਗਰਸ ਪਾਰਟੀ ਨੇ ਪ੍ਰਿਯੰਕਾ ਨੂੰ ਜਨਰਲ ਸਕੱਤਰ ਥਾਪਦਿਆਂ ਪੂਰਬੀ ਯੂਪੀ ਦੀ ਕਮਾਨ ਸੌਂਪ ਦਿੱਤੀ ਹੈ। ਪ੍ਰਿਯੰਕਾ (47) ਸਿਆਸੀ ਤੌਰ 'ਤੇ ਅਹਿਮ ਰਾਜ, ਜੋ 1980ਵਿਆਂ ਦੇ ਮੱਧ ਤੱਕ ਕਦੇ



ਕਾਂਗਰਸ ਦਾ ਗੜ੍ਹ ਰਿਹਾ ਸੀ, ਵਿਚ ਆਪਣੀ ਇਸ ਨਵੀਂ ਜ਼ਿੰਮੇਵਾਰੀ ਨੂੰ ਫਰਵਰੀ ਦੇ ਪਹਿਲੇ ਹਫਤੇ ਸੰਭਾਲ ਲਏਗੀ। ਪ੍ਰਿਯੰਕਾ ਹਿੰਦੀ ਬਹੁਭਾਸ਼ੀ ਵਾਲੇ ਇਸ ਰਾਜ ਵਿਚ ਆਪਣੇ ਭਰਾ ਤੇ ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਦਾ ਹੱਥ ਵਟਾਏਗੀ।

ਉਤਰ ਪ੍ਰਦੇਸ਼ ਸੀਟਾਂ ਦੇ ਲਿਹਾਜ਼ ਨਾਲ ਸਭ ਤੋਂ ਵੱਡਾ ਰਾਜ ਹੈ। ਲੋਕ ਸਭਾ ਦੀਆਂ 543 ਸੀਟਾਂ ਵਿਚੋਂ 80 ਸੀਟਾਂ ਉੱਤਰ ਪ੍ਰਦੇਸ਼ ਦੀਆਂ ਹਨ। ਨਹਿਰੂ-ਗਾਂਧੀ ਪਰਿਵਾਰ ਬਹੁਤੀ ਵਾਰ ਇਸ ਪ੍ਰਦੇਸ਼ 'ਚੋਂ ਲੋਕ ਸਭਾ ਦੀਆਂ ਚੋਣਾਂ ਲੜਦਾ ਰਿਹਾ ਹੈ। ਪਿਛਲੀਆਂ ਆਮ ਚੋਣਾਂ ਵਿਚ ਪ੍ਰਿਅੰਕਾ ਨੇ ਆਪਣੀ ਮਾਤਾ ਸੋਨੀਆ ਗਾਂਧੀ ਅਤੇ ਆਪਣੇ ਭਰਾ ਰਾਹੁਲ ਗਾਂਧੀ ਲਈ ਅਮੇਠੀ ਅਤੇ ਰਾਇਬਰੇਲੀ ਵਿਚ ਭਰਵਾਂ ਚੋਣ ਪ੍ਰਚਾਰ ਕੀਤਾ ਸੀ। ਉਸ ਸਮੇਂ ਉਸ ਦੀ ਵੱਡੀ ਚਰਚਾ ਵੀ ਹੋਈ ਸੀ, ਪਰ ਵਿਧਾਨ ਸਭਾ ਦੀਆਂ ਚੋਣਾਂ ਵਿਚ ਇਨ੍ਹਾਂ ਦੋਵਾਂ ਲੋਕ ਸਭਾ ਹਲਕਿਆਂ ਵਿਚੋਂ ਕਾਂਗਰਸ ਨੂੰ ਵੱਡੀ ਹਾਰ ਮਿਲੀ ਸੀ। ਹੁਣ ਪ੍ਰਿਅੰਕਾ ਨੂੰ ਚੋਣ ਮੈਦਾਨ ਵਿਚ ਉਤਾਰਨ ਤੋਂ ਇਹ ਪ੍ਰਭਾਵ ਵੀ ਲਿਆ ਜਾ ਸਕਦਾ ਹੈ ਕਿ ਹਾਲੇ ਤੱਕ ਰਾਹੁਲ ਗਾਂਧੀ ਸਿਆਸਤ ਦੇ ਉਸ ਕਦਰ ਖਿਡਾਰੀ ਨਹੀਂ ਬਣ ਸਕੇ, ਜਿੰਨੀ ਉਨ੍ਹਾਂ ਤੋਂ ਉਮੀਦ ਕੀਤੀ ਜਾਂਦੀ ਸੀ।

ਸੋਨੀਆ ਗਾਂਧੀ ਨੇ ਰਾਹੁਲ ਗਾਂਧੀ ਨੂੰ ਆਪਣਾ ਉੱਤਰਾਧਿਕਾਰੀ ਚੁਣਿਆ ਸੀ ਅਤੇ ਉਸ ਨੂੰ ਆਪਣੀ ਥਾਂ 'ਤੇ ਕਾਂਗਰਸ ਦਾ ਪ੍ਰਧਾਨ ਬਣਾਇਆ ਸੀ। ਚਾਹੇ ਸੋਨੀਆ ਗਾਂਧੀ ਨੇ ਇਹ ਕੰਮ ਬਹੁਤ ਤਹੱਮਲ, ਸੋਚ-ਵਿਚਾਰ ਅਤੇ ਕੁਝ ਸਮਾਂ ਬੀਤਣ ਤੋਂ ਬਾਅਦ ਹੀ ਕੀਤਾ ਸੀ। ਪਾਰਟੀ ਦੀ ਕਮਾਨ ਸੰਭਾਲਣ ਤੋਂ ਬਾਅਦ ਰਾਹੁਲ ਗਾਂਧੀ ਨੇ ਸਿਆਸੀ ਖੇਤਰ ਵਿਚ ਵੱਡੀ ਸਰਗਰਮੀ ਦਿਖਾਈ ਹੈ। ਪਿੱਛੇ ਹੋਈਆਂ ਕੁਝ ਰਾਜਾਂ ਦੀਆਂ ਵਿਧਾਨ ਸਭਾਵਾਂ ਦੀਆਂ ਚੋਣਾਂ ਵਿਚ ਕਾਂਗਰਸ ਨੂੰ ਵੱਡਾ ਹੁੰਗਾਰਾ ਵੀ ਮਿਲਿਆ ਹੈ ਪਰ ਕਾਂਗਰਸ ਨੂੰ ਇਹ ਲੱਗਦਾ ਰਿਹਾ ਹੈ ਕਿ ਆਉਣ ਵਾਲੀ ਚੁਣੌਤੀ ਵੱਡੀ ਹੈ। ਇਸ ਨਾਲ ਨਿਪਟਣਾ ਇਕੱਲੇ ਰਾਹੁਲ ਦੇ ਵੱਸ ਦੀ ਗੱਲ ਨਹੀਂ ਹੈ।

ਪਿਛਲੇ ਕੁਝ ਦਹਾਕਿਆਂ ਵਿਚ ਚਾਹੇ ਪ੍ਰਿਅੰਕਾ ਗਾਂਧੀ ਨੇ ਅਮਲੀ ਰੂਪ ਵਿਚ ਸਿਆਸਤ 'ਚ ਉਤਰਨ ਦਾ ਐਲਾਨ ਤਾਂ ਨਹੀਂ ਸੀ ਕੀਤਾ ਪਰ ਫਿਰ ਵੀ ਆਪਣੇ ਪਰਿਵਾਰ ਕਰਕੇ ਕਾਂਗਰਸ ਵਿਚ ਉਸ ਦੀ ਤੂਤੀ ਬੋਲਦੀ ਰਹੀ ਹੈ।

ਇਹ ਅੰਦਾਜ਼ਾ ਵੀ ਲਗਾਇਆ ਜਾਂਦਾ ਰਿਹਾ ਸੀ ਕਿ ਇਕ ਨਾ ਇਕ ਦਿਨ ਉਹ ਸਿਆਸਤ ਦੇ ਮੈਦਾਨ ਵਿਚ ਉਤਰੇਗੀ। ਕਿਉਂਕਿ ਕਾਂਗਰਸੀਆਂ ਨੂੰ ਰਾਹੁਲ ਦੀ ਥਾਂ 'ਤੇ ਪ੍ਰਿਅੰਕਾ ਦੀ ਕਾਰਗੁਜ਼ਾਰੀ ਤੋਂ ਕਿਤੇ ਵੱਧ ਉਮੀਦਾਂ ਹਨ ਪਰ ਇਸ ਦੇ ਨਾਲ ਹੀ ਇਹ ਗੱਲ ਫਿਰ ਉੱਭਰ ਕੇ ਸਾਹਮਣੇ ਆ ਗਈ ਹੈ ਕਿ ਦੇਸ਼ ਦੀ ਸਭ ਤੋਂ ਪੁਰਾਣੀ ਕੌਮੀ ਪਾਰਟੀ ਜਿਸ ਨੇ ਦੇਸ਼ ਦੀ ਸੁਤੰਤਰਤਾ ਵਿਚ ਵੱਡਾ ਰੋਲ ਨਿਭਾਇਆ ਸੀ, ਇਕ ਪਰਿਵਾਰ ਦੇ ਪ੍ਰਭਾਵ ਤੋਂ ਅਜੇ ਵੀ ਉੱਭਰ ਨਹੀਂ ਸਕੀ ਅਤੇ ਇਹ ਕਿਸੇ ਨਾ ਕਿਸੇ ਰੂਪ ਵਿਚ ਨਹਿਰੂ-ਗਾਂਧੀ ਪਰਿਵਾਰ 'ਤੇ ਆਸ਼ਰਿਤ ਰਹੀ ਹੈ।

## ਕੁਝ ਪਾਰਟੀਆਂ ਲਈ ਪਰਿਵਾਰ ਹੀ ਸਭ ਕੁਝ: ਮੋਦੀ

**ਮੁੰਬਈ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਜਮਹੂਰੀਅਤ ਭਾਜਪਾ ਦੀ ਰਗਾਂ 'ਚ ਦੌੜਦੀ ਹੈ ਜਦੋਂਕਿ ਕੁਝ ਪਾਰਟੀਆਂ ਲਈ ਪਰਿਵਾਰ ਹੀ ਸਭ ਕੁਝ ਹੈ। ਸ੍ਰੀ ਮੋਦੀ ਦੀਆਂ ਇਹ ਟਿੱਪਣੀਆਂ ਅਸਿੱਧੇ ਤੌਰ 'ਤੇ ਪ੍ਰਿਯੰਕਾ ਗਾਂਧੀ ਵੱਲ ਸੇਧਿਤ ਸਨ। ਇਥੇ ਬਾਰਾਮਤੀ, ਗਡਚਿਰੋਲੀ, ਹਿੰਗੋਲੀ, ਨਾਂਦੇੜ ਤੇ ਨੰਦਰਬਾਰ ਦੇ ਬੂਥ ਵਰਕਰਾਂ ਦੇ ਰੂਬਰੂ ਹੁੰਦਿਆਂ ਸ੍ਰੀ ਮੋਦੀ ਨੇ ਕਿਹਾ ਕਿ ਭਾਜਪਾ ਵਿਚ ਫੈਸਲੇ ਕਿਸੇ ਇਕ ਵਿਅਕਤੀ ਜਾਂ ਪਰਿਵਾਰ ਦੀਆਂ ਇੱਛਾਵਾਂ ਮੁਤਾਬਕ ਨਹੀਂ ਬਲਕਿ ਪਾਰਟੀ ਵਰਕਰਾਂ ਦੀਆਂ ਇੱਛਾਵਾਂ ਦੇ ਅਧਾਰ 'ਤੇ ਲਏ ਜਾਂਦੇ ਹਨ।

## ਸ਼ਿਵ ਸੈਨਾ ਵੱਲੋਂ ਪ੍ਰਿਯੰਕਾ ਦੇ ਸਰਗਰਮ ਸਿਆਸਤ 'ਚ ਦਾਖਲੇ ਦੀ ਸ਼ਲਾਘਾ

**ਮੁੰਬਈ:** ਸ਼ਿਵ ਸੈਨਾ ਨੇ ਪ੍ਰਿਯੰਕਾ ਗਾਂਧੀ ਦੇ ਸਰਗਰਮ ਸਿਆਸਤ ਵਿਚ ਪੈਰ ਧਰਨ ਦਾ ਸਵਾਗਤ ਕਰਦਿਆਂ ਕਿਹਾ ਕਿ ਜੇ ਉਹ ਆਪਣੇ 'ਸਿਆਸੀ ਪੱਤੇ' ਢੰਗ ਨਾਲ ਚੱਲੇ ਤਾਂ 'ਰਾਣੀ' ਬਣ ਕੇ ਉਭਰ ਸਕਦੀ ਹੈ। ਸੈਨਾ ਨੇ ਕਿਹਾ ਕਿ ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਦੀਆਂ ਗਤੀਵਿਧੀਆਂ ਦਰਸਾਉਂਦੀਆਂ ਹਨ ਕਿ ਉਹ ਆਗਾਮੀ ਲੋਕ ਸਭਾ ਚੋਣਾਂ ਜਿੱਤਣ ਲਈ ਹਰ ਹੀਲਾ ਵਰਤਣਗੇ। ਸੈਨਾ ਨੇ ਕਿਹਾ ਹੈ ਕਿ ਭਾਜਪਾ ਦਾ ਇਹ ਬਿਆਨ ਕਿ ਪ੍ਰਿਯੰਕਾ ਨੂੰ ਉਤਾਰਨਾ ਕਾਂਗਰਸ ਪ੍ਰਧਾਨ ਦੀ 'ਨਾਕਾਮੀ' ਦਾ ਸੰਕੇਤ ਹੈ, ਵਿਚ ਦਮ ਨਹੀਂ ਹੈ। ਭਾਜਪਾ ਦੇ ਭਾਈਵਾਲ ਨੇ ਨਾਲ ਹੀ ਕਿਹਾ ਕਿ ਰਾਹੁਲ ਨੇ ਰਾਫਾਲ ਦਾ ਮੁੱਦਾ ਚੁੱਕ ਕੇ ਕੇਂਦਰ ਦੀਆਂ ਮੁਸ਼ਕਲਾਂ ਵਿਚ ਵਾਧਾ ਕੀਤਾ ਹੈ। ਇਸ ਦੇ ਨਾਲ ਹੀ ਪ੍ਰਿਯੰਕਾ ਨੂੰ ਮੈਦਾਨ ਵਿਚ ਉਤਾਰਨਾ ਵੀ ਕੰਮ ਆਵੇਗਾ।

## ਸੁਪਰੀਮ ਕੋਰਟ ਵੱਲੋਂ ਰਾਖਵਾਂਕਰਨ ਕੋਟੇ 'ਤੇ ਰੋਕ ਲਾਉਣ ਤੋਂ ਨਾਂਹ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਜਨਰਲ ਵਰਗ ਦੇ ਆਰਥਿਕ ਤੌਰ 'ਤੇ ਪੱਛੜੇ ਲੋਕਾਂ ਨੂੰ ਸਿੱਖਿਆ ਤੇ ਰੁਜ਼ਗਾਰ ਵਿਚ ਦਸ ਫੀਸਦੀ ਰਾਖਵਾਂਕਰਨ ਦੇਣ ਦੇ ਮੋਦੀ ਸਰਕਾਰ ਦੇ ਫੈਸਲੇ 'ਤੇ ਰੋਕ ਲਾਉਣ ਤੋਂ ਨਾਂਹ ਕਰ ਦਿੱਤੀ ਹੈ। ਕੋਰਟ ਉਂਜ ਇਸ ਫੈਸਲੇ ਦੀ ਸੰਵਿਧਾਨਕ ਵੈਧਤਾ ਦੀ ਪੜਚੋਲ ਲਈ ਰਾਜ਼ੀ ਹੋ ਗਈ ਹੈ। ਚੀਫ ਜਸਟਿਸ ਰੰਜਨ ਗੋਗੋਈ ਤੇ ਜਸਟਿਸ ਸੰਜੀਵ ਖੰਨਾ ਦੀ ਸ਼ਮੂਲੀਅਤ ਵਾਲੇ ਬੈਂਚ ਨੇ ਕੇਂਦਰ ਸਰਕਾਰ ਨੂੰ ਨੋਟਿਸ ਜਾਰੀ ਕਰਦਿਆਂ ਚਾਰ ਹਫਤਿਆਂ ਅੰਦਰ ਜਵਾਬ ਦੇਣ ਲਈ ਕਿਹਾ ਹੈ।

'ਜਨਹਿੱਤ ਅਭਿਆਨ' ਤੇ ਐਨ.ਜੀ.ਓ. 'ਯੂਥ ਫਾਰ ਇਕੁਐਲਿਟੀ' ਵੱਲੋਂ ਦਾਇਰ ਪਟੀਸ਼ਨਾਂ ਵਿਚ ਸੰਵਿਧਾਨ (103 ਸੋਧ) ਐਕਟ 2019 ਨੂੰ ਚੁਣੌਤੀ ਦਿੱਤੀ ਗਈ ਸੀ। ਇਸ ਤੋਂ ਪਹਿਲਾਂ ਕੇਂਦਰ ਸਰਕਾਰ ਵੱਲੋਂ ਪੇਸ਼ ਹੁੰਦਿਆਂ ਸੌਲਿਸਟਰ ਜਨਰਲ ਤੁਸ਼ਾਰ ਮਹਿਤਾ ਨੇ ਕਿਹਾ ਕਿ ਪਟੀਸ਼ਨਾਂ ਸੁਣਵਾਈ ਦੇ ਯੋਗ ਨਹੀਂ ਹਨ। ਮਹਿਤਾ ਨੇ ਬੜੇ ਜੋਸ਼ ਨਾਲ ਦਲੀਲ ਦਿੱਤੀ ਕਿ ਕੇਂਦਰ ਦੇ ਇਸ ਫੈਸਲੇ 'ਤੇ ਕੋਈ ਰੋਕ ਨਹੀਂ ਲਾਈ ਜਾ ਸਕਦੀ। ਇਸ 'ਤੇ ਬੈਂਚ ਨੇ ਕਿਹਾ ਕਿ ਉਨ੍ਹਾਂ ਸਰਕਾਰ ਨੂੰ ਮਹਿਜ਼ ਨੋਟਿਸ ਹੀ ਜਾਰੀ ਕੀਤਾ ਹੈ।

# ਗਾਬਾਰਡ ਵੱਲੋਂ ਰਾਸ਼ਟਰਪਤੀ ਦੀ ਦੌੜ ਲਈ ਰਸਮੀ ਆਗਾਜ਼

**ਹੋਨੂਲੂਲੂ:** ਅਮਰੀਕਾ ਦੇ ਨੁਮਾਇੰਦਾ ਸਦਨ ਦੀ ਮੈਂਬਰ ਬਣੀ ਪਹਿਲੀ ਹਿੰਦੂ ਤੇ ਹਵਾਈ ਤੋਂ ਡੈਮੋਕਰੈਟ ਤੁਲਸੀ ਗਾਬਾਰਡ ਨੇ ਇਕ ਆਨਲਾਈਨ ਵੀਡੀਓ ਪੋਸਟ ਕਰ ਕੇ ਰਾਸ਼ਟਰਪਤੀ ਦੀ ਅਹੁਦੇ ਦੀ ਦੌੜ ਲਈ ਆਪਣੀ ਮੁਹਿੰਮ ਦਾ ਰਸਮੀ ਆਗਾਜ਼ ਕਰ ਦਿੱਤਾ ਹੈ। ਗਾਬਾਰਡ ਮੱਧ ਪੂਰਬ ਵਿਚ ਅਮਰੀਕਾ ਦੀ ਵਿਦੇਸ਼ ਨੀਤੀ ਨੂੰ ਭੰਡਣ ਲਈ ਕਾਫੀ ਮਕਬੂਲ ਹੈ।

ਗਾਬਾਰਡ ਨੇ ਵੀਡੀਓ ਸੁਨੇਹੇ ਵਿਚ ਕਿਹਾ, "ਸਾਡੇ ਕੋਲ ਸੱਤਾ ਵਿਚ ਬੈਠੇ ਅਜਿਹੇ ਕਈ ਲੋਕ ਹਨ, ਜਿਨ੍ਹਾਂ ਨੂੰ ਲੋਕਾਂ ਤੇ ਇਸ ਗ੍ਰਹਿ ਦੇ ਭਲੇ ਦੀ ਕੋਈ ਸੋਝੀ ਨਹੀਂ ਹੈ।...ਅਸੀਂ ਇਰਾਕ, ਲਿਬੀਆ ਤੇ ਸੀਰੀਆ ਵਿਚ ਜਾਰੀ ਲੜਾਈ ਲਈ ਕਰਦਾਤਿਆਂ ਦੇ ਖਰਬਾਂ ਰੁਪਏ ਬਰਬਾਦ ਕਰ ਚੁੱਕੇ ਹਾਂ। ਇਸ ਪੈਸੇ ਦੀ ਸਾਡੇ ਭਾਈਚਾਰਿਆਂ ਤੇ ਸਾਡੇ ਲੋਕਾਂ ਨੂੰ ਵਧੇਰੇ ਲੋੜ ਸੀ। ਮੱਧ ਪੂਰਬ 'ਚ ਅਮਰੀਕੀ ਦਖਲ ਨੇ ਦੇਸ਼ ਨੂੰ ਅਸਥਿਰ ਕਰ ਦਿੱਤਾ ਹੈ। ਅਮਰੀਕੀ ਖੁਦ ਨੂੰ ਅਸੁਰੱਖਿਅਤ ਮਹਿਸੂਸ ਕਰਦੇ ਹਨ ਤੇ ਸੈਂਕੜੇ ਅਮਰੀਕੀਆਂ ਨੂੰ ਜਾਨ ਵੱਖਰੀ ਗੁਆਉਣੀ ਪਈ।" ਗਾਬਾਰਡ (37) ਅਮਰੀਕੀ ਸਦਨ ਵਿਚ ਸਾਲ 2013 ਤੋਂ ਹੋਨੂਲੂਲੂ ਨੀਮ ਸ਼ਹਿਰੀ ਤੇ ਰੂਰਲ ਹਵਾਈ ਇਲਾਕੇ ਦੀ ਨੁਮਾਇੰਦਗੀ ਕਰ ਰਹੀ ਹੈ। ਉਸ ਨਾਲ ਜੋ ਹੋਰ ਡੈਮੋਕਰੈਟ ਇਸ ਦੌੜ ਵਿਚ ਸ਼ਾਮਲ ਹਨ, ਉਨ੍ਹਾਂ ਵਿਚ ਜੂਲੀਅਨ ਕਾਸਟਰੋ, ਨਿਊ ਯਾਰਕ ਦੀ ਸੈਨੇਟਰ ਕਰਸਟਨ ਗਿਲੀਬਰਾਂ, ਮੈਸਾਚਿਊਸੈਟਸ ਦੀ ਸੈਨੇਟਰ ਐਲਿਜ਼ਬੈੱਥ ਵਾਰੇਨ ਤੇ ਸੈਨੇਟਰ ਕਮਲਾ ਹੈਰਿਸ ਸ਼ਾਮਲ ਹਨ।

ਪੰਜਾਬ ਟਾਈਮਜ਼

*ਸਨਿਚਰਵਾਰ, 2 ਫਰਵਰੀ 2019*

## ਇਨਸਾਫ ਵੱਲ ਪੇਸ਼ਕਦਮੀ

ਬਰਗਾੜੀ ਕਾਂਡ ਦੇ ਮਾਮਲੇ ਵਿਚ ਸਾਬਕਾ ਐਸ. ਐਸ. ਪੀ. ਚਰਨਜੀਤ ਸ਼ਰਮਾ ਦੀ ਗ੍ਰਿਫਤਾਰੀ ਨਾਲ ਇਸ ਕੇਸ ਦਾ ਨਵਾਂ ਅਧਿਆਏ ਸ਼ੁਰੂ ਹੋ ਗਿਆ ਹੈ। ਇਹ ਪੁਲਿਸ ਅਫਸਰ ਉਸ ਵਕਤ ਮੋਗਾ ਵਿਖੇ ਤਾਇਨਾਤ ਸੀ ਅਤੇ ਇਸ ਕੇਸ ਦੀ ਜਾਂਚ ਕਰ ਰਹੀ ਵਿਸ਼ੇਸ਼ ਟੀਮ (ਐਸ. ਆਈ. ਟੀ.) ਦਾ ਦਾਅਵਾ ਹੈ ਕਿ ਗੋਲੀ ਕਾਂਡ ਬਾਰੇ ਅਹਿਮ ਸੁਰਾਗ ਇਸ ਪੁਲਿਸ ਅਫਸਰ ਤੋਂ ਮਿਲ ਸਕਦੇ ਹਨ। ਇਸ ਕੇਸ ਵਿਚ ਇਸ ਪੁਲਿਸ ਅਫਸਰ ਦਾ ਨਾਂ ਜਸਟਿਸ ਰਣਜੀਤ ਸਿੰਘ ਕਮਿਸ਼ਨ ਵਿਚ ਬੋਲਿਆ ਸੀ ਅਤੇ ਇਸ ਨੇ ਆਪਣੀ ਗ੍ਰਿਫਤਾਰੀ 'ਤੇ ਰੋਕ ਲਵਾਉਣ ਲਈ ਹਾਈ ਕੋਰਟ ਵਿਚ ਅਰਜ਼ੀ ਦਿੱਤੀ ਹੋਈ ਸੀ। ਪੰਜਾਬ ਅਤੇ ਹਰਿਆਣਾ ਹਾਈਕੋਰਟ ਨੇ ਪਿਛਲੇ ਸਾਲ 5 ਸਤੰਬਰ ਨੂੰ ਗ੍ਰਿਫਤਾਰੀ ਉਤੇ ਰੋਕ ਲਾ ਦਿੱਤੀ ਸੀ ਪਰ ਹੁਣ ਇਹ ਰੋਕ ਹਟਾਉਣ ਪਿਛੋਂ ਉਸ ਦੀ ਗ੍ਰਿਫਤਾਰੀ ਦਾ ਰਾਹ ਪੱਧਰਾ ਹੋ ਗਿਆ ਸੀ। ਵਿਸ਼ੇਸ਼ ਜਾਂਚ ਟੀਮ ਨੇ ਭਾਵੇਂ ਚਰਨਜੀਤ ਸ਼ਰਮਾ ਨੂੰ ਪੁੱਛ-ਗਿੱਛ ਲਈ ਬੁਲਾਇਆ ਹੋਇਆ ਸੀ ਪਰ ਇਸ ਤੋਂ ਪਹਿਲਾਂ ਹੀ ਉਸ ਨੂੰ ਗ੍ਰਿਫਤਾਰ ਕਰ ਲਿਆ ਗਿਆ। ਯਾਦ ਰਹੇ, ਵਿਸ਼ੇਸ਼ ਜਾਂਚ ਟੀਮ ਹੋਰ ਤੱਥਾਂ ਦੇ ਨਾਲ-ਨਾਲ ਮੁੱਖ ਰੂਪ ਵਿਚ ਇਹ ਪੁਣ-ਛਾਣ ਕਰ ਰਹੀ ਹੈ ਕਿ ਬੇਅਦਬੀ ਦੀਆਂ ਘਟਨਾਵਾਂ ਖਿਲਾਫ ਸ਼ਾਂਤੀਪੂਰਵਕ ਰੋਸ ਪ੍ਰਗਟਾਵਾ ਕਰ ਰਹੇ ਸ਼ਰਧਾਲੂਆਂ ਉਪਰ ਗੋਲੀ ਚਲਾਉਣ ਦਾ ਹੁਕਮ ਕਿਸ ਅਫਸਰ ਜਾਂ ਲੀਡਰ ਨੇ ਦਿੱਤਾ। ਹੁਣ ਤੱਕ ਬਣੀ ਲੋਕ ਰਾਏ ਇਹੀ ਕਹਿੰਦੀ ਹੈ ਕਿ ਇਸ ਗੋਲੀ ਕਾਂਡ ਦੀਆਂ ਕੜੀਆਂ ਚੰਡੀਗੜ੍ਹ ਤੱਕ ਜੁੜੀਆਂ ਹੋਈਆਂ ਹਨ। ਉਸ ਵਕਤ ਸੂਬੇ ਵਿਚ ਸ਼੍ਰੋਮਣੀ ਅਕਾਲੀ ਦਲ-ਭਾਰਤੀ ਜਨਤਾ ਪਾਰਟੀ ਗਠਜੋੜ ਦੀ ਸਰਕਾਰ ਸੀ ਅਤੇ ਪੁਲਿਸ ਨਾਲ ਸਬੰਧਤ ਗ੍ਰਹਿ ਮਹਿਕਮਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਕੋਲ ਸੀ। ਇਸੇ ਕਾਰਨ ਇਸ ਘਟਨਾਕ੍ਰਮ ਤੋਂ ਜਦੋਂ ਲੋਕਾਂ ਅੰਦਰ ਰੋਸ ਪੈਦਾ ਹੋਣਾ ਸ਼ੁਰੂ ਹੋਇਆ ਤਾਂ ਇਸ ਦਾ ਨਿਸ਼ਾਨਾ ਸ਼੍ਰੋਮਣੀ ਅਕਾਲੀ ਦਲ ਬਣਿਆ। ਆਮ ਰਾਏ ਇਹ ਵੀ ਸੀ ਕਿ ਅਕਾਲੀ ਲੀਡਰਾਂ ਨੇ ਇਸ ਮਸਲੇ ਨੂੰ ਨਜਿੱਠਣ ਵਿਚ ਰੱਤੀ ਭਰ ਵੀ ਦਿਲਚਸਪੀ ਨਹੀਂ ਦਿਖਾਈ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਅਤੇ ਇਸ ਪਿਛੋਂ ਹੋਏ ਇਸ ਗੋਲੀ ਕਾਂਡ ਦਾ ਸੂਬੇ ਦੀ ਸਿਆਸਤ ਉਤੇ ਚੋਖਾ ਅਸਰ ਪਿਆ ਸੀ। 2015 ਵਿਚ ਵਾਪਰੇ ਇਸ ਘਟਨਾਕ੍ਰਮ ਦਾ ਪ੍ਰਭਾਵ 2017 ਵਿਚ ਹੋਈਆਂ ਵਿਧਾਨ ਸਭਾ ਚੋਣਾਂ ਵਿਚ ਵੀ ਪ੍ਰਤੱਖ ਤੌਰ 'ਤੇ ਸਾਹਮਣੇ ਆਇਆ ਸੀ। ਸੂਬੇ ਦੀਆਂ ਦੋ ਅਹਿਮ ਧਿਰਾਂ ਕਾਂਗਰਸ ਅਤੇ ਆਮ ਆਦਮੀ ਪਾਰਟੀ (ਆਪ) ਨੇ ਵਾਅਦਾ ਕੀਤਾ ਸੀ ਕਿ ਜੇ ਉਨ੍ਹਾਂ ਦੀ ਸਰਕਾਰ ਬਣੀ ਤਾਂ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਈਆਂ ਜਾਣਗੀਆਂ। ਕਾਂਗਰਸ ਆਗੂ ਕੈਪਟਨ ਅਮਰਿੰਦਰ ਸਿੰਘ ਦੇ ਭਾਸ਼ਣਾਂ ਵਿਚ ਵੀ ਇਹ ਮੁੱਦਾ ਉਚੇਚ ਨਾਲ ਸ਼ਾਮਿਲ ਕੀਤਾ ਜਾਂਦਾ ਸੀ। ਸੂਬੇ ਦੀ ਤੀਜੀ ਅਹਿਮ ਧਿਰ ਸ਼੍ਰੋਮਣੀ ਅਕਾਲੀ ਦਲ ਉਤੇ ਇਸ ਘਟਨਾਕ੍ਰਮ ਦਾ ਅਸਰ ਸਭ ਤੋਂ ਵੱਧ ਪਿਆ। ਇਸ ਘਟਨਾਕ੍ਰਮ ਕਰਕੇ ਇਸ ਪਾਰਟੀ ਦੀ ਲੀਡਰਸ਼ਿਪ ਖਿਲਾਫ ਵੱਡੇ ਪੱਧਰ ਉਤੇ ਰੋਸ ਅਤੇ ਰੋਹ ਤਾਂ ਪੈਦਾ ਹੋਇਆ ਹੀ, ਬਾਅਦ ਵਿਚ ਇਹ ਘਟਨਾਕ੍ਰਮ ਪਾਰਟੀ ਦੇ ਅੰਦਰੂਨੀ ਕਲੇਸ਼ ਦਾ ਕਾਰਨ ਵੀ ਬਣਿਆ। ਇਸ ਸਿਲਸਿਲੇ ਵਿਚ ਸਭ ਤੋਂ ਪਹਿਲਾਂ ਸੀਨੀਅਰ ਆਗੂ ਸੁਖਦੇਵ ਸਿੰਘ ਢੀਂਡਸਾ ਨੇ ਪਾਰਟੀ ਅਹੁਦਿਆਂ ਤੋਂ ਅਸਤੀਫਾ ਦਿੱਤਾ। ਫਿਰ ਰਣਜੀਤ ਸਿੰਘ ਬ੍ਰਹਮਪੁਰਾ ਅਤੇ ਮਾਝੇ ਦੇ ਹੋਰ ਚੋਟੀ ਦੇ ਲੀਡਰਾਂ ਨੇ ਰੋਸ ਪ੍ਰਗਟਾਉਂਦਿਆਂ ਖੁਦ ਨੂੰ ਪਾਰਟੀ ਲੀਡਰਸ਼ਿਪ ਤੋਂ ਵੱਖ ਕਰ ਲਿਆ। ਬਾਅਦ ਵਿਚ ਮਾਝੇ ਦੇ ਇਨ੍ਹਾਂ ਲੀਡਰਾਂ ਨੇ ਵੱਖਰਾ ਅਕਾਲੀ ਦਲ ਬਣਾ ਕੇ ਬਾਦਲਾਂ ਨੂੰ ਖੁੱਲ੍ਹੀ ਚੁਣੌਤੀ ਦਿੱਤੀ। ਇਸ ਘਟਨਾਕ੍ਰਮ ਦਾ ਅਸਰ ਇਸ ਤੱਥ ਤੋਂ ਵੀ ਭਲੀਭਾਂਤ ਲਾਇਆ ਜਾ ਸਕਦਾ ਹੈ ਕਿ ਅਕਾਲੀ ਲੀਡਰਸ਼ਿਪ ਨੇ ਲੋਕਾਂ ਦਾ ਰੋਹ ਸ਼ਾਂਤ ਕਰਨ ਲਈ ਹੋਈਆਂ ਗਲਤੀਆਂ ਦੀ ਖੁਦ ਨੂੰ ਤਨਖਾਹ ਵੀ ਲਾ ਲਈ।

ਇਸ ਘਟਨਾਕ੍ਰਮ ਨੂੰ ਲੈ ਕੇ ਪਿਛਲੇ ਸਾਲ ਜੂਨ ਵਿਚ ਸ਼ੁਰੂ ਹੋਇਆ ਇਨਸਾਫ ਮੋਰਚਾ ਭਾਵੇਂ ਕਿਸੇ ਤਣ-ਪੱਤਣ ਲੱਗਣ ਤੋਂ ਪਹਿਲਾਂ ਹੀ ਸਮਾਪਤ ਕਰ ਦਿੱਤਾ ਗਿਆ ਸੀ ਪਰ ਇਸ ਮੋਰਚੇ ਲਈ ਜਿਸ ਤਰ੍ਹਾਂ ਆਮ ਲੋਕਾਂ ਨੇ ਭਰਪੂਰ ਹੁੰਗਾਰਾ ਭਰਿਆ ਸੀ, ਉਸ ਨੇ ਪੰਜਾਬ ਵਿਚ ਨਵੀਆਂ ਸਫਬੰਦੀਆਂ ਬਾਰੇ ਚਰਚਾ ਛੇੜ ਦਿੱਤੀ ਸੀ। ਜਾਪਦਾ ਸੀ ਕਿ ਸਿਆਸਤ ਦੀ ਹਰ ਚਰਚਾ ਬਰਗਾੜੀ ਮੋਰਚੇ ਰਾਹੀਂ ਹੋ ਕੇ ਲੰਘਦੀ ਹੈ। ਬਿਨਾ ਸ਼ੱਕ, ਇਹ ਮਾਮਲਾ ਬੇਹੱਦ ਸੰਵੇਦਨਸ਼ੀਲ ਹੈ, ਇਸ ਲਈ ਇਸ ਦੀ ਸਹੀ ਤੇ ਨਿਰਪੱਖ ਪੜਤਾਲ ਹੋਣੀ ਚਾਹੀਦੀ ਹੈ ਅਤੇ ਦੋਸ਼ੀਆਂ ਨੂੰ ਕਟਹਿਰੇ ਵਿਚ ਲਿਆਉਣਾ ਚਾਹੀਦਾ ਹੈ। ਪਿਛਲੇ ਕੁਝ ਸਮੇਂ ਦੌਰਾਨ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਇਸ ਮਾਮਲੇ ਵਿਚ ਨਰਮੀ ਵਰਤਦੇ ਰਹੇ ਹਨ ਹਾਲਾਂਕਿ ਉਨ੍ਹਾਂ ਉਤੇ ਦੋਸ਼ੀਆਂ ਖਿਲਾਫ ਕਾਰਵਾਈ ਦਾ ਦਬਾਅ ਵੀ ਸੀ। ਉਨ੍ਹਾਂ ਉਤੇ ਇਹ ਦੋਸ਼ ਵੀ ਲਗਦੇ ਰਹੇ ਹਨ ਕਿ ਉਨ੍ਹਾਂ ਨੇ ਬਾਦਲਾਂ ਨੂੰ ਬਚਾਉਣ ਖਾਤਰ ਇਸ ਮਾਮਲੇ ਦੀ ਜਾਂਚ ਦੀ ਚਾਲ ਧੀਮੀ ਕੀਤੀ ਹੋਈ ਹੈ। ਹੁਣ ਸ਼ਾਇਦ ਇਹ ਵੀ ਇਤਫਾਕ ਹੀ ਹੋਵੇ ਕਿ ਇਸ ਮਾਮਲੇ ਵਿਚ ਕਿਸੇ ਪੁਖਤਾ ਕਾਰਵਾਈ ਦੀ ਸ਼ੁਰੂਆਤ ਉਸ ਵਕਤ ਹੋਈ ਹੈ, ਜਦੋਂ ਲੋਕ ਸਭਾ ਚੋਣਾਂ ਐਨ ਸਿਰ ਉਤੇ ਹਨ। ਕਾਂਗਰਸ ਹੀ ਨਹੀਂ, ਵੱਖ-ਵੱਖ ਪਾਰਟੀਆਂ ਆਪੋ-ਆਪਣੀ ਪੈਂਠ ਬਣਾਉਣ ਲਈ ਵੱਖ-ਵੱਖ ਮੁੱਦੇ ਲੈ ਕੇ ਅਗਾਂਹ ਆ ਰਹੀਆਂ ਹਨ। ਫਿਲਹਾਲ ਸ਼੍ਰੋਮਣੀ ਅਕਾਲੀ ਦਲ ਅਤੇ ਆਮ ਆਦਮੀ ਪਾਰਟੀ ਵਿਚ ਟੁੱਟ-ਭੱਜ ਕਾਰਨ ਪੰਜਾਬ ਵਿਚ ਕਾਂਗਰਸ ਦਾ ਹੱਥ ਕੁਝ ਕੁ ਉਤਾਂਹ ਹੀ ਜਾਪਦਾ ਹੈ ਪਰ ਤੱਥ ਇਹ ਵੀ ਹਨ ਕਿ ਕੈਪਟਨ ਸਰਕਾਰ ਨੇ ਦੋ ਸਾਲਾਂ ਵਿਚ ਕੀਤਾ ਵੀ ਕੁਝ ਨਹੀਂ ਹੈ। ਹੁਣ ਕਨਸੋਅ ਇਹ ਹੈ ਕਿ ਅਕਾਲੀ ਦਲ ਆਪਣੇ ਉਖੜੇ ਪੈਰ ਜਮਾਉਣ ਵਿਚ ਹੌਲੀ-ਹੌਲੀ ਕਾਮਯਾਬ ਹੋ ਰਿਹਾ ਹੈ। ਚਰਚਾ ਤਾਂ ਇਹ ਵੀ ਹੈ ਕਿ ਵੱਖ-ਵੱਖ ਪਾਰਟੀਆਂ ਦੀ ਪਾਟੋਧਾੜ ਕਾਰਨ ਲੋਕ ਸਭਾ ਚੋਣਾਂ ਦੌਰਾਨ ਮੁੱਖ ਮੁਕਾਬਲਾ ਕਾਂਗਰਸ ਅਤੇ ਅਕਾਲੀ ਦਲ ਵਿਚਕਾਰ ਹੀ ਰਹਿ ਜਾਣਾ ਹੈ। ਜ਼ਾਹਰ ਹੈ ਕਿ ਅਕਾਲੀ ਦਲ ਅਤੇ ਕਾਂਗਰਸ ਦੀਆਂ ਨਾਲਾਇਕੀਆਂ ਦੇ ਬਾਵਜੂਦ ਸੂਬੇ ਵਿਚ ਕੋਈ ਕਾਰਗਰ ਬਦਲਵੀਂ ਲੀਡਰਸ਼ਿਪ ਉਭਰ ਨਹੀਂ ਸਕੀ, ਸਿੱਟੇ ਵਜੋਂ ਕੁਝ ਸਮਾਂ ਪਾ ਕੇ ਉਹੀ ਲੀਡਰ ਫਿਰ ਲੋਕਾਂ ਵਿਚ ਪ੍ਰਵਾਨ ਹੋ ਜਾਂਦੇ ਰਹੇ ਹਨ। ਇਹ ਸਿਲਸਿਲਾ ਚਿਰਾਂ ਤੋਂ ਚੱਲ ਰਿਹਾ ਹੈ।

### ਠਾਹ-ਸੋਟਾ

-ਚਾਚਾ ਬੇਲਿਹਾਜ਼

#### *ਗਠਬੰਧਨਾਂ ਦੀਆਂ ਗੱਠਾਂ?*

ਦਸਤਕ ਦੇਣ ਜਦ ਚੋਣਾਂ ਦਰਵਾਜਿਆਂ 'ਤੇ, ਫੜਦੇ ਫੇਰ ਨੇ ਤਿੱਖੀ ਰਫਤਾਰ ਭਾਈ।
ਕਹਿੰਦਾ ਫਤਿਹ ਸਿੰਘ ਸੁਣੀ ਬਈ ਰਾਮ ਚੰਦਾ, 'ਕੱਠੇ ਰਹਿਣ ਦਾ ਕਰੀਏ 'ਕਰਾਰ ਭਾਈ।
ਟੱਕਰ ਦੇਣ ਲਈ ਵੱਡਿਆਂ ਦਲਾਂ ਤਾਈਂ, ਕਰ ਕਰ ਮੀਟਿੰਗਾਂ ਕਰਨ ਵਿਚਾਰ ਭਾਈ।
ਬਾਹਾਂ ਉਚੀਆਂ ਨਾਲੇ ਹੱਥ ਫੜਨ ਵਾਲੇ, ਆਪੂੰ ਵਿਚ ਹੀ ਲੜਨ ਲਲਕਾਰ ਭਾਈ।
ਸੁਰ ਛੇਤੀ ਹੀ ਸੋਗ ਵਿਚ ਬਦਲ ਜਾਂਦਾ, ਗਾਣੀ 'ਗਠਨ' ਦੀ ਖੁਸ਼ੀ ਵਿਚ 'ਬੰਦਨਾ' ਦਾ।
'ਬੰਧਨ' ਵਿਚ ਨਾ ਬਹੁਤਾ ਚਿਰ ਰਹਿਣ 'ਗੱਠਾਂ', ਇਹ ਇਤਿਹਾਸ ਹੈ ਬਣੇ ਗਠਬੰਧਨਾਂ ਦਾ!

# ਸਿਆਸਤ 'ਚ ਧਰਮ ਤੇ ਜਾਤ ਦਾ ਮਸਲਾ

ਗੁਰਪ੍ਰੀਤ ਸਿੰਘ
ਫੋਨ: +91-98882-74856

ਧਰਮ ਅਤੇ ਸਿਆਸਤ ਹਰ ਸਮਾਜ ਦੇ ਅਨਿੱਖੜਵੇਂ ਪਹਿਲੂ ਹਨ ਪਰ ਜਾਤ ਦਾ ਜੋ ਗੁੰਝਲਦਾਰ ਨਮੂਨਾ ਭਾਰਤੀ ਸਮਾਜ ਵਿਚ ਮਿਲਦਾ ਹੈ, ਸਮੁੱਚੇ ਸੰਸਾਰ ਵਿਚ ਇਹ ਅਲੱਗ ਤਰ੍ਹਾਂ ਦਾ ਵਰਤਾਰਾ ਹੈ। ਇਹ ਕਹਿਣਾ ਵੀ ਅਤਿਕਥਨੀ ਨਹੀਂ ਹੋਵੇਗਾ ਕਿ ਧਰਮ, ਜਾਤ ਅਤੇ ਸਿਆਸਤ ਦਾ ਖੁਦਗਰਜ਼ ਤੇ ਉਲਝਿਆ ਹੋਇਆ ਜਿਹੜਾ ਰੂਪ ਭਾਰਤੀ ਪ੍ਰਬੰਧ ਅੰਦਰ ਹੈ, ਸ਼ਾਇਦ ਉਹ ਸੰਸਾਰ ਦੇ ਕਿਸੇ ਹੋਰ ਮੁਲਕ ਵਿਚ ਮਿਲਣਾ ਸੰਭਵ ਨਹੀਂ। ਮੰਨਿਆ ਜਾਂਦਾ ਹੈ ਕਿ ਧਰਮ ਸਮਾਜ ਦੀ ਨੈਤਿਕਤਾ ਦਾ ਆਧਾਰ ਹੈ ਅਤੇ ਸਿਆਸਤ ਕਿਸੇ ਖੇਤਰ ਵਿਚ ਵਿਕਾਸ ਮੁਲਕ ਏਜੰਡਾ ਪ੍ਰਾਪਤ ਕਰਨ ਦਾ ਸਾਧਨ ਹੈ ਪਰ ਜਾਤ ਮਨੁੱਖ ਦੀ ਸਿਆਸਤੀ ਖੁਦਗਰਜ਼ੀ ਦੀ ਉਪਜ ਕਹੀ ਜਾ ਸਕਦੀ ਹੈ। ਜਾਤ ਦਾ ਸੰਕਲਪ ਭਾਰਤੀ ਸਮਾਜ ਵਿਚ ਕਿੱਤੇ ਤੋਂ ਜਨਮ ਨਾਲ ਜੁੜਿਆ ਜਾਂ ਇਕ ਖਾਸ ਜਮਾਤ ਨੇ ਆਪਣੇ ਸਿਆਸੀ ਮੰਤਵ ਲਈ ਜਾਤ ਨੂੰ ਜਨਮ ਆਧਾਰਿਤ ਪਰਿਭਾਸ਼ਿਤ ਕਰਨ ਦੀ ਕੋਝੀ ਸਿਆਸਤ ਕੀਤੀ।

ਭਾਰਤ ਵਿਚ ਧਰਮ ਅਤੇ ਜਾਤ ਸਿਆਸੀ ਮੰਤਵ ਲਈ ਇਸ ਪ੍ਰਕਾਰ ਰਲਗੱਡ ਕਰ ਦਿੱਤੇ ਗਏ ਹਨ ਕਿ ਇਨ੍ਹਾਂ ਨੂੰ ਵੱਖ ਕਰਨਾ ਸੰਭਵ ਨਜ਼ਰ ਨਹੀਂ ਆਉਂਦਾ। ਸਿਆਸਤ ਨੇ ਇਸ ਉਪਰ ਅਜਿਹਾ ਗਲਬਾ ਪਾ ਲਿਆ ਹੈ ਕਿ ਸਿਆਸਤਦਾਨ ਹਰ ਰਾਜਸੀ ਮਸਲੇ ਨੂੰ ਧਰਮ ਵਾਲੀ ਪਾਣ ਚਾੜ੍ਹ ਦਿੰਦੇ ਹਨ। ਧਰਮ ਅਤੇ ਸਿਆਸਤ ਜੇ ਆਪੋ-ਆਪਣੇ ਰਾਹ ਉਪਰ ਚੱਲਣ ਤਾਂ ਸਮਾਜ ਵਿਚ ਨੈਤਿਕਤਾ, ਸਹਿਣਸ਼ੀਲਤਾ ਦੇ ਨਾਲ ਨਾਲ ਵਿਕਾਸ ਦੇ ਮੌਕੇ ਵੀ ਬਰਕਰਾਰ ਰਹਿੰਦੇ ਹਨ ਪਰ ਜੇ ਇਨ੍ਹਾਂ ਵਿਚੋਂ ਕੋਈ ਵੀ ਇਕ ਦੂਸਰੇ ਦੀ ਜਗ੍ਹਾ ਲੈਣ ਦੀ ਕੋਸ਼ਿਸ਼ ਕਰਦਾ ਹੈ ਤਾਂ ਸਮਾਜ ਦਾ ਅਮਨ-ਚੈਨ ਤੇ ਵਿਕਾਸ ਦੇ ਮੌਕੇ ਖਤਰੇ ਵਿਚ ਪੈ ਜਾਂਦੇ ਹਨ।




***ਭਾਰਤ ਵਿਚ ਧਰਮ ਅਤੇ ਜਾਤ ਸਿਆਸੀ ਮੰਤਵ ਲਈ ਇਸ ਪ੍ਰਕਾਰ ਰਲਗੱਡ ਕਰ ਦਿੱਤੇ ਗਏ ਹਨ ਕਿ ਇਨ੍ਹਾਂ ਨੂੰ ਵੱਖ ਕਰਨਾ ਸੰਭਵ ਨਜ਼ਰ ਨਹੀਂ ਆ ਰਿਹਾ। ਸਿਆਸਤ ਨੇ ਇਸ 'ਤੇ ਅਜਿਹਾ ਗਲਬਾ ਪਾ ਲਿਆ ਹੈ ਕਿ ਸਿਆਸਤਦਾਨ ਹਰ ਰਾਜਸੀ ਮਸਲੇ ਨੂੰ ਧਰਮ ਵਾਲੀ ਪਾਣ ਚਾੜ੍ਹ ਦਿੰਦੇ ਹਨ। ਧਰਮ ਅਤੇ ਸਿਆਸਤ ਜੇ ਆਪੋ-ਆਪਣੇ ਰਾਹ 'ਤੇ ਚੱਲਣ ਤਾਂ ਸਮਾਜ ਵਿਚ ਨੈਤਿਕਤਾ, ਸਹਿਣਸ਼ੀਲਤਾ ਦੇ ਨਾਲ ਨਾਲ ਵਿਕਾਸ ਦੇ ਮੌਕੇ ਵੀ ਬਰਕਰਾਰ ਰਹਿੰਦੇ ਹਨ ਪਰ ਜੇ ਇਨ੍ਹਾਂ ਵਿਚੋਂ ਕੋਈ ਵੀ ਇਕ ਦੂਸਰੇ ਦੀ ਜਗ੍ਹਾ ਲੈਣ ਦੀ ਕੋਸ਼ਿਸ਼ ਕਰਦਾ ਹੈ ਤਾਂ ਸਮਾਜ ਦਾ ਅਮਨ-ਚੈਨ ਤੇ ਵਿਕਾਸ ਦੇ ਮੌਕੇ ਖਤਰੇ ਵਿਚ ਪੈ ਜਾਂਦੇ ਹਨ।***

ਧਰਮ ਅਤੇ ਸਿਆਸਤ ਵਰਗੇ ਪਹਿਲੂਆਂ ਦੀ ਹੋਂਦ ਦਾ ਸੰਕਲਪ ਸੰਸਾਰ ਵਿਚ ਮਨੁੱਖ ਦੀ ਹੋਂਦ ਦੇ ਸਮੇਂ ਤੋਂ ਹੀ ਜੁੜਿਆ ਹੋਇਆ ਹੈ। ਪ੍ਰਾਚੀਨ ਕਾਲ ਤੋਂ ਹੀ ਮਨੁੱਖੀ ਮਨ ਵਿਚ ਸ਼ਰਧਾ ਦੇ ਭਾਵ ਰਹੇ ਹਨ ਅਤੇ ਇਹ ਸ਼ਰਧਾ ਮਨੁੱਖ ਦੇ ਜਜ਼ਬਾਤ ਨਾਲ ਜੁੜੀ ਰਹੀ ਹੈ। ਧਰਮ ਮਨੁੱਖ ਦਾ ਮੁੱਢ ਕਦੀਮਾਂ ਤੋਂ ਹੀ ਨਿੱਜੀ ਮਸਲਾ ਰਿਹਾ ਹੈ ਅਤੇ ਧਰਮ ਦੀ ਪੇਸ਼ਕਾਰੀ ਤੇ ਵਿਆਖਿਆ ਸਦਾ ਹੀ ਜਜ਼ਬਾਤ ਦੇ ਅਧੀਨ ਰਹੀ ਹੈ। ਅਸਲ ਵਿਚ ਮਨੁੱਖੀ ਜਜ਼ਬਾਤ ਹੀ ਧਰਮ ਦੀ ਹੋਂਦ ਤੇ ਵਿਕਾਸ ਦਾ ਮੂਲ ਆਧਾਰ ਹਨ। ਸਮਾਜ ਦਾ ਦੂਸਰਾ ਅੰਗ ਸਿਆਸਤ ਵੀ ਉਸ ਸਮੇਂ ਤੋਂ ਹੀ ਮਨੁੱਖੀ ਜੀਵਨ ਦਾ ਅੰਗ ਬਣ ਗਿਆ, ਜਦੋਂ ਤੋਂ ਦੋ ਮਨੁੱਖਾਂ ਨੇ ਆਪੋ-ਆਪਣੀ ਲੋੜ ਪੂਰਾ ਕਰਨ ਲਈ ਇਕ-ਦੂਜੇ ਦਾ ਸਾਥ ਦੇਣਾ ਸ਼ੁਰੂ ਕੀਤਾ ਸੀ। ਕਬੀਲਾ ਸਭਿਆਚਾਰ ਵਿਚ ਕਿਸੇ ਮੁਖੀ ਦੀ ਲੋੜ ਵਿਚੋਂ ਉਪਜਿਆ ਨੇਤਾਗਿਰੀ ਦਾ ਸੰਕਲਪ ਅੱਜ ਸੱਤਾ ਦੇ ਮੋਹ ਵਿਚ ਗ੍ਰਸਿਆ ਜਾ ਚੁੱਕਾ ਹੈ।

ਭਾਰਤ ਵਿਚ ਧਰਮ ਅਤੇ ਸਿਆਸਤ ਦਾ ਅਜੋਕਾ ਸਰੂਪ ਤਵਾਰੀਖ ਦਾ ਲੰਮਾ ਪੈਂਡਾ ਤੈਅ ਕਰ ਚੁੱਕਾ ਹੈ। ਤਵਾਰੀਖ ਦੇ ਇਸ ਦੌਰ ਵਿਚ ਇਹ ਦੋਨੋਂ ਸਮੇਂ ਸਮੇਂ ਉਪਰ ਇਕ ਦੂਜੇ ਉਪਰ ਭਾਰੂ ਪੈਂਦੇ ਰਹੇ ਹਨ ਅਤੇ ਇਨ੍ਹਾਂ ਦੋਹਾਂ ਦੀ ਹੀ ਸਮੇਂ ਦੇ ਰਾਜਸੀ ਤੇ ਧਾਰਮਿਕ ਆਗੂਆਂ ਦੁਆਰਾ ਆਪਣੇ ਹਿੱਤਾਂ ਲਈ ਭਰਪੂਰ ਵਰਤੋਂ ਕੀਤੀ ਜਾਂਦੀ ਰਹੀ ਹੈ। ਉਤਰ ਵੈਦਿਕ ਕਾਲ, ਤਕਰੀਬਨ ਇਕ ਹਜ਼ਾਰ ਸਾਲ ਈਸਾ ਪੂਰਵ ਕਾਲ ਦਾ ਉਹ ਸਮਾਂ ਜਿਸ ਸਮੇਂ ਤੋਂ ਬ੍ਰਾਹਮਣ ਜਮਾਤ ਦਾ ਸਮਾਜ ਉਪਰ ਦਬਦਬਾ ਬਣਨਾ ਸ਼ੁਰੂ ਹੋਇਆ, ਉਸ ਸਮੇਂ ਤੋਂ ਰਾਜ, ਗਣਰਾਜ, ਜਨਪਦ ਆਦਿ ਦੀਆਂ ਨੀਤੀਆਂ ਨੂੰ ਧਾਰਮਿਕ ਵਰਗ ਦੇ ਆਗੂਆਂ ਨੇ ਆਪਣੇ ਨਜ਼ਰੀਏ ਅਨੁਸਾਰ ਪਰਿਭਾਸ਼ਿਤ ਅਤੇ ਪ੍ਰਭਾਵਿਤ ਕਰਨ ਦੀ ਕੋਸ਼ਿਸ਼ ਕੀਤੀ। ਸ਼ਾਸਕ ਵਰਗ ਨੇ ਇਸ ਪ੍ਰਭਾਵ ਨੂੰ ਤਕਰੀਬਨ ਉਸੇ ਤਰ੍ਹਾਂ ਹੀ ਅਪਨਾਉਣ ਵਿਚ ਕੋਈ ਔਖ ਮਹਿਸੂਸ ਨਾ ਕੀਤੀ। ਇਸ ਖਿੱਤੇ ਵਿਚ ਦਸਵੀਂ, ਗਿਆਰਵੀਂ ਸ਼ਤਾਬਦੀ ਤੋਂ ਬਾਅਦ ਤੁਰਕਾਂ, ਅਫਗਾਨਾਂ, ਮੁਸਲਮਾਨਾਂ ਦੇ ਆਉਣ ਤੋਂ ਬਾਅਦ ਵੀ ਧਰਮ ਦਾ ਰਾਜ ਉਪਰ ਗਲਬਾ ਉਸੇ ਤਰ੍ਹਾਂ ਕਾਇਮ ਰਿਹਾ ਅਤੇ ਕੱਟੜਪੰਥੀ ਵਿਚਾਰਾਂ ਅਧੀਨ ਕੱਟੜਤਾ ਦੇ ਅਨੇਕ ਕਿੱਸੇ ਸਿਰਜੇ ਗਏ।

ਇਸ ਸਮੇਂ ਦੌਰਾਨ ਭਾਵੇਂ ਧਰਮ ਨੇ ਇਸ ਖਿੱਤੇ ਦੇ ਨੈਤਿਕ, ਸਾਹਿਤਕ ਅਤੇ ਸਭਿਆਚਾਰਕ ਖੇਤਰ ਵਿਚ ਅਨੇਕਾਂ ਸਲਾਹੁਣਯੋਗ ਪ੍ਰਭਾਵ ਵੀ ਪਾਏ ਪਰ ਜਦੋਂ ਵੀ ਸਿਆਸਤ ਤੇ ਧਰਮ ਨੇ ਇਕ ਦੂਜੇ ਨੂੰ ਲਾਭ ਹਿਤ ਵਰਤਣ ਦੀ ਕੋਸ਼ਿਸ਼ ਕੀਤੀ ਹੈ, ਇਹ ਖਿੱਤਾ ਲਗਾਤਾਰ ਅਸ਼ਾਂਤ ਹੁੰਦਾ ਰਿਹਾ ਹੈ।

ਪ੍ਰਾਚੀਨ ਸਮੇਂ ਤੋਂ ਲੈ ਕੇ ਤਕਰੀਬਨ ਅਠਾਰਵੀਂ ਸਦੀ ਤਕ ਭਾਵੇਂ ਸਿਆਸਤ ਤੇ ਧਰਮ ਇਕ ਦੂਜੇ ਨੂੰ ਆਪਸੀ ਹਿਤਾਂ ਲਈ ਵਰਤਣ ਦੀ ਸੋੜੀ ਸੋਚ ਦਾ ਲਗਾਤਾਰ ਸ਼ਿਕਾਰ ਹੁੰਦੇ ਰਹੇ ਪਰ ਅੰਗਰੇਜ਼ਾਂ ਨੇ ਇਸ ਖਿੱਤੇ ਉਪਰ ਆਪਣਾ ਪ੍ਰਭਾਵ ਕਾਇਮ ਕਰਨ ਤੋਂ ਬਾਅਦ ਸਿਆਸਤ ਵਿਚ ਖੁਦਗਰਜ਼ੀ ਹਿੱਤ ਸਭਿਆਚਾਰ, ਧਰਮ, ਨਸਲ ਜਾਂ ਜਾਤ ਦੇ ਆਧਾਰ 'ਤੇ ਫਿਰਕਾਪ੍ਰਸਤੀ ਦੀ ਐਸੀ ਖੇਡ ਖੇਡੀ ਜਿਸ ਦਾ ਨਤੀਜਾ ਮੁਲਕ ਦੀ ਵੰਡ ਵਿਚ ਨਿਕਲਿਆ। 1857 ਦਾ ਵਿਦਰੋਹ ਜਿਸ ਵਿਚ ਭਾਰਤੀਆਂ ਦੀ ਆਪਸੀ ਏਕਤਾ ਨੇ ਅੰਗਰੇਜ਼ੀ ਰਾਜ ਲਈ ਵੱਡੀ ਮੁਸੀਬਤ ਖੜ੍ਹੀ ਕਰ ਦਿੱਤੀ ਸੀ, ਭਵਿੱਖ ਵਿਚ ਅਜਿਹੇ ਖਤਰੇ ਤੋਂ ਬਚਣ ਲਈ ਉਨ੍ਹਾਂ ਨੇ ਸਭ ਤੋਂ ਪਹਿਲਾਂ 1871 ਦੀ ਧਰਮ ਆਧਾਰਿਤ ਮਰਦਮਸ਼ੁਮਾਰੀ ਅਤੇ ਉਸ ਤੋਂ ਬਾਅਦ 1905 ਵਿਚ ਵਾਇਸਰਾਏ ਲਾਰਡ ਕਰਜ਼ਨ ਦੇ ਸਮੇਂ ਬੰਗਾਲ ਦੀ ਵੰਡ ਕਰਕੇ ਕੌਮਪ੍ਰਸਤੀ ਦੇ ਬੀਜ ਪੁਰਾਣੇ ਸਮੇਂ ਨਾਲੋਂ ਜ਼ਿਆਦਾ ਸੰਘਣੇ ਅਤੇ ਡੂੰਘੇ ਬੀਜੇ ਗਏ। ਇਹ ਵੰਡ ਭਾਵੇਂ ਪ੍ਰਸ਼ਾਸਨਿਕ ਸੌਖ ਦਾ ਬਹਾਨਾ ਬਣਾ ਕੇ ਦਰੁਸਤ ਠਹਿਰਾਉਣ ਦੀ ਕੋਸ਼ਿਸ਼ ਕੀਤੀ ਗਈ ਪਰ ਅਸਲ ਵਿਚ ਇਹ ਸਿਆਸਤ ਅਧੀਨ ਧਰਮ, ਜਾਤ ਦੇ ਆਧਾਰ ਉਤੇ 'ਪਾੜੋ ਅਤੇ ਰਾਜ ਕਰੋ' ਦੀ ਨੀਤੀ ਦੀ ਸ਼ੁਰੂਆਤ ਸੀ। ਇਸ ਤੋਂ ਬਾਅਦ ਇੰਡੀਅਨ ਕੌਂਸਲ ਐਕਟ 1909 ਤੇ 1919 ਅਧੀਨ ਧਰਮ ਅਤੇ ਜਾਤ ਦੇ ਆਧਾਰ 'ਤੇ ਵੱਖ ਵੱਖ ਚੋਣ ਖੇਤਰ ਅਤੇ ਸੀਟਾਂ ਰਾਖਵੀਆਂ ਕਰਕੇ ਮਾਮਲਾ ਪੂਰੀ ਤਰ੍ਹਾਂ ਉਲਝਾ ਦਿੱਤਾ ਗਿਆ। ਉਨ੍ਹਾਂ ਆਪਣੀ ਹਰ ਰਾਜਸੀ ਚਾਲ ਨੂੰ ਧਾਰਮਿਕ ਰੰਗਤ ਦੇ ਕੇ ਭਾਰਤੀਆਂ ਵਿਚ ਫਿਰਕਾਪ੍ਰਸਤੀ ਦੀ ਚੰਗਿਆੜੀ ਨੂੰ 1947 ਤੱਕ ਲਾਂਬੂ ਵਿਚ ਬਦਲ ਦਿੱਤਾ। ਇਸ ਸਮੇਂ ਤੱਕ ਅਣਵੰਡੇ ਭਾਰਤ ਦੇ ਕੁਝ ਆਗੂ ਵੀ ਫਿਰਕਾਪ੍ਰਸਤੀ ਦੀ ਇਸ ਅੱਗ ਨਾਲ ਆਪਣੇ ਰਾਜਸੀ ਹਿੱਤਾਂ ਨੂੰ ਸਿੰਗ ਦੇਣਾ ਸਿੱਖ ਗਏ ਸਨ ਅਤੇ ਅੰਗਰੇਜ਼ਾਂ ਦੇ ਚਹੇਤੇ ਬਣ ਗਏ ਸਨ।

ਆਜ਼ਾਦੀ ਪਿਛੋਂ ਜਮਹੂਰੀ ਭਾਰਤ ਦੇ ਹਾਕਮਾਂ ਤੋਂ ਇਹ ਆਸ ਕੀਤੀ ਗਈ ਕਿ ਉਹ ਧਰਮ, ਜਾਤ, ਖੇਤਰ ਅਤੇ ਕੌਮਪ੍ਰਸਤੀ ਵਰਗੇ ਰੁਝਾਨਾਂ ਤੋਂ ਮੁਲਕ ਨੂੰ ਮੁਕਤ ਕਰਨਗੇ। ਇਸ ਆਸ ਨੂੰ ਅਮਲੀ ਰੂਪ ਦੇਣ ਲਈ ਸੰਵਿਧਾਨ ਘਾੜਿਆਂ ਨੇ ਕਈ ਮੁਲਕਾਂ ਦੇ ਸੰਵਿਧਾਨਾਂ ਦੀ ਪਰਖ ਪੜਤਾਲ ਅਤੇ ਲੰਮੇ ਬਹਿਸ-ਮੁਬਾਹਿਸੇ ਤੋਂ ਬਾਅਦ ਲਚਕੀਲਾ ਸੰਵਿਧਾਨ ਬਣਾਇਆ। ਸੰਵਿਧਾਨ ਦੀ ਜਮਹੂਰੀ ਭਾਵਨਾ ਅਧੀਨ ਇਸ ਦੀ ਧਾਰਾ 15 ਤਹਿਤ ਜਾਤੀ ਭੇਦਭਾਵ ਦੀ ਮਨਾਹੀ, ਧਾਰਾ 25 ਤਹਿਤ ਕਿਸੇ ਵੀ ਧਰਮ ਨੂੰ ਮੰਨਣ ਦੀ ਆਜ਼ਾਦੀ ਦਿੱਤੀ ਗਈ। ਚੋਣਾਂ ਸਮੇਂ ਧਰਮ ਅਤੇ ਜਾਤੀ ਦੇ ਆਧਾਰ 'ਤੇ ਹੁੰਦੀ ਫਿਰਕੂ ਸਿਆਸਤ ਰੋਕਣ ਲਈ ਲੋਕ ਨੁਮਾਇੰਦਾ ਐਕਟ-1951 ਦਾ ਪ੍ਰਬੰਧ ਕੀਤਾ। ਇਸ ਤਹਿਤ ਲੋਕਾਂ ਦੀ ਨੁਮਾਇੰਦਗੀ ਕਰਨ ਵਾਲੀਆਂ ਸਾਰੀਆਂ ਰਜਿਸਟਰਡ ਪਾਰਟੀਆਂ ਚੋਣ ਕਮਿਸ਼ਨ ਨੂੰ ਹਲਫੀਆ ਬਿਆਨ ਦਿੰਦੀਆਂ ਹਨ ਕਿ ਉਹ ਧਰਮ ਜਾਂ ਜਾਤ ਆਧਾਰਿਤ ਚੋਣ ਰਾਜਨੀਤੀ ਨਹੀਂ ਕਰਨਗੀਆਂ। ਕੀ ਆਜ਼ਾਦ ਭਾਰਤ ਵਿਚ ਸੰਵਿਧਾਨ ਦੀ ਮੂਲ ਭਾਵਨਾ ਅਤੇ ਉਪਰੋਕਤ ਐਕਟ ਦੀ ਪਾਲਣਾ ਕੀਤੀ ਗਈ? ਕੀ ਰਾਜਸੀ ਪਾਰਟੀਆਂ ਦੇ ਨੁਮਾਇੰਦਿਆਂ ਨੇ ਜਨਤਾ ਦੇ ਧਾਰਮਿਕ ਜਜ਼ਬਾਤ ਤੋਂ ਉਪਰ ਉਠ ਕੇ ਸਿਆਸਤ ਕਰਨ ਦੀ ਕਦੀ ਕੋਸ਼ਿਸ਼ ਕੀਤੀ? ਹਕੀਕਤ ਸਭ ਦੇ ਸਾਹਮਣੇ ਹੈ। 2014 ਤੋਂ ਹੁਣ ਤੱਕ ਮੁਲਕ ਵਿਚ ਫਿਰਕੂ ਘਟਨਾਵਾਂ ਵਿਚ ਵਾਧਾ ਹੋਇਆ। ਉਤਰ ਪ੍ਰਦੇਸ਼ ਵਿਚ ਇਹ ਰੁਝਾਨ ਸਭ ਤੋਂ ਵੱਧ ਹੈ। ਆਪਣੇ ਪੱਧਰ 'ਤੇ ਖੋਜ ਕਰਵਾਉਣ ਵਾਲੀ ਪਿਊ ਖੋਜ ਏਜੰਸੀ ਨੇ ਭਾਰਤ ਨੂੰ ਸੀਰੀਆ, ਨਾਈਜੀਰੀਆ ਅਤੇ ਇਰਾਕ ਤੋਂ ਬਾਅਦ ਫਿਰਕੂ ਘਟਨਾਵਾਂ ਵਿਚ ਚੌਥਾ ਸਥਾਨ ਦਿੱਤਾ ਹੈ। ਇਸ ਅਨੁਸਾਰ ਭਾਰਤ ਦੇ 8.7 ਅੰਕ ਹਨ ਅਤੇ 10 ਅੰਕ ਬਹੁਤ ਬੁਰੇ ਹਾਲਾਤ ਲਈ ਹਨ।

ਮੌਜੂਦਾ ਦੌਰ ਵਿਚ ਕੀ ਸਿਆਸੀ ਪਾਰਟੀਆਂ ਮੁਲਕ ਵਿਚ ਅਯੁੱਧਿਆ ਵਿਵਾਦ, ਸ਼ਬਰੀਮਾਲਾ ਮੰਦਰ, ਸ਼ਹਿਰਾਂ ਤੇ ਰੇਲਵੇ ਸਟੇਸ਼ਨਾਂ ਦੇ ਨਾਮ ਬਦਲਣੇ ਆਦਿ ਹੋਰ ਬਹੁਤ ਸਾਰੇ ਅਜਿਹੇ ਮੁੱਦਿਆਂ ਰਾਹੀਂ ਵੋਟ ਬੈਂਕ ਖਾਤਰ ਲੋਕਾਂ ਦੇ ਧਾਰਮਿਕ ਜਜ਼ਬਾਤ ਨੂੰ ਨਹੀਂ ਹਲੂਣਿਆ ਜਾ ਰਿਹਾ? ਕੀ ਇਨ੍ਹਾਂ ਵਿਵਾਦਾਂ ਦਾ ਸਿਆਸੀ ਖੇਤਰ ਤੋਂ ਪਰੇ ਕੋਈ ਹੱਲ ਨਹੀਂ ਹੈ? ਕੀ ਮੁਲਕ ਵਿਚ ਧਰਮ ਦੇ ਨਾਂ 'ਤੇ ਹੁੰਦੀਆਂ ਹਜੂਮੀ ਵਾਰਦਾਤਾਂ ਸਿਆਸਤ ਤੋਂ ਪ੍ਰੇਰਤ ਨਹੀਂ ਹਨ? ਮੁਲਕ ਦੀ ਮਨੁੱਖੀ ਸ਼ਕਤੀ ਤੋਂ ਸੁਚੱਜਾ ਕੰਮ ਲੈਣ ਦੀ ਥਾਂ ਰਾਜਸੀ ਪਾਰਟੀਆਂ ਸਿਆਸਤ ਅਤੇ ਧਰਮ ਨੂੰ ਕੋਝੇ ਢੰਗ ਨਾਲ ਰਲਗੱਡ ਕਰਕੇ ਆਪਣੇ ਵੋਟ ਬੈਂਕ ਨੂੰ ਮਜ਼ਬੂਤ ਕਰ ਰਹੀਆਂ ਹਨ। ਸੱਤਾ ਵਿਚ ਟਿਕੇ ਰਹਿਣ ਜਾਂ ਪ੍ਰਾਪਤ ਕਰਨ ਲਈ ਲੋਕਾਂ ਦੇ ਧਾਰਮਿਕ ਜਜ਼ਬਾਤ ਭੜਕਾਏ ਜਾ ਰਹੇ ਹਨ।

ਦਰਅਸਲ, ਇਸ ਕੋਝੀ ਸਿਆਸਤ ਦੀ ਤਵਾਰੀਖ ਵਿਚ ਅੰਗਰੇਜ਼ ਜਿਥੇ ਸਾਨੂੰ ਛੱਡ ਕੇ ਗਏ ਸਨ, ਅਸੀਂ ਅੱਜ ਉਸ ਤੋਂ ਵੀ ਨਿੱਘਰ ਚੁੱਕੇ ਹਾਂ। ਮੁਲਕ ਦੀਆਂ ਸੰਵਿਧਾਨਕ ਸੰਸਥਾਵਾਂ ਨਿੱਘਰ ਰਹੀਆਂ ਹਨ। ਸਾਡੇ ਸੰਸਦੀ ਸੈਸ਼ਨ ਧਾਰਮਿਕ ਰੰਗਤ ਵਾਲੀ ਸਿਆਸਤ ਕਾਰਨ ਅਜਾਈਂ ਜਾ ਰਹੇ ਹਨ। ਬੇਰੁਜ਼ਗਾਰੀ ਵਧ ਰਹੀ ਹੈ, ਸਿੱਖਿਆ ਤੇ ਸਿਹਤ ਸਹੂਲਤਾਂ ਅਵਾਮ ਦੀ ਪਹੁੰਚ ਤੋਂ ਦੂਰ ਹੋ ਰਹੀਆਂ ਹਨ। ਇਨ੍ਹਾਂ ਸਾਰੀਆਂ ਮੁਸੀਬਤਾਂ ਦੀ ਜੜ੍ਹ ਸਿਆਸਤ ਨਾਲ ਜੁੜੀ ਹੋਈ ਹੈ। ਸਰਬਪੱਖੀ ਵਿਕਾਸ ਅਤੇ ਫਿਰਕੂ ਰੁਝਾਨ ਦੇ ਖਾਤਮੇ ਵਾਸਤੇ ਧਰਮ ਆਧਾਰਿਤ ਸਿਆਸਤ ਦਾ ਖਾਤਮਾ ਜ਼ਰੂਰੀ ਹੈ ਤਾਂ ਹੀ ਅਸੀਂ ਜਮਹੂਰੀ ਸਿਧਾਂਤ ਕਾਇਮ ਰੱਖ ਸਕਦੇ ਹਾਂ, ਸਹਿਣਸ਼ੀਲਤਾ ਤੇ ਵਿਕਾਸ ਦਾ ਮਾਹੌਲ ਸਿਰਜ ਸਕਦੇ ਹਾਂ ਅਤੇ ਘੱਟ ਗਿਣਤੀਆਂ ਵਿਚ ਫੈਲੀ ਦੂਜੇ ਦਰਜੇ ਦੇ ਸ਼ਹਿਰੀਆਂ ਵਾਲੀ ਭਾਵਨਾ ਖਤਮ ਕਰ ਸਕਦੇ ਹਾਂ।

# ਵੈਂਜ਼ੂਏਲਾ ਦਾ ਸਿਆਸੀ ਸੰਕਟ ਅਤੇ ਅਮਰੀਕਾ

ਵੈਂਜ਼ੂਏਲਾ ਵਿਚ 23 ਜਨਵਰੀ ਨੂੰ ਹੋਏ ਰਾਜ ਪਲਟੇ ਵਿਚ ਦੋ ਨੁਕਤੇ ਖਾਸ ਉਘੜਵੇਂ ਹਨ। ਪਹਿਲਾ, ਇਹ ਖਾਸ ਤੌਰ 'ਤੇ ਪ੍ਰਤੱਖ ਹੈ; ਹਾਲਾਂਕਿ ਆਪਣੀ ਖਸਲਤ ਅਨੁਸਾਰ ਟਰੰਪ ਪ੍ਰਸ਼ਾਸਨ ਰਾਜ ਪਲਟੇ ਅਤੇ ਇਸ ਵਿਚ ਆਪਣੀ ਘਿਨਾਉਣੀ ਭੂਮਿਕਾ ਉਪਰ ਪਰਦਾ ਪਾਉਣ ਦੀ ਪੂਰੀ ਵਾਹ ਲਾ ਰਿਹਾ ਹੈ। ਦੂਜਾ, ਰਾਜ ਪਲਟੇ ਨੂੰ ਨੰਗੇ ਝੂਠਾਂ ਉਪਰ ਉਸਾਰਿਆ ਗਿਆ ਹੈ, ਇਹਨਾਂ ਨੂੰ ਵਾਸ਼ਿੰਗਟਨ ਅਤੇ ਉਸ ਦੇ ਜੋਟੀਦਾਰ ਮੁੜ-ਮੁੜ ਦੁਹਰਾ ਕੇ ਸੱਚ ਬਣਾਉਣ ਦੀ ਕਵਾਇਦ ਕਰ ਰਹੇ ਹਨ। ਡੋਨਾਲਡ ਟਰੰਪ ਨੇ ਟਵੀਟ ਕੀਤਾ, "ਵੈਂਜ਼ੂਏਲਾ ਦੇ ਨਾਗਰਿਕ ਲੰਬੇ ਸਮੇਂ ਤੋਂ ਨਿਕੋਲਸ ਮਾਦੂਰੋ ਦੇ ਨਾਜਾਇਜ਼ ਰਾਜ ਦਾ ਸੰਤਾਪ ਝੱਲਦੇ ਆ ਰਹੇ ਸਨ।

ਬੂਟਾ ਸਿੰਘ
ਫੋਨ: +91-94634-74342

ਅੱਜ ਮੈਂ ਵੈਂਜ਼ੂਏਲਾ ਦੀ ਨੈਸ਼ਨਲ ਅਸੈਂਬਲੀ ਦੇ ਰਾਸ਼ਟਰਪਤੀ ਜੁਆਨ ਗਿਆਦੋ ਨੂੰ ਵੈਂਜ਼ੂਏਲਾ ਦੇ ਅੰਤ੍ਰਿਮ ਰਾਸ਼ਟਰਪਤੀ ਵਜੋਂ ਅਧਿਕਾਰਤ ਤੌਰ 'ਤੇ ਮਾਨਤਾ ਦੇ ਦਿੱਤੀ ਹੈ।" ਅਮਰੀਕਾ ਸਮੇਤ 20 ਮੁਲਕਾਂ ਨੇ ਆਪੇ ਬਣੇ 'ਅੰਤ੍ਰਿਮ ਰਾਸ਼ਟਰਪਤੀ' ਨੂੰ ਮਾਨਤਾ ਦੇ ਦਿੱਤੀ ਹੈ। ਦੁਨੀਆ ਭਰ ਦਾ ਕਾਰਪੋਰੇਟ ਕਬਜ਼ੇ ਵਾਲਾ ਮੀਡੀਆ ਹਮੇਸ਼ਾ ਵਾਂਗ ਵ੍ਹਾਈਟ ਹਾਊਸ ਦੇ ਕੂੜ ਨੂੰ ਪ੍ਰਚਾਰਨ ਦਾ ਸੰਦ ਬਣਿਆ ਹੋਇਆ ਹੈ। ਅਮਰੀਕਨ ਹੁਕਮਰਾਨ ਵੈਂਜ਼ੂਏਲਾ ਦੇ ਅਵਾਮ ਦੇ ਫਤਵੇ ਨੂੰ ਉਲਟਾਉਣ ਲਈ ਐਨਾ ਤਾਹੂ ਕਿਉਂ ਹਨ?

ਡੇਢ ਦਹਾਕਾ ਪਹਿਲਾਂ ਕਿਊਬਾ ਨੂੰ ਛੱਡ ਕੇ ਪੂਰਾ ਲਾਤੀਨੀ ਅਮਰੀਕਾ, ਇਕ ਤਰ੍ਹਾਂ ਅਮਰੀਕਾ ਦੀ ਗ੍ਰਿਫਤ ਵਿਚ ਸੀ। ਇਸ ਨੂੰ ਉਹ ਆਪਣਾ ਪਿਛਵਾੜਾ ਕਹਿੰਦੇ ਸਨ। ਇਤਿਹਾਸ ਗਵਾਹ ਹੈ ਕਿ ਬੀਤੇ ਵਿਚ ਜਿਸ ਰਾਸ਼ਟਰਪਤੀ ਨੇ ਵੀ ਬਦਲਾਓ ਦਾ ਰਸਤਾ ਚੁਣਿਆ, ਜਿਵੇਂ ਚਿੱਲੀ, ਉਸੇ ਨੂੰ ਕਤਲ ਕਰਵਾ ਦਿੱਤਾ ਗਿਆ। ਫਿਰ ਇਕ ਵਕਤ ਆਇਆ ਜਦੋਂ ਹਿਊਗੋ ਸ਼ਾਵੇਜ਼ ਦੀ ਅਗਵਾਈ 'ਚ ਵੈਂਜ਼ੂਏਲਾ ਨੇ ਅਮਰੀਕਨ ਜਕੜ ਨੂੰ ਤੋੜਿਆ। ਦੇਖਦੇ-ਦੇਖਦੇ ਚਿੱਲੀ, ਬੋਲੀਵੀਆ, ਅਰਜਨਟਾਈਨਾ, ਬਰਾਜ਼ੀਲ, ਪੈਰਾਗੁਏ, ਉਰੂਗੁਏ ਸਣੇ (ਕੋਲੰਬੀਆ ਨੂੰ ਛੱਡ ਕੇ ਜਿਥੇ ਖੱਬਾ ਉਮੀਦਵਾਰ ਮਹਿਜ਼ ਅੱਧੀ ਫੀਸਦੀ ਵੋਟ ਦੇ ਫਰਕ ਨਾਲ ਹਾਰ ਗਿਆ) ਤਮਾਮ ਲਾਤੀਨੀ ਅਮਰੀਕੀ ਮੁਲਕਾਂ ਵਿਚ ਅਮਰੀਕਨ ਪਿੱਠੂ ਸੱਤਾ ਤੋਂ ਬਾਹਰ ਹੁੰਦੇ ਗਏ। ਕਾਰਪੋਰੇਟ ਕੰਪਨੀਆਂ ਤੇ ਅਜਾਰੇਦਾਰ ਵਿਤੀ ਸੰਸਥਾਵਾਂ ਦੀਆਂ ਮਨਮਾਨੀਆਂ ਨੂੰ ਲਗਾਮ ਪਾਈ ਗਈ। ਇਥੋਂ ਦੇ ਵਿਤੀ ਵਸੀਲਿਆਂ ਦਾ ਚੋਖਾ ਹਿੱਸਾ ਕਾਰਪੋਰੇਟਾਂ ਦੇ ਸੁਪਰ ਮੁਨਾਫੇ ਬਣਨ ਦੀ ਬਜਾਏ ਸਿੱਖਿਆ, ਸਿਹਤ ਸੇਵਾਵਾਂ ਅਤੇ ਘਰ ਮੁਹੱਈਆ ਕਰਵਾਉਣ ਲਈ ਖਰਚਿਆ ਜਾਣ ਲੱਗਿਆ। ਇਹਨਾਂ ਮੁਲਕਾਂ ਨੇ ਮਿਲ ਕੇ ਆਪਸੀ ਮਦਦ ਲਈ ਸਾਮਰਾਜਵਾਦੀ ਸੰਸਥਾਵਾਂ ਆਲਮੀ ਬੈਂਕ ਅਤੇ ਆਈ.ਐਮ.ਐਫ. ਦੇ ਮੁਕਾਬਲੇ ਆਪਣਾ ਬੈਂਕ ਬਣਾਇਆ। ਅਮਰੀਕਾ ਨੂੰ ਦੱਖਣੀ ਅਮਰੀਕਨ ਮੁਲਕਾਂ ਦੀ ਸੰਸਥਾ 'ਆਰਗੇਨਾਈਜੇਸ਼ਨ ਆਫ ਅਮੈਰੀਕਨ ਸਟੇਟਸ' ਵਿਚੋਂ ਬਾਹਰ ਕਰ ਦਿੱਤਾ ਗਿਆ। ਪੰਜ ਸਦੀਆਂ ਪੁਰਾਣੇ ਬਸਤੀਵਾਦ ਵਿਰੋਧੀ ਨਾਇਕ ਸਾਈਮਨ ਦ ਬੋਲੀਵਰ ਦੇ ਨਾਂ ਉਪਰ ਮਸ਼ਹੂਰ ਹੋਇਆ ਇਹ 'ਬੋਲੀਵੇਰੀਅਨ ਬਦਲ' ਆਲਮੀ ਕਾਰਪੋਰੇਟ ਸਰਮਾਏ ਅਤੇ ਅਮਰੀਕਨ ਰਾਜ ਲਈ ਵੱਡੀ ਸਿਰਦਰਦੀ ਬਣ ਗਿਆ। ਸ਼ਾਵੇਜ਼ ਦੇ ਜਿਉਂਦੇ ਜੀਅ ਅਤੇ ਉਸ ਦੀ ਮੌਤ ਤੋਂ ਬਾਅਦ ਵੈਂਜ਼ੂਏਲਾ ਦੇ ਖਿਲਾਫ ਸਿਰਤੋੜ ਅਮਰੀਕੀ ਸਾਜ਼ਿਸ਼ਾਂ ਕਦੇ ਬੰਦ ਨਹੀਂ ਹੋਈਆਂ। ਹਾਲ ਹੀ ਵਿਚ ਬਰਾਜ਼ੀਲ ਦੀਆਂ ਚੋਣਾਂ ਵਿਚ ਘੋਰ ਸੱਜੇਪੱਖੀ ਜਨੂੰਨੀ ਦੀ ਜਿੱਤ ਨਾਲ ਟਰੰਪ ਕੁਝ ਜ਼ਿਆਦਾ ਹੀ ਤੱਤਾ ਵਗਣ ਲੱਗ ਪਿਆ।

ਦਰਅਸਲ, ਰੂਸ ਅਤੇ ਚੀਨ ਨਾਲ ਵੈਂਜ਼ੂਏਲਾ ਦੀ ਨੇੜਤਾ ਵੀ ਅਮਰੀਕਾ ਲਈ ਵੱਡੀ ਚੁਣੌਤੀ ਬਣ ਚੁੱਕੀ ਹੈ। ਵੈਂਜ਼ੂਏਲਾ ਕੋਲ ਦੁਨੀਆ ਦੇ ਸਭ ਤੋਂ ਵੱਡੇ ਤੇਲ-ਭੰਡਾਰ ਹਨ ਅਤੇ ਤੇਲ ਦਾ ਉਸ ਦੀ ਆਰਥਕਤਾ ਵਿਚ ਵੱਡਾ ਯੋਗਦਾਨ ਹੈ। ਵੈਂਜ਼ੂਏਲਾ ਸੋਨੇ ਦੇ ਦੂਜੇ ਸਭ ਤੋਂ ਵੱਡੇ ਭੰਡਾਰਾਂ ਨਾਲ ਭਰਪੂਰ ਹੋਣ ਦੇ ਨਾਲ-ਨਾਲ ਹੀਰੇ ਅਤੇ ਕੋਲਟਨ ਵਰਗੇ ਹੋਰ ਖਣਿਜਾਂ ਦੇ ਅਮੀਰ ਭੰਡਾਰਾਂ ਦਾ ਮਾਲਕ ਵੀ ਹੈ ਜੋ ਇਲੈਕਟ੍ਰਿਕ ਯੰਤਰ ਬਣਾਉਣ ਲਈ ਵਰਤੋਂ ਵਿਚ ਆਉਂਦਾ ਹੈ। ਵੈਂਜ਼ੂਏਲਾ ਦਾ ਓਪੇਕ (ਤੇਲ ਉਤਪਾਦਕ ਮੁਲਕਾਂ ਦੀ ਸੰਸਥਾ) ਦਾ ਪ੍ਰਧਾਨ ਬਣਨਾ ਅਮਰੀਕੀ-ਯੂਰਪੀ ਕਾਰਪੋਰੇਟ ਸਰਮਾਏ ਦੇ ਹਿਤਾਂ ਦੇ ਖਿਲਾਫ ਹੈ ਜੋ ਤੇਲ ਭੁਗਤਾਨ ਲਈ ਗ਼ੈਰ-ਡਾਲਰ ਕਾਰੰਸੀ ਜਾਂ ਕ੍ਰਿਪਟੋਕਰੰਸੀ ਨੂੰ ਅਮਲ ਵਿਚ ਲਿਆ ਕੇ ਅਮਰੀਕੀ ਡਾਲਰ ਦੀ ਸਰਦਾਰੀ ਨੂੰ ਸੱਟ ਮਾਰ ਸਕਦਾ ਹੈ।

ਤੱਥ ਇਹ ਹੈ ਕਿ ਰਾਸ਼ਟਰਪਤੀ ਮਾਦੂਰੋ ਦੀ ਚੋਣ ਪੂਰੀ ਤਰ੍ਹਾਂ ਵੈਂਜ਼ੂਏਲਾ ਦੇ ਸੰਵਿਧਾਨ ਅਨੁਸਾਰ ਹੋਈ। ਮਈ 2018 'ਚ 46 ਫੀਸਦੀ ਯੋਗ ਵੋਟਰਾਂ ਨੇ ਚੋਣਾਂ ਵਿਚ ਵੋਟ ਪਾਈ ਜਿਹਨਾਂ ਦੀ ਤਾਦਾਦ 9,389,056 ਬਣਦੀ ਹੈ। ਚੋਣਾਂ ਵਿਚ ਹਿੱਸਾ ਲੈ ਰਹੀਆਂ ਸੋਲਾਂ ਪਾਰਟੀਆਂ ਵਲੋਂ ਰਾਸ਼ਟਰਪਤੀ ਲਈ ਛੇ ਉਮੀਦਵਾਰ ਖੜ੍ਹੇ ਕੀਤੇ ਗਏ ਸਨ। ਚੋਣਾਂ ਅੰਠ ਮੁਲਕਾਂ ਦੇ 14 ਚੋਣ ਕਮਿਸ਼ਨਾਂ ਦੀ ਨਿਗਰਾਨੀ ਹੇਠ ਹੋਈਆਂ। ਦੁਨੀਆ ਦੇ 18 ਪੱਤਰਕਾਰ ਵੀ ਚੋਣਾਂ ਦੌਰਾਨ ਮੌਜੂਦ ਰਹੇ। ਮਾਦੂਰੋ 6,248,864 ਯਾਨੀ 67.6ਫੀਸਦੀ ਵੋਟਾਂ ਹਾਸਲ ਕਰਕੇ ਵੱਡੇ ਫਰਕ ਨਾਲ ਮੁੜ ਰਾਸ਼ਟਰਪਤੀ ਚੁਣੇ ਗਏ। 10 ਜਨਵਰੀ ਨੂੰ ਮਾਦੂਰੋ ਨੇ ਅਹੁਦਾ ਸੰਭਾਲਿਆ ਅਤੇ ਦੋ ਹਫਤੇ ਵੀ ਨਹੀਂ ਸੀ ਹੋਏ ਕਿ ਚੋਣਾਂ ਵਿਚ ਬੁਰੀ ਤਰ੍ਹਾਂ ਹਾਰੇ ਸ਼ਖਸ ਜੁਆਨ ਗਾਇਦੋ ਨੇ ਟਰੰਪ ਪ੍ਰਸ਼ਾਸਨ ਦੇ ਇਸ਼ਾਰੇ 'ਤੇ ਕਰਾਕਸ ਦੇ ਚੌਕ ਵਿਚ ਖੜ੍ਹ ਕੇ ਖੁਦ ਨੂੰ ਰਾਸ਼ਟਰਪਤੀ ਐਲਾਨ ਦਿੱਤਾ ਅਤੇ ਪਹਿਲਾਂ ਟਰੰਪ ਤੇ ਉਸ ਤੋਂ ਬਾਅਦ ਉਸ ਦੇ ਪਿਛਲੱਗਾਂ ਨੇ ਉਸ ਨੂੰ ਝਟਪਟ ਮਾਨਤਾ ਦੇ ਦਿੱਤੀ। ਲਿਹਾਜ਼ਾ, ਟਰੰਪ ਅਤੇ ਉਸ ਦੇ ਜੋਟੀਦਾਰਾਂ ਦਾ ਇਲਜ਼ਾਮ ਕੋਰਾ ਝੂਠ ਹੈ ਕਿ ਮਾਦੂਰੋ ਦੀ ਚੋਣ ਗ਼ੈਰ-ਸੰਵਿਧਾਨਕ ਹੈ। ਇਹ ਆਪੇ ਬਣਿਆ ਰਾਸ਼ਟਰਪਤੀ ਗਾਇਦੋ ਹੈ ਜਿਸ ਦੀ ਚੋਣ ਗ਼ੈਰ-ਕਾਨੂੰਨੀ ਹੈ। ਵੈਸੇ ਵੀ ਵੈਂਜ਼ੂਏਲਾ ਦਾ ਮੁਖੀ ਕੌਣ ਹੋਵੇ, ਇਸ ਦਾ ਫੈਸਲਾ ਉਸ ਮੁਲਕ ਦੇ ਲੋਕਾਂ ਨੇ ਕਰਨਾ ਹੈ, ਅਮਰੀਕਨ ਹੁਕਮਰਾਨਾਂ ਨੂੰ ਉਸ ਦੇ ਅੰਦਰੂਨੀ ਮਾਮਲਿਆਂ ਵਿਚ ਦਖਲ ਦੇਣ ਦਾ ਕੋਈ ਹੱਕ ਹੀ ਨਹੀਂ। ਮਾਦੂਰੋ ਦੇ ਰਾਜ ਵਿਚ ਸੰਕਟ, ਨਾਕਾਮੀਆਂ ਅਤੇ ਧੱਕੇਸ਼ਾਹੀਆਂ ਦੀਆਂ ਮਿਸਾਲਾਂ ਹੋਣਗੀਆਂ ਜਿਹਨਾਂ ਦੇ ਮੱਦੇਨਜ਼ਰ ਉਸ ਨੂੰ ਸੱਤਾ ਤੋਂ ਬਾਹਰ ਕਰਨ ਦਾ ਫੈਸਲਾ ਅਵਾਮ ਨੇ ਕਰਨਾ ਹੈ। ਅਮਰੀਕਾ ਦੀ ਧੱਕੜ ਦਖਲਅੰਦਾਜ਼ੀ ਵੈਂਜ਼ੂਏਲਾ ਦੀ ਪ੍ਰਭੂਸੱਤਾ ਉਪਰ ਸਿੱਧਾ ਹਮਲਾ ਹੈ। ਦੂਸਰੇ ਮੁਲਕਾਂ ਦੀ ਕੁਲ ਅਖਤਿਆਰ ਹੈਸੀਅਤ (ਪ੍ਰਭੂਸੱਤਾ) ਨੂੰ ਖਤਮ ਕਰਕੇ ਆਪਣੀ ਈਨ ਮੰਨਵਾਉਣ ਲਈ ਸਾਜ਼ਿਸ਼ਾਂ, ਰਾਜ ਪਲਟਿਆਂ ਤੋਂ ਲੈ ਕੇ ਧਾੜਵੀ ਹਮਲਿਆਂ ਦਾ ਸਹਾਰਾ ਲੈਣਾ ਅਮਰੀਕਾ ਦੀ ਹਮੇਸ਼ਾ ਹੀ ਨੀਤੀ ਰਹੀ ਹੈ।

ਅਗਸਤ 2017 ਤੋਂ ਹੀ ਟਰੰਪ ਵੈਂਜ਼ੂਏਲਾ ਵਿਰੁਧ ਫੌਜੀ ਦਖਅੰਦਾਜ਼ੀ ਦੀ ਸਪਸ਼ਟ ਸੰਭਾਵਨਾ ਦੇ ਸੰਕੇਤ ਦਿੰਦਾ ਆ ਰਿਹਾ ਸੀ। 4 ਅਗਸਤ ਨੂੰ ਕਾਰਾਕਸ ਵਿਚ ਬੋਲੀਵਰ ਅਵੈਨਿਊ ਉਪਰ ਬੋਲੀਵੇਰੀਅਨ ਨੈਸ਼ਨਲ ਗਾਰਡ ਦੀ 18ਵੀਂ ਵਰ੍ਹੇਗੰਢ ਸਮਾਰੋਹ ਦੇ ਦੌਰਾਨ ਵਿਸਫੋਟਕਾਂ ਨਾਲ ਭਰੇ ਡਰੋਨ ਜ਼ਰੀਏ ਨਿਕੋਲਸ ਮਾਦੂਰੋ ਦੀ ਹੱਤਿਆ ਕਰਨ ਦੀ ਕੋਸ਼ਿਸ਼ ਕੀਤੀ ਗਈ ਜੋ ਨਾਕਾਮ ਹੋ ਗਈ। ਇਹ ਰਿਪੋਰਟਾਂ ਵੀ ਹਨ ਕਿ ਟਰੰਪ ਵੱਲੋਂ ਆਪਣੇ ਸਹਿਯੋਗੀ ਅਤੇ ਲਾਤੀਨੀ ਅਮਰੀਕੀ ਮੁਲਕਾਂ ਉਪਰ ਵੈਂਜ਼ੂਏਲਾ ਉਪਰ ਹਮਲਾ ਕਰਨ ਲਈ ਲਗਾਤਾਰ ਦਬਾਓ ਪਾਇਆ ਜਾ ਰਿਹਾ ਹੈ। ਸਤੰਬਰ ਮਹੀਨੇ ਨਿਊ ਯਾਰਕ ਟਾਈਮਜ਼ ਨੇ ਰਿਪੋਰਟ ਛਾਪੀ ਕਿ ਟਰੰਪ ਪ੍ਰਸ਼ਾਸਨ 2017 ਦੇ ਅੱਧ ਤੋਂ ਹੀ ਤਖਤਾ ਪਲਟਣ ਦੇ ਸਾਜ਼ਿਸ਼ਘਾੜਿਆਂ ਨਾਲ ਮੀਟਿੰਗਾਂ ਕਰ ਰਿਹਾ ਸੀ। ਵਾਲਸਟਰੀਟ ਜਰਨਲ ਅਨੁਸਾਰ ਇਰਾਨ ਤੇ ਉਤਰੀ ਕੋਰੀਆ ਦੇ ਨਾਲ ਵੈਂਜ਼ੂਏਲਾ ਐਨ ਸ਼ੁਰੂ ਤੋਂ ਹੀ ਟਰੰਪ ਸਰਕਾਰ ਦੀ ਵਿਦੇਸ਼ ਨੀਤੀ ਦੀਆਂ 3 ਸਿਖਰਲੀਆਂ ਤਰਜੀਹਾਂ 'ਚੋਂ ਇਕ ਚਲਿਆ ਆ ਰਿਹਾ ਹੈ। ਲਿਹਾਜ਼ਾ, ਰਾਜ ਪਲਟਾ ਇਸੇ ਨੀਤੀ ਤਹਿਤ ਕਰਵਾਇਆ ਗਿਆ ਹੈ।

ਚੁਣੇ ਹੋਏ ਰਾਸ਼ਟਰਪਤੀ ਦੇ ਰਾਜ ਪਲਟੇ ਦੀ ਆਪਣੀ ਸਾਜ਼ਿਸ਼ ਨੂੰ ਵਾਜਬੀਅਤ ਦੇਣ ਲਈ ਟਰੰਪ ਪ੍ਰਸ਼ਾਸਨ ਪ੍ਰਚਾਰ ਰਿਹਾ ਹੈ ਕਿ ਆਰਥਕ ਸੰਕਟ 'ਤੇ ਕਾਬੂ ਪਾਉਣ 'ਚ ਅਸਫਲ ਰਹਿਣ ਕਾਰਨ ਵੈਂਜ਼ੂਏਲਾ ਦੇ ਲੋਕ ਮਾਦੂਰੋ ਨੂੰ ਹਟਾਉਣਾ ਚਾਹੁੰਦੇ ਹਨ। ਨਿਸ਼ਚੇ ਹੀ ਵੈਂਜ਼ੂਏਲਾ ਡੂੰਘੇ ਆਰਥਕ ਸੰਕਟ 'ਚ ਘਿਰਿਆ ਹੋਇਆ ਹੈ ਜਿਸ ਦੀ ਅਸਲ ਵਜ੍ਹਾ ਉਹ ਨਹੀਂ ਜੋ ਟਰੰਪ ਤੇ ਇਸ ਦੇ ਜੋਟੀਦਾਰ ਦੱਸ ਰਹੇ ਹਨ। ਅਸਲ ਵਜ੍ਹਾ ਅਮਰੀਕਾ ਵਲੋਂ ਵੈਂਜ਼ੂਏਲਾ ਦੀ ਆਰਥਕਤਾ ਨੂੰ ਤਬਾਹ ਕਰਨ ਲਈ ਵਿੱਢਿਆ ਆਰਥਕ ਹਮਲਾ, ਤੇਲ ਕੀਮਤਾਂ ਵਿਚ ਆਈ ਵੱਡੀ ਗਿਰਾਵਟ ਤੇ ਵਿਰੋਧੀ ਧਿਰ ਵਲੋਂ ਕੀਤੀ ਜਾ ਰਹੀ ਆਰਥਕ ਭੰਨਤੋੜ ਹੈ। ਵਸਤਾਂ ਦੀ ਜ਼ਖੀਰੇਬਾਜ਼ੀ ਤੇ ਵੈਂਜ਼ੂਏਲਾ ਦਾ ਸਮਾਨ ਕੋਲੰਬੀਆ 'ਚ ਵੇਚ ਕੇ ਜ਼ਰੂਰੀ ਵਸਤਾਂ ਦਾ ਸੰਕਟ ਪੈਦਾ ਕੀਤਾ ਜਾ ਰਿਹਾ ਹੈ। ਅਮਰੀਕਾ ਤੇ ਇਸ ਦੀਆਂ ਪਿੱਠੂ ਤਾਕਤਾਂ ਮਾਦੂਰੋ ਨੂੰ ਸੱਤਾ ਤੋਂ ਹਟਾਉਣ ਲਈ ਇਸ ਸੰਕਟ ਨੂੰ ਬਹਾਨੇ ਵਜੋਂ ਵਰਤ ਰਹੀਆਂ ਹਨ। ਮਿਥੇ ਤਰੀਕੇ ਨਾਲ ਸਮਾਜੀ ਬੇਚੈਨੀ ਅਤੇ ਮਾਦੂਰੋ ਸਰਕਾਰ ਵਿਚ ਬੇਭਰੋਸਗੀ ਪੈਦਾ ਕੀਤੀ ਜਾ ਰਹੀ ਹੈ।

ਭਾਵੇਂ ਕਿ ਵੈਂਜ਼ੂਏਲਾ ਵਿਰੁਧ ਆਰਥਕ ਪਾਬੰਦੀਆਂ ਓਬਾਮਾ ਦੇ ਕਾਰਜਕਾਲ ਦੌਰਾਨ ਲਗਾਈਆਂ ਗਈਆਂ, ਟਰੰਪ ਸਰਕਾਰ ਨੇ ਵਿੱਤੀ ਪਾਬੰਦੀਆਂ ਥੋਪ ਕੇ ਇਹਨਾਂ ਵਿਚ ਹੋਰ ਵੀ ਬੇਤਹਾਸ਼ਾ ਇਜ਼ਾਫਾ ਕਰ ਦਿੱਤਾ। ਆਰਥਕ ਮਾਹਰਾਂ ਅਨੁਸਾਰ ਵੈਂਜ਼ੂਏਲਾ ਨੂੰ ਅਮਰੀਕੀ ਪਾਬੰਦੀਆਂ ਨਾਲ ਪਿਛਲੇ ਸਾਲ ਅਗਸਤ ਤੋਂ ਲੈ ਕੇ 6 ਅਰਬ ਡਾਲਰ ਦਾ ਨੁਕਸਾਨ ਹੋਇਆ ਹੈ। ਇਹਨਾਂ ਹਾਲਾਤ ਕਾਰਨ ਮੁਲਕ ਦੀ ਮੁੱਖ ਕੰਪਨੀ ਸਿਟਗੋ ਆਪਣੇ ਮੁਨਾਫੇ ਵੈਂਜ਼ੂਏਲਾ ਲਿਆਉਣ ਵਿਚ ਅਸਫਲ ਰਹੀ, ਜਿਸ ਦਾ ਸਰਕਾਰ ਨੂੰ ਹਰ ਸਾਲ ਇਕ ਅਰਬ ਡਾਲਰ ਦਾ ਘਾਟਾ ਝੱਲਣਾ ਪੈ ਰਿਹਾ ਹੈ। ਟਰੰਪ ਸਰਕਾਰ ਦੇ ਨੁਮਾਇੰਦਿਆਂ ਦੀ ਵੈਂਜ਼ੂਏਲਾ ਨੂੰ ਵਿਦੇਸ਼ੀ ਕਮਾਈ ਤੋਂ ਵਿਰਵਾ ਕਰਨ ਲਈ ਚੱਲੀਆਂ ਜਾ ਰਹੀਆਂ ਚਾਲਾਂ ਦਾ ਨਤੀਜਾ ਹੈ ਕਿ ਬੈਂਕ ਆਫ ਇੰਗਲੈਂਡ ਵੀ 1.2 ਅਰਬ ਡਾਲਰ ਦੇ ਗੋਲਡ ਰਿਜ਼ਰਵ ਦੇਣ ਤੋਂ ਮੁੱਕਰ ਰਿਹਾ ਹੈ।

ਮਾਦੂਰੋ ਸਰਕਾਰ ਦਾ ਅਕਸ ਵਿਗਾੜਨ ਦੀ ਮੁਹਿੰਮ ਪੂਰੇ ਜ਼ੋਰਾਂ 'ਤੇ ਹੈ। ਵਿਰੋਧੀ-ਧਿਰ ਹਿੰਸਾ ਭੜਕਾ ਕੇ ਅਤੇ ਇਸ ਪ੍ਰਤੀ ਸਰਕਾਰ ਦੇ ਪ੍ਰਤੀਕਰਮ ਨੂੰ ਫਿਲਮਾ ਕੇ ਉਸ ਨੂੰ ਭੰਡਣ ਦਾ ਸਾਧਨ ਬਣਾ ਰਹੀ ਹੈ। ਇਸੇ ਦੇ ਹਿੱਸੇ ਵਜੋਂ ਹਸਪਤਾਲਾਂ ਉਪਰ ਹਮਲੇ ਕੀਤੇ ਗਏ, ਹਾਊਸਿੰਗ ਮੰਤਰਾਲਾ ਸਾੜ ਦਿੱਤਾ ਗਿਆ। ਬੱਸ ਚਾਲਕਾਂ ਨੂੰ ਬਾਹਰ ਧੂਹ ਕੇ ਬੱਸਾਂ ਸਾੜੀਆਂ ਗਈਆਂ। ਅਫਰੀਕੀ-ਵੈਂਜ਼ੂਏਲਾ ਲੋਕਾਂ ਨੂੰ ਜਿਉਂਦੇ ਸਾੜਿਆ ਗਿਆ। ਐਸੀਆਂ ਨਾਗਰਿਕ ਕਮਿਊਨਾਂ ਉਪਰ ਹਮਲੇ ਕੀਤੇ ਗਏ ਜੋ ਸਥਾਨਕ ਬੱਚਿਆਂ ਨੂੰ ਮੁਫਤ ਗੀਤ-ਸੰਗੀਤ ਸਿਖਾਉਂਦੀਆਂ ਹਨ। ਸਰਕਾਰੀ ਅਧਿਕਾਰੀਆਂ ਅਤੇ ਆਮ ਨਾਗਰਿਕਾਂ ਨੂੰ ਗੋਲੀਆਂ ਮਾਰਨ ਲਈ ਵਿਰੋਧੀ-ਧਿਰ ਵਲੋਂ ਸਨਾਈਪਰਾਂ ਨੂੰ ਇਸਤੇਮਾਲ ਕਰਨ ਦੀਆਂ ਵੀ ਰਿਪੋਰਟਾਂ ਹਨ।

ਦੂਜੇ ਪਾਸੇ, ਲਾਤੀਨੀ ਅਮਰੀਕਾ ਦੇ ਅਵਾਮ ਅਮਰੀਕਨ ਰਾਜ ਦੀਆਂ ਬੀਤੇ ਦੀਆਂ ਸਾਮਰਾਜਵਾਦੀ ਸਾਜ਼ਿਸ਼ਾਂ ਨੂੰ ਭਲੀਭਾਂਤ ਸਮਝਦੇ ਹਨ। ਵੈਂਜ਼ੂਏਲਾ ਵੀ ਫੌਜ ਵੀ ਅਜੇ ਤਕ ਮਾਦੂਰੋ ਦੇ ਨਾਲ ਹੈ। ਹਾਲੀਆ ਰਾਜ ਪਲਟੇ ਦਾ ਵੀ ਲਾਤੀਨੀ ਅਮਰੀਕਨ ਮੁਲਕਾਂ ਸਮੇਤ ਦੁਨੀਆ ਭਰ ਦੇ ਇਨਸਾਫਪਸੰਦਾਂ ਨੇ ਤਿੱਖਾ ਵਿਰੋਧ ਕੀਤਾ ਹੈ। ਇਹ ਹਿੰਦੁਸਤਾਨ ਦੀ ਮੋਦੀ ਸਰਕਾਰ ਵਰਗੇ ਅਮਰੀਕਨ ਸਾਮਰਾਜਵਾਦ ਦੇ ਪਿਛਲੱਗ ਬੇਜ਼ਮੀਰੇ ਹੁਕਮਰਾਨ ਹੀ ਹਨ ਜਿਹਨਾਂ ਨੇ ਇਕ ਮੁਲਕ ਦੀ ਕੁਲ ਅਖਤਿਆਰ ਹੈਸੀਅਤ ਉਪਰ ਇਸ ਸਾਮਰਾਜਵਾਦੀ ਹਮਲੇ ਪ੍ਰਤੀ ਨਹਾਇਤ ਬੇਸ਼ਰਮੀ ਭਰੀ ਚੁੱਪ ਵੱਟੀ ਹੋਈ ਹੈ ਅਤੇ ਇਸ ਨੂੰ ਜਾਇਜ਼ ਠਹਿਰਾਉਣ ਵਾਲਿਆਂ ਦੀ ਵੀ ਕਮੀ ਨਹੀਂ ਹੈ।

ਲਾਤੀਨੀ ਅਮਰੀਕਾ ਦੇ ਚੁਣੇ ਹੋਏ ਰਾਸ਼ਟਰਪਤੀ ਮਾਦੂਰੋ ਨੇ ਅਮਰੀਕਾ ਵਿਰੁਧ ਜੱਦੋਜਹਿਦ ਦਾ ਅਹਿਦ ਮੁੜ ਦੁਹਰਾਇਆ ਹੈ, "ਅਸੀਂ ਰਾਜ ਪਲਟੇ ਦੇ ਯਤਨਾਂ, ਦਖਲਅੰਦਾਜ਼ੀ, ਸਾਮਰਾਜਵਾਦ ਨੂੰ ਨਕਾਰਦੇ ਹਾਂ... ਮੈਂ ਅਮਰੀਕਾ ਦੀ ਸਰਕਾਰ ਦੇ ਨਾਲ ਰਾਜਕੀ ਅਤੇ ਰਾਜਨੀਤਕ ਰਿਸ਼ਤਿਆਂ ਨੂੰ ਖਤਮ ਕਰਨ ਦਾ ਫੈਸਲਾ ਕੀਤਾ ਹੈ। ਇਥੋਂ ਬਾਹਰ ਨਿਕਲੋ! ਵੈਂਜ਼ੂਵੇਲਾ ਛੱਡੋ!"

# ਔਰਤਾਂ ਖਿਲਾਫ ਅਰੋਕ ਹਿੰਸਾ

ਔਰਤ ਖਿਲਾਫ ਹਿੰਸਾ ਜਾਂ ਲਿੰਗਕ ਹਿੰਸਾ ਨਵਾਂ ਵਰਤਾਰਾ ਨਹੀਂ। ਇਹ ਹਿੰਸਾ ਸਦੀਆਂ ਤੋਂ ਬਦਲਵੇਂ ਰੂਪਾਂ 'ਚ ਲਗਾਤਾਰ ਜਾਰੀ ਹੈ। ਇਹ ਹਿੰਸਾ ਸਰੀਰਕ, ਆਤਮਿਕ ਤੇ ਮਾਨਸਿਕ ਪੱਧਰਾਂ 'ਤੇ ਕਈ ਢੰਗਾਂ ਨਾਲ ਕੀਤੀ ਜਾਂਦੀ ਹੈ। ਆਮ ਕਰਕੇ ਲਿੰਗਕ ਹਿੰਸਾ ਨੂੰ ਮਰਦਾਂ ਨਾਲ ਜੋੜ ਕੇ ਦੇਖਿਆ ਜਾਂਦਾ ਹੈ ਪਰ ਆਪਣੇ ਅਸਲੇ ਵਿਚ ਇਹ ਪਿਤਰੀ ਸਮਾਜਿਕ ਢਾਂਚੇ ਅੰਦਰ ਬਹੁਤ ਸੂਖਮ ਪੱਧਰ ਉਪਰ ਪਸਰੀ ਅਮਾਨਵੀ ਹਿੰਸਾ ਨਾਲ ਸਬੰਧਿਤ ਹੈ। ਇਹ ਕਹਿਣਾ ਵਾਜਿਬ ਹੋਵੇਗਾ ਕਿ ਲਿੰਗਕ ਹਿੰਸਾ ਦੇ ਕਾਰਨ ਮਨੁੱਖਾਂ ਵਜੋਂ ਮਰਦਾਂ ਨਾਲ ਓਨੇ ਸਬੰਧਿਤ

ਸਰਬਜੀਤ

ਨਹੀਂ ਹਨ ਜਿੰਨੇ ਸ਼ਕਤੀ, ਸ਼ਕਤੀ ਸਬੰਧਾਂ ਤੇ ਸ਼ਕਤੀ ਦੇ ਕੇਂਦਰੀਕਰਨ ਨਾਲ ਸਬੰਧਿਤ ਹਨ। ਇਹੀ ਕਾਰਨ ਹੈ ਕਿ ਨਾ ਕੇਵਲ ਔਰਤਾਂ ਸਗੋਂ ਪਿਤਰ ਸੱਤਾ ਦੁਆਰਾ ਮਰਦ ਦੀ ਤੈਅ ਕੀਤੀ ਪਰਿਭਾਸ਼ਾ ਤੋਂ ਵੱਖਰੀ ਹਰ ਲਿੰਗਕ ਪਛਾਣ ਨੂੰ ਇਸ ਹਿੰਸਾ ਦਾ ਸ਼ਿਕਾਰ ਹੋਣਾ ਪੈਂਦਾ ਹੈ, ਫਿਰ ਚਾਹੇ ਉਹ ਜਨਾਨੜੇ ਕਹੇ ਜਾਂਦੇ ਮਰਦ ਹੀ ਕਿਉਂ ਨਾ ਹੋਣ।

ਅਜਿਹੇ ਪ੍ਰਬੰਧ 'ਚ ਮਨੁੱਖੀ ਨਸਲ ਦੀ ਉਤਪਾਦਕ ਹੋਣ ਕਰਕੇ ਔਰਤ ਨੂੰ ਕਿਸੇ ਨਾ ਕਿਸੇ ਰੂਪ ਵਿਚ ਫਿਰ ਵੀ ਥੋੜ੍ਹੀ ਰਾਹਤ ਮਿਲ ਜਾਂਦੀ ਹੈ ਪਰ ਬਾਕੀ ਲਿੰਗਕ ਪਛਾਣਾਂ ਜਿਵੇਂ ਹਿਜੜਾ, ਸਮਲਿੰਗੀ, ਦੋਲਿੰਗੀ ਆਦਿ ਨੂੰ ਹਾਸ਼ੀਏ 'ਤੇ ਸੁੱਟ ਦਿੱਤਾ ਜਾਂਦਾ ਹੈ। ਕਾਰਨ ਪਿਤਰੀ ਢਾਂਚਾ ਹੈ। ਇਸ ਢਾਂਚੇ ਵਿਚ ਹਿੰਸਾ ਦਾ ਕੋਈ ਇਕਹਿਰਾ/ਇਕਪਧਰੀ ਰੂਪ ਨਹੀਂ ਹੈ, ਕਿਉਂਕਿ ਇਸ ਢਾਂਚੇ ਅੰਦਰ ਸਭ ਤੋਂ ਵੱਧ ਸ਼ਕਤੀਸ਼ਾਲੀ ਧਿਰ ਵੀ 'ਸਵੈਆਰੋਪਿਤ ਹਿੰਸਾ' ਦਾ ਸ਼ਿਕਾਰ ਹੁੰਦੀ ਹੈ। ਇਸ ਪ੍ਰਬੰਧ 'ਚ ਕੰਮ ਕਰਦੀ ਵਿਵਸਥਿਤ ਹਿੰਸਾ ਦੀ ਸੂਖਮਤਾ ਦਾ ਅੰਦਾਜ਼ਾ ਇਸ ਪੱਖੋਂ ਲਾਇਆ ਜਾ ਸਕਦਾ ਹੈ ਕਿ ਇਥੇ ਮਰਦ ਨੂੰ ਵੀ ਲਗਾਤਾਰ ਆਪਣੀ ਮਰਦਾਨਗੀ ਸਾਬਿਤ ਕਰਨ ਦੇ ਦਬਾਅ ਥੱਲੇ ਰਹਿਣਾ ਪੈਂਦਾ ਹੈ। ਸੋ ਪਿਤਰਸੱਤਾ ਦੇ ਸ਼ਕਤੀ ਆਧਾਰਤ ਅਜਿਹੇ ਢਾਂਚੇ 'ਚ ਕੇਵਲ ਮਰਦ ਵਜੋਂ ਪੈਦਾ ਹੋਣਾ ਕਾਫੀ ਨਹੀਂ, ਮਰਦ ਬਣਨਾ ਤੇ ਸਾਬਿਤ ਕਰਨ ਵੱਧ ਜ਼ਰੂਰੀ ਹੈ।

ਉਪਰੋਕਤ ਢਾਂਚੇ ਵਿਚ ਮਰਦ ਬਣੇ ਰਹਿਣ ਦੀ ਪ੍ਰਕਿਰਿਆ ਮਰਦਾਂ ਦੇ ਜੀਵਨ ਵਿਚ ਲਗਾਤਾਰ ਚੱਲਦੀ ਰਹਿੰਦੀ ਹੈ। ਪਿਤਰੀ ਪ੍ਰਬੰਧ ਵਿਚ ਮਰਦ ਕੋਲ ਸ਼ਕਤੀ ਦਾ ਹੋਣਾ ਅਤੇ ਇਸ ਸ਼ਕਤੀ ਨੂੰ ਆਜੀਵਨ ਆਪਣੇ ਤੱਕ ਮਹਿਦੂਦ ਰੱਖਣਾ; ਦੋਵੇਂ ਸਥਿਤੀਆਂ ਬਿਲਕੁਲ ਵੱਖਰੇ ਅਰਥ ਰੱਖਦੀਆਂ ਹਨ। ਸੋ ਮਰਦਾਂ ਨੂੰ ਹਮੇਸ਼ਾ ਉਨ੍ਹਾਂ ਢੰਗ-ਤਰੀਕਿਆਂ ਤੇ ਸਾਧਨਾਂ ਨੂੰ ਨਵਿਆਉਣਾ ਪੈਂਦਾ ਹੈ ਜਿਸ ਨਾਲ ਸਮਾਜ ਵਿਚ ਸ਼ਕਤੀ ਆਧਾਰਿਤ ਸਬੰਧਾਂ ਵਿਚ ਉਨ੍ਹਾਂ ਦਾ ਦਬਦਬਾ ਕਾਇਮ ਰਹੇ। ਇਨ੍ਹਾਂ ਢੰਗ-ਤਰੀਕਿਆਂ ਵਿਚ ਮਰਦਾਂ ਦੁਆਰਾ ਸਰੀਰਕ ਬਲ ਦੇ ਪ੍ਰਯੋਗ ਤੇ ਹਿੰਸਾ ਨੂੰ ਹਮੇਸ਼ਾ ਵਡਿਆ ਕੇ ਪੇਸ਼ ਕਰਨ ਵਾਲਾ ਪ੍ਰਵਚਨ ਮੁੱਖ ਭੂਮਿਕਾ ਨਿਭਾਉਂਦਾ ਹੈ। ਅਜਿਹੇ ਬਲ ਤੇ ਹਿੰਸਾ ਦੀ ਪੇਸ਼ਕਾਰੀ ਸਭ ਤੋਂ ਜ਼ਿਆਦਾ ਭਾਸ਼ਾ ਦੁਆਰਾ ਹੁੰਦੀ ਹੈ। ਪਿਤਰੀ ਢਾਂਚੇ ਵਿਚ ਭਾਸ਼ਾ ਹਿੰਸਾ ਦੇ ਸੰਚਾਰ ਤੇ ਸਥਾਪਤੀ ਦਾ ਸਭ ਤੋਂ ਕਾਰਗਰ ਹਥਿਆਰ ਹੈ।

ਇਹ ਦੇਖਣਾ ਰੌਚਕ ਹੈ ਕਿ ਇਸ ਪ੍ਰਬੰਧ ਵਿਚ ਸਰੀਰਕ ਹਿੰਸਾ ਦੀ ਵਰਤੋਂ ਭਾਸ਼ਾਈ ਹਿੰਸਾ ਦੀ ਵਰਤੋਂ ਦੇ ਕਾਰਗਰ ਨਾ ਰਹਿਣ ਤੋਂ ਬਾਅਦ ਹੁੰਦੀ ਹੈ। ਇਸੇ ਕਾਰਨ ਭਾਸ਼ਾ ਦੀ ਹਿੰਸਾ ਵਧੇਰੇ ਧਿਆਨ ਦੇਣ ਯੋਗ ਹੈ ਜਿਸ ਵਿਚ ਗਾਲ੍ਹਾਂ ਹੀ ਨਹੀਂ, ਅਸੀਸਾਂ/ਬਦਅਸੀਸਾਂ, ਤਾਅਨੇ/ਮਿਹਣੇ ਤੇ ਪਿਆਰ ਦੇ ਪ੍ਰਗਟਾਵੇ ਨਾਲ ਜੁੜੀ ਸ਼ਬਦਾਵਲੀ ਵੀ ਖਾਸ ਹਿਤਾਂ ਨਾਲ ਸਬੰਧਿਤ ਹੁੰਦੀ ਹੈ। ਇਸ ਦਾ ਕਾਰਨ ਇਸ ਪ੍ਰਬੰਧ ਦਾ ਵਿਤਕਰੇ, ਸ਼ੋਸ਼ਣ ਅਤੇ ਲੁੱਟ ਆਧਾਰਿਤ ਹੋਣਾ ਹੈ। ਇਹ ਪ੍ਰਬੰਧ ਮੂਲ ਰੂਪ ਵਿਚ ਮਾੜੇ, ਕਮਜ਼ੋਰ ਤੇ ਨਿਤਾਣੇ ਦੇ ਖਿਲਾਫ ਹੈ ਅਤੇ ਉਸ ਨੂੰ ਦਬਾ ਕੇ ਰੱਖਣ ਦੀ ਟੇਕ 'ਤੇ ਖੜ੍ਹਾ ਹੈ।

ਇਸ ਪ੍ਰਸੰਗ ਵਿਚ ਕਿਹਾ ਜਾ ਸਕਦਾ ਹੈ ਕਿ ਪਿਤਰੀ ਸਮਾਜ ਵਿਚ 'ਜਬਰ ਜਨਾਹ' ਔਰਤ/ਲਿੰਗ ਵਿਰੋਧੀ ਹਿੰਸਾ ਦੇ ਤਮਾਮ ਰੂਪਾਂ ਵਿਚੋਂ ਕੇਵਲ ਇਕ ਪ੍ਰਗਟਾਅ ਰੂਪ ਹੈ। ਇਸ ਪ੍ਰਗਟਾਅ ਦਾ ਵਖਰੇਵਾਂ ਇਹ ਹੈ ਕਿ ਔਰਤ ਦੇ ਪ੍ਰਸੰਗ ਵਿਚ ਇਸ ਨਾਲ ਜੁੜੇ ਪ੍ਰਵਚਨ ਜਿਵੇਂ ਅਪਵਿਤਰਤਾ, ਬੇਇਜ਼ਤੀ, ਬੇਆਬਰੂ ਆਦਿ ਨੇ ਇਸ ਨੂੰ ਔਰਤ ਵਿਰੋਧੀ ਹਿੰਸਾ ਦਾ ਸਭ ਤੋਂ ਖਤਰਨਾਕ ਰੂਪ ਬਣਾ ਦਿੱਤਾ ਹੈ। ਇਥੇ ਇਹ ਧਿਆਨ ਵਿਚ ਰੱਖਣਾ ਬਹੁਤ ਜ਼ਰੂਰੀ ਹੈ ਕਿ ਬਾਕੀ ਲਿੰਗਕ ਪਛਾਣਾਂ ਜਿਵੇਂ ਕਿੰਨਰਾਂ, ਸਮਲਿੰਗੀਆਂ ਤੇ ਦੋਲਿੰਗੀਆਂ ਆਦਿ ਨਾਲ ਹੁੰਦੇ ਬਲਾਤਕਾਰਾਂ ਦੇ ਸਬੰਧ ਵਿਚ ਅਜਿਹਾ ਪ੍ਰਵਚਨ ਨਹੀਂ ਹੈ। ਇਥੋਂ ਤੱਕ ਕਿ ਛੋਟੇ ਨਰ-ਬੱਚਿਆਂ ਨਾਲ ਹੋਣ ਵਾਲੇ ਬਲਾਤਕਾਰਾਂ/ਲਿੰਗਕ ਹਿੰਸਾ ਬਾਰੇ ਪ੍ਰਚਲਿਤ ਪ੍ਰਵਚਨ ਵੀ ਓਨਾ ਪ੍ਰਬਲ ਨਹੀਂ ਹੈ।

ਸਵਾਲ ਹੈ ਕਿ ਫਿਰ ਸਾਡਾ ਸਮਾਜ ਔਰਤ ਨਾਲ ਹੁੰਦੇ ਬਲਾਤਕਾਰ ਸਬੰਧੀ ਬਾਕੀ ਲਿੰਗਕ ਪਛਾਣਾਂ ਨਾਲ ਹੁੰਦੇ ਬਲਾਤਕਾਰ ਨਾਲੋਂ ਵਧੇਰੇ ਫਿਕਰਮੰਦ ਕਿਉਂ ਹੈ? ਕਾਰਨ ਸਾਫ ਹੈ ਕਿ ਬਾਕੀ ਲਿੰਗਕ ਪਛਾਣਾਂ ਵਾਰਿਸ/ਉਤਰਧਿਕਾਰੀ ਦੇ ਉਤਪਾਦਨ ਨਾਲ ਸਬੰਧਿਤ ਨਹੀਂ ਹਨ। ਸਿੱਟੇ ਵਜੋਂ ਇਨ੍ਹਾਂ ਪਛਾਣਾਂ ਨਾਲ ਜੁੜੇ ਲੋਕਾਂ ਉਪਰ ਪਵਿਤਰਤਾ/ਅਪਵਿਤਰਤਾ, ਸ਼ਰਮ/ਬੇਸ਼ਰਮੀ ਦੇ ਸਮਾਜਿਕ ਪੈਮਾਨੇ ਔਰਤਾਂ ਵਾਂਗ ਹਾਲਾਤ ਅਨੁਸਾਰ ਲਾਗੂ ਨਹੀਂ ਹੁੰਦੇ ਸਗੋਂ ਇਨ੍ਹਾਂ ਨੂੰ ਪੈਦਾਇਸ਼ੀ ਅਪਵਿੱਤਰ ਤੇ ਬੇਸ਼ਰਮ ਮੰਨ ਕੇ ਹਾਸ਼ੀਏ 'ਤੇ ਸੁੱਟ ਦਿੱਤਾ ਜਾਂਦਾ ਹੈ। ਇਉਂ ਜਬਰ ਜਨਾਹ ਕਿਉਂਕਿ ਦੋ ਵੱਖਰੇ ਹਾਲਾਤ 'ਚ ਵੱਖਰੇ ਅਰਥ ਰੱਖਦਾ ਹੈ, ਇਸ ਲਈ ਔਰਤਾਂ ਨੂੰ ਵੀ 'ਜਬਰ ਜਨਾਹ ਦੇ ਡਰ' ਨੂੰ ਅੰਤਿਮ ਸੱਚ ਮੰਨ ਕੇ ਨਹੀਂ ਚੱਲਣਾ ਚਾਹੀਦਾ। ਉਨ੍ਹਾਂ ਨੂੰ ਸਮਝਣਾ ਚਾਹੀਦਾ ਹੈ ਕਿ 'ਜਬਰ ਜਨਾਹ' ਹੋਰ ਕੁਝ ਵੀ ਹੋਵੇ ਲੇਕਿਨ ਜ਼ਿੰਦਗੀ ਦਾ ਅੰਤ ਬਿਲਕੁਲ ਨਹੀਂ ਹੁੰਦਾ। ਉਨ੍ਹਾਂ ਨੂੰ ਵਿਸ਼ਵਾਸ ਕਰਨਾ (ਸਮਾਜ ਵਲੋਂ ਦਿਵਾਉਣਾ) ਚਾਹੀਦਾ ਹੈ ਕਿ 'ਜਬਰ ਜਨਾਹ' ਪਿਛੋਂ ਵੀ ਜੀਵਨ ਜਿਉਣ-ਯੋਗ ਰਹਿੰਦਾ ਹੈ/ਹੋ ਸਕਦਾ ਹੈ। ਕਾਰਨ, ਜਬਰ ਜਨਾਹ ਨੂੰ ਜੀਵਨ ਦਾ ਅੰਤ ਮੰਨ ਕੇ ਅਸੀਂ ਖੁਦ ਇਸ ਨੂੰ ਮਨੁੱਖੀ ਹਸਤੀ 'ਚ ਵਿਸ਼ਵਾਸ ਤੋੜਨ ਵਾਲੇ ਹਥਿਆਰ ਵਜੋਂ ਵਾਰ ਵਾਰ ਵਰਤਣ ਦੀ ਇਜਾਜ਼ਤ ਦੇ ਰਹੇ ਹੁੰਦੇ ਹਾਂ।

ਇਉਂ 'ਜਬਰ ਜਨਾਹ' ਅੱਧੀ ਮਨੁੱਖੀ ਵਸੋਂ ਦੁਆਰਾ ਦੂਜੀ ਅੱਧੀ ਮਨੁੱਖੀ ਵਸੋਂ ਤੇ ਸ਼ਕਤੀ ਹਥਿਆਉਣ ਤੇ ਉਸ ਨੂੰ ਕਾਇਮ ਰੱਖਣ ਦਾ ਸਾਧਨ ਮਾਤਰ ਹੈ। ਇਹ ਦੁਨੀਆ ਦੀ ਅੱਧੀ ਆਬਾਦੀ ਦੁਆਰਾ ਦੂਜੀ ਅੱਧੀ ਆਬਾਦੀ ਨੂੰ ਦਬਾਉਣ ਤੇ ਉਸ ਦਾ ਸ਼ੋਸ਼ਣ ਕਰਨ ਦਾ ਹਥਿਆਰ ਹੈ। ਇਹ ਉਸ ਮਾਨਤਾ ਨੂੰ ਪ੍ਰਚਾਰਨ ਤੇ ਪ੍ਰਸਾਰਨ ਦਾ ਮਾਧਿਅਮ ਹੈ ਜਿਸ ਵਿਚ ਇਕ ਧਿਰ ਆਪਣੇ ਬਣਾਏ ਪੈਮਾਨਿਆਂ ਅਨੁਸਾਰ, ਦੂਜੀ ਧਿਰ ਦੀ ਮਰਜ਼ੀ ਜਾਣੇ ਬਿਨਾਂ, ਉਸ ਦੇ ਚਰਿੱਤਰ ਤੇ ਜ਼ਿੰਦਗੀ ਬਾਰੇ ਫੈਸਲਾ ਕਰਨ ਦਾ ਹੱਕ ਰੱਖਦੀ ਹੈ। ਇਹ ਉਸ ਵਿਵਸਥਾ ਦੀ ਲਗਾਤਾਰਤਾ ਹੈ ਜਿਸ ਵਿਚ ਸਮਾਜ ਅਸਲੀ ਦੋਸ਼ੀ ਬਾਰੇ ਜਾਣਨ ਦੇ ਬਾਵਜੂਦ ਪੀੜਤ ਨੂੰ ਸਜ਼ਾ ਦਿੰਦਾ ਹੈ। ਇਹ ਉਸ ਖੌਫ ਦੀ ਦੁਨੀਆਂ ਨੂੰ ਆਤਮਸਾਤ ਕਰਨ ਦੀ ਭਿਆਨਕ ਹਾਲਤ ਹੈ ਜਿਸ ਵਿਚ ਕੋਈ ਕੁੜੀ ਆਪਣੇ ਹੀ ਘਰ ਦਾ ਦਰਵਾਜ਼ਾ ਖੋਲ੍ਹਦਿਆਂ ਸਾਹਮਣੇ ਕਿਸੇ ਅਜਨਬੀ ਨੂੰ ਦੇਖ ਕੇ ਠਠੰਬਰ ਜਾਂਦੀ ਹੈ।

ਇਹ ਉਹ ਪੈਮਾਨੇ ਹਨ ਜੋ ਵੱਖਰੇਵੇਂ ਨੂੰ ਨਫਰਤ ਕਰਨ, ਮਧੋਲਣ ਤੇ ਲੁੱਟਣ ਦਾ ਪਾਠ ਪੜ੍ਹਾਉਂਦੇ ਹਨ। ਇਹ ਉਹ ਮਾਨਸਿਕਤਾ ਹੈ ਜੋ ਦੁਨੀਆਂ ਦੀ ਅੱਧੀ ਆਬਾਦੀ ਨੂੰ ਹਰ ਘੜੀ, ਹਰ ਪਲ, ਹਰ ਸਮੇਂ ਸਹਿਮ ਵਿਚ ਰਹਿਣ ਲਈ ਮਜਬੂਰ ਕਰਦੀ ਹੈ। ਇਹ ਉਹ ਪ੍ਰਬੰਧ ਹੈ ਜੋ ਜ਼ਿੰਦਗੀ ਨੂੰ ਪੂਰੀਆਂ ਸੰਭਾਵਨਾਵਾਂ ਸਹਿਤ ਜਿਉਣ ਤੋਂ ਰੋਕਦਾ ਹੈ ਜੋ ਜ਼ਿੰਦਗੀ ਨੂੰ ਖੂਬਸੂਰਤ ਨਹੀਂ ਰਹਿਣ ਦਿੰਦਾ ਸਗੋਂ ਉਸ ਨੂੰ ਬੋਝ ਬਣਾ ਦਿੰਦਾ ਹੈ। ਅਸਲ 'ਚ ਇਹ 'ਗੁਲਾਮੀ ਦੇ ਯੁੱਗ' ਵਾਲੇ ਵਿਚਾਰਾਂ ਦਾ ਅਵਸ਼ੇਸ਼ ਹੈ ਜਿਨ੍ਹਾਂ ਦੀ ਅਉਧ ਬੀਤ ਚੁਕੀ ਹੈ। ਇਸ ਲਈ ਹਰ ਹਾਲ ਹੁਣ ਇਨ੍ਹਾਂ ਵਿਚਾਰਾਂ ਨੂੰ ਬਦਲਿਆ/ਖਤਮ ਕੀਤਾ ਜਾਣਾ ਚਾਹੀਦਾ ਹੈ।

21ਵੀਂ ਸਦੀ ਦੇ ਹਰ ਮਨੁੱਖ ਦੁਆਰਾ ਇਹ ਸਮਝ ਲਿਆ ਜਾਣਾ ਚਾਹੀਦਾ ਹੈ ਕਿ 'ਗੁਲਾਮੀ ਦੇ ਯੁੱਗ' ਵਾਲੇ ਵਿਚਾਰਾਂ ਦਾ ਅਵਸ਼ੇਸ਼ ਹੋਣ ਕਰਕੇ ਜਬਰ ਜਨਾਹ ਸਭਿਆ ਸਮਾਜ ਉਪਰ ਕਲੰਕ ਹੈ, ਔਰਤ ਉਪਰ ਨਹੀਂ। ਇਹ ਸਮਾਜ ਤੇ ਮੌਜੂਦਾ ਪ੍ਰਬੰਧ ਨੂੰ ਸ਼ੱਕ ਦੇ ਦਾਇਰੇ ਵਿਚ ਲਿਆਉਂਦਾ ਹੈ, ਔਰਤ ਨੂੰ ਨਹੀਂ। ਇਸ ਦੀ ਹੋਂਦ ਨਾਲ ਸਾਡੇ ਸਭਿਆਚਾਰ, ਕੌਮ ਤੇ ਸਮਾਜ ਦੇ ਚਰਿੱਤਰ ਦੀ ਅਸਲੀ ਪਛਾਣ ਹੁੰਦੀ ਹੈ, ਔਰਤ ਦੀ ਨਹੀਂ। ਇਸ ਦੇ ਵਾਪਰਨ ਨਾਲ ਸਮਾਜ, ਮਨੁੱਖਤਾ ਅਤੇ ਪ੍ਰਬੰਧ ਉਪਰ ਉਂਗਲ ਉਠਣੀ ਚਾਹੀਦੀ ਹੈ, ਔਰਤ ਉਪਰ ਨਹੀਂ। ਇਸ ਦੇ ਹੋਣ ਅਤੇ ਵਾਪਰਨ ਦਾ ਕਾਰਨ ਸਮਾਜ ਤੇ ਪ੍ਰਬੰਧ ਹੈ, ਔਰਤ ਨਹੀਂ।

ਜਬਰ ਜਨਾਹ ਮਰਦ ਕਰਦਾ ਹੈ ਤੇ ਸਮਾਜ ਹੋਣ ਦਿੰਦਾ ਹੈ, ਔਰਤ ਨਹੀਂ। ਸੋ ਅੱਜ ਦੇ ਸਭਿਆ ਮਨੁੱਖ ਨੂੰ ਇਹ ਅੰਤਰ ਪਤਾ ਹੋਣਾ ਚਾਹੀਦਾ ਹੈ ਕਿ 'ਜਬਰ ਜਨਾਹ ਪੀੜਤ' ਅਤੇ 'ਬਲਾਤਕਾਰੀ' ਦੋ ਅਲੱਗ ਅਲੱਗ ਧਿਰਾਂ ਹਨ। ਇਨ੍ਹਾਂ ਨੂੰ ਇਕ ਸਮਝਣ ਦੀ ਗਲਤੀ ਨਹੀਂ ਕਰਨੀ ਚਾਹੀਦੀ ਅਤੇ ਨਾ ਹੀ ਕਰਨ ਦੇਣੀ ਚਾਹੀਦੀ ਹੈ। ਇਨ੍ਹਾਂ ਦੋਵਾਂ ਵਿਚੋਂ ਦੋਸ਼ੀ ਨੂੰ ਪਛਾਣਨ ਤੇ ਸਜ਼ਾ ਦੇਣ ਵੇਲੇ ਪਰੰਪਰਾ ਤੇ ਸਥਾਪਤ ਪ੍ਰਵਚਨ ਨੂੰ ਕਾਟੇ ਹੇਠ ਲਿਆਉਣ ਦੀ ਲੋੜ ਹੈ। ਸਮਾਂ ਆ ਗਿਆ ਹੈ ਕਿ ਅਸੀਂ ਜਬਰ ਜਨਾਹ/ਲਿੰਗਕ ਹਿੰਸਾ ਵਰਗੇ ਮਸਲਿਆਂ ਉਪਰ ਵਧੇਰੇ ਗੰਭੀਰ, ਸੰਵੇਦਨਸ਼ੀਲ ਤੇ ਸਿਆਣੇ ਹੋਈਏ।

# ਕਰਤਾਰਪੁਰ ਲਾਂਘਾ ਅਤੇ ਗੁਰੂ ਨਾਨਕ ਨਾਮ ਲੇਵਾ

ਮੇਰੇ ਸਾਹਮਣੇ ਖਬਰ ਪਈ ਹੈ, ਜੋ ਕੁਲਦੀਪ ਸਿੰਘ ਬਰਾੜ ਦੀ ਲਿਖਤ ਅਤੇ ਡੇਰਾ ਬਾਬਾ ਨਾਨਕ, ਗੁਰਦਾਸਪੁਰ ਤੋਂ ਅਖਬਾਰ 'ਦਾ ਇੰਡੀਅਨ ਐਕਸਪ੍ਰੈਸ' ਵਿਚ ਛਪੀ ਹੈ। ਇਸ ਵਿਚ ਡੇਰਾ ਬਾਬਾ ਨਾਨਕ ਵਿਖੇ ਮਠਿਆਈ ਦੀ ਦੁਕਾਨ ਦੇ ਮਾਲਕ ਕਰਤਾਰ ਚੰਦ ਦੀਆਂ ਭਾਵਨਾਵਾਂ ਪ੍ਰਗਟ ਕੀਤੀਆਂ ਗਈਆਂ ਹਨ। ਕਰਤਾਰ ਚੰਦ ਦਾ ਕਹਿਣਾ ਹੈ ਕਿ ਉਹ ਕਰਤਾਰਪੁਰ ਦੇ ਦਰਸ਼ਨ ਉਵੇਂ ਹੀ ਕਰਨਾ ਚਾਹੁੰਦਾ ਹੈ, ਜਿਵੇਂ 1947 ਤੋਂ ਪਹਿਲਾਂ ਕਰਦਾ ਰਿਹਾ ਹੈ। "ਜਾਵਾਂਗੇ! ਕਿਉਂ ਨਹੀਂ ਜਾਵਾਂਗੇ...?" ਹੁਣ 80 ਸਾਲਾਂ ਨੂੰ ਪਹੁੰਚੇ ਕਰਤਾਰ ਚੰਦ ਦਾ ਕਹਿਣਾ ਹੈ, "ਜੇ ਰਾਹ ਖੁਲ੍ਹ ਗਿਆ ਤਾਂ ਮੈਂ ਕਿਸੇ ਮੁੰਡੇ ਮਗਰ ਮੋਟਰ ਸਾਈਕਲ 'ਤੇ ਬੈਠ ਕੇ ਕਰਤਾਰਪੁਰ ਸਾਹਿਬ ਮੱਥਾ ਟੇਕ ਆਵਾਂਗਾ।"



ਡਾ. ਗੁਰਨਾਮ ਕੌਰ, ਕੈਨੇਡਾ

ਪਰ ਉਹ ਇਸ ਗੱਲੋਂ ਖੁਸ਼ ਨਹੀਂ ਕਿ ਸਰਹੱਦੋਂ ਪਾਰ ਦਰਸ਼ਨਾਂ ਲਈ ਉਸ ਨੂੰ ਪਾਸਪੋਰਟ ਦੀ ਲੋੜ ਪਵੇਗੀ। ਉਸ ਦਾ ਕਹਿਣਾ ਹੈ ਕਿ ਉਹ ਹੁਣ ਬੁੱਢਾ ਹੋ ਗਿਆ ਹੈ ਅਤੇ ਪਾਸਪੋਰਟ ਬਣਾਉਣ ਲਈ ਅੰਮ੍ਰਿਤਸਰ ਨਹੀਂ ਜਾ ਸਕਦਾ। ਕਰਤਾਰਪੁਰ ਜਾਣ ਦੀ ਉਸੇ ਤਰ੍ਹਾਂ ਖੁੱਲ੍ਹ ਹੋਣੀ ਚਾਹੀਦੀ ਹੈ, ਜਿਵੇਂ ਉਹ 1947 ਤੋਂ ਪਹਿਲਾਂ ਸੀ।

ਕਰਤਾਰ ਚੰਦ, ਜੋ ਇੱਕ ਹਿੰਦੂ ਦੁਕਾਨਦਾਰ ਹੈ, ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਬਾਰੇ 1947 ਤੋਂ ਪਹਿਲਾਂ ਦੀਆਂ ਯਾਦਾਂ ਸਾਂਝੀਆਂ ਕਰਦਿਆਂ ਦੱਸਦਾ ਹੈ ਕਿ ਵੰਡ ਤੋਂ ਪਹਿਲਾਂ ਉਹ ਅਕਸਰ ਜਾਇਆ ਕਰਦਾ ਸੀ ਅਤੇ ਉਦੋਂ ਉਹ ਉਮਰੋਂ ਛੋਟਾ ਸੀ। ਵਿਸਾਖੀ ਦੇ ਮੌਕੇ ਗੁਰਦੁਆਰਾ ਕਰਤਾਰਪੁਰ ਸਾਹਿਬ ਵਿਖੇ ਬਹੁਤ ਵੱਡਾ ਤਿਓਹਾਰ ਮਨਾਇਆ ਜਾਂਦਾ ਸੀ। ਡੇਰਾ ਬਾਬਾ ਨਾਨਕ ਤੋਂ ਹਰ ਕੋਈ ਕਿਸ਼ਤੀ ਵਿਚ ਸਵਾਰ ਹੋ ਕੇ ਗੁਰਦੁਆਰਾ ਸਾਹਿਬ ਜਾਣ ਲਈ ਰਾਵੀ ਪਾਰ ਕਰਿਆ ਕਰਦਾ ਸੀ। ਕਿਸ਼ਤੀਆਂ ਦੇ ਮਾਲਕ ਦੋ ਮੁਸਲਮਾਨ ਭਰਾ ਹੁੰਦੇ ਸਨ। ਕਰਤਾਰ ਚੰਦ ਦਾ ਕਹਿਣਾ ਹੈ ਕਿ ਉਸ ਦੇ ਬਹੁਤ ਸਾਰੇ ਗੁਆਂਢੀ ਮੁਸਲਮਾਨ ਹੁੰਦੇ ਸਨ। ਉਸ ਸਮੇਂ ਡੇਰਾ ਬਾਬਾ ਨਾਨਕ ਵਿਖੇ ਬਹੁਤ ਸਾਰੇ ਮੁਸਲਮਾਨਾਂ ਦੀਆਂ ਦੁਕਾਨਾਂ ਵੀ ਸਨ। ਸਾਰੇ ਬਹੁਤ ਹੀ ਅਮਨ-ਚੈਨ ਨਾਲ ਰਹਿੰਦੇ ਸਨ, ਪਰ ਫਿਰ 1947 ਆਇਆ ਤਾਂ ਸਭ ਕੁਝ ਹੀ ਵਿਗੜ ਗਿਆ ਅਤੇ ਉਹ ਮੁੜ ਕਦੀ ਵੀ ਕਰਤਾਰਪੁਰ ਦੇ ਦਰਸ਼ਨ ਕਰਨ ਨਾ ਜਾ ਸਕਿਆ।

ਕਰਤਾਰ ਚੰਦ ਨੇ ਗੁਰਦੁਆਰਾ ਕਰਤਾਰਪੁਰ ਦੀਆਂ ਯਾਦਾਂ ਨੂੰ ਮੁੜ ਚੇਤੇ ਵਿਚ ਸਿਮਰਦਿਆਂ ਬਹੁਤਾ ਸਮਾਂ ਆਪਣੀਆਂ ਅੱਖਾਂ ਮੀਚੀ ਰੱਖੀਆਂ। ਉਸ ਨੂੰ ਪਛਤਾਵਾ ਹੁੰਦਾ ਹੈ ਕਿ ਮੁਲਕ ਦੀ ਵੰਡ ਹੋਣ ਨਾਲ ਡੇਰਾ ਬਾਬਾ ਨਾਨਕ ਦਾ ਵਿਕਾਸ ਖੜੋਤ ਵਿਚ ਆ ਗਿਆ, ਕਿਉਂਕਿ ਰਾਤੋ-ਰਾਤ ਉਹ ਸਰਹੱਦੀ ਕਸਬਾ ਬਣ ਗਿਆ। ਜਿਉਂ ਹੀ ਉਹ ਵੰਡ ਤੋਂ ਬਾਅਦ ਦੇ ਸਾਲਾਂ ਨੂੰ ਯਾਦ ਕਰਦਾ ਹੈ, ਉਹ ਰਾਵੀ ਉਤੇ ਬਣੇ ਰੇਲਵੇ ਪੁਲ ਬਾਰੇ ਗੱਲ ਕਰਦਾ ਹੈ, ਜੋ 1971 ਦੀ ਹਿੰਦ-ਪਾਕਿ ਲੜਾਈ ਸਮੇਂ ਤਬਾਹ ਹੋ ਗਿਆ। ਉਸ ਦਾ ਕਹਿਣਾ ਹੈ ਕਿ ਉਹ ਰਾਵੀ ਉਤਲੇ ਬਣੇ ਰੇਲਵੇ ਪੁਲ 'ਤੇ ਜਾਇਆ ਕਰਦੇ ਸਨ। ਉਦੋਂ ਮੁਸ਼ਕਿਲ ਨਾਲ ਹੀ ਕੋਈ ਰੋਕ-ਟੋਕ ਹੁੰਦੀ ਸੀ। ਹੁਣ ਉਨ੍ਹਾਂ ਨੂੰ ਸਰਹੱਦ 'ਤੇ ਖੜ੍ਹਨ ਵੀ ਨਹੀਂ ਦਿੱਤਾ ਜਾਂਦਾ। ਉਸ ਦਾ ਕਹਿਣਾ ਹੈ ਕਿ ਉਸ ਨੂੰ ਹਾਲੇ ਵੀ ਉਹ ਮਿਲਣੀਆਂ ਯਾਦ ਹਨ, ਜੋ ਆਪਣੇ ਮੁਸਲਮਾਨ ਦੋਸਤਾਂ ਨਾਲ 1947 ਦੀ ਵੰਡ ਪਿਛੋਂ ਉਨ੍ਹਾਂ ਦੇ ਪਾਕਿਸਤਾਨ ਚਲੇ ਜਾਣ ਪਿੱਛੋਂ ਰੇਲਵੇ ਪੁਲ 'ਤੇ ਹੋਇਆ ਕਰਦੀਆਂ ਸਨ। ਲੜਾਈ ਵਿਚ ਇਹ ਪੁਲ ਪੂਰੀ ਤਰ੍ਹਾਂ ਤਬਾਹ ਹੋ ਜਾਣ 'ਤੇ ਇਹ ਸੰਪਰਕ ਬਿਲਕੁਲ ਹੀ ਖਤਮ ਹੋ ਗਿਆ। ਉਸ ਪਿੱਛੋਂ ਹੀ ਰੁਕਾਵਟਾਂ ਆ ਗਈਆਂ।

ਕਰਤਾਰ ਚੰਦ ਨਾਲ ਹੋਈ ਉਪਰ ਦੱਸੀ ਗੱਲਬਾਤ ਤੋਂ ਦੋ ਨੁਕਤਿਆਂ 'ਤੇ ਗੌਰ ਕਰਨੀ ਜ਼ਰੂਰੀ ਜਾਪਦੀ ਹੈ। ਪਹਿਲੀ ਇਹ ਕਿ ਦਰਸ਼ਨ ਅਭਿਲਾਸ਼ੀਆਂ ਲਈ ਇਹ ਰੋਕ-ਟੋਕ ਨਹੀਂ ਹੋਣੀ ਚਾਹੀਦੀ ਕਿ ਉਹ ਕਿਸ ਭਾਈਚਾਰੇ ਨਾਲ ਸਬੰਧਤ ਹਨ, ਜਿਵੇਂ ਕਰਤਾਰ ਚੰਦ ਧਰਮ ਕਰਕੇ ਹਿੰਦੂ ਹੈ ਪਰ ਕਰਤਾਰਪੁਰ ਦੇ ਮੁੜ ਦਰਸ਼ਨਾਂ ਦੀ ਤਾਂਘ ਉਸ ਦੇ ਮਨ ਵਿਚ ਉਸੇ ਤਰ੍ਹਾਂ ਠਾਠਾਂ ਮਾਰ ਰਹੀ ਹੈ, ਜਿਸ ਤਰ੍ਹਾਂ ਉਹ ਵੰਡ ਤੋਂ ਪਹਿਲਾਂ ਬਚਪਨ ਵਿਚ ਵਿਸਾਖੀ ਦੇ ਮੇਲੇ 'ਤੇ ਜਾਇਆ ਕਰਦਾ ਸੀ। ਦੂਜੀ ਗੱਲ, ਉਹ ਕਰਤਾਰਪੁਰ ਦੇ ਬਿਲਕੁਲ ਨੇੜੇ ਰਾਵੀ ਦੇ ਉਰਲੇ ਪਾਰ ਵਸੇ ਡੇਰਾ ਬਾਬਾ ਨਾਨਕ ਵਿਖੇ ਰਹਿੰਦਾ ਹੈ ਅਤੇ ਉਸ ਲਈ ਪਾਸਪੋਰਟ ਬਣਾਉਣ ਵਾਸਤੇ ਅੰਮ੍ਰਿਤਸਰ ਜਾਣਾ ਉਮਰ ਦੇ ਇਨ੍ਹਾਂ ਲਹਿੰਦੇ ਵਰ੍ਹਿਆਂ ਵਿਚ ਬਹੁਤ ਔਖਾ ਹੈ।

ਖਬਰਾਂ ਅਨੁਸਾਰ ਪਾਕਿਸਤਾਨ ਸਰਕਾਰ ਨੇ ਨਿਯਮਾਂ ਸਬੰਧੀ ਜੋ ਖਰੜਾ ਬਣਾ ਕੇ ਭੇਜਿਆ ਹੈ, ਉਸ ਅਨੁਸਾਰ ਸਿੱਖ ਯਾਤਰੂ ਹੀ ਕਰਤਾਰਪੁਰ ਲਾਂਘੇ ਰਾਹੀਂ ਦਰਸ਼ਨ ਕਰਨ ਜਾ ਸਕਦੇ ਹਨ। ਗੁਰੂ ਨਾਨਕ ਅਨੁਸਾਰ ਸਾਰੇ ਮਨੁੱਖ ਉਸੇ ਇੱਕ ਕਰਤਾਰੀ ਜੋਤਿ ਦੀ ਰੌਸ਼ਨੀ ਸਦਕਾ ਰੌਸ਼ਨ ਹਨ, ਸਭ ਅੰਦਰ ਉਸੇ ਇੱਕ ਪਰਵਰਦਗਾਰ ਦੀ ਜੋਤਿ ਵਸ ਰਹੀ ਹੈ। ਬਾਬੇ ਦੀ ਬਾਣੀ ਸਰਵਸਾਂਝੀਵਾਲਤਾ ਦਾ ਸੁਨੇਹਾ ਦਿੰਦੀ ਹੈ। ਇਸ ਲਈ ਇਹ ਤਸਲੀਮ ਕਰਕੇ ਚੱਲਣਾ ਚਾਹੀਦਾ ਹੈ ਕਿ ਬਾਬੇ ਨਾਨਕ ਦਾ ਦਰ ਹਰ ਮਾਈ ਭਾਈ ਲਈ, ਭਾਵੇਂ ਉਹ ਸਿੱਖ, ਹਿੰਦੂ, ਮੁਸਲਮਾਨ, ਈਸਾਈ ਜਾਂ ਕੋਈ ਵੀ ਹੈ, ਲਈ ਖੁੱਲ੍ਹਾ ਹੈ, ਕਿਸੇ ਕਿਸਮ ਦੀ ਕੋਈ ਰੋਕ-ਟੋਕ ਨਹੀਂ ਹੈ। ਦਰਸ਼ਨ ਅਭਿਲਾਸ਼ੀਆਂ ਨੂੰ ਬਿਨਾ ਕਿਸੇ ਧਾਰਮਕ ਜਾਂ ਜਾਤ ਦੇ ਭਿੰਨ-ਭੇਦ ਦੇ ਆਗਿਆ ਮਿਲਣੀ ਚਾਹੀਦੀ ਹੈ। ਸਿਕਿਉਰਿਟੀ ਚੈਕ ਵਗੈਰਾ ਦੀਆਂ ਸ਼ਰਤਾਂ ਭਾਵੇਂ ਲਾਈਆਂ ਜਾਣ ਪਰ ਧਰਮ ਆਦਿ ਦੇ ਵਖਰੇਵੇਂ ਵਾਲੀ ਗੱਲ ਗੁਰੂ ਫਲਸਫੇ ਨਾਲ ਮੇਲ ਨਹੀਂ ਖਾਂਦੀ, ਕਿਉਂਕਿ ਗੁਰੂਆਂ ਦੀ ਫਿਲਾਸਫੀ ਅਨੁਸਾਰ ਧਰਮ, ਜਾਤ ਆਦਿ ਦੇ ਆਧਾਰ 'ਤੇ ਵਖਰੇਵਾਂ ਕਰਨਾ ਸਹੀ ਨਹੀਂ। ਗੁਰੂ ਨਾਨਕ ਦੇ ਦਰਬਾਰ ਵਿਚ ਤਾਂ 'ਜੋ ਜੀਅ ਆਵੇ, ਸੋ ਰਾਜੀ ਜਾਵੇ' ਦੇ ਮਹਾਂਵਾਕ ਅਤੇ 'ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰਬਤ ਦਾ ਭਲਾ' ਅਨੁਸਾਰ ਸਭ ਦਾ ਭਲਾ ਮੰਗਿਆ ਜਾਂਦਾ ਹੈ।

ਬਾਬੇ ਨਾਨਕ ਦਾ ਸਥਾਪਤ ਕੀਤਾ ਧਰਮ ਸਰਵ-ਅਲਿੰਗਨਕਾਰੀ ਹੈ। ਭਾਈ ਮਰਦਾਨੇ ਨੇ ਆਪਣੀ ਉਮਰ ਦਾ ਸਮੁੱਚਾ ਸਮਾਂ ਗੁਰੂ ਨਾਨਕ ਦੀ ਸੰਗਤ ਵਿਚ ਗੁਜ਼ਾਰਿਆ। ਹਰ ਉਦਾਸੀ ਸਮੇਂ ਉਹ ਗੁਰੂ ਨਾਨਕ ਦੇ ਸਾਥ ਵਿਚ ਰਹੇ, ਬੇਸ਼ੱਕ ਉਹ ਧਰਮ ਪੱਖੋਂ ਮੁਸਲਮਾਨ ਸਨ। ਇਹ ਇੱਕ ਵੱਡਾ ਸੁਨੇਹਾ ਹੈ, ਸਮੁੱਚੀ ਮਨੁੱਖਤਾ ਵਾਸਤੇ।

ਦੂਜਾ ਮਸਲਾ ਪਾਸਪੋਰਟ ਅਤੇ ਪਾਕਿਸਤਾਨੀ ਵੀਜ਼ਾ ਲੈਣ ਦਾ ਹੈ। ਪਾਸਪੋਰਟ ਬਣਾਉਣ ਲਈ ਕਈ ਕੁਝ ਕਰਨਾ ਪੈਂਦਾ ਹੈ, ਪਰ ਗੁਰੂ ਦਰਬਾਰ ਦੇ ਦਰਸ਼ਨ ਕਰਨ ਦਾ ਮਨ ਤਾਂ ਹਰ ਇੱਕ ਦਾ ਕਰਦਾ ਹੈ। ਸਧਾਰਨ ਤੇ ਅਨਪੜ੍ਹ ਮਨੁੱਖ ਲਈ ਪਾਸਪੋਰਟ ਬਣਾਉਣਾ ਤੇ ਵੀਜ਼ਾ ਲੈਣਾ ਕੋਈ ਸੌਖਾ ਕੰਮ ਨਹੀਂ ਹੈ। ਪਿੰਡਾਂ ਵਿਚੋਂ ਉਠ ਕੇ ਕੋਈ ਬਜੁਰਗ, ਜਾਂ ਬਿਨਾ ਤਾਲੀਮ ਦੇ ਮਨੁੱਖ ਕਿੱਥੇ ਪਾਸਪੋਰਟ ਬਣਾਉਣ ਜਾਵੇਗਾ ਅਤੇ ਕਿਵੇਂ ਦਿੱਲੀ ਜਾ ਕੇ ਵੀਜ਼ਾ ਹਾਸਲ ਕਰੇਗਾ!

ਗੁਰੂ ਨਾਨਕ ਦਾ ਸਥਾਪਤ ਕੀਤਾ ਧਰਮ ਭਾਈ ਲਾਲੋਆਂ ਦਾ ਧਰਮ ਹੈ। ਪਿੰਡ ਵਿਚ ਬੈਠੇ ਕਿਸੇ ਕਿਰਤੀ ਲੇਕਿਨ ਸਾਧਨ ਵਿਹੂਣੇ ਮਨੁੱਖ ਦਾ ਮਨ ਵੀ ਗੁਰੂ ਨਾਨਕ ਦੇ ਚਰਨ ਕੰਵਲਾਂ ਨਾਲ ਵਰੋਸਾਈ ਧਰਤੀ ਦੀ ਮਿੱਟੀ ਚੁੰਮਣ ਨੂੰ ਉਵੇਂ ਹੀ ਕਰਦਾ ਹੈ, ਜਿਵੇਂ ਕਿਸੇ ਪੜ੍ਹੇ-ਲਿਖੇ ਅਤੇ ਸਾਧਨਾਂ ਨਾਲ ਭਰਪੂਰ ਬੰਦੇ ਦਾ। ਨਿੱਜੀ ਸ਼ਨਾਖਤ ਲਈ ਕੋਈ ਹੋਰ ਰਾਹ ਲੱਭਿਆ ਜਾ ਸਕਦਾ ਹੈ, ਜਿਵੇਂ ਆਧਾਰ ਕਾਰਡ ਵਗੈਰਾ। ਵੀਜ਼ੇ ਦੀ ਥਾਂ ਸਰਹੱਦ ਨੇੜੇ ਅੰਦਰ ਜਾਣ ਦੀ ਆਗਿਆ ਦੇਣ ਦਾ ਕੋਈ ਹੋਰ ਹੱਲ ਕੱਢਿਆ ਜਾ ਸਕਦਾ ਹੈ।

ਤੀਜਾ ਨੁਕਤਾ, ਜੋ ਗੱਲਬਾਤ ਵਿਚੋਂ ਸਿੱਧਾ ਤਾਂ ਉਜਾਗਰ ਨਹੀਂ ਹੁੰਦਾ, ਪਰ ਜਿਸ ਨੂੰ ਇਸੇ ਸੰਦਰਭ ਵਿਚ ਸਮਝਿਆ ਜਾ ਸਕਦਾ ਹੈ, ਉਹ ਕਰਤਾਰ ਚੰਦ ਦੇ ਇਸ ਫਿਕਰੇ ਵਿਚੋਂ ਲੱਭਦਾ ਹੈ ਕਿ ਉਹ ਪਿੰਡ ਦੇ ਕਿਸੇ ਮੁੰਡੇ ਦੇ ਮੋਟਰ ਸਾਈਕਲ ਦੇ ਪਿੱਛੇ ਬੈਠ ਕੇ ਦਰਸ਼ਨ ਕਰਨ ਚਲਿਆ ਜਾਵੇਗਾ।

ਖਬਰਾਂ ਮੁਤਾਬਕ ਸ਼ਰਧਾਲੂਆਂ ਦੇ ਜਥੇ ਵਿਚ ਘੱਟੋ ਘੱਟ 15 ਜਣਿਆਂ ਦਾ ਹੋਣਾ ਜ਼ਰੂਰੀ ਹੈ। ਇਹ ਸ਼ਰਤ ਵੀ ਬਹੁਤੀ ਵਾਜਬ ਨਹੀਂ ਜਾਪਦੀ, ਕਿਉਂਕਿ ਕਿਸੇ ਵੇਲੇ ਕਿਸੇ ਇੱਕ ਪਰਿਵਾਰ ਦਾ ਜਾਂ ਜਿਵੇਂ ਕਰਤਾਰ ਚੰਦ ਨੇ ਕਿਹਾ ਹੈ, ਦੋ ਬੰਦਿਆਂ ਦਾ ਵੀ ਜਾਣ ਨੂੰ ਮਨ ਕਰ ਸਕਦਾ ਹੈ। ਇਸ ਲਈ ਗਿਣਤੀ ਦੀ ਬੰਦਿਸ਼ ਨਹੀਂ ਹੋਣੀ ਚਾਹੀਦੀ। ਪਾਕਿਸਤਾਨ ਸਰਕਾਰ, ਖਾਸ ਕਰ ਜਨਾਬ ਇਮਰਾਨ ਖਾਨ ਨੇ ਫਰਾਖਦਿਲੀ ਦਾ ਸਬੂਤ ਦਿੰਦਿਆਂ ਸੰਗਤਾਂ ਦੀ ਚਿਰਾਂ ਤੋਂ ਕੀਤੀ ਜਾ ਰਹੀ ਮੰਗ ਨੂੰ ਮੰਨਿਆ ਹੈ ਅਤੇ ਸ਼ਰਤਾਂ ਨਰਮ ਕਰਕੇ ਉਨ੍ਹਾਂ ਨੂੰ ਹੋਰ ਖੁਲ੍ਹਦਿਲੀ ਦਿਖਾਉਣੀ ਚਾਹੀਦੀ ਹੈ।

ਕੈਨੇਡਾ ਵਿਚ ਮੇਰਾ ਫੈਮਿਲੀ ਫਿਜੀਸ਼ੀਅਨ ਪਾਕਿਸਤਾਨ ਤੋਂ ਹੈ। ਉਸ ਦੇ ਦਾਦਾ ਜੀ ਲੁਧਿਆਣੇ ਤੋਂ ਸਨ, ਜਿਨ੍ਹਾਂ ਨੂੰ 1947 ਦੀ ਵੰਡ ਕਾਰਨ ਪਾਕਿਸਤਾਨ ਜਾਣਾ ਪਿਆ ਸੀ, ਉਸ ਦੇ ਦੱਸਣ ਅਨੁਸਾਰ ਉਸ ਦੇ ਦਾਦਾ ਜੀ ਹੁਣ ਵੀ ਲੁਧਿਆਣੇ ਨੂੰ ਯਾਦ ਕਰਕੇ ਰੋਣ ਲੱਗ ਪੈਂਦੇ ਹਨ। ਪਾਕਿਸਤਾਨ ਸਰਕਾਰ ਵਲੋਂ ਕਰਤਾਰਪੁਰ ਲਾਂਘੇ ਦੇ ਐਲਾਨ ਪਿਛੋਂ ਜਿਸ ਦਿਨ ਮੈਂ ਡਾਕਟਰ ਕੋਲ ਗਈ ਤਾਂ ਉਸ ਦੇ ਚਿਹਰੇ ਦੀ ਖੁਸ਼ੀ ਦੇਖਣ ਵਾਲੀ ਸੀ। ਉਸ ਨੇ ਮੈਨੂੰ ਦੱਸਣਾ ਸ਼ੁਰੂ ਕਰ ਦਿੱਤਾ ਕਿ ਪਾਕਿਸਤਾਨ ਦੇ ਲੋਕ ਬਾਬੇ ਨਾਨਕ ਦਾ ਕਿੰਨਾ ਸਤਿਕਾਰ ਕਰਦੇ ਹਨ। ਉਸ ਦਾ ਕਹਿਣਾ ਸੀ ਕਿ ਕੀ ਜਦੋਂ ਦੋ ਭਰਾ ਵੱਖਰੇ ਹੋ ਜਾਂਦੇ ਹਨ ਤਾਂ ਉਨ੍ਹਾਂ ਨੂੰ ਆਪਸ ਵਿਚ ਵਰਤਣਾ ਛੱਡ ਦੇਣਾ ਚਾਹੀਦਾ ਹੈ? ਜਦੋਂ ਵੀ ਮੈਂ ਕਦੀ ਡਾਕਟਰ ਕੋਲ ਜਾਂਦੀ ਹਾਂ, ਉਹ ਹਮੇਸ਼ਾ ਦੱਸਣ ਲੱਗ ਪੈਂਦਾ ਹੈ ਕਿ ਉਨ੍ਹਾਂ ਦੀ ਤਰਫ ਕਿੰਨੀ ਤੇਜੀ ਨਾਲ ਲਾਂਘੇ ਦਾ ਕੰਮ ਹੋ ਰਿਹਾ ਹੈ। ਇਸ ਪੱਖੋਂ ਦੋਹਾਂ ਮੁਲਕਾਂ ਦੇ ਆਮ ਆਵਾਮ, ਖਾਸ ਕਰ ਪੰਜਾਬੀਆਂ 'ਚ ਬਹੁਤ ਉਤਸ਼ਾਹ ਹੈ ਅਤੇ ਦੋਹਾਂ ਮੁਲਕਾਂ ਦੀਆਂ ਸਰਕਾਰਾਂ ਨੂੰ ਆਵਾਮ ਦੀਆਂ ਭਾਵਨਾਵਾਂ ਦਾ ਖਿਆਲ ਰੱਖਦਿਆਂ ਸ਼ਰਤਾਂ ਨਰਮ ਕਰਨੀਆਂ ਚਾਹੀਦੀਆਂ ਹਨ।



**ਅੰਤਿਕਾ:** ਮੀਡੀਆ ਦੀ ਇੱਕ ਖਬਰ ਅਨੁਸਾਰ ਉਪ-ਮੰਡਲ ਧੂਰੀ ਅਧੀਨ ਪੈਂਦੇ ਪਿੰਡ ਮਾਨਵਾਲਾ ਵਿਚ ਇੱਕ ਦਲਿਤ ਪਰਿਵਾਰ ਨੂੰ ਪਿੰਡ ਦੇ ਗੁਰੂ ਘਰ ਵਿਚ ਬਜੁਰਗ ਔਰਤ ਦੇ ਪਾਠ ਦਾ ਭੋਗ ਪਾਉਣ ਅਤੇ ਅੰਤਿਮ ਅਰਦਾਸ ਕਰਨ ਤੋਂ ਰੋਕਣ ਦਾ ਮਾਮਲਾ ਸਾਹਮਣੇ ਆਇਆ ਹੈ। ਪੀੜਤ ਪਰਿਵਾਰ ਦਾ ਕਹਿਣਾ ਹੈ ਕਿ ਦਲਿਤ ਹੋਣ ਕਾਰਨ ਉਨ੍ਹਾਂ ਨੂੰ ਗੁਰੂ ਘਰ ਪਾਠ ਦਾ ਭੋਗ ਪਾਉਣ ਤੋਂ ਰੋਕਿਆ ਗਿਆ। ਮਾਨਵਾਲਾ ਰਹਿੰਦੇ ਕਾਕਾ ਸਿੰਘ ਦੀ ਮਾਤਾ ਮਹਿੰਦਰ ਕੌਰ ਦਾ ਭੋਗ ਪਾਉਣਾ ਸੀ ਅਤੇ ਉਸ ਦਾ ਘਰ ਛੋਟਾ ਹੋਣ ਕਰਕੇ ਉਹ ਆਪਣੀ ਮੰਗ ਲੈ ਕੇ ਗੁਰਦੁਆਰੇ ਦੀ ਪ੍ਰਬੰਧਕ ਕਮੇਟੀ ਕੋਲ ਗਿਆ, ਜਿਨ੍ਹਾਂ ਨੇ ਗੁਰੂ ਘਰ 'ਚ ਭੋਗ ਦੀ ਰਸਮ ਲਈ ਪ੍ਰਵਾਨਗੀ ਦੇ ਦਿੱਤੀ। 17 ਜਨਵਰੀ ਨੂੰ ਭੋਗ ਪੈਣਾ ਸੀ, ਪਰ 16 ਜਨਵਰੀ ਦੀ ਰਾਤ ਨੂੰ ਪ੍ਰਬੰਧਕ ਕਮੇਟੀ ਦੇ ਦੋ ਮੈਂਬਰਾਂ ਨੇ ਉਸ ਕੋਲ ਆ ਕੇ ਗੁਰੂ ਘਰ ਵਿਚ ਪਾਠ ਦਾ ਭੋਗ ਪਾਉਣ ਤੋਂ ਮਨ੍ਹਾਂ ਕਰ ਦਿੱਤਾ। ਉਹ ਪਿੰਡ ਦੀ ਪੰਚਾਇਤ ਕੋਲ ਵੀ ਆਪਣੀ ਬੇਨਤੀ ਲੈ ਕੇ ਗਿਆ, ਪਰ ਉਸ ਦੀ ਕੋਈ ਸੁਣਵਾਈ ਨਹੀਂ ਹੋਈ। ਉਸ ਦਾ ਕਹਿਣਾ ਹੈ ਕਿ ਦਲਿਤ ਹੋਣ ਕਰਕੇ ਉਸ ਨੂੰ ਗੁਰੂ ਘਰ ਵਿਚ ਪਾਠ ਦਾ ਭੋਗ ਪਾਉਣ ਤੋਂ ਮਨ੍ਹਾਂ ਕਰ ਦਿੱਤਾ ਗਿਆ।

ਗੁਰੂ ਨਾਨਕ ਦੇਵ ਨੇ ਮਲਕ ਭਾਗੋ ਦਾ ਕੀਮਤੀ ਅਤੇ ਸ਼ਾਹੀ ਪਕਵਾਨ ਛਕਣ ਨਾਲੋਂ ਭਾਈ ਲਾਲੋ ਦੀ ਕੋਧਰੇ ਦੀ ਰੁੱਖੀ-ਮਿੱਸੀ ਰੋਟੀ ਪ੍ਰਵਾਨ ਕੀਤੀ। ਆਪਣੀ ਬਾਣੀ ਵਿਚ ਉਹ ਅਕਾਲ ਪੁਰਖ ਅੱਗੇ ਅਰਦਾਸ ਕਰਦੇ ਹਨ ਕਿ ਉਨ੍ਹਾਂ ਦਾ ਸਾਥ ਨੀਵੇਂ ਕਹੇ ਜਾਣ ਵਾਲੇ ਲੋਕਾਂ ਨਾਲ ਬਣਿਆ ਰਹੇ ਅਤੇ ਉਹ ਨੀਵੇਂ ਤੋਂ ਵੀ ਨੀਵੇਂ ਕਹੇ ਜਾਣ ਵਾਲੇ ਲੋਕਾਂ ਦੇ ਸਾਥ ਵਿਚ ਖੜ੍ਹੇ ਰਹਿਣ ਕਿਉਂਕਿ ਉਨ੍ਹਾਂ ਨੂੰ ਵੱਡੇ ਕਹੇ ਜਾਣ ਵਾਲੇ ਜਾਂ ਮਾਇਆਧਾਰੀ ਲੋਕਾਂ ਦੇ ਸੰਗ ਤੁਰਨ ਦੀ ਕੋਈ ਤਾਂਘ ਨਹੀਂ ਹੈ, ਕੋਈ ਸਰੋਕਾਰ ਨਹੀਂ ਹੈ। ਜਿੱਥੇ ਨੀਵੇਂ ਕਹੇ ਜਾਂਦੇ, ਗਰੀਬ ਲੋਕਾਂ ਦੀ ਸਾਰ ਲਈ ਜਾਂਦੀ ਹੈ, ਉਥੇ ਉਸ ਅਕਾਲ ਪੁਰਖ ਦੀ ਮਿਹਰ ਦੀ ਨਜ਼ਰ ਪੈਂਦੀ ਹੈ। ਵਰਣ ਵੰਡ ਅਤੇ ਜਾਤ-ਪਾਤ ਹਿੰਦੂ ਧਰਮ ਦਾ ਸਿਧਾਂਤ ਹੈ, ਸਿੱਖ ਧਰਮ ਨਾਲ ਇਸ ਦਾ ਕੋਈ ਸਰੋਕਾਰ ਨਹੀਂ।

ਗੁਰੂ ਨਾਨਕ ਨੇ ਵਰਣ ਵੰਡ ਦੇ ਸਿਧਾਂਤ ਨੂੰ ਨਕਾਰਦਿਆਂ ਮਨੁੱਖੀ ਬਰਾਬਰੀ ਦਾ ਸਿਧਾਂਤ ਦਿੱਤਾ। ਭਾਈ ਗੁਰਦਾਸ ਗੁਰੂ ਨਾਨਕ ਵੱਲੋਂ ਚਲਾਏ ਧਰਮ ਦਾ ਵਰਣਨ ਕਰਦਿਆਂ ਆਪਣੀਆਂ ਵਾਰਾਂ ਵਿਚ ਸਪੱਸ਼ਟ ਕਰਦੇ ਹਨ ਕਿ ਗੁਰੂ ਨਾਨਕ ਨੇ ਇਸ ਕਲਿਜੁਗ ਦੇ ਸਮੇਂ ਵਿਚ ਪ੍ਰਗਟ ਹੋ ਕੇ ਮਨੁੱਖ ਨੂੰ ਇਹ ਦ੍ਰਿੜ ਕਰਵਾਇਆ ਕਿ ਇੱਕੋ ਇੱਕ ਪਰਮ ਹਸਤੀ ਅਕਾਲ ਪੁਰਖ ਹੈ ਅਤੇ ਉਸੇ ਇੱਕ ਅਕਾਲ ਪੁਰਖ ਵਿਚ ਵਿਸ਼ਵਾਸ ਕਰਨਾ ਹੈ, ਚਾਰ ਵਰਨਾਂ ਤੋਂ ਇੱਕ ਵਰਨ ਕਰਾ ਕੇ ਭਾਵ ਇੱਕ ਅਕਾਲ ਪੁਰਖ ਦੀ ਜੋਤਿ ਨਾਲ ਪ੍ਰਕਾਸ਼ਿਤ ਹੋਣਾ ਦ੍ਰਿੜ ਕਰਾ ਕੇ ਸਾਰੇ ਮਨੁੱਖਾਂ ਦੀ ਬਰਾਬਰੀ ਦਾ ਸਿਧਾਂਤ ਦਿੱਤਾ। ਚਾਰ ਵਰਨਾਂ ਦਾ ਇੱਕੋ ਵਰਨ ਤਸਲੀਮ ਕਰਕੇ ਧਰਮ ਨੂੰ ਆਪਣੇ ਚਾਰ ਪੈਰਾਂ 'ਤੇ ਸਥਿਰ ਕੀਤਾ। ਮਨੁੱਖੀ ਬਰਾਬਰੀ ਦੇ ਇਸੇ ਸਿਧਾਂਤ ਨੂੰ ਅਮਲੀ ਰੂਪ ਦੇਣ ਲਈ ਸੰਗਤ ਅਤੇ ਪੰਗਤ ਦੀਆਂ ਸੰਸਥਾਵਾਂ ਕਾਇਮ ਕੀਤੀਆਂ ਗਈਆਂ।

ਗੁਰੂ ਗੋਬਿੰਦ ਸਿੰਘ ਨੇ ਇਸੇ ਸਿਧਾਂਤ ਨੂੰ ਹੋਰ ਪਰਪੱਕ ਕਰਦਿਆਂ ਵੱਖ ਵੱਖ ਜਾਤਾਂ ਨਾਲ ਸਬੰਧਤ ਪੰਜ ਪਿਆਰਿਆਂ ਨੂੰ ਇੱਕੋ ਬਾਟੇ ਵਿਚੋਂ ਅੰਮ੍ਰਿਤ ਪਾਨ ਕਰਾਇਆ। ਗੁਰੂ ਦੇ ਸਿੱਖ ਸਿਰਫ ਸਿੱਖੀ ਸਰੂਪ ਧਾਰਨ ਕਰਨ ਨਾਲ ਹੀ ਨਹੀਂ ਬਣ ਜਾਈਦਾ, ਗੁਰੂ ਦੇ ਸਿੱਖ ਅਖਵਾਉਣ ਲਈ ਗੁਰੂ ਦੇ ਦਿੱਤੇ ਸਿਧਾਂਤਾਂ 'ਤੇ ਅਮਲ ਕਰਨਾ ਜ਼ਰੂਰੀ ਹੈ। ਕੀ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਜਾਂ ਪਿੰਡਾਂ ਦੀਆਂ ਪੰਚਾਇਤਾਂ ਆਪਣੇ ਆਪ ਨੂੰ ਗੁਰੂ ਤੋਂ ਉਪਰ ਸਮਝਦੀਆਂ ਹਨ? ਕੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਕੰਮ ਸਿਰਫ ਅਖੰਡ ਪਾਠ ਬੁੱਕ ਕਰਨੇ ਅਤੇ ਅਕਾਲੀ ਕਾਨਫਰੰਸਾਂ ਸਮੇਂ ਲੰਗਰ ਛਕਾਉਣਾ ਹੀ ਰਹਿ ਗਿਆ ਹੈ? ਜਾਂ ਪਿੰਡਾਂ-ਥਾਂਵਾਂ ਵਿਚ ਜਾ ਕੇ ਗੁਰੂ ਦੀ ਸਿੱਖਿਆ ਸਮਝਾਉਣ ਅਤੇ ਧਰਮ ਪ੍ਰਚਾਰ ਕਰਕੇ ਲੋਕਾਂ ਨੂੰ ਰਸਤੇ 'ਤੇ ਪਾਉਣਾ ਵੀ ਕਿਸੇ ਫਰਜ਼ ਵਿਚ ਸ਼ਾਮਲ ਹੈ?

ਅਫਸੋਸ ਦੀ ਗੱਲ ਹੈ ਕਿ ਇੱਕ ਪਾਸੇ ਗੁਰੂ ਨਾਨਕ ਦੇਵ ਦਾ 550ਵਾਂ ਜਨਮ ਦਿਨ ਮਨਾਉਣ ਦੀਆਂ ਤਿਆਰੀਆਂ ਦਾ ਪ੍ਰਚਾਰ ਹੋ ਰਿਹਾ ਹੈ ਅਤੇ ਦੂਜੇ ਪਾਸੇ ਕਿਸੇ ਨੂੰ ਇਹ ਚਿੰਤਾ ਨਹੀਂ ਕਿ ਗੁਰੂ ਘਰਾਂ ਵਿਚ ਗੁਰੂ ਨਾਨਕ ਦੇ ਸਿਧਾਂਤਾਂ ਦੀ ਹੀ ਸ਼ਰੇਆਮ ਉਲੰਘਣਾ ਹੋ ਰਹੀ ਹੈ। ਪਿੰਡ ਮਾਨਵਾਲਾ ਦੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਗੁਰੂ ਸਿਧਾਂਤਾਂ ਦੀ ਉਲੰਘਣਾ ਕਰਨ ਹਿਤ ਅਕਾਲ ਤਖਤ ਵਲੋਂ ਤੁਰੰਤ ਭੰਗ ਕਰਕੇ ਕਾਰਵਾਈ ਹੋਣੀ ਚਾਹੀਦੀ ਹੈ ਅਤੇ ਪੰਚਾਇਤ ਤੇ ਪ੍ਰਬੰਧਕ ਕਮੇਟੀ ਨੂੰ ਭਾਰਤੀ ਸੰਵਿਧਾਨ ਦੀ ਉਲੰਘਣਾ ਕਰਨ ਦੇ ਜੁਰਮ ਵਿਚ ਬਣਦੀ ਸਜ਼ਾ ਮਿਲਣੀ ਚਾਹੀਦੀ ਹੈ ਤਾਂ ਕਿ ਅੱਗੋਂ ਅਜਿਹੀ ਉਲੰਘਣਾ ਕਰਨੋਂ ਕਮੇਟੀਆਂ ਗੁਰੇਜ ਕਰਨ।

## ਕੋਟਿ ਬਿਘਨ ਨਹੀ ਆਵਹਿ ਨੇਰਿ

### ਗੁਰਬਾਣੀ ਗਿਆਨ

ੴ ਸਤਿਗੁਰ ਪ੍ਰਸਾਦਿ॥
ਰਾਮਕਲੀ ਮਹਲਾ ੫
ਕੋਟਿ ਬਿਘਨ ਨਹੀ ਆਵਹਿ ਨੇਰਿ॥
ਅਨਿਕ ਮਾਇਆ ਹੈ ਤਾ ਕੀ ਚੇਰਿ॥
ਅਨਿਕ ਪਾਪ ਤਾ ਕੇ ਪਾਨੀਹਾਰ॥
ਜਾ ਕਉ ਮਇਆ ਭਈ ਕਰਤਾਰ॥
ਜਿਸਹਿ ਸਹਾਈ ਹੋਇ ਭਗਵਾਨ॥
ਅਨਿਕ ਜਤਨ ਉਆ ਕੈ ਸਰੰਜਾਮ॥ ਰਹਾਉ॥
ਕਰਤਾ ਰਾਖੈ ਕੀਤਾ ਕਉਨੁ॥
ਕੀਰੀ ਜੀਤੋ ਸਗਲਾ ਭਵਨੁ॥
ਬੇਅੰਤ ਮਹਿਮਾ ਤਾ ਕੀ ਕੇਤਕ ਬਰਨ॥
ਬਲਿ ਬਲਿ ਜਾਈਐ ਤਾ ਕੇ ਚਰਨ॥
ਤਿਨ ਹੀ ਕੀਆ ਜਪੁ ਤਪੁ ਧਿਆਨੁ॥
ਅਨਿਕ ਪ੍ਰਕਾਰ ਕੀਆ ਤਿਨਿ ਦਾਨੁ॥
ਭਗਤੁ ਸੋਈ ਕਲਿ ਮਹਿ ਪਰਵਾਨੁ॥
ਜਾ ਕਉ ਠਾਕੁਰਿ ਦੀਆ ਮਾਨੁ॥
ਸਾਧਸੰਗਿ ਮਿਲਿ ਭਏ ਪ੍ਰਗਾਸ॥
ਸਹਜ ਸੂਖ ਆਸ ਨਿਵਾਸ॥
ਪੂਰੈ ਸਤਿਗੁਰਿ ਦੀਆ ਬਿਸਾਸ॥
ਨਾਨਕ ਹੋਏ ਦਾਸਨਿ ਦਾਸ॥

ਸਤਿਗੁਰੂ ਆਖਦੇ ਹਨ, ਹੇ ਭਾਈ ਜਿਸ ਮਨੁੱਖ 'ਤੇ ਪ੍ਰਭੂ ਦੀ ਮਿਹਰ ਹੋ ਜਾਂਦੀ ਹੈ, ਸੰਸਾਰ ਦੇ ਅਨੇਕਾਂ ਵਿਕਾਰ ਉਸ ਦੇ ਪਾਣੀਹਾਰ ਬਣ ਜਾਂਦੇ ਹਨ, ਉਸ 'ਤੇ ਆਪਣਾ ਜੋਰ ਨਹੀਂ ਪਾ ਸਕਦੇ। ਅਨੇਕਾਂ ਤਰੀਕਿਆਂ ਨਾਲ ਭਰਮਾਉਣ ਵਾਲੀ ਮਾਇਆ ਵੀ ਫਿਰ ਉਸ ਦੀ ਦਾਸੀ ਬਣੀ ਰਹਿੰਦੀ ਹੈ। ਭਾਈ! ਜੀਵਾਂ ਦੀ ਜ਼ਿੰਦਗੀ ਦੇ ਰਾਹ ਵਿਚ ਆਉਣ ਵਾਲੇ ਕਰੋੜਾਂ ਹੀ ਬਿਘਨ ਭਾਵ ਰੁਕਾਵਟਾਂ ਉਸ ਜੀਵ ਦੇ ਨੇੜੇ ਨਹੀਂ ਆ ਸਕਦੀਆਂ।

ਗੁਰੂ ਅਰਜਨ ਦੇਵ ਰਹਾਉ ਦੀ ਇਸ ਪੰਕਤੀ 'ਚ ਉਪਦੇਸ਼ ਦਿੰਦੇ ਹਨ, ਹੇ ਜਗਤ ਦੇ ਲੋਕੋ ਸੁਣੋ! ਜਿਸ ਮਨੁੱਖ ਦਾ ਸਹਾਈ ਪ੍ਰਭੂ ਆਪ ਆ ਬਣਦਾ ਹੈ, ਉਸ ਦੇ ਘਰ, ਜੀਵਨ ਵਿਚ ਉਸ ਦੇ ਅਨੇਕਾਂ ਹੀ ਯਤਨ ਉਦਮ ਸਫਲ ਹੋ ਜਾਂਦੇ ਹਨ।

ਕਰਤਾ ਰਾਖੈ ਕੀਤਾ ਕਉਨੁ॥
ਕੀਰੀ ਜੀਤੋ ਸਗਲਾ ਭਵਨੁ॥
ਬੇਅੰਤ ਮਹਿਮਾ ਤਾ ਕੀ ਕੇਤਕ ਬਰਨ॥
ਬਲਿ ਬਲਿ ਜਾਈਐ ਤਾ ਕੇ ਚਰਨ॥

ਸਤਿਗੁਰੂ ਆਖਦੇ ਹਨ, ਹੇ ਭਾਈ! ਜਿਸ ਦੀ ਰਾਖੀ ਪ੍ਰਭੂ ਖੁਦ ਕਰਦਾ ਹੈ, ਉਸ ਦਾ ਕੋਈ ਵੀ ਜੀਵ ਕੁਝ ਨਹੀਂ ਵਿਗਾੜ ਸਕਦਾ। ਜੇ ਪ੍ਰਭੂ ਨਾਲ ਹੋਵੇ ਤਾਂ ਕੀੜੀ ਵੀ ਸਾਰੇ ਸੰਸਾਰ ਨੂੰ ਜਿੱਤ ਲੈਂਦੀ ਹੈ। ਉਸ ਮਾਲਕ ਪ੍ਰਭੂ ਦੀ ਮਹਿਮਾ ਬੇਅੰਤ ਹੈ, ਜੋ ਵਰਣਨ ਨਹੀਂ ਕੀਤੀ ਜਾ ਸਕਦੀ। ਉਸ ਦੇ ਚਰਨਾਂ ਤੋਂ ਸਦਾ ਬਲਿਹਾਰ ਜਾਣਾ ਚਾਹੀਦਾ ਹੈ।

ਤਿਨ ਹੀ ਕੀਆ ਜਪੁ ਤਪੁ ਧਿਆਨੁ॥
ਅਨਿਕ ਪ੍ਰਕਾਰ ਕੀਆ ਤਿਨਿ ਦਾਨੁ॥
ਭਗਤੁ ਸੋਈ ਕਲਿ ਮਹਿ ਪਰਵਾਨੁ॥
ਜਾ ਕਉ ਠਾਕੁਰਿ ਦੀਆ ਮਾਨੁ॥

ਗੁਰਦੇਵ ਆਖਦੇ ਹਨ, ਜਿਸ ਮਨੁੱਖ ਨੂੰ ਪ੍ਰਭੂ ਨੇ ਆਦਰ ਮਾਣ ਬਖਸ਼ਿਆ, ਉਹ ਹੀ ਅਸਲ ਭਗਤ ਹੈ। ਉਸੇ ਮਨੁੱਖ ਨੇ ਹੀ ਜਪ ਕੀਤਾ ਸਮਝੋ। ਉਸੇ ਨੇ ਹੀ ਤਪ ਤੇ ਸਮਾਧੀ ਲਾਈ ਸਮਝੋ। ਉਸੇ ਨੇ ਹੀ ਅਨੇਕਾਂ ਤਰ੍ਹਾਂ ਦਾ ਦਾਨ ਕੀਤਾ ਜਾਣੋ। ਅਸਲ ਵਿਚ ਉਹੀ ਭਗਤ ਹੈ, ਉਹੀ ਜਪੀ ਹੈ, ਉਹੀ ਤਪੀ ਹੈ, ਉਹੀ ਅਸਲ ਦਾਨੀ ਹੈ, ਜਿਸ ਉਤੇ ਇਸ ਜਗਤ ਦਾ ਮਾਲਕ, ਪ੍ਰਤਿਪਾਲਕ ਆਪ ਮਿਹਰਬਾਨ ਹੈ।

ਸਾਧਸੰਗਿ ਮਿਲਿ ਭਏ ਪ੍ਰਗਾਸ॥
ਸਹਜ ਸੂਖ ਆਸ ਨਿਵਾਸ॥
ਪੂਰੈ ਸਤਿਗੁਰਿ ਦੀਆ ਬਿਸਾਸ॥
ਨਾਨਕ ਹੋਏ ਦਾਸਨਿ ਦਾਸ॥

ਸਤਿਗੁਰੂ ਸ਼ਬਦ ਦੇ ਅਖੀਰ ਵਿਚ ਆਖਦੇ ਹਨ ਕਿ ਨਾਨਕ ਆਖਦਾ ਹੈ, ਪੂਰੇ ਗੁਰੂ ਨੇ ਜਿਨ੍ਹਾਂ ਮਨੁੱਖਾਂ ਨੂੰ ਇਹ ਯਕੀਨ ਕਰਾ ਦਿੱਤਾ, ਉਹ ਪਰਮਾਤਮਾ ਹੀ ਆਤਮਕ ਅਡੋਲਤਾ ਅਤੇ ਸੁੱਖਾਂ ਦਾ ਸੋਮਾ ਹੈ, ਪਰਮਾਤਮਾ ਹੀ ਸਭ ਦੀਆਂ ਆਸਾਂ ਪੂਰੀਆਂ ਕਰਨ ਵਾਲਾ ਹੈ, ਤਾਂ ਫਿਰ ਗੁਰੂ ਦੀ ਸੰਗਤਿ ਵਿਚ ਮਿਲ ਕੇ ਉਨ੍ਹਾਂ ਵਡਭਾਗੇ ਮਨੁੱਖਾਂ ਦੇ ਅੰਦਰ ਆਤਮਕ ਜੀਵਨ ਦਾ ਪ੍ਰਗਾਸ ਭਾਵ ਚਾਨਣ ਹੋ ਜਾਂਦਾ ਹੈ। ਉਹ ਮਨੁੱਖ ਗੁਰੂ ਦੀ ਸੰਗਤਿ, ਗੁਰੂ ਦੀ ਮੱਤ ਸਦਕਾ ਉਸ ਮਾਲਕ ਪ੍ਰਭੂ ਦੇ ਦਾਸਾਂ ਦੇ ਵੀ ਦਾਸ ਬਣੇ ਰਹਿੰਦੇ ਹਨ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*
*ਫੋਨ: 916-687-3536*

# ਪੰਜਾਬੀ ਲਿਖਾਰੀ ਸਭਾ ਸਿਆਟਲ ਵਲੋਂ ਸਾਥੀ ਲੁਧਿਆਣਵੀ ਨੂੰ ਸ਼ਰਧਾਂਜਲੀ ਭੇਟ

**ਸਿਆਟਲ (ਬਿਊਰੋ):** ਸਾਥੀ ਲੁਧਿਆਣਵੀ ਦੇ ਅਚਾਨਕ ਵਿਛੋੜੇ 'ਤੇ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਹਰਦਿਆਲ ਸਿੰਘ ਚੀਮਾ ਨੇ ਪੰਜਾਬੀ ਲਿਖਾਰੀ ਸਭਾ ਸਿਆਟਲ ਵਾਸ਼ਿੰਗਟਨ ਦੀ ਮੀਟਿੰਗ ਵਿਚ ਆਪਣਾ ਅੰਦਰਲਾ ਦਰਦ ਫਰੋਲਿਆ,

ਖਵਰੇ ਕਿਧਰੋਂ ਆਏ
ਕਿਧਰ ਮੁੜ ਜਾਣਾ ਏ,
ਜਿਧਰ ਨੂੰ 'ਸਾਥੀ' ਤੁਰਿਆ
ਆਪਾਂ ਤੁਰ ਜਾਣਾ ਏ।
ਉਪਰੋਂ ਭਾਵੇਂ ਹੱਸਣ
ਅੰਦਰੋਂ ਚੀਸਾਂ ਪੈ ਜਾਂਦੀਆਂ,
ਬੰਦੇ ਤੁਰ ਜਾਂਦੇ ਪਿੱਛੇ ਯਾਦਾਂ ਰਹਿ ਜਾਂਦੀਆਂ।



ਮੀਟਿੰਗ ਦੀ ਪ੍ਰਧਾਨਗੀ ਪ੍ਰਧਾਨ ਸ੍ਰੀਮਤੀ ਮਨਜੀਤ ਕੌਰ ਗਿੱਲ ਦੀ ਪ੍ਰਧਾਨਗੀ ਹੇਠ ਹੋਈ, ਜਿਸ ਦੇ ਸ਼ੁਰੂ ਵਿਚ ਸਮੂਹ ਮੈਂਬਰਾਂ ਨੇ ਦੋ ਮਿੰਟ ਦਾ ਮੌਨ ਰੱਖ ਕੇ ਸਾਥੀ ਲੁਧਿਆਣਵੀ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਮੀਤ ਸਕੱਤਰ ਬਲਿਹਾਰ ਸਿੰਘ ਲਹਿਲ ਨੇ ਸਾਥੀ ਜੀ ਦੇ ਚਲੇ ਜਾਣ ਨੂੰ ਪੰਜਾਬੀ ਸਾਹਿਤ ਜਗਤ ਅਤੇ ਖਾਸ ਕਰਕੇ ਪੰਜਾਬੀ ਲਿਖਾਰੀ ਸਭਾ ਸਿਆਟਲ ਲਈ ਨਾ ਪੂਰਿਆ ਜਾਣ ਵਾਲਾ ਘਾਟਾ ਕਰਾਰ ਦਿੱਤਾ।

ਯਾਰਾਂ ਦਾ ਯਾਰ ਬੜਾ
ਪਿਆਰ ਦਾ ਪੁਜਾਰੀ ਸੀ,
ਹੱਸਮੁੱਖ ਚਿਹਰਾ ਉਹਦਾ
ਉਚਕੋਟੀ ਦਾ ਲਿਖਾਰੀ ਸੀ।
ਆਪੂੰ ਹੱਸਦਾ ਨਾ 'ਸਾਥੀ' ਭੋਰਾ,
ਦਿੰਦਾ ਸੱਭ ਨੂੰ ਹਸਾ,
ਚਰਨਾਂ 'ਚ ਦੇਵੀਂ ਰੱਬਾ ਉਸ ਨੂੰ ਜਗ੍ਹਾ।

ਸ਼ਿੰਗਾਰ ਸਿੰਘ ਸਿੱਧੂ ਨੇ ਇਸ ਕਾਵਿ ਬੰਦ ਰਾਹੀਂ ਸ਼ਰਧਾਂਜਲੀ ਦਿੰਦਿਆਂ ਸਾਥੀ ਜੀ ਨੂੰ ਹਾਸਿਆਂ ਦਾ ਭੰਡਾਰ ਕਿਹਾ। ਮਨਜੀਤ ਕੌਰ ਗਿੱਲ ਨੇ ਸਾਥੀ ਜੀ ਦੀ ਲਿਖਣ ਕਲਾ ਬਾਰੇ ਬੋਲਦਿਆਂ ਉਨ੍ਹਾਂ ਨੂੰ ਨਵੇਂ ਲੇਖਕਾਂ ਦਾ ਰਾਹਨੁਮਾ ਦੱਸਿਆ। ਵਿਅੰਗਕਾਰ ਮੰਗਤ ਕੁਲਜਿੰਦ ਨੇ 'ਸਾਥੀ ਜੀ' ਨੂੰ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਉਨ੍ਹਾਂ ਦੇ ਪੰਜਾਬੀ ਪ੍ਰਤੀ ਅਥਾਹ ਪ੍ਰੇਮ ਨੂੰ ਯਾਦ ਕੀਤਾ,

ਭਾਵੇਂ ਆ ਇੰਗਲੈਂਡੀਂ ਵੱਸ ਗਏ
ਰੋਜ਼ਗਾਰ ਦੀ ਖਾਤਰ,
ਮੋਹ ਮਿੱਟੀ ਦਾ ਤਿਆਗ ਨਾ ਸਕਿਆ
'ਸਾਥੀ' ਭੋਰਾ ਮਾਤਰ।
ਰਚਨਾਵਾਂ ਰਾਹੀਂ 'ਸਾਥੀ'
ਸਨਮੁੱਖ ਆਣ ਖਲੋਂਦਾ,
ਮਿੱਠੀ ਬੋਲੀ ਮਾਂ ਪੰਜਾਬੀ ਨੂੰ
ਸਦਾ ਰਿਹਾ ਰੁਸ਼ਨਾਉਂਦਾ।

ਅਵਤਾਰ ਸਿੰਘ ਆਦਮਪੁਰੀ ਨੇ 'ਸਾਥੀ ਜੀ' ਨੂੰ ਯਾਦ ਕਰਦਿਆਂ ਕਿਹਾ ਕਿ ਉਹ ਇਕ ਲੇਖਕ ਹੋਣ ਦੇ ਨਾਲ ਨਾਲ ਵਧੀਆ ਇਨਸਾਨ ਵੀ ਸਨ, ਜੋ ਲੋਕ ਸੇਵਾ ਲਈ ਸਦਾ ਤਤਪਰ ਰਹਿੰਦੇ। ਵਾਸਦੇਵ ਸਿੰਘ ਪਰਿਹਾਰ ਨੇ ਆਪਣੇ ਵਿਚਾਰ ਸਾਂਝੇ ਕਰਦਿਆਂ ਸਾਥੀ ਜੀ ਬਾਰੇ ਕਿਹਾ ਕਿ ਭਾਵੇਂ ਉਹ ਸਾਧਨ-ਸੰਪੰਨ ਅਮੀਰ ਦੇਸ਼ ਇੰਗਲੈਂਡ ਵਿਚ ਰਿਹਾ ਪਰ ਉਸ ਦੀਆਂ ਦੀਆਂ ਰਚਨਾਵਾਂ ਜਨ-ਲੋਕਾਈ ਦੇ ਦੁੱਖਾਂ ਦਰਦਾਂ ਦੀਆਂ ਬਾਤਾਂ ਪਾਉਂਦੀਆਂ ਹਨ। ਜੰਗ ਪਾਲ ਸਿੰਘ ਸਿੱਧੂ, ਹਰਨਾਮ ਸਿੰਘ, ਗੁਰਪ੍ਰੀਤ ਸੋਹਲ, ਸਕੱਤਰ ਸਿੰਘ ਸੰਧੂ, ਪ੍ਰਿਤਪਾਲ ਸਿੰਘ ਟਿਵਾਣਾ, ਲਾਲੀ ਸੰਧੂ ਅਤੇ ਮਨਜੀਤ ਕੌਰ ਸਿੱਧੂ ਨੇ ਉਨ੍ਹਾਂ ਨਾਲ ਬਿਤਾਏ ਪਲਾਂ ਜਾਂ ਉਨ੍ਹਾਂ ਨਾਲ ਹੋਈ ਵਾਰਤਾਲਾਪ ਦਾ ਜ਼ਿਕਰ ਕਰਦਿਆਂ ਆਪਣੀ ਅਕੀਦਤ ਪੇਸ਼ ਕੀਤੀ।

ਸਭਾ ਦੇ ਸਾਰੇ ਮੈਂਬਰਾਂ ਨੇ ਕੈਂਸਰ ਵਰਗੀ ਨਾ-ਮੁਰਾਦ ਬੀਮਾਰੀ ਦੇ ਜ਼ਾਲਮ-ਪੰਜੇ ਦੇ ਸ਼ਿਕਾਰ ਬਣੇ ਸਾਥੀ ਲੁਧਿਆਣਵੀ ਦੇ ਅਚਾਨਕ ਚਲਾਣੇ ਨੂੰ ਬੜੀ ਸ਼ਿੱਦਤ ਨਾਲ ਮਹਿਸੂਸ ਕੀਤਾ ਅਤੇ ਸਰਬ ਸੰਮਤੀ ਰਾਹੀਂ ਮਤਾ ਪਾ ਕੇ ਦੁਖੀ ਮਨ ਨਾਲ ਪਰਿਵਾਰ ਨੂੰ ਸ਼ੋਕ ਸੰਦੇਸ਼ ਭੇਜਿਆ।

## ਹੈਲਮਟ ਨਾ ਪਾਉਣ 'ਤੇ ਸਿੱਖ ਦਾ ਚਲਾਨ

**ਪਿਸ਼ਾਵਰ:** ਟਰੈਫਿਕ ਵਾਰਡਨ ਨੇ ਹੈਲਮਟ ਨਾ ਪਾਉਣ 'ਤੇ ਮੋਟਰਸਾਈਕਲ ਚਲਾਉਣ ਵਾਲੇ ਸਿੱਖ ਦਾ ਚਲਾਨ ਕੱਟ ਦਿੱਤਾ। ਅਧਿਕਾਰੀਆਂ ਨੂੰ ਜਦੋਂ ਪਤਾ ਲੱਗਾ ਤਾਂ ਉਨ੍ਹਾਂ ਗਲਤੀ ਲਈ ਸਿੱਖ ਭਾਈਚਾਰੇ ਤੋਂ ਖਿਮਾ ਮੰਗੀ ਹੈ। ਟਰੈਫਿਕ ਪੁਲਿਸ ਦੇ ਤਰਜਮਾਨ ਨੇ ਕਿਹਾ ਕਿ ਨੌਜਵਾਨ ਦਾ ਭੁਲੇਖੇ ਨਾਲ ਚਲਾਨ ਕੱਟਿਆ ਗਿਆ ਹੈ।

ਸਿੱਖਾਂ ਦੇ ਵਫਦ ਵੱਲੋਂ ਜਦੋਂ ਇਹ ਮੁੱਦਾ ਉਠਾਇਆ ਗਿਆ ਤਾਂ ਅਧਿਕਾਰੀਆਂ ਨੇ ਮੁਆਫੀ ਮੰਗਦਿਆਂ ਕਿਹਾ ਕਿ ਸਿੱਖਾਂ ਨੂੰ ਮੋਟਰਸਾਈਕਲ ਚਲਾਉਣ ਵੇਲੇ ਹੈਲਮਟ ਪਾਉਣ ਤੋਂ ਛੋਟ ਹੈ। ਸੂਬਾ ਵਿਧਾਨ ਸਭਾ 'ਚ ਇਸ ਮਸਲੇ 'ਤੇ ਚਰਚਾ ਹੋਣ ਦੀ ਸੰਭਾਵਨਾ ਹੈ।

## ਨੀਰਵ ਮੋਦੀ ਦਾ ਬੰਗਲਾ ਢਾਹੁਣ ਦੀ ਕਾਰਵਾਈ ਸ਼ੁਰੂ

**ਮੁੰਬਈ:** ਰਾਏਗੜ੍ਹ ਕੁਲੈਕਟੋਰੇਟ ਨੇ ਅਲੀਬਾਗ ਦੇ ਕਿਹਿਮ ਵਿਚ ਸਮੁੰਦਰ ਕੰਢੇ ਸਥਿਤ ਭਗੌੜੇ ਹੀਰਾ ਕਾਰੋਬਾਰੀ ਨੀਰਵ ਮੋਦੀ ਦੇ ਬੰਗਲੇ ਨੂੰ ਢਾਹੁਣ ਦੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਈ.ਡੀ. ਵੱਲੋਂ ਜ਼ਿਲ੍ਹਾ ਰਾਏਗੜ੍ਹ 'ਚ ਪੈਂਦੀ ਸੰਪਤੀ ਕੁਲੈਕਟੋਰੇਟ ਨੂੰ ਸੌਂਪੇ ਜਾਣ ਤੋਂ ਬਾਅਦ ਬੰਗਲਾ ਢਾਹੁਣ ਦੇ ਆਦੇਸ਼ ਜਾਰੀ ਕੀਤੇ।


## ਮੁੜ ਵਾਰਾਣਸੀ ਤੋਂ ਚੋਣ ਲੜਨਗੇ ਮੋਦੀ

**ਨਵੀਂ ਦਿੱਲੀ:** ਕਾਂਗਰਸ ਵੱਲੋਂ ਪ੍ਰਿਯੰਕਾ ਗਾਂਧੀ ਨੂੰ ਪੂਰਬੀ ਉਤਰ ਪ੍ਰਦੇਸ਼ ਦਾ ਇੰਚਾਰਜ ਲਗਾਏ ਜਾਣ ਤੋਂ ਬਾਅਦ ਭਾਜਪਾ ਦੇ ਸਿਖਰਲੇ ਆਗੂਆਂ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਆਗਾਮੀ ਲੋਕ ਸਭਾ ਚੋਣਾਂ 'ਚ ਵੀ ਵਾਰਾਣਸੀ ਤੋਂ ਚੋਣ ਲੜਨਗੇ, ਜਿਥੋਂ ਉਹ ਪਿਛਲੀ ਲੋਕ ਸਭਾ ਚੋਣ ਜਿੱਤੇ ਸਨ।

ਪਾਰਟੀ ਵੱਲੋਂ ਅਜੇ ਇਹ ਫੈਸਲਾ ਕੀਤਾ ਜਾਣਾ ਬਾਕੀ ਹੈ ਕਿ ਪ੍ਰਧਾਨ ਮੰਤਰੀ ਨੂੰ ਹੋਰ ਕਿਸੇ ਸੀਟ ਤੋਂ ਵੀ ਚੋਣ ਲੜਾਉਣੀ ਹੈ ਜਾਂ ਨਹੀਂ, ਜਿਵੇਂ ਕਿ 2014 'ਚ ਉਨ੍ਹਾਂ ਨੇ ਵਾਰਾਣਸੀ ਦੇ ਨਾਲ ਗੁਜਰਾਤ 'ਚ ਪੈਂਦੀ ਵਡੋਦਰਾ ਲੋਕ ਸਭਾ ਸੀਟ ਤੋਂ ਵੀ ਚੋਣ ਲੜੀ ਸੀ। ਬਾਅਦ 'ਚ ਉਹ ਉਤਰ ਪ੍ਰਦੇਸ਼ 'ਚ ਵਾਰਾਣਸੀ ਦੀ ਸੀਟ ਤੋਂ ਜਿੱਤ ਗਏ ਸਨ।

# ਪ੍ਰੇਮ ਮਾਨ ਢਾਹਾਂ ਇਨਾਮ ਕਮੇਟੀ ਦੇ ਚੇਅਰਮੈਨ ਨਿਯੁਕਤ

**ਨਿਊ ਯਾਰਕ (ਬਿਊਰੋ):** ਪਿਛਲੇ ਚਾਰ ਸਾਲਾਂ ਤੋਂ ਢਾਹਾਂ ਇਨਾਮ ਦੇ ਚਲੇ ਆ ਰਹੇ ਚੇਅਰਮੈਨ ਡਾ. ਰਘਬੀਰ ਸਿੰਘ ਵਲੋਂ ਅਸਤੀਫਾ ਦੇਣ ਦੇ ਫੈਸਲੇ ਪਿਛੋਂ ਨਿਊ ਯਾਰਕ ਰਹਿੰਦੇ ਲੇਖਕ ਪ੍ਰੇਮ ਮਾਨ ਨੂੰ ਇਸ ਦਾ ਨਵਾਂ ਚੇਅਰਮੈਨ ਨਿਯੁਕਤ ਕੀਤਾ ਗਿਆ ਹੈ। ਇਹ ਜਾਣਕਾਰੀ ਵੈਨਕੂਵਰ ਦੇ ਸ਼ਹਿਰ ਡੈਲਟਾ ਵਿਖੇ ਇਕ ਡਿਨਰ ਮੌਕੇ ਢਾਹਾਂ ਇਨਾਮ ਨੂੰ ਸਥਾਪਤ ਕਰਨ ਵਾਲੇ ਬਾਰਜ ਢਾਹਾਂ



ਵਲੋਂ ਦਿੱਤੀ ਗਈ ਹੈ। ਢਾਹਾਂ ਇਨਾਮ ਪੰਜਾਬੀ ਦਾ ਇਕ ਵੱਕਾਰੀ ਇਨਾਮ ਹੈ, ਜਿਸ ਤਹਿਤ ਹਰ ਸਾਲ ਗੁਰਮੁਖੀ ਅਤੇ ਸ਼ਾਹਮੁਖੀ ਵਿਚ ਛਪੀਆਂ ਪੁਸਤਕਾਂ ਨੂੰ ਤਿੰਨ ਇਨਾਮ ਦਿੱਤੇ ਜਾਂਦੇ ਹਨ। ਇਸ ਡਿਨਰ ਮੌਕੇ ਤੇ ਬਾਰਜ ਢਾਹਾਂ ਨੇ ਡਾ. ਰਘਬੀਰ ਸਿੰਘ ਦੀਆਂ ਸੇਵਾਵਾਂ ਦੀ ਸ਼ਲਾਘਾ ਕੀਤੀ ਗਈ।

ਜ਼ਿਕਰਯੋਗ ਹੈ ਕਿ ਪ੍ਰੇਮ ਮਾਨ ਨੇ ਪੰਜਾਬ ਯੂਨੀਵਰਸਿਟੀ ਤੋਂ ਅਰਥ ਸ਼ਾਸਤਰ ਦੀ ਐਮ. ਏ. ਕਰ ਕੇ ਗੁਰੂ ਗੋਬਿੰਦ ਸਿੰਘ ਕਾਲਜ, ਚੰਡੀਗੜ੍ਹ ਵਿਖੇ ਚਾਰ ਸਾਲ ਪੜ੍ਹਾਇਆ ਸੀ। ਇਸੇ ਸਮੇਂ ਦੌਰਾਨ ਉਨ੍ਹਾਂ ਇਕ ਕਹਾਣੀ ਸੰਗ੍ਰਿਹ ਅਤੇ ਇਕ ਗਜ਼ਲ ਸੰਗ੍ਰਿਹ ਵੀ ਛਪਵਾਇਆ। ਫਿਰ ਉਨ੍ਹਾਂ ਯੂਨੀਵਰਸਿਟੀ ਆਫ ਕੈਲੀਫੋਰਨੀਆ, ਲਾਸ ਏਂਜਲਸ ਤੋਂ ਅਰਥ ਸ਼ਾਸਤਰ ਦੀ ਪੀਐਚ. ਡੀ. ਕਰਨ ਦੌਰਾਨ ਕੈਲੀਫੋਰਨੀਆ ਸਟੇਟ ਯੂਨੀਵਰਸਿਟੀ ਵਿਚ ਛੇ ਸਾਲ ਪੜ੍ਹਾਇਆ। ਫਿਰ ਉਨ੍ਹਾਂ ਈਸਟਰਨ ਕਨੈਕਟੀਕਟ ਸਟੇਟ ਯੂਨੀਵਰਸਿਟੀ ਵਿਖੇ 29 ਸਾਲ ਪੜ੍ਹਾਇਆ। ਪਿਛਲੇ ਦੋ ਸਾਲਾਂ ਤੋਂ ਪ੍ਰੇਮ ਮਾਨ ਢਾਹਾਂ ਇਨਾਮ ਦੀ ਸਲਾਹਕਾਰ ਕਮੇਟੀ ਦੇ ਮੈਂਬਰ ਵੀ ਰਹੇ ਹਨ।

ਇਸ ਮੌਕੇ ਬੋਲਦਿਆਂ ਪ੍ਰੇਮ ਮਾਨ ਨੇ ਡਾ. ਰਘਬੀਰ ਸਿੰਘ ਦਾ ਉਨ੍ਹਾਂ ਦੀਆਂ ਸੇਵਾਵਾਂ ਲਈ ਧੰਨਵਾਦ ਕਰਦਿਆਂ ਉਨ੍ਹਾਂ ਨਾਲ ਆਪਣੀ ਦੋਸਤੀ ਦਾ ਵੀ ਜ਼ਿਕਰ ਕੀਤਾ। ਪ੍ਰੇਮ ਮਾਨ ਨੇ ਬਾਰਜ ਢਾਹਾਂ ਦਾ ਉਸ ਵਿਚ ਵਿਸ਼ਵਾਸ ਕਰਨ ਅਤੇ ਉਸ ਨੂੰ ਇਸ ਪਦਵੀ ਦੇ ਯੋਗ ਸਮਝਣ ਲਈ ਧੰਨਵਾਦ ਕਰਦਿਆਂ ਵਾਅਦਾ ਕੀਤਾ ਕਿ ਉਹ ਢਾਹਾਂ ਇਨਾਮ ਅਦਾਰੇ ਨੂੰ ਠੇਸ ਪਹੁੰਚਾਉਣ ਵਾਲੀ ਕੋਈ ਵੀ ਗੱਲ ਨਾ ਹੀ ਆਪ ਕਰਨਗੇ ਅਤੇ ਨਾ ਹੀ ਹੋਣ ਦੇਣਗੇ। ਉਨ੍ਹਾਂ ਕਿਹਾ ਕਿ ਜਦੋਂ ਉਹ ਚੇਅਰਮੈਨ ਵਜੋਂ ਕੋਈ ਵੀ ਫੈਸਲਾ ਲੈਣਗੇ, ਉਸ ਵੇਲੇ ਕੋਈ ਲੇਖਕ ਨਾ ਉਨ੍ਹਾਂ ਦਾ ਦੋਸਤ ਹੋਵੇਗਾ ਅਤੇ ਨਾ ਹੀ ਦੁਸ਼ਮਣ। ਸਾਰੀਆਂ ਲਿਖਤਾਂ ਨੂੰ ਬਰਾਬਰੀ ਅਤੇ ਨਿਰਪੱਖ ਨਾਲ ਵਿਚਾਰੀਆਂ ਜਾਣਗੀਆਂ। ਇਨਾਮਾਂ ਬਾਰੇ ਸਭ ਫੈਸਲੇ ਪਹਿਲਾਂ ਵਾਂਗ ਹੀ ਜਿਊਰੀ ਲਈ ਚੁਣੇ ਗਏ ਵਿਦਵਾਨ ਹੀ ਕਰਨਗੇ ਅਤੇ ਜਿਊਰੀ ਦੇ ਫੈਸਲਿਆਂ ਨੂੰ ਬਗੈਰ ਆਲੋਚਨਾ ਦੇ ਸਵੀਕਾਰ ਕੀਤਾ ਜਾਵੇਗਾ।

ਪ੍ਰੇਮ ਮਾਨ ਨੇ ਦੱਸਿਆ ਕਿ ਸਾਲ 2018 ਵਿਚ ਗੁਰਮੁਖੀ ਅਤੇ ਸ਼ਾਹਮੁਖੀ ਵਿਚ ਛਪੀਆਂ ਕਹਾਣੀਆਂ ਦੀਆਂ ਕਿਤਾਬਾਂ ਅਤੇ ਨਾਵਲ 2019 ਵਿਚ ਦਿੱਤੇ ਜਾਣ ਵਾਲੇ ਇਨਾਮਾਂ ਲਈ 31 ਮਾਰਚ ਤੱਕ ਢਾਹਾਂ ਇਨਾਮ ਦੇ ਦਫਤਰ ਵਿਚ ਪਹੁੰਚ ਜਾਣੇ ਚਾਹੀਦੇ ਹਨ। ਹੋਰ ਜਾਣਕਾਰੀ ਢਾਹਾਂ ਇਨਾਮ ਦੀ ਵੈਬ-ਸਾਈਟ www.dhahanprize.com ਤੋਂ ਲਈ ਜਾ ਸਕਦੀ ਹੈ।

## ਸਿੱਖ ਭਾਈਚਾਰੇ ਲਈ ਪਾਕਿਸਤਾਨ ਸਰਕਾਰ ਵੱਲੋਂ ਇਕ ਹੋਰ ਤੋਹਫਾ

**ਪੇਸ਼ਾਵਰ:** ਪਾਕਿਸਤਾਨ ਸਰਕਾਰ ਮਹਾਰਾਜਾ ਰਣਜੀਤ ਸਿੰਘ ਦੇ ਫੌਜ ਮੁਖੀ ਹਰੀ ਸਿੰਘ ਨਲੂਏ ਦੇ ਕਿਲ੍ਹੇ ਨੂੰ ਅਜਾਇਬ ਘਰ ਵਜੋਂ ਵਿਕਸਤ ਕਰੇਗੀ। ਦੇਸ਼ ਦੇ ਖੈਬਰ ਪਖ਼ਤੂਨਖ਼ਵਾ ਸੂਬੇ ਦੇ ਹਰੀਪੁਰ ਜ਼ਿਲ੍ਹੇ ਦੇ ਜਮਰੌਦ ਇਲਾਕੇ ਵਿਚ ਹਰੀ ਸਿੰਘ ਦਾ ਕਿਲ੍ਹਾ ਮੌਜੂਦ ਹੈ ਤੇ ਸੂਬਾ ਸਰਕਾਰ ਇਸ ਦੀ ਕਾਇਆ ਕਲਪ ਕਰੇਗੀ।

ਨਲੂਆ ਨੇ ਇਹ ਕਿਲ੍ਹਾ 1822 ਈਸਵੀ ਦੌਰਾਨ ਬਣਵਾਇਆ ਸੀ, ਜੋ 35,420 ਵਰਗ ਫੁੱਟ ਖੇਤਰ ਵਿਚ ਫੈਲਿਆ ਹੋਇਆ ਹੈ। ਪੁਰਾਤਤਵ ਵਿਭਾਗ ਨੇ ਸੂਬੇ ਦੇ ਮੁੱਖ ਮੰਤਰੀ ਮਹਿਮੂਦ ਖ਼ਾਨ ਨੂੰ ਕਿਲ੍ਹੇ ਦਾ ਪ੍ਰਬੰਧਨ ਆਪਣੇ ਹੱਥਾਂ ਵਿਚ ਲੈਣ ਦੀ ਇੱਛਾ ਜ਼ਾਹਰ ਕਰਦਿਆਂ ਪੱਤਰ ਵੀ ਲਿਖਿਆ ਹੈ। ਹਰੀਪੁਰ ਜ਼ਿਲ੍ਹਾ ਪ੍ਰਸ਼ਾਸਨ ਇਸ ਕਿਲ੍ਹੇ ਨੂੰ ਵਿਭਾਗ ਨੂੰ ਸੌਂਪਣ ਲਈ ਰਜ਼ਾਮੰਦ ਵੀ ਹੋ ਗਿਆ ਹੈ। ਜ਼ਿਕਰਯੋਗ ਹੈ ਕਿ ਨਲੂਆ ਤੋਂ ਬਾਅਦ ਅੰਗਰੇਜ਼ਾਂ ਨੇ ਵੀ ਇਸ ਕਿਲ੍ਹੇ ਵਿਚ ਕੁਝ ਉਸਾਰੀ ਕਰਵਾਈ ਸੀ ਪਰ ਹੁਣ ਇਸ ਨੂੰ ਅਜਾਇਬ ਘਰ ਵਜੋਂ ਵਿਕਸਤ ਕਰ ਕੇ ਵੱਧ ਤੋਂ ਵੱਧ ਸੈਲਾਨੀਆਂ ਨੂੰ ਖਿੱਚਣ ਦੇ ਕਾਬਲ ਬਣਾਇਆ ਜਾਵੇਗਾ।

# ਸਾਹਿਤ ਸਭਾ ਦੀ ਮੀਟਿੰਗ ਵਿਚ ਪੰਜਾਬ ਤੇ ਪੰਜਾਬੀ ਬਾਰੇ ਗੱਲਾਂ

**ਨਿਊ ਯਾਰਕ (ਬਿਊਰੋ):** ਪੰਜਾਬੀ ਸਾਹਿਤ ਸਭਾ ਨਿਊ ਯਾਰਕ ਦੀ ਲੰਘੇ ਐਤਵਾਰ ਇਥੇ ਹੋਈ ਮਹੀਨਾਵਾਰ ਮੀਟਿੰਗ ਦਾ ਅਰੰਭ ਡਾ. ਰਾਮਜੀ ਦਾਸ ਸੇਠੀ, ਮਹਿਤਾਬ ਅਤੇ ਡਾ. ਗੁਰਿੰਦਰ ਸਿੰਘ ਮਾਨ ਨੇ ਸ਼ਮ੍ਹਾ ਰੌਸ਼ਨ ਕਰ ਕੇ ਕੀਤਾ।

ਸਾਹਿਤਕ ਦੌਰ ਦਾ ਅਰੰਭ ਤਰਸੇਮ ਸਿੰਘ ਘੁੰਮਣ ਨੇ ਪ੍ਰੇਮ ਮਾਨ ਨੂੰ ਢਾਹਾਂ ਇਨਾਮ ਦਾ ਚੇਅਰਮੈਨ ਨਿਯੁਕਤ ਕੀਤੇ ਜਾਣ ਦੀ ਵਧਾਈ ਦੇ ਕੇ ਕੀਤਾ। ਪ੍ਰੇਮ ਮਾਨ ਨੇ ਢਾਹਾਂ ਇਨਾਮ ਬਾਰੇ ਗੱਲਬਾਤ ਕਰਦਿਆਂ ਚੇਅਰਮੈਨ ਦੀਆਂ ਜ਼ਿੰਮੇਵਾਰੀਆਂ ਬਾਰੇ ਅਤੇ ਇਨਾਮ ਦੀਆਂ ਗਤੀਵਿਧੀਆਂ ਦਾ ਵਿਸਥਾਰ ਵਿਚ ਜ਼ਿਕਰ ਕੀਤਾ।

ਡਾ. ਰਾਮਜੀ ਦਾਸ ਸੇਠੀ, ਮਹਿਤਾਬ ਨੇ ਆਪਣੀ ਕਹਾਣੀ 'ਮੇਹਰੂ ਸੱਕਾ' ਪੜ੍ਹੀ, ਜਿਸ ਵਿਚ ਜਾਤਾਂ ਦੇ ਆਧਾਰ 'ਤੇ ਹੋ ਰਹੇ ਵਿਤਕਰੇ ਦਾ ਵਿਸਥਾਰ ਨਾਲ ਵਰਣਨ ਕੀਤਾ ਗਿਆ ਹੈ। ਉਹੀ ਲੋਕ, ਜੋ ਕਹਾਣੀ ਦੇ ਮੁੱਖ ਪਾਤਰ ਮੇਹਰਦੀਨ ਨਾਲ ਪਹਿਲਾਂ ਵਿਤਕਰਾ ਤੇ ਨਫਰਤ ਕਰਦੇ ਸਨ, ਮੇਹਰਦੀਨ ਦੇ ਬੇਟੇ ਦੇ ਅਫਸਰ ਬਣਨ 'ਤੇ ਉਸ ਨਾਲ ਪਿਆਰ ਤੇ ਹਮਦਰਦੀ ਪ੍ਰਗਟ ਕਰਨ ਲੱਗ ਪਏ। ਸੰਦੀਪ ਸਿੰਘ ਨੇ ਆਪਣੀਆਂ ਦੋ ਕਵਿਤਾਵਾਂ ਪੜ੍ਹੀਆਂ, ਜੋ ਮੈਂਬਰਾਂ ਨੇ ਖੂਬ ਸਲਾਹੀਆਂ। ਤਰਸੇਮ ਸਿੰਘ ਘੁੰਮਣ ਨੇ ਆਪਣੀਆਂ ਦੋ ਕਵਿਤਾਵਾਂ 'ਨਾਨਕਿਆਂ ਦੀਆਂ ਯਾਦਾਂ' ਅਤੇ 'ਬੂਹੇ ਬਾਰੀਆਂ' ਪੜ੍ਹੀਆਂ। ਮੈਂਬਰਾਂ ਨੇ ਨਾਨਕਿਆਂ ਵਾਲੀ ਕਵਿਤਾ ਬਾਰੇ ਬਹੁਤ ਸਾਰੀਆਂ ਗੱਲਾਂ ਕੀਤੀਆਂ।

ਡਾ. ਗੁਰਿੰਦਰ ਸਿੰਘ ਮਾਨ ਨੇ ਆਪਣੇ ਦੋ ਮਹੀਨਿਆਂ ਦੇ ਭਾਰਤ ਦੌਰੇ ਬਾਰੇ ਵਿਸਥਾਰ ਵਿਚ ਦੱਸਿਆ। ਉਨ੍ਹਾਂ ਅਨੁਸਾਰ ਉਨ੍ਹਾਂ ਨੇ ਇਸ ਸਫਰ ਦੌਰਾਨ ਦਿੱਲੀ ਅਤੇ ਪੰਜਾਬ ਦੀਆਂ ਯੂਨੀਵਰਸਿਟੀਆਂ ਵਿਚ 18 ਲੈਕਚਰ ਦਿੱਤੇ, ਜਿਨ੍ਹਾਂ ਦੇ ਵਿਸ਼ੇ ਪੰਜਾਬ, ਪੰਜਾਬੀ ਅਤੇ ਬਾਬਾ ਨਾਨਕ ਸਨ। ਜੋ ਗੱਲਾਂ ਉਨ੍ਹਾਂ ਨੇ ਇਨ੍ਹਾਂ ਭਾਸ਼ਣਾਂ ਵਿਚ



ਕੀਤੀਆਂ, ਉਨ੍ਹਾਂ 'ਚੋਂ ਮੁੱਖ ਗੱਲਾਂ ਇਹ ਸਨ: ਕੀ ਵਿਸ਼ਵੀਕਰਨ ਦੇ ਯੁੱਗ ਵਿਚ ਪੰਜਾਬੀ ਸਭਿਆਚਾਰ ਨੂੰ ਬਚਾਉਣ ਦੀ ਲੋੜ ਹੈ? ਪੰਜਾਬੀ ਲੋਕ ਹਾਲੇ ਵੀ ਆਪਣੇ ਸਭਿਆਚਾਰ ਦੀ ਪ੍ਰਸ਼ੰਸਾ ਕਰਨੀ ਅਤੇ ਇਸ ਦੀ ਅਮੀਰੀ ਨੂੰ ਸਿੱਖ ਤੇ ਸਮਝ ਨਹੀਂ ਸਕੇ। ਪੰਜਾਬੀ ਦੀ ਹਾਲਤ ਬਹੁਤੀ ਚੰਗੀ ਨਹੀਂ।

ਡਾ. ਮਾਨ ਨੇ ਦੱਸਿਆ ਕਿ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵਿਚ ਇਕ 10 ਫੁੱਟ ਚੌੜੇ ਅਤੇ 10 ਫੁੱਟ ਲੰਬੇ ਬੋਰਡ 'ਤੇ 'ਦਾਣਾ ਮੰਡੀ' ਦੀ ਥਾਂ 'ਦਾਨਾ ਮੰਡੀ' ਲਿਖਿਆ ਹੋਇਆ ਸੀ। ਉਨ੍ਹਾਂ ਕਿਹਾ ਕਿ ਪੰਜਾਬੀ ਯੂਨੀਵਰਸਿਟੀ ਵਿਚ ਹਾਲੇ ਵੀ ਇਸ ਗੱਲ 'ਤੇ ਕੋਈ ਸੰਜੀਦਾ ਵਿਚਾਰ-ਵਟਾਂਦਰਾ ਨਹੀਂ ਹੋ ਰਿਹਾ ਕਿ ਪੰਜਾਬੀ ਨੂੰ ਸ਼ੁੱਧ ਕਿਵੇਂ ਰੱਖਣਾ ਹੈ। ਉਨ੍ਹਾਂ ਗਿਲਾ ਕੀਤਾ ਕਿ ਸਿੱਖਾਂ ਨੂੰ ਆਪਣੇ ਇਤਿਹਾਸ ਦੀ ਪੂਰੀ ਜਾਣਕਾਰੀ ਨਹੀਂ।

ਇਸ ਤੋਂ ਬਾਅਦ ਭਗਵਾਨ ਸਿੰਘ ਘਨੌਰ ਨੇ ਆਪਣਾ ਗੀਤ 'ਜੇ ਤੂੰ ਮੇਰਾ ਰੂਪ ਦੇਖਣਾ, ਮੇਰੀ ਚੁੰਨੀ ਨੂੰ ਲੁਆ ਦੇ ਤਾਰੇ' ਵੱਖਰੇ ਅੰਦਾਜ਼ ਵਿਚ ਪੜ੍ਹ ਕੇ ਸੁਣਾਇਆ। ਸਭਾ ਦੇ ਮੈਂਬਰਾਂ ਨੇ ਭਗਵਾਨ ਸਿੰਘ ਨੂੰ ਉਨ੍ਹਾਂ ਦੇ ਬੇਟੇ ਅਤੇ ਉਸ ਦੇ ਪਰਿਵਾਰ ਨੂੰ ਪੰਜਾਬ ਤੋਂ ਪੱਕੇ ਤੌਰ 'ਤੇ ਅਮਰੀਕਾ ਆ ਜਾਣ ਦੀਆਂ ਵਧਾਈਆਂ ਦਿੱਤੀਆਂ। ਦੀਕਸ਼ਾ ਕੌੜਾ ਨੇ ਨਵੇਂ ਸਾਲ ਦੇ ਮਤਿਆਂ ਬਾਰੇ ਗੱਲਾਂ ਕੀਤੀਆਂ ਅਤੇ ਇਕ ਹਾਸ-ਰਸ ਸਕਿੱਟ ਖੇਡਿਆ।

ਚੇਤਨ ਸੋਢੀ ਨੇ ਜ਼ਿੰਦਗੀ ਬਾਰੇ ਕੁਝ ਗੱਲਾਂ ਕੀਤੀਆਂ ਅਤੇ ਫਿਰ ਆਪਣੀਆਂ ਦੋ ਕਵਿਤਾਵਾਂ ਪੜ੍ਹੀਆਂ, ਜਿਨ੍ਹਾਂ ਵਿਚੋਂ ਇਕ ਕਵਿਤਾ ਕਿਸਾਨਾਂ ਬਾਰੇ ਸੀ ਅਤੇ ਦੂਜੀ ਸਾਡੇ ਇਸ ਦੁਨੀਆਂ ਵਿਚ ਮੁਸਾਫਰ ਹੋਣ ਬਾਰੇ ਸੀ। ਸੰਗੀਤ ਸ਼ਰਮਾ ਨੇ ਹਿੰਦੀ ਦਾ ਇਕ ਗੀਤ ਆਪਣੇ ਨਖਰਿਆਂ ਭਰੇ ਅੰਦਾਜ਼ ਵਿਚ ਗਾਇਆ। ਨੀਲਮ ਬੇਦੀ ਨੇ ਆਪਣੀਆਂ ਦੋ ਕਵਿਤਾਵਾਂ ਪੜ੍ਹੀਆਂ, ਜਿਨ੍ਹਾਂ ਵਿਚੋਂ ਇਕ ਦਾ ਵਿਸ਼ਾ ਸੀ, 'ਅਸੀਂ ਅਜ਼ਾਦ ਕਿਉਂ ਨਹੀਂ?' ਕਲਾਸੀਕਲ ਸੰਗੀਤ ਦੀ ਮਾਹਰ ਰੀਤਾ ਕੋਹਲੀ ਨੇ ਪਹਿਲਾਂ 'ਨਾਨ ਸਟਾਪ ਇੰਡੀਆ ਕਾ ਸੰਕਲਪ ਹੈ' ਗੀਤ ਅਤੇ ਫਿਰ ਪੰਜਾਬੀ ਗੀਤ 'ਬਾਜਰੇ ਦਾ ਸਿੱਟਾ ਵੇ ਅਸਾਂ ਤਲੀ 'ਤੇ ਮਰੋੜਿਆ' ਪੇਸ਼ ਕੀਤਾ।

ਮੀਟਿੰਗ ਵਿਚ ਤਰਲੋਚਨ ਸੱਚਰ, ਲਵਲੀਨ ਕੌੜਾ, ਸੁਨੀਤਾ ਕੌੜਾ, ਮਨਜੀਤ ਕੌਰ ਘੁੰਮਣ, ਸਵਰਨਜੀਤ ਕੌਰ, ਤੇਜਿੰਦਰ ਕੌਰ, ਅਮਨਦੀਪ ਸਿੰਘ, ਮਨਦੀਪ ਕੌਰ, ਜਪਨੀਤ ਸਿੰਘ ਅਤੇ ਆਲਮਜੋਤ ਵੀ ਹਾਜ਼ਰ ਸਨ।

## ਅਯੁੱਧਿਆ ਮਾਮਲੇ ਦੀ ਸੁਣਵਾਈ ਟਲੀ

**ਨਵੀਂ ਦਿੱਲੀ:** ਰਾਮ ਜਨਮ ਭੂਮੀ-ਬਾਬਰੀ ਮਸਜਿਦ ਜ਼ਮੀਨੀ ਵਿਵਾਦ ਸਬੰਧੀ ਮਾਮਲੇ ਦੀ 29 ਜਨਵਰੀ ਨੂੰ ਸੁਪਰੀਮ ਕੋਰਟ 'ਚ ਹੋਣ ਵਾਲੀ ਸੁਣਵਾਈ ਟਲ ਗਈ ਹੈ।

ਇਸ ਦਾ ਕਾਰਨ ਪੰਜ ਜੱਜਾਂ ਵਾਲੇ ਸੰਵਿਧਾਨਕ ਬੈਂਚ 'ਚੋਂ ਇਕ ਜੱਜ ਦਾ ਹਾਜ਼ਰ ਨਾ ਹੋ ਸਕਣਾ ਦੱਸਿਆ ਜਾ ਰਿਹਾ ਹੈ। ਸੁਪਰੀਮ ਕੋਰਟ ਰਜਿਸਟਰੀ ਵੱਲੋਂ ਜਾਰੀ ਇਕ ਨੋਟਿਸ ਅਨੁਸਾਰ ਜਸਟਿਸ ਐਸ.ਏ. ਬੋਬੜੇ 29 ਜਨਵਰੀ ਨੂੰ ਹਾਜ਼ਰ ਨਹੀਂ ਹੋ ਸਕਣਗੇ, ਇਸ ਲਈ ਸੁਣਵਾਈ ਮੁਲਤਵੀ ਕਰਨੀ ਪਈ।

## ਪੀ.ਐਸ.ਐਲ.ਵੀ. ਸੀ44 ਪੁਲਾੜ ਵਿਚ ਦਾਗਿਆ

**ਸ੍ਰੀਹਰੀਕੋਟਾ:** ਇਸਰੋ ਦਾ ਪੀ. ਐਸ. ਐਲ.ਵੀ. ਸੀ44 ਇਥੇ ਸਤੀਸ਼ ਧਵਨ ਸਪੇਸ ਸੈਂਟਰ ਤੋਂ ਪੁਲਾੜ ਵਿਚ ਦਾਗ ਦਿੱਤਾ ਗਿਆ ਜਿਸ ਵਿਚ ਭਾਰਤ ਦਾ ਫੌਜੀ ਉਪਗ੍ਰਹਿ ਮਾਈਕਰੋਸੈਟ-ਆਰ ਅਤੇ ਵਿਦਿਆਰਥੀਆਂ ਦਾ ਪੇਅਲੋਡ ਕਲਾਮਸੈਟ ਫਿੱਟ ਹਨ। ਇਸਰੋ ਦਾ ਇਹ ਪੋਲਰ ਰਾਕੇਟ 28 ਘੰਟਿਆਂ ਦੀ ਉਲਟੀ ਗਿਣਤੀ ਖਤਮ ਹੋਣ 'ਤੇ ਰਾਤੀਂ 11.37 ਵਜੇ ਦਾਗਿਆ ਗਿਆ ਅਤੇ ਸਾਫ ਆਸਮਾਨ 'ਤੇ ਲੀਕ ਛੱਡਦਿਆਂ ਪੁਲਾੜ ਵੱਲ ਰਵਾਨਾ ਹੋਇਆ।

# ਪਾਕਿਸਤਾਨ ਵੱਲੋਂ ਕਰਤਾਰਪੁਰ ਲਾਂਘੇ ਸਬੰਧੀ ਭਾਰਤ ਦਾ ਜਵਾਬ ਹਾਸੋਹੀਣਾ ਕਰਾਰ



**ਅੰਮ੍ਰਿਤਸਰ:** ਪਾਕਿਸਤਾਨ ਵਿਦੇਸ਼ ਮੰਤਰਾਲੇ ਦੇ ਬੁਲਾਰੇ ਡਾ. ਮੁਹੰਮਦ ਫੈਸਲ ਨੇ ਭਾਰਤ ਵੱਲੋਂ ਕਰਤਾਰਪੁਰ ਸਾਹਿਬ ਲਾਂਘੇ ਨੂੰ ਲੈ ਕੇ ਭੇਜੇ ਗਏ ਜਵਾਬ ਨੂੰ 'ਬਚਕਾਨਾ' ਦੱਸਦਿਆਂ ਦਾਅਵਾ ਕੀਤਾ ਹੈ ਕਿ ਇਸ ਬਾਰੇ ਇਸਲਾਮਾਬਾਦ ਵੱਲੋਂ ਦਿੱਤਾ ਜਾਣ ਵਾਲਾ ਜਵਾਬ ਪਰਿਪੱਕ (ਪ੍ਰੌੜ) ਹੋਵੇਗਾ। ਅਸਲ 'ਚ ਬੀਤੇ ਦਿਨੀਂ ਪਾਕਿਸਤਾਨ ਵੱਲੋਂ ਕਰਤਾਰਪੁਰ ਲਾਂਘੇ ਨੂੰ ਲੈ ਕੇ ਭਾਰਤ ਨਾਲ ਕੀਤੇ ਜਾਣ ਵਾਲੇ ਸਮਝੌਤੇ ਨੂੰ ਅੰਤਿਮ ਰੂਪ ਦੇਣ ਲਈ ਤਿਆਰ ਕੀਤਾ ਗਿਆ ਪ੍ਰਸਤਾਵਿਤ ਇਕਰਾਰਨਾਮੇ ਦਾ ਖਰੜਾ ਇਸਲਾਮਾਬਾਦ ਸਥਿਤ ਭਾਰਤੀ ਹਾਈ ਕਮਿਸ਼ਨ ਦੀ ਮਾਰਫਤ ਭਾਰਤ ਭੇਜਿਆ ਗਿਆ ਸੀ।

ਇਸ ਦੇ ਨਾਲ ਹੀ ਇਸ ਸਬੰਧੀ ਕੀਤੇ ਜਾਣ ਵਾਲੇ ਸਮਝੌਤੇ ਨੂੰ ਅੰਤਿਮ ਰੂਪ ਦੇਣ ਲਈ ਭਾਰਤੀ ਵਫਦ ਨੂੰ ਪਾਕਿਸਤਾਨ ਭੇਜਣ ਲਈ ਵੀ ਸੱਦਾ ਦਿੱਤਾ ਗਿਆ ਸੀ। ਜਦਕਿ ਭਾਰਤ ਵੱਲੋਂ ਇਸ ਦੇ ਜਵਾਬ 'ਚ ਪਾਕਿਸਤਾਨ ਨਾਲ ਕਰਤਾਰਪੁਰ ਸਾਹਿਬ ਤੋਂ ਡੇਰਾ ਬਾਬਾ ਨਾਨਕ ਤੱਕ ਬਣਾਏ ਜਾਣ ਵਾਲੇ ਪ੍ਰਸਤਾਵਿਤ ਲਾਂਘੇ ਨੂੰ ਜੋੜਨ ਵਾਲੇ ਕਰਾਸਿੰਗ ਪੁਆਇੰਟ ਬਾਰੇ ਗੱਲਬਾਤ ਕਰਨ ਲਈ ਪਾਕਿਸਤਾਨੀ ਵਫਦ ਨੂੰ ਭਾਰਤ ਆਉਣ ਦਾ ਪ੍ਰਸਤਾਵ ਦਿੱਤਾ ਗਿਆ ਅਤੇ ਇਸ ਦੇ ਲਈ ਬਕਾਇਦਾ 26 ਫਰਵਰੀ ਤੇ 7 ਮਾਰਚ 2019 ਦੋ ਤਰੀਕਾਂ ਦੀ ਤਜਵੀਜ਼ ਵੀ ਰੱਖੀ ਗਈ। ਡਾ. ਫੈਸਲ ਨੇ ਕਿਹਾ ਕਿ ਭਾਰਤ ਸਰਕਾਰ ਨੂੰ ਭੇਜੇ ਪ੍ਰਸਤਾਵਿਤ ਇਕਰਾਰਨਾਮੇ ਦੇ ਖਰੜੇ ਦੇ ਨਾਲ ਲਾਂਘੇ ਦੇ ਵਿਕਾਸ ਨੂੰ ਦਰਸਾਉਂਦੀਆਂ 14 ਰੰਗਦਾਰ ਤਸਵੀਰਾਂ ਅਤੇ ਇਕ ਵੀਡੀਓ ਵੀ ਭੇਜੀ ਗਈ ਸੀ, ਜਿਨ੍ਹਾਂ 'ਚ ਇਹ ਸਪੱਸ਼ਟ ਤੌਰ 'ਤੇ ਵਿਖਾਈ ਦੇ ਰਿਹਾ ਹੈ ਕਿ ਪਾਕਿਸਤਾਨ ਵਾਲੇ ਪਾਸੇ ਸ੍ਰੀ ਕਰਤਾਰਪੁਰ ਸਾਹਿਬ ਲਾਂਘੇ ਦੀ ਉਸਾਰੀ ਜੰਗੀ ਪੱਧਰ ਉਤੇ ਕਰਵਾਈ ਜਾ ਰਹੀ ਹੈ। ਉਨ੍ਹਾਂ ਨੇ ਭਾਰਤ ਸਰਕਾਰ 'ਤੇ ਪਾਕਿਸਤਾਨ ਪ੍ਰਤੀ ਤਲਖੀ ਵਾਲਾ ਵਤੀਰਾ ਅਪਨਾਏ ਜਾਣ ਦਾ ਦੋਸ਼ ਲਗਾਉਂਦਿਆਂ ਇਹ ਵੀ ਚਿਤਾਵਨੀ ਦਿੱਤੀ ਹੈ ਕਿ ਅਗਾਂਹ ਭਾਰਤ ਨੂੰ ਸ਼ਾਂਤੀ ਨਾਲ ਕੀਤੀ ਜਾਣ ਵਾਲੀ ਗੱਲਬਾਤ ਦਾ ਜਵਾਬ ਸ਼ਾਂਤੀ ਨਾਲ ਅਤੇ ਗੋਲੀ ਦਾ ਜਵਾਬ ਗੋਲੀ ਨਾਲ ਦਿੱਤਾ ਜਾਵੇਗਾ।

## ਕਰਤਾਰਪੁਰ ਲਾਂਘਾ: ਭਾਰਤ ਵਾਲੇ ਪਾਸੇ ਵੀ ਸਰਗਰਮੀਆਂ ਤੇਜ਼

**ਬਟਾਲਾ:** ਕੇਂਦਰੀ ਭੂਮੀ ਬੋਰਡ (ਸੈਂਟਰਲ ਲੈਂਡ ਬੋਰਡ) ਦੇ ਚੇਅਰਮੈਨ ਦੀ ਅਗਵਾਈ ਹੇਠਲੀ ਟੀਮ ਨੇ ਕੌਮਾਂਤਰੀ ਸਰਹੱਦ ਡੇਰਾ ਬਾਬਾ ਨਾਨਕ ਦਾ ਦੌਰਾ ਕੀਤਾ। ਟੀਮ ਨੇ ਜ਼ੀਰੋ ਲਾਈਨ 'ਤੇ ਬਣੇ ਦਰਸ਼ਨ ਸਥਲ ਤੋਂ ਪਾਕਿਸਤਾਨ ਸਥਿਤ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਦੂਰਬੀਨ ਰਾਹੀਂ ਦਰਸ਼ਨ ਕੀਤੇ। ਇਸੇ ਦੌਰਾਨ ਡੀ.ਸੀ ਵਿਪੁਲ ਉਜਵਲ ਅਤੇ ਡੇਰਾ ਬਾਬਾ ਨਾਨਕ ਦੇ ਐਸ.ਡੀ.ਐਮ. ਅਸ਼ੋਕ ਸ਼ਰਮਾ ਸਮੇਤ ਬੀ.ਐਸ.ਐਫ. ਦੇ ਅਧਿਕਾਰੀਆਂ ਨੇ ਟੀਮ ਨਾਲ ਮੀਟਿੰਗ ਵੀ ਕੀਤੀ। ਬੋਰਡ ਦੇ ਚੇਅਰਮੈਨ ਅਨਿਲ ਕੁਮਾਰ ਨੇ ਦੱਸਿਆ ਕਿ ਮੁਆਇਨਾ ਕਰਨ ਆਏ ਹਨ ਕਿ ਡੇਰਾ ਬਾਬਾ ਨਾਨਕ ਵਾਲੇ ਪਾਸਿਉਂ ਲਾਂਘੇ ਲਈ ਸੜਕ ਬਣਾਉਣ ਵਿਚ ਕਿੰਨਾ ਸਮਾਂ ਲੱਗੇਗਾ ਤੇ ਕਿਥੋਂ ਅਤੇ ਕਿੰਨੀ ਜ਼ਮੀਨ ਐਕੁਆਇਰ ਕਰਨੀ ਹੈ। ਲਾਂਘੇ ਲਈ ਜ਼ਮੀਨ ਐਕੁਆਇਰ ਕਰਨ ਬਾਰੇ ਜਾਰੀ ਹੋਏ ਨੋਟੀਫਿਕੇਸ਼ਨ ਤੋਂ ਬਾਅਦ ਨਿਸ਼ਾਨਦੇਹੀ ਕਰ ਕੇ ਅਗਲੀ ਕਾਰਵਾਈ ਕੀਤੀ ਜਾਵੇਗੀ। ਬੋਰਡ ਚੇਅਰਮੈਨ ਨੇ ਛੇਤੀ ਕੰਮ ਸ਼ੁਰੂ ਕਰਨ ਦਾ ਭਰੋਸਾ ਦਿੱਤਾ ਹੈ।

# ਕਰਤਾਰਪੁਰ ਲਾਂਘਾ ਸੰਗਤ ਦੀ 71 ਸਾਲਾਂ ਦੀ ਅਰਦਾਸ ਨੇ ਖੁਲ੍ਹਵਾਇਆ: ਸਿੱਧੂ

**ਅੰਮ੍ਰਿਤਸਰ:** ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਆਖਿਆ ਹੈ ਕਿ ਪਾਕਿਸਤਾਨ ਦੀ ਧਰਤੀ ਉਤੇ ਸਥਿਤ ਗੁਰਦੁਆਰਾ ਕਰਤਾਰਪੁਰ ਸਾਹਿਬ ਦਾ ਲਾਂਘਾ ਉਨ੍ਹਾਂ ਕਾਰਨ ਨਹੀਂ ਸਗੋਂ ਪਿਛਲੇ 71 ਸਾਲਾਂ ਤੋਂ ਸੰਗਤ ਵੱਲੋਂ ਕੀਤੀ ਜਾ ਰਹੀ ਅਰਦਾਸ ਕਾਰਨ ਖੁੱਲ੍ਹਿਆ ਹੈ ਅਤੇ ਲਾਂਘਾ ਖੁਲ੍ਹਵਾਉਣ ਲਈ ਜਿਹੜੇ ਲੋਕ ਅੱਜ ਆਪਣੀ ਪਿੱਠ ਥਪਥਪਾ ਰਹੇ ਹਨ, ਉਨ੍ਹਾਂ ਨੂੰ ਸ਼ਾਇਦ ਇਹ ਭੁੱਲ ਗਿਆ ਹੈ ਕਿ ਇਹ ਲਾਂਘਾ ਖੁਦ ਗੁਰੂ ਨਾਨਕ ਦੇਵ ਜੀ ਦੇ ਚਮਤਕਾਰ ਨਾਲ ਖੁੱਲ੍ਹਿਆ ਹੈ।

ਕੈਬਨਿਟ ਮੰਤਰੀ ਨੇ ਖਜ਼ਾਨਾ ਗੇਟ ਤੋਂ ਸ਼ਹੀਦ ਬਾਬਾ ਦੀਪ ਸਿੰਘ ਦੇ ਗੁਰਦੁਆਰਾ ਸਾਹਿਬ ਰਸਤੇ ਸੁਲਤਾਨਵਿੰਡ ਚੌਕ ਤੱਕ ਪੈਂਦੇ 3.20 ਕਿਲੋਮੀਟਰ ਲੰਮੇ ਰਸਤੇ ਦੇ ਸੁੰਦਰੀਕਰਨ ਪ੍ਰੋਜੈਕਟ ਦੀ ਸ਼ੁਰੂਆਤ ਕੀਤੀ। ਪੰਜਾਬ ਹੈਰੀਟੇਜ ਟੂਰਿਜ਼ਮ ਪ੍ਰਮੋਸ਼ਨ ਬੋਰਡ ਵੱਲੋਂ ਏਸ਼ੀਅਨ ਡਿਵੈਲਪਮੈਂਟ ਬੈਂਕ ਦੇ ਸਹਿਯੋਗ ਨਾਲ ਕਰਵਾਏ ਜਾ ਰਹੇ 34 ਕਰੋੜ ਰੁਪਏ ਦੇ ਇਸ ਪ੍ਰੋਜੈਕਟ ਨਾਲ ਇਸ ਰਸਤੇ ਦਾ ਮੂੰਹ-ਮੁਹਾਂਦਰਾ ਬਦਲਣ ਦਾ ਐਲਾਨ ਕਰਦੇ ਹੋਏ ਉਨ੍ਹਾਂ ਦੱਸਿਆ ਕਿ ਜਿਸ ਤਰ੍ਹਾਂ ਸ੍ਰੀ ਦਰਬਾਰ ਸਾਹਿਬ ਦੇ ਆਲੇ-ਦੁਆਲੇ ਨੂੰ ਸੁੰਦਰ ਬਣਾਇਆ ਗਿਆ ਹੈ, ਉਸੇ ਤਰ੍ਹਾਂ ਇਹ ਸਾਰਾ ਰਸਤਾ ਬਣੇਗਾ। ਇਸ ਰਸਤੇ ਪੈਂਦੀਆਂ ਦੁਕਾਨਾਂ ਤੇ ਮਕਾਨਾਂ ਨੂੰ ਸਰਵਿਸ ਰੋਡ ਦੇ ਕੇ ਮੇਨ ਰੋਡ ਨਾਲ ਉਸਾਰੀ ਗਈ ਕੰਧ ਅਜਾਇਬ ਘਰ ਦਾ ਰੂਪ ਦਿੱਤਾ ਜਾਵੇਗਾ, ਜਿਸ 'ਤੇ ਮਹਾਰਾਜਾ ਰਣਜੀਤ ਸਿੰਘ ਦੇ ਕਾਲ ਨੂੰ ਪੇਸ਼ ਕੀਤਾ ਜਾਵੇਗਾ। ਇਸ ਤੋਂ ਇਲਾਵਾ ਸਾਰੇ ਰਸਤੇ 'ਤੇ ਸੁੰਦਰ ਲੈਂਡਸਕੇਪਿੰਗ, ਲਾਇਟਾਂ, ਸਾਈਕਲ ਟਰੈਕ, ਰੇਹੜੀਆਂ ਲਈ ਵੱਖ ਸਥਾਨ, ਪਾਰਕ, 5 ਜਨਤਕ ਪਖਾਨੇ ਆਦਿ ਬਣਾਏ ਜਾਣਗੇ।

ਉਨ੍ਹਾਂ ਦੱਸਿਆ ਕਿ ਇਹ ਸਾਰਾ ਕੰਮ ਜੂਨ



2020 ਤੱਕ ਪੂਰਾ ਕਰ ਲਿਆ ਜਾਵੇਗਾ। ਉਨ੍ਹਾਂ ਇਸ ਤੋਂ ਇਲਾਵਾ ਹਲਕਾ ਦੱਖਣੀ ਦੇ ਸੀਵਰੇਜ ਲਈ 111 ਕਰੋੜ ਰੁਪਏ, ਸ੍ਰੀ ਦਰਬਾਰ ਸਾਹਿਬ ਨੂੰ ਜਾਂਦੀਆਂ ਚਾਰ ਮੁੱਖ ਸੜਕਾਂ ਦੇ ਸੁੰਦਰੀਕਰਨ ਲਈ 34 ਕਰੋੜ ਰੁਪਏ, ਸ਼ਹਿਰ ਦੀਆਂ ਸੜਕਾਂ ਦੀ ਮੁਰੰਮਤ ਲਈ 40 ਕਰੋੜ ਰੁਪਏ ਖਰਚਣ ਦਾ ਐਲਾਨ ਵੀ ਕੀਤਾ। ਉਨ੍ਹਾਂ ਦੱਸਿਆ ਕਿ ਪੰਜਾਬ ਦੇ 4 ਸ਼ਹਿਰਾਂ ਅੰਮ੍ਰਿਤਸਰ, ਪਟਿਆਲਾ, ਸੰਗਰੂਰ ਅਤੇ ਮਲੇਰਕੋਟਲਾ ਨੂੰ ਵਿਰਾਸਤੀ ਸ਼ਹਿਰਾਂ ਵਜੋਂ ਵਿਕਸਿਤ ਕੀਤਾ ਜਾਵੇਗਾ।

# ਕੋਛੜ ਜੋੜੇ ਅਤੇ ਧੂਤ ਖਿਲਾਫ ਧੋਖਾਧੜੀ ਦਾ ਕੇਸ ਦਰਜ

**ਨਵੀਂ ਦਿੱਲੀ:** ਸੀ.ਬੀ.ਆਈ. ਨੇ ਆਈ.ਸੀ. ਆਈ.ਸੀ.ਆਈ. ਬੈਂਕ ਦੀ ਸਾਬਕਾ ਮੁਖੀ ਚੰਦਾ ਕੋਛੜ, ਉਸ ਦੇ ਪਤੀ ਦੀਪਕ ਕੋਛੜ ਅਤੇ ਵੀਡੀਓਕਾਨ ਗਰੁਪ ਦੇ ਐਮਡੀ ਵੇਣੂਗੋਪਾਲ ਧੂਤ ਖਿਲਾਫ ਕੰਪਨੀ ਨੂੰ ਕਰਜ਼ੇ ਮਨਜ਼ੂਰ ਕਰਨ ਵਿਚ ਧੋਖਾਧੜੀ ਤੇ ਭ੍ਰਿਸ਼ਟਾਚਾਰ ਦੇ ਦੋਸ਼ ਹੇਠ ਕੇਸ ਦਰਜ ਕੀਤਾ ਹੈ। ਇਸ ਕਾਰਨ ਬੈਂਕ ਨੂੰ 1730 ਕਰੋੜ ਰੁਪਏ ਦਾ ਨੁਕਸਾਨ ਹੋਇਆ ਸੀ।

ਆਈ.ਸੀ.ਆਈ.ਸੀ.ਆਈ. ਬੈਂਕ ਦੇ ਮੌਜੂਦਾ ਮੁਖੀ ਸੰਦੀਪ ਬਖਸ਼ੀ ਸਮੇਤ ਸੰਜੋਏ ਚੈਟਰਜੀ, ਜ਼ਰੀਨ ਦਾਰੂਵਾਲਾ, ਰਾਜੀਵ ਸਭਰਵਾਲ, ਕੇ ਵੀ ਕਾਮਥ ਅਤੇ ਹੋਮੀ ਖੁਸਰੋਖਾਨ ਜਿਹੇ ਬੈਂਕ ਸਨਅਤ ਦੀਆਂ ਕੁਝ ਵੱਡੀਆਂ ਹਸਤੀਆਂ ਵੀ ਨਿਗਰਾਨੀ ਹੇਠ ਆ ਗਈਆਂ ਹਨ ਕਿਉਂਕਿ ਵੀਡੀਓਕਾਨ ਗਰੁੱਪ ਤੇ ਇਸ ਦੀਆਂ ਸਹਾਇਕ ਕੰਪਨੀਆਂ ਅਤੇ ਕੁਝ ਹੋਰ ਫਰਮਾਂ ਨੂੰ ਦਿੱਤੇ ਜਾਣ ਵਾਲੇ ਕੁੱਲ 1875 ਕਰੋੜ ਰੁਪਏ ਦੇ ਛੇ ਕਰਜ਼ਿਆਂ ਵਿਚੋਂ ਕੁਝ ਕਰਜ਼ੇ ਪ੍ਰਵਾਨ ਕਰਨ ਵਾਲੀਆਂ ਆਈ.ਸੀ.ਆਈ.ਸੀ.ਆਈ. ਬੈਂਕ ਦੀਆਂ ਕਮੇਟੀਆਂ ਵਿਚ ਇਹ ਵਿਅਕਤੀ ਵੀ ਸ਼ਾਮਲ ਸਨ। ਐਫ.ਆਈ.ਆਰ. ਦਰਜ ਕਰਨ ਤੋਂ ਬਾਅਦ ਏਜੰਸੀ ਦੇ ਅਫਸਰਾਂ ਨੇ ਵੀਡੀਓਕਾਨ ਗਰੁੱਪ ਅਤੇ ਦੀਪਕ ਕੋਛੜ ਦੀ ਕੰਪਨੀ ਨਿਊਪਾਵਰ ਰੀਨਿਊਏਬਲਜ਼ ਅਤੇ ਸੁਪਰੀਮ ਐਨਰਜੀ ਦੇ



ਚੰਦਾ ਕੋਛੜ

ਮੁੰਬਈ ਤੇ ਔਰੰਗਾਬਾਦ ਵਿਚਲੇ ਚਾਰ ਟਿਕਾਣਿਆਂ ਉਤੇ ਛਾਪੇ ਮਾਰੇ। ਇਨ੍ਹਾਂ ਖਿਲਾਫ ਦੋਸ਼ ਹਨ ਕਿ ਬੈਂਕ ਵੱਲੋਂ ਵੀਡੀਓਕਾਨ ਗਰੁੱਪ ਨਾਲ ਜੁੜੀਆਂ ਕੰਪਨੀਆਂ ਲਈ 3250 ਕਰੋੜ ਰੁਪਏ ਦੇ ਕਰਜ਼ੇ ਮਨਜ਼ੂਰ ਕੀਤੇ ਗਏ ਸਨ। ਧੂਤ ਵੱਲੋਂ ਨਜ਼ਰਾਨੇ ਦੇ ਤੌਰ 'ਤੇ ਆਪਣੀ ਕੰਪਨੀ ਸੁਪਰੀਮ ਐਨਰਜੀ ਰਾਹੀਂ 64 ਕਰੋੜ ਰੁਪਏ ਦਾ ਨਿਵੇਸ਼ ਕੀਤਾ ਗਿਆ ਸੀ। ਦੋ ਕਰਜ਼ੇ ਮਨਜ਼ੂਰ ਕਰਨ ਵਾਲੀ ਕਮੇਟੀ ਵਿਚ ਚੰਦਾ ਕੋਛੜ ਵੀ ਸ਼ਾਮਲ ਸੀ।

ਅਧਿਕਾਰੀਆਂ ਦਾ ਕਹਿਣਾ ਹੈ ਕਿ ਇਹ ਕਰਜ਼ੇ ਨੇਮਾਂ ਨੂੰ ਅਣਡਿੱਠ ਕਰ ਕੇ ਮਨਜ਼ੂਰ ਕੀਤੇ ਗਏ ਸਨ। ਐਫ.ਆਈ.ਆਰ. ਮੁਤਾਬਕ ਇਨ੍ਹਾਂ ਤੋਂ ਇਲਾਵਾ ਮਿਲੇਨੀਅਮ ਅਪਲਾਇੰਸਿਜ਼, ਸਕਾਈ ਅਪਲਾਇੰਸਿਜ਼, ਟੈਕਨੋ ਇਲੈਕਟ੍ਰਾਨਿਕਸ ਅਤੇ ਐਪਲੀਕੌਂਪ ਇੰਡੀਆ ਲਈ ਚਾਰ ਕਰਜ਼ੇ ਮਨਜ਼ੂਰ ਕੀਤੇ ਗਏ ਸਨ।

# ਥੱਪੜ ਕਾਂਡ: ਬਜ਼ੁਰਗ ਜਰਨੈਲ ਸਿੰਘ ਹਮੀਰਗੜ੍ਹ ਬਰੀ

**ਚੰਡੀਗੜ੍ਹ:** ਰਾਮਪੁਰਾ ਅਦਾਲਤ ਨੇ ਸਾਬਕਾ ਮੰਤਰੀ ਸਿਕੰਦਰ ਸਿੰਘ ਮਲੂਕਾ ਨਾਲ ਪੇਚਾ ਪਾਉਣ ਵਾਲੇ ਅੰਮ੍ਰਿਤਧਾਰੀ ਬਜ਼ੁਰਗ ਜਰਨੈਲ ਸਿੰਘ ਹਮੀਰਗੜ੍ਹ ਨੂੰ ਬਰੀ ਕਰ ਦਿੱਤਾ ਹੈ। ਉਦੋਂ ਇਹ ਮਾਮਲਾ ਥੱਪੜ ਕਾਂਡ ਵਜੋਂ ਚਰਚਿਤ ਹੋਇਆ ਸੀ ਪਰ ਇਸ ਬਜ਼ੁਰਗ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਨੂੰ ਲੈ ਕੇ ਤਤਕਾਲੀ ਮੰਤਰੀ ਮਲੂਕਾ ਦੀ ਪੱਗ ਨੂੰ ਹੱਥ ਪਾਉਣ ਦੀ ਕੋਸ਼ਿਸ਼ ਕੀਤੀ ਸੀ। ਉਸ ਵੇਲੇ ਹਾਕਮ ਧਿਰ ਦੀ ਯੂਥ ਬ੍ਰਿਗੇਡ ਨੇ ਬਜ਼ੁਰਗ ਦੀ ਜ਼ਬਰਦਸਤ ਕੁੱਟਮਾਰ ਕੀਤੀ ਸੀ ਜਿਸ ਕਾਰਨ ਉਸ ਨੂੰ ਫਰੀਦਕੋਟ ਦੇ ਗੁਰੂ ਗੋਬਿੰਦ ਸਿੰਘ ਮੈਡੀਕਲ ਹਸਪਤਾਲ 'ਚ ਦਾਖਲ ਕਰਾਉਣਾ ਪਿਆ ਸੀ।

ਗੱਠਜੋੜ ਸਰਕਾਰ ਨੇ ਉਦੋਂ ਇਸ ਬਜ਼ੁਰਗ ਦੀ ਦਰਖਾਸਤ ਨੂੰ ਰੱਦੀ ਦੀ ਟੋਕਰੀ ਵਿਚ ਸੁੱਟ ਕੇ ਉਲਟਾ ਬਜ਼ੁਰਗ ਉਪਰ ਹੀ ਕੇਸ ਦਰਜ ਕਰ ਦਿੱਤਾ ਸੀ। ਰਾਮਪੁਰਾ ਫੂਲ ਦੀ ਸ੍ਰੀ ਸੁਖਵਿੰਦਰ ਸਿੰਘ ਦੀ ਅਦਾਲਤ ਨੇ ਪੁਲਿਸ ਵੱਲੋਂ ਦਰਜ ਕੇਸ ਨੂੰ ਦਰਕਿਨਾਰ ਕਰਦੇ ਹੋਏ ਜਰਨੈਲ ਸਿੰਘ ਹਮੀਰਗੜ੍ਹ ਨੂੰ ਬਰੀ ਕਰ ਦਿੱਤਾ। ਵਾਕਿਆ 20 ਨਵੰਬਰ 2015 ਦਾ ਹੈ ਜਦੋਂ ਹਮੀਰਗੜ੍ਹ 'ਚ ਰੱਖੀ ਸਦਭਾਵਨਾ ਰੈਲੀ ਦੌਰਾਨ ਜਰਨੈਲ ਸਿੰਘ ਨੇ ਤਤਕਾਲੀ ਮੰਤਰੀ ਸਿਕੰਦਰ ਸਿੰਘ ਮਲੂਕਾ 'ਤੇ ਹਮਲਾ ਕਰਨ ਦੀ ਕੋਸ਼ਿਸ਼ ਕੀਤੀ ਸੀ। ਮਲੂਕਾ ਦੇ ਪੀਏ ਕੁਲਦੀਪ ਚੰਦ ਦੇ ਬਿਆਨਾਂ ਦੇ ਆਧਾਰ 'ਤੇ ਥਾਣਾ ਦਿਆਲਪੁਰਾ ਪੁਲਿਸ ਨੇ ਬਜ਼ੁਰਗ ਖਿਲਾਫ ਧਾਰਾ 353, 186, 120 ਬੀ ਤਹਿਤ ਕੇਸ ਦਰਜ ਕੀਤਾ ਸੀ। ਜ਼ਿਲ੍ਹਾ ਪੁਲਿਸ ਨੇ ਉਸ ਨੂੰ 28 ਨਵੰਬਰ 2015 ਨੂੰ ਫਰੀਦਕੋਟ ਦੇ ਹਸਪਤਾਲ 'ਚੋਂ ਗ੍ਰਿਫਤਾਰ ਕਰ ਲਿਆ ਸੀ। ਮਗਰੋਂ ਉਹ ਪਹਿਲੀ ਦਸੰਬਰ 2015 ਨੂੰ ਜੇਲ੍ਹ 'ਚੋਂ ਰਿਹਾਅ ਹੋ ਗਿਆ ਸੀ।

ਪੁਲਿਸ ਨੇ 11 ਦਸੰਬਰ 2015 ਨੂੰ ਇਸ ਕੇਸ ਵਿਚ ਚਲਾਨ ਪੇਸ਼ ਕੀਤਾ ਸੀ। ਅਦਾਲਤ 'ਚ ਕੇਸ ਦੌਰਾਨ ਤਫਤੀਸ਼ੀ ਅਫਸਰ ਇਕਬਾਲ ਹੁਸੈਨ, ਮਲੂਕਾ ਦੇ ਪੀਏ ਕੁਲਦੀਪ ਚੰਦ, ਮਲੂਕਾ ਦੇ ਗੰਨਮੈਨ ਹਰਭਗਵਾਨ ਸਿੰਘ ਅਤੇ ਮਲੂਕਾ ਦੇ ਰਿਸ਼ਤੇਦਾਰ ਸੁਖਵਿੰਦਰ ਸਿੰਘ ਬੀ.ਡੀ.ਪੀ.ਓ. ਨੇ ਬਿਆਨ ਦਰਜ ਕਰਾਏ ਸਨ।

ਐਫ.ਆਈ.ਆਰ. 'ਚ ਇਹੋ ਆਖਿਆ ਗਿਆ ਸੀ ਕਿ ਜਰਨੈਲ ਸਿੰਘ ਨੇ ਹਮਲੇ ਦੀ ਕੋਸ਼ਿਸ਼ ਕੀਤੀ ਅਤੇ ਜਦੋਂ ਉਸ ਨੂੰ ਰੋਕਣਾ ਚਾਹਿਆ ਤਾਂ ਉਸ ਨੇ ਧੱਕਾ-ਮੁੱਕੀ ਕੀਤੀ ਅਤੇ ਸਰਕਾਰੀ ਡਿਊਟੀ ਵਿਚ ਵਿਘਨ ਪਾਇਆ। ਐਡਵੋਕੇਟ ਵਿਮਲ ਕੁਮਾਰ ਗਰਗ ਨੇ ਕਿਹਾ ਕਿ ਅਦਾਲਤ ਨੇ ਬਹਿਸ ਵਗੈਰਾ ਮੁਕੰਮਲ ਹੋਣ ਮਗਰੋਂ ਉਨ੍ਹਾਂ ਦੀਆਂ ਦਲੀਲਾਂ ਨਾਲ ਸਹਿਮਤ ਹੁੰਦੇ ਬਜ਼ੁਰਗ ਜਰਨੈਲ ਸਿੰਘ ਨੂੰ ਬਰੀ ਕਰ ਦਿੱਤਾ ਹੈ।

# ਹਜ਼ੂਰ ਸਾਹਿਬ ਪ੍ਰਬੰਧਕ ਕਮੇਟੀ 'ਚ ਮਹਾਰਾਸ਼ਟਰ ਸਰਕਾਰ ਦੇ ਦਖਲ ਦੀ ਨਿਖੇਧੀ

**ਫਤਹਿਗੜ੍ਹ ਸਾਹਿਬ:** ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਨੇ ਤਖਤ ਸ੍ਰੀ ਹਜ਼ੂਰ ਸਾਹਿਬ ਨਾਂਦੇੜ (ਮਹਾਰਾਸ਼ਟਰ) ਵਿਚ ਗੁਰਦੁਆਰਾ ਸਾਹਿਬ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਦੀ ਚੋਣ ਵਿਚ ਉਥੋਂ ਦੀ ਸਰਕਾਰ ਵੱਲੋਂ ਜਬਰੀ ਦਖਲ ਦੇਣ ਦੀ ਨਿਖੇਧੀ ਕੀਤੀ ਹੈ। ਪਾਰਟੀ ਦੇ ਮੁੱਖ ਤਰਜਮਾਨ, ਸਿਆਸੀ ਤੇ ਮੀਡੀਆ ਸਲਾਹਕਾਰ ਇਕਬਾਲ ਸਿੰਘ ਟਿਵਾਣਾ ਨੇ ਫੜਨਵੀਸ ਸਰਕਾਰ ਨੂੰ ਇਸ ਕਾਰਵਾਈ ਤੋਂ ਨਿਕਲਣ ਵਾਲੇ ਮਾਰੂ ਨਤੀਜਿਆਂ ਤੋਂ ਖਬਰਦਾਰ ਕੀਤਾ ਹੈ।

ਉਨ੍ਹਾਂ ਕਿਹਾ ਕਿ ਸਿੱਖ ਕੌਮ ਨੇ ਆਪਣੇ ਗੁਰੂਘਰਾਂ ਦੇ ਪ੍ਰਬੰਧ ਵਿਚ ਹੁਕਮਰਾਨਾਂ ਵੱਲੋਂ ਦਖਲ ਦੇਣ ਦੀਆਂ ਕਾਰਵਾਈਆਂ ਨੂੰ ਕਦੀ ਵੀ ਬਰਦਾਸ਼ਤ ਨਹੀਂ ਕੀਤਾ ਅਤੇ ਨਾ ਹੀ ਕਿਸੇ ਗੈਰ-ਸਿੱਖ ਤਾਕਤ ਵੱਲੋਂ ਗੁਰੂਘਰਾਂ ਵਿਚ ਜਬਰੀ ਹੋਣ ਵਾਲੇ ਪ੍ਰਬੰਧਾਂ ਨੂੰ ਪ੍ਰਵਾਨਗੀ ਦਿੱਤੀ ਹੈ। ਪਰ ਹੁਣ ਮਹਾਰਾਸ਼ਟਰ ਦੀ ਹਕੂਮਤ ਵੱਲੋਂ ਮੰਦਭਾਵਨਾ ਅਧੀਨ ਦਖਲ ਦੇਣ ਦੇ ਕੇ ਸ੍ਰੀ ਹਜ਼ੂਰ ਸਾਹਿਬ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਦੀ ਚੋਣ ਪਹਿਲਾਂ ਚੁਣੇ ਹੋਏ 19 ਮੈਂਬਰਾਂ ਵਿਚੋਂ ਨਾ ਕਰ ਕੇ ਜਬਰੀ ਥੋਪਣ ਦੇ ਅਮਲ ਹੋ ਰਹੇ ਹਨ, ਅਜਿਹੀ ਕਿਸੇ ਵੀ ਕਾਰਵਾਈ ਨੂੰ ਸਿੱਖ ਕੌਮ ਕਤਈ ਬਰਦਾਸ਼ਤ ਨਹੀਂ ਕਰੇਗੀ। ਉਨ੍ਹਾਂ ਸ੍ਰੀ ਫੜਨਵੀਸ ਨੂੰ ਸਿੱਖਾਂ ਦ ਮਾਮਲਿਆਂ ਅਜਿਹੀ ਦਖਲਅੰਦਾਜ਼ੀ ਨਾ ਕਰਨ ਲਈ ਅਪੀਲ ਕੀਤੀ ਹੈ।

# ਨਿਊਜ਼ੀਲੈਂਡ ਏਅਰ ਫੋਰਸ ਦੀ ਪਹਿਲੀ ਸਿੱਖ ਮਹਿਲਾ ਅਫਸਰ ਬਣੀ ਰਵਿੰਦਰ ਕੌਰ

**ਹੁਸ਼ਿਆਰਪੁਰ:** ਜ਼ਿਲ੍ਹੇ ਦੇ ਪਿੰਡ ਰਾਮ ਨਗਰ ਢੇਹਾ ਦੀ 22 ਸਾਲਾ ਮੁਟਿਆਰ ਨੇ ਵੱਡਾ ਨਾਮਣਾ ਖੱਟਿਆ ਹੈ। ਰਵਿੰਦਰ ਕੌਰ ਪਹਿਰਗੁਰਾ ਨਿਊਜ਼ੀਲੈਂਡ ਏਅਰ ਫੋਰਸ ਵਿਚ ਅਫਸਰ ਲੱਗਣ ਵਾਲੀ ਪਹਿਲੀ ਸਿੱਖ ਮਹਿਲਾ ਬਣ ਗਈ ਹੈ। ਰਵਿੰਦਰਜੀਤ ਕੌਰ ਦੇ ਜੱਦੀ ਘਰ ਵਿਚ ਇਸ ਸਮੇਂ ਖੁਸ਼ੀ ਦਾ ਮਾਹੌਲ ਹੈ। ਉਸ ਦੀ ਦਾਦੀ ਨਿਰਮਲ ਕੌਰ ਤੇ ਹੋਰਨਾਂ ਰਿਸ਼ਤੇਦਾਰਾਂ ਨੇ ਦੱਸਿਆ ਕਿ ਰਵਿੰਦਰ ਦੇ ਪਿਤਾ ਗੁਰਪਾਲ ਸਿੰਘ ਤੇ ਮਾਤਾ ਮਨਵੀਰ ਕੌਰ ਦਾ ਵਿਆਹ 1987 ਵਿਚ ਹੋਇਆ ਸੀ। ਵਿਆਹ ਉਪਰੰਤ ਉਹ ਨਿਊਜ਼ੀਲੈਂਡ ਚਲੇ ਗਏ ਸਨ ਤੇ ਉਥੇ ਆਪਣੀ ਟ੍ਰਾਂਸਪੋਰਟ ਖੜ੍ਹੀ ਕਰ ਦਿੱਤੀ।

ਉਨ੍ਹਾਂ ਦੱਸਿਆ ਕਿ ਰਵਿੰਦਰ ਦਾ ਜਨਮ ਨਿਊਜ਼ੀਲੈਂਡ ਹੀ ਹੋਇਆ ਪਰ ਗੁਰਪਾਲ ਹੁਰੀਂ ਅਕਸਰ ਪੰਜਾਬ ਆਉਂਦੇ ਰਹਿੰਦੇ। ਉਨ੍ਹਾਂ ਦੀ ਮਿਹਨਤੀ ਧੀ ਨੇ ਪਿਛਲੇ ਸਾਲ ਹੀ ਆਪਣੀ ਗ੍ਰੈਜੂਏਸ਼ਨ ਪੂਰੀ ਕੀਤੀ ਤੇ ਇਸੇ ਦੌਰਾਨ ਉਥੋਂ ਦੀ ਹਵਾਈ ਫੌਜ ਵਿਚ ਭਰਤੀ ਹੋਣ ਲਈ ਸਿਖਲਾਈ ਲੈਣੀ ਸ਼ੁਰੂ ਕਰ ਦਿੱਤੀ। ਦਸੰਬਰ ਵਿਚ ਪੜ੍ਹਾਈ ਪੂਰੀ ਹੋਣ ਉਪਰੰਤ ਪੰਜਾਬੀ ਮੂਲ ਦੀ ਮੁਟਿਆਰ ਨਿਊਜ਼ੀਲੈਂਡ ਦੀ ਪਹਿਲੀ ਸਿੱਖ ਮਹਿਲਾ ਏਅਰ



ਅਫਸਰ ਬਣ ਗਈ ਹੈ। ਪਿੰਡ ਦੀ ਕੁੜੀ ਦੇ ਇਸ ਵੱਡੇ ਮੁਕਾਮ 'ਤੇ ਪਹੁੰਚਣ ਉਤੇ ਮਿਠਾਈਆਂ ਵੰਡ ਕੇ ਖੁਸ਼ੀਆਂ ਮਨਾਈਆਂ ਜਾ ਰਹੀਆਂ ਹਨ।

# ਭਾਰਤੀ ਹਵਾਈ ਸੈਨਾ ਦਾ ਜਹਾਜ਼ ਹਾਦਸਾਗ੍ਰਸਤ

**ਗੋਰਖਪੁਰ (ਯੂਪੀ):** ਭਾਰਤੀ ਹਵਾਈ ਫੌਜ ਦਾ ਜੈਗੁਆਰ ਜਹਾਜ਼ ਇਥੇ ਉਤਰ ਪ੍ਰਦੇਸ਼ ਦੇ ਕੁਸ਼ੀਨਗਰ ਜ਼ਿਲ੍ਹੇ ਵਿਚ ਹਾਦਸਾਗ੍ਰਸਤ ਹੋ ਗਿਆ। ਉਂਜ ਜਹਾਜ਼ ਦਾ ਪਾਈਲਟ ਪਹਿਲਾਂ ਹੀ ਸੁਰੱਖਿਅਤ ਬਾਹਰ ਨਿਕਲ ਆਇਆ। ਭਾਰਤੀ ਹਵਾਈ ਫੌਜ ਦੇ ਸੂਤਰਾਂ ਮੁਤਾਬਕ ਸਦਰਮੁਕਾਮ ਨੇ ਹਾਦਸੇ ਦੀ ਜਾਂਚ ਲਈ ਕੋਰਟ ਆਫ ਇਨਕੁਆਇਰੀ ਦੇ ਹੁਕਮ ਦਿੱਤੇ ਹਨ।

ਜਾਣਕਾਰੀ ਅਨੁਸਾਰ ਫੌਜੀ ਜਹਾਜ਼ ਨੇ ਨਿਯਮਤ ਮਿਸ਼ਨ ਤਹਿਤ ਗੋਰਖਪੁਰ ਏਅਰ ਫੋਰਸ ਸਟੇਸ਼ਨ ਤੋਂ ਉਡਾਣ ਭਰੀ ਸੀ। ਜਹਾਜ਼ ਨੇ ਜਿਉਂ ਹੀ ਉਡਾਣ ਭਰੀ ਤਾਂ ਪਾਈਲਟ ਨੂੰ ਜਹਾਜ਼ ਵਿਚ ਕੁਝ ਖਰਾਬੀ ਦਾ ਅਹਿਸਾਸ ਹੋਇਆ। ਪਾਈਲਟ ਨੇ ਫੌਰੀ ਜਹਾਜ਼ ਨੂੰ ਸੁਰੱਖਿਅਤ ਥਾਂ ਵਲ ਮੋੜ ਦਿੱਤਾ ਤੇ ਹਾਦਸਾ ਹੋਣ ਤੋਂ ਪਹਿਲਾਂ ਹੀ ਉਸ ਵਿਚੋਂ ਸੁਰੱਖਿਅਤ ਨਿਕਲ ਗਿਆ।

# ਲਾਲੂ, ਰਾਬੜੀ ਤੇ ਤੇਜਸਵੀ ਨੂੰ ਜ਼ਮਾਨਤ

**ਨਵੀਂ ਦਿੱਲੀ:** ਦਿੱਲੀ ਦੀ ਅਦਾਲਤ ਨੇ ਰਾਸ਼ਟਰੀ ਜਨਤਾ ਦਲ ਦੇ ਆਗੂ ਲਾਲੂ ਪ੍ਰਸਾਦ, ਉਨ੍ਹਾਂ ਦੀ ਪਤਨੀ ਰਾਬੜੀ ਦੇਵੀ ਤੇ ਪੁੱਤਰ ਤੇਜਸਵੀ ਯਾਦਵ ਨੂੰ ਆਈ.ਆਰ.ਸੀ.ਟੀ.ਸੀ. ਘੁਟਾਲੇ ਨਾਲ ਸਬੰਧਤ ਕਾਲੇ ਧਨ ਨੂੰ ਸਫੇਦ ਕਰਨ ਦੇ ਮਾਮਲੇ ਵਿਚ ਜ਼ਮਾਨਤ ਦੇ ਦਿੱਤੀ ਹੈ। ਵਿਸ਼ੇਸ਼ ਜੱਜ ਅਰੁਣ ਭਾਰਦਵਾਜ ਨੇ ਮੁਲਜ਼ਮਾਂ ਨੂੰ ਜ਼ਮਾਨਤ ਇਕ ਲੱਖ ਰੁਪਏ ਦੇ ਨਿੱਜੀ ਮੁਚੱਲਕੇ ਤੇ ਇੰਨੀ ਹੀ ਰਾਸ਼ੀ ਦੀ ਜ਼ਾਮਨੀ 'ਤੇ ਦਿੱਤੀ ਹੈ।

# ਬਲਬੀਰ ਸਿੰਘ ਡੁਮੇਲੀ ਰਚਿਤ 'ਮੈਂ ਮਿੱਟੀ ਦਾ ਰੂਪ' ਪੁਖਤਾ ਦੋਹਿਆਂ ਦਾ ਸਰੂਪ

## 3 ਫਰਵਰੀ ਨੂੰ ਰਿਲੀਜ਼ ਸਮਾਰੋਹ 'ਤੇ ਵਿਸ਼ੇਸ਼

ਦੋਹਰਾ ਭਾਰਤੀ ਮਾਨਸਿਕਤਾ ਵਿਚ ਖੁਸ਼ਬੂ ਵਾਂਗ ਰਚਿਆ ਹੋਇਆ ਕਾਵਿ-ਰੂਪ ਹੈ। ਗਾਥਾ, ਪ੍ਰਾਕ੍ਰਿਤ ਅਤੇ ਅਪਭ੍ਰੰਸ਼ ਵਿਚ ਇਸ ਨੂੰ 'ਦੂਹਾ' ਕਿਹਾ ਜਾਂਦਾ ਹੈ। ਦੋਹਰਾ 'ਦੂਹਾ' ਦਾ ਤਤਭਵ ਰੂਪ ਹੈ। ਗੁਜਰਾਤੀ ਭਾਸ਼ਾ ਵਿਚ ਵੀ ਇਹ 'ਦੋਹਿਰਾ' ਕਰਕੇ ਪ੍ਰਚਲਿਤ ਹੈ। ਆਮ ਤੌਰ 'ਤੇ ਇਸ ਨੂੰ 'ਦੋਹਾ' ਵੀ ਕਹਿ ਦਿੱਤਾ ਜਾਂਦਾ ਹੈ। 'ਦੋਹਰਾ' ਦੀ ਲੋਕਪ੍ਰਿਅਤਾ ਇਥੋਂ ਵੀ ਦੇਖੀ ਜਾ ਸਕਦੀ ਹੈ ਕਿ ਕਾਲੀ ਦਾਸ ਨੇ 'ਵਿਕ੍ਰਮੋਰਵਸ਼ੀ' ਵਿਚ ਇਸ ਦੀ ਵਰਤੋਂ ਸਦੀਆਂ ਪਹਿਲਾਂ ਕੀਤੀ ਸੀ। ਪੰਜਾਬੀ ਦੇ ਪਹਿਲੇ ਪ੍ਰਮਾਣਿਕ ਕਵੀ ਬਾਬਾ ਫਰੀਦ ਨੇ ਬਾਰਵੀਂ ਸਦੀ ਵਿਚ ਪੰਜਾਬੀ ਕਵਿਤਾ ਦਾ ਮੁੱਢ



**ਸੁਰਿੰਦਰ ਸੋਹਲ**

ਦੋਹਿਆਂ ਨਾਲ ਹੀ ਬੰਨਿਆ ਸੀ; ਭਾਵੇਂ ਇਹ ਪੰਜਾਬੀ ਵਿਚ 'ਸਲੋਕ' ਦੇ ਨਾਂ ਨਾਲ ਪ੍ਰਚਲਿਤ ਹਨ। ਇਥੇ ਇਕ ਗੱਲ ਸਪੱਸ਼ਟ ਕਰ ਦੇਣੀ ਬਣਦੀ ਹੈ ਕਿ ਸਲੋਕ ਦੀ ਰਚਨਾ ਵਾਸਤੇ ਪਿੰਗਲ ਵਿਚ ਭਾਂਤ-ਭਾਂਤ ਦੇ ਤੋਲ ਮੌਜੂਦ ਹਨ। ਦੂਜੇ ਸ਼ਬਦਾਂ 'ਚ ਕਹਿਣਾ ਹੋਵੇ ਤਾਂ ਹਰ ਸਲੋਕ 'ਦੋਹਾ' ਨਹੀਂ ਹੋ ਸਕਦਾ ਪਰ ਹਰ ਦੋਹਾ ਸਲੋਕ ਜ਼ਰੂਰ ਹੁੰਦਾ ਹੈ।

ਆਧੁਨਿਕ ਯੁਗ ਵਿਚ 'ਦੋਹਾ' ਬਲਬੀਰ ਸਿੰਘ ਡੁਮੇਲੀ ਵਲੋਂ ਰਚੀ ਕਿਤਾਬ 'ਮੈਂ ਮਿੱਟੀ ਦਾ ਰੂਪ' ਦੇ ਰੂਪ 'ਚ ਫਿਰ ਆਪਣੀ ਦਿਲਕਸ਼ ਝਲਕ ਤੇ ਸੁਨਹਿਰੀ ਇਤਿਹਾਸ ਲੈ ਕੇ ਆਪਣੀ ਹੋਂਦ ਜਤਾ ਰਿਹਾ ਹੈ।

ਵਰਣਾਂ ਅਤੇ ਮਾਤਰਾ ਦੀ ਗਿਣਤੀ ਬੇਹੱਦ ਖੁਸ਼ਕ ਕਾਰਜ ਹੈ, ਪਰ ਕਵੀ ਇਨ੍ਹਾਂ ਗਿਣਤੀਆਂ-ਮਿਣਤੀਆਂ ਵਿਚੋਂ ਵੀ ਸੁਹਜ ਦੀ ਸਤਰੰਗੀ ਪੈਦਾ ਕਰ ਦਿੰਦੇ ਹਨ। ਦੋਹਰੇ ਦੀ ਸੰਚਰਨਾ ਵਿਚ ਅਜਿਹੀ ਕਲਾਤਮਕਤਾ ਨਿਹਿਤ ਹੈ ਕਿ ਜੇ ਇਸ ਦੇ ਪਿਛਲੇ ਅੱਧ ਨੂੰ ਚੁੱਕ ਕੇ ਅੱਗੇ ਲੈ ਆਂਦਾ ਜਾਵੇ ਤਾਂ ਇਹ ਸੋਰਠਾ ਛੰਦ ਬਣ ਜਾਂਦਾ ਹੈ। ਦੋਹਰੇ ਤੇ ਸੋਰਠੇ ਦੀ ਬਣਤਰ ਤੇ ਬੁਣਤਰ ਨੂੰ ਯਾਦ ਰੱਖਣ ਲਈ ਪਿੰਗਲ ਦੇ ਰਚਨਹਾਰਿਆਂ ਨੇ ਦਿਲਚਸਪ ਦੋਹਰਾ ਰਚਿਆ ਹੋਇਆ ਹੈ,

ਦੋਹਰਾ ਪੁੱਠਾ ਜੇ ਪੜ੍ਹੇਂ, ਬਣੇ ਸੋਰਠਾ ਆਪ।
ਪਿੰਗਲ ਰਿਸ਼ੀ ਨੇ ਕਹਿ ਗਏ,
ਪਿੰਗਲ ਦੇ ਜੋ ਬਾਪ।

ਇਸ ਦੋਹਰੇ ਨੂੰ ਜੇ ਪੁੱਠਾ ਪੜ੍ਹਿਆ ਜਾਵੇ ਤਾਂ ਇਹ ਸੋਰਠਾ ਬਣ ਜਾਂਦਾ ਹੈ,

ਬਣੇ ਸੋਰਠਾ ਆਪ, ਦੋਹਰਾ ਪੁੱਠਾ ਜੇ ਪੜ੍ਹੇਂ।
ਪਿੰਗਲ ਦੇ ਜੋ ਬਾਪ,
ਪਿੰਗਲ ਰਿਸ਼ੀ ਨੇ ਕਹਿ ਗਏ।

ਰਤਾ ਕੁ ਹੋਰ ਵਿਸਤਾਰ ਦੇਣਾ ਹੋਵੇ ਤਾਂ 24 ਮਾਤਰਾ ਦੇ ਇਸ ਛੰਦ ਵਿਚ ਪਹਿਲੇ ਅੱਧ ਵਿਚ 13 ਮਾਤਰਾ ਅਤੇ ਮਗਰਲੇ ਅੱਧ ਵਿਚ 11 ਮਾਤਰਾ ਆਉਣ ਤਾਂ ਇਹ ਦੋਹਰਾ ਹੈ। ਪਹਿਲੇ ਅੱਧ ਵਿਚ 11 ਮਾਤਰਾ ਅਤੇ ਮਗਰਲੇ ਅੱਧ ਵਿਚ 13 ਮਾਤਰਾ ਆਉਣ ਤਾਂ ਇਹ ਸੋਰਠਾ ਬਣ ਜਾਂਦਾ ਹੈ। ਦੋਹਰੇ ਦੇ ਅੰਤ 'ਚ ਤੁਕਾਂਤ ਆਉਂਦਾ ਹੈ, ਸੋਰਠੇ ਦੇ ਵਿਚਕਾਰ।

ਇਹ ਛੰਦ ਅਰੂਜ਼ ਮੁਤਾਬਕ 'ਫੇਲੁਨ ਫੇਲੁਨ ਫਾਇਲੁਨ, ਫੇਲੁਨ ਫੇਲੁਨ ਫੇਲ ਜਾਂ ਫੇ' (SS SS SIS SS SS SI ਜਾਂ S) ਦੇ ਬਰਾਬਰ ਹੈ।

ਦੋ ਸਤਰਾਂ ਦਾ ਇਹ ਕਾਵਿ-ਰੂਪ ਜਿਥੇ ਬਣਤਰ ਵਿਚ ਬੇਹੱਦ ਸੰਖੇਪ ਅਤੇ ਸੁਤੰਤਰ ਹੁੰਦਾ ਹੈ, ਉਥੇ ਇਸ ਵਿਚਲੇ ਵਿਸ਼ੇ ਦਾ ਵਿਸਤਾਰ ਦੇਖਣਯੋਗ, ਮਾਣਨਯੋਗ ਅਤੇ ਸਮਝਣਯੋਗ ਹੁੰਦਾ ਹੈ। ਦੋਹਰਾ ਪ੍ਰਿਜ਼ਮ ਵਰਗਾ ਹੈ, ਜਦੋਂ ਖਿਆਲ ਦੀ ਕਿਰਨ ਇਸ ਵਿਚ ਦੀ ਗੁਜ਼ਰਦੀ ਹੈ ਤਾਂ ਚੇਤਨਾ ਵਿਚ ਚਾਨਣ ਦੇ ਫੁੱਲ ਖਿੜਾਉਂਦੀ ਜਾਂਦੀ ਹੈ। ਅਧਿਆਤਮਵਾਦ ਦੋਹਰੇ ਦਾ ਪ੍ਰਮੁੱਖ ਰੰਗ ਹੈ, ਪਰ ਇਸ ਕਾਵਿ-ਰੂਪ ਵਿਚ ਅਜਿਹੀ ਮਿਕਨਾਤੀਸੀ ਖਿੱਚ ਹੈ ਕਿ ਇਹ ਜੀਵਨ ਦੇ ਬਾਕੀ ਰੰਗਾਂ ਨੂੰ ਵੀ ਆਪਣੇ ਵੱਲ ਨਾ ਸਿਰਫ ਖਿੱਚਦਾ ਹੀ ਹੈ ਸਗੋਂ ਆਪਣੇ ਵਜੂਦ ਵਿਚ ਸਮੋ ਕੇ ਗਹਿਰ-ਗੰਭੀਰ ਅਰਥ ਵੀ ਪ੍ਰਦਾਨ ਕਰ ਦਿੰਦਾ ਹੈ।

ਬਲਬੀਰ ਸਿੰਘ ਡੁਮੇਲੀ ਪਿੰਗਲ ਤੇ ਅਰੂਜ਼ ਦਾ ਪਾਬੰਦ ਸ਼ਾਇਰ ਹੈ। ਇਸ ਦਾ ਪ੍ਰਮਾਣ ਉਸ ਦੀ ਪਹਿਲਾਂ ਪ੍ਰਕਾਸ਼ਿਤ ਹੋ ਚੁਕਾ ਗਜ਼ਲ ਸੰਗ੍ਰਿਹ 'ਬਰਫ ਦੇ ਘਰ' ਹੈ, ਜਿਸ ਵਿਚ ਉਸ ਦੀਆਂ ਉਚ-ਪਾਏ ਦੀਆਂ ਗਜ਼ਲਾਂ ਸ਼ੁਮਾਰ ਹਨ।

ਜਿਵੇਂ ਉਸ ਨੇ ਗਜ਼ਲ ਦੇ ਖੇਤਰ ਵਿਚ ਸਾਬਿਤ ਕਦਮੀਂ ਹਾਜ਼ਰੀ ਭਰੀ ਸੀ, ਇਵੇਂ ਹੀ 'ਮੈਂ ਮਿੱਟੀ ਦਾ ਰੂਪ' ਕਿਤਾਬ ਰਾਹੀਂ ਦੋਹਿਆਂ ਦੇ ਸੰਸਾਰ 'ਚ ਬੜੀ ਪਰਪੱਕਤਾ ਨਾਲ ਪੈਰ ਟਿਕਾਇਆ ਹੈ। ਦੋਹਿਆਂ ਦੇ ਰੂਪਕ ਪੱਖ ਬਾਰੇ ਪੁਖਤਗੀ ਹਾਸਿਲ ਕਰਨ ਮਗਰੋਂ ਉਹ ਰੂਪਕ ਪੱਖ ਦਾ ਗੁਲਾਮ ਹੋ ਕੇ ਐਵੇਂ ਹੀ ਕਾਫੀਏ ਜੋੜਨ ਤੱਕ ਸੀਮਤ ਨਹੀਂ ਰਿਹਾ। ਰੂਪਕ ਪੱਖ ਨੂੰ ਉਸ ਨੇ ਮਹਿਜ ਸਾਧਨ ਵਜੋਂ ਹੀ ਵਰਤਿਆ ਹੈ, ਅਸਲ ਕਮਾਲ ਤਾਂ ਉਸ ਨੇ ਵਿਸ਼ਾ-ਪੱਖ 'ਚ ਕਰ ਦਿਖਾਇਆ ਹੈ। ਜੀਵਨ, ਕੁਦਰਤ, ਰੱਬ, ਦਿੱਖ-ਅਣਦਿੱਖ ਤਾਕਤਾਂ ਰਾਹੀਂ ਬਣਾਈ ਜਾ ਰਹੀ ਜੀਵਨ-ਜਾਚ ਨੂੰ ਦੋਹਿਆਂ 'ਚ ਪੇਸ਼ ਕਰਨ ਵੇਲੇ ਉਸ ਦੀ ਪ੍ਰਤਿਭਾ ਆਪਣੇ ਪੂਰੇ ਜਲੌਅ 'ਚ ਹੁੰਦੀ ਹੈ,

ਤੜਫਣ ਬੁੱਲੇ ਪੌਣ ਦੇ, ਆ ਕੇ ਬਿਰਖਾਂ ਪਾਸ।
ਸਾਗਰ ਕੰਢੇ ਫੈਲਦੀ ਜਾਂਦੀ ਸਖਤ ਪਿਆਸ। (ਪੰਨਾ 90)


---

ਬੁੱਤ ਤਰਾਸ਼ਣ ਬਹਿ ਗਿਆ,
ਲੈ ਸੋਚਾਂ ਦੇ ਸੰਦ।
ਪੈਰੀਂ ਰੁਲਦੇ ਸੰਗ ਨੂੰ ਕੀਤਾ ਕਿਵੇਂ ਬੁਲੰਦ। (ਪੰਨਾ 38)

ਪ੍ਰਤੀਕ, ਚਿੰਨ੍ਹ, ਇਸ਼ਾਰੇ ਕਵੀ ਨੇ ਬੜੀ ਪ੍ਰਬੀਨਤਾ ਨਾਲ ਦੋਹਿਆਂ 'ਚ ਇਸਤੇਮਾਲ ਕੀਤੇ ਹਨ। ਉਹ ਖਿਲਾਰੇ 'ਚ ਨਹੀਂ ਪੈਂਦਾ। ਸਿਰਫ ਇਕ ਇਸ਼ਾਰੇ ਨਾਲ ਹੀ ਪਾਠਕ ਦੀ ਸੋਚ ਨੂੰ ਇਤਿਹਾਸ ਦੀਆਂ ਗਲੀਆਂ 'ਚ ਘੁੰਮਾ ਲਿਆਉਂਦਾ ਹੈ ਤੇ



ਬਲਬੀਰ ਸਿੰਘ ਡੁਮੇਲੀ




ਵਰਤਮਾਨ ਸਥਿਤੀ ਦਾ ਵਰਣਨ ਵੀ ਕਰ ਜਾਂਦਾ ਹੈ। ਮਿਸਾਲ ਵਜੋਂ ਪੂਰੀ ਸਾਖੀ ਸੁਣਾਉਣ ਦੀ ਥਾਂ 'ਕੌੜੇ ਰੀਠਿਆਂ 'ਚ ਮਿਠਾਸ' ਭਰਨ ਵੱਲ ਇਸ਼ਾਰਾ ਕਾਫੀ ਹੈ। ਵਿਡੰਬਨਾ ਇਹ ਹੈ ਕਿ ਇਨ੍ਹਾਂ 'ਮਿੱਠੇ ਰੀਠਿਆਂ' ਦੀ ਰਮਜ਼ ਅੱਜ ਦਾ ਬੰਦਾ ਸਮਝ ਹੀ ਨਹੀਂ ਰਿਹਾ,

ਤੇਰੇ ਮਿੱਠੜੇ ਬੋਲ ਸੁਣ,
ਰੀਠੀਂ ਭਰੀ ਮਿਠਾਸ।
ਜ਼ਹਿਰੀਂ ਭਰਿਆ ਆਦਮੀ,
ਬੈਠਾ ਰੀਠੇ ਪਾਸ। (ਪੰਨਾ 39)

'ਵਹਿੰਗੀ' ਦੀ ਵਰਤੋਂ ਨਾਲ ਕਵੀ ਅਤੀਤ ਤੇ ਵਰਤਮਾਨ ਨੂੰ ਇਉਂ ਇਕ-ਮਿਕ ਕਰ ਦਿੰਦਾ ਹੈ, ਜਿਵੇਂ ਇਹ ਸਮੇਂ ਦੀ ਕੋਈ ਨਵੀਂ 'ਡਾਇਮੈਨਸ਼ਨ' ਹੋਵੇ। ਮਾਨਵੀਕਰਣ ਦੀ ਜੁਗਤ ਰਾਹੀਂ ਕਵੀ ਮੌਜੂਦਾ ਸਥਿਤੀ ਦਾ ਵਰਣਨ ਕਰਦਾ ਦਰਦ ਦੀ ਇੰਤਹਾ ਪੇਸ਼ ਕਰ ਦਿੰਦਾ ਹੈ। ਕਵੀ ਦੀ ਸੂਖਮ ਸੋਚ ਦਾ ਕਮਾਲ ਹੈ ਕਿ ਜਦੋਂ ਸਾਡੇ ਕੋਲ ਆਪਣੇ ਪਿਆਰਿਆਂ ਦੀਆਂ ਆਹਾਂ ਸੁਣਨ ਦੀ ਵੀ ਵਿਹਲ ਨਹੀਂ, ਕਵੀ ਸਨੇਹ ਦੀ ਉਸ ਵਹਿੰਗੀ ਦਾ ਵਿਰਲਾਪ ਵੀ ਸੁਣ ਰਿਹਾ ਹੈ, ਜੋ ਨਵੇਂ ਯੁਗ 'ਚ ਬਦਲੀਆਂ ਕਦਰਾਂ-ਕੀਮਤਾਂ ਦੇ ਭਾਰ ਹੇਠ ਟੁੱਟ ਰਹੀ ਹੈ,

ਨਸ਼ੇ 'ਚ ਡੁੱਬੇ ਪੁੱਤ ਨੂੰ
ਚੁੱਕ ਕੇ ਤੁਰਿਆ ਬਾਪ।
ਏਥੇ ਸੁਣਦਾ ਕੌਣ ਹੈ,
ਵਹਿੰਗੀ ਦੇ ਵਿਰਲਾਪ। (ਪੰਨਾ 86)

ਆਪਣੇ-ਆਪ ਤੋਂ ਟੁੱਟੇ ਮਨੁੱਖ ਨੂੰ ਕਵੀ ਪੋਲਾ ਜਿਹਾ ਆਖਦਾ ਹੈ,

ਜੰਗਲ-ਬੇਲੇ ਘੁੰਮ ਲਏ,
ਘੁੰਮ ਲਿਆ ਸੰਸਾਰ।
ਘੁੰਮ ਕੇ ਪਰ ਨਾ ਦੇਖਿਆ,
ਮੈਂ ਆਪਾ ਇਕ ਵਾਰ। (ਪੰਨਾ 90)

ਦੋਹਾ ਬੀਜ ਵਰਗਾ ਹੁੰਦਾ ਹੈ। ਦੋਫਾੜ ਹੁੰਦੇ ਬੀਜ ਵਾਂਗ ਹੁੰਦੇ ਨੇ ਉਸ ਦੇ ਦੋ ਮਿਸਰੇ, ਜਿਸ 'ਚੋਂ ਖਿਆਲ ਦਾ ਰੰਗ-ਬਰੰਗਾ ਪੌਦਾ ਫੁੱਟਦਾ ਹੈ ਤੇ ਡੂੰਘੀਆਂ ਰਮਜ਼ਾਂ ਦੇ ਭਰਪੂਰ ਫੁੱਲ ਖਿੜਦੇ ਜਾਂਦੇ

**ਪੁਸਤਕ ਪੜਚੋਲ**

ਨੇ। ਇਨ੍ਹਾਂ ਦੀ ਮਹਿਕ ਅਰਥਾਂ, ਭਾਵ-ਅਰਥਾਂ ਅਤੇ ਪਰਮ-ਅਰਥਾਂ ਵਾਂਗ ਸਮੇਂ ਦੇ ਆਰ-ਪਾਰ ਫੈਲਦੀ ਜਾਂਦੀ ਹੈ। ਦੋਹਾ ਲਿਖਣ ਵਾਸਤੇ ਕਵੀ ਅੰਦਰ ਵੀ ਰਮਜ਼ਾਂ-ਰਹੱਸਾਂ ਨੂੰ ਖੋਲ੍ਹਣ ਦੀ ਸਮਰੱਥਾ ਚਾਹੀਦੀ ਹੈ। ਸਿਰਫ ਦੋ ਮਿਸਰਿਆਂ 'ਚ ਜੀਵਨ-ਅਨੁਭਵ ਦੀ ਨਦੀ ਨੂੰ ਬੰਨੀ ਰੱਖਣ ਲਈ ਕਵੀ ਕੋਲ ਦੋਹੇ ਦੇ ਕਾਵਿ-ਸ਼ਾਸਤਰ, ਭਾਸ਼ਾ, ਕਾਵਿ ਦੇ ਗੁਣਾਂ-ਔਗੁਣਾਂ ਬਾਰੇ ਗਹਿਰ-ਗੰਭੀਰ ਸੂਝ ਹੋਣੀ ਲਾਜ਼ਮੀ ਹੈ।

ਬਲਬੀਰ ਸਿੰਘ ਡੁਮੇਲੀ ਨੇ ਲੰਮੀ ਕਾਵਿ-ਸਾਧਨਾ ਪਿਛੋਂ ਉਕਤ ਗੁਣ ਆਪਣੀ ਰੂਹ 'ਚ ਸਮੋਏ ਹਨ। ਉਸ ਨੇ ਨਿਰੀਆਂ ਪੰਜਾਬੀ ਕਾਵਿ-ਪੁਸਤਕਾਂ ਦਾ ਅਧਿਐਨ ਹੀ ਨਹੀਂ ਕੀਤਾ, ਸੰਸਾਰ ਦਾ ਕਲਾਸਿਕ ਸਾਹਿਤ ਨਿੱਠ ਕੇ ਪੜ੍ਹਿਆ ਹੈ। ਉਸ ਨੇ ਗਜ਼ਲ ਵੀ ਲਿਖੀ ਹੈ, ਪਰ ਦੋਹਾ-ਕਾਵਿ ਨਾਲ ਉਸ ਨੂੰ ਇਸ਼ਕ ਹੈ। ਉਹ ਵੱਧ ਪੜ੍ਹਨ ਵਾਲਾ ਤੇ ਘੱਟ ਲਿਖਣ ਵਾਲਾ ਕਵੀ ਹੈ। ਇਹੀ ਕਾਰਨ ਹੈ ਕਿ ਉਸ ਦੇ ਦੋਹਿਆਂ 'ਚੋਂ ਮੌਲਿਕਤਾ ਦੀ ਧੁੱਪ ਚੜ੍ਹਦੀ ਦਿਖਾਈ ਦਿੰਦੀ ਹੈ।

### ਕੁਝ ਦੋਹੇ

ਬੀਅ ਮਿੱਟੀ ਵਿਚ ਸੌਂ ਗਿਆ ਲੈ ਕੇ ਬੁੱਧ ਵਿਵੇਕ
ਫੁੱਲ ਬਣ ਕੇ ਫਿਰ ਮੌਲਿਆ ਲੈ ਕੇ ਰੰਗ ਅਨੇਕ।

ਮਿੱਟੀ ਮਿੱਟੀ ਆਖ ਨਾ, ਮਿੱਟੀ ਨਈਂ ਬੇਜਾਨ
ਮਿੱਟੀ 'ਚੋਂ ਹੀ ਉਪਜਦੇ ਰੁੱਖ, ਪੰਛੀ, ਇਨਸਾਨ।

ਆਪਣੇ ਮਨ ਦੀ ਕੋਠੜੀ ਅੰਦਰ ਝਾਤੀ ਮਾਰ
ਚਾਨਣ ਦਾ ਦਰਿਆ ਤਾਂ ਵਹਿੰਦਾ ਮਾਰੋ-ਮਾਰ।

ਇਸ ਨੂੰ ਮੱਧਮ ਨਾ ਕਰੀਂ ਅੰਦਰ ਬਲਦੀ ਲਾਟ
ਇਸ ਕਰਕੇ ਹੀ ਦਿਸ ਰਿਹਾ ਕਣ-ਕਣ ਵਿਚ ਵਿਰਾਟ।

ਪੰਛੀ ਰੁੱਖ 'ਤੇ ਬੈਠ ਕੇ ਕਰਦੇ ਸੀ ਗੱਲਬਾਤ
ਬੰਦੇ ਜ਼ਹਿਰਾਂ ਘੋਲਦੇ ਪੌਣਾਂ ਵਿਚ ਦਿਨ ਰਾਤ।

ਤੇਰੇ ਰੰਗ ਜਹਾਨ 'ਤੇ ਤੱਕੇ ਬੜੇ ਕਮਾਲ
ਕੁੱਤੇ ਖਾਂਦੇ ਬੋਟੀਆਂ ਮਿੱਟੀ ਖਾਂਦੇ ਬਾਲ।

ਰੁੱਖ ਦਸਤੇ ਵੱਲ ਤੱਕ ਕੇ ਮਨ ਵਿਚ ਕਰੇ ਮਲਾਲ
ਵਾਰ ਮੇਰੇ 'ਤੇ ਕਰ ਰਿਹਾ ਰਲ ਕੇ ਲੋਹੇ ਨਾਲ।

ਵੰਡਾਂ ਵੰਡਣ ਵਾਲਿਆ ਕਰਦੈਂ ਕਾਣੀ ਵੰਡ
ਇਕ ਦੀ ਝੋਲੀ ਲੂਣ ਹੈ, ਇਕ ਦੀ ਝੋਲੀ ਖੰਡ।

# ਖਾਲਸਾ ਕਾਲਜ ਮਾਹਿਲਪੁਰ ਵਲੋਂ ਕੌਮਾਂਤਰੀ ਪੰਜਾਬੀ ਕਾਨਫਰੰਸ

## ਨਿੱਕ ਸੁੱਕ



**ਗੁਲਜ਼ਾਰ ਸਿੰਘ ਸੰਧੂ**
Sandhugulzar@yahoo.com

ਫਰਵਰੀ ਮਹੀਨੇ 8 ਅਤੇ 9 ਤਰੀਕ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ, ਮਾਹਿਲਪੁਰ ਵਲੋਂ ਦੋ ਰੋਜ਼ਾ ਅੰਤਰਰਾਸ਼ਟਰੀ ਪੰਜਾਬੀ ਕਾਨਫਰੰਸ ਕਰਵਾਈ ਜਾ ਰਹੀ ਹੈ। ਇਸ ਕਾਲਜ ਦੀ ਸਥਾਪਨਾ ਪ੍ਰਿੰਸੀਪਲ ਹਰਭਜਨ ਸਿੰਘ ਨੇ ਕੀਤੀ ਸੀ। ਉਨ੍ਹਾਂ ਨੂੰ ਖੇਡਾਂ ਦਾ ਏਨਾ ਸ਼ੌਕ ਸੀ ਕਿ ਇਸ ਕਾਲਜ ਦੇ ਪੜ੍ਹੇ ਫੁਟਬਾਲ ਦੇ ਖਿਡਾਰੀ ਅਰਜੁਨਾ ਐਵਾਰਡ ਨਾਲ ਵੀ ਸਨਮਾਨੇ ਗਏ। ਮੈਂ ਇਸ ਕਾਲਜ ਦਾ ਗਰੈਜੂਏਟ ਹਾਂ। ਮੇਰੇ ਸਮਕਾਲੀ ਵਿਦਿਆਰਥੀਆਂ ਵਿਚੋਂ ਯਸ਼ਦੀਪ ਸਿੰਘ ਬੈਂਸ ਸਿਨਸਿਨੈਟੀ ਯੂਨੀਵਰਸਟੀ, ਓਹਾਇਓ (ਅਮਰੀਕਾ) ਵਿਚ ਅੰਗਰੇਜ਼ੀ ਦੇ ਪ੍ਰੋਫੈਸਰ ਦੀ ਪਦਵੀ ਤੱਕ ਪਹੁੰਚਿਆ ਤੇ ਸ਼ੇਕਸਪੀਅਰ ਦੀ ਰਚਨਾਕਾਰੀ ਬਾਰੇ ਖੋਜ ਸਦਕਾ ਆਪਣੇ ਸਮਕਾਲੀਆਂ ਵਿਚ ਦੁਨੀਆਂ ਦਾ ਉਤਮ ਵਿਦਵਾਨ ਮੰਨਿਆ ਜਾਂਦਾ ਹੈ। ਉਹ ਸੁਰਜੀਤ ਹਾਂਸ ਕੋਲੋਂ ਪੜ੍ਹਿਆ ਸੀ, ਜਿਸ ਨੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਾਸਤੇ ਸਮੁੱਚੀ ਸ਼ੇਕਸਪੀਅਰ ਰਚਨਾਵਲੀ ਦਾ ਅਨੁਵਾਦ ਕਰਕੇ ਨਾਮਣਾ ਖੱਟਿਆ ਹੈ। ਮੇਰਾ ਹਮਜਮਾਤੀ ਹੰਸ ਰਾਜ ਹੰਸ ਉਰਫ ਸਵੈਨ ਹਰਿਆਣਾ ਦੇ ਡੀ. ਜੀ. ਪੀ. ਦੀ ਪਦਵੀ ਤੱਕ ਪਹੁੰਚਿਆ। ਕਾਲਜ ਦੀਆਂ ਅਜਿਹੀਆਂ ਪ੍ਰਾਪਤੀਆਂ ਸਦਕਾ ਮੈਂ ਆਪਣੇ ਆਪ ਨੂੰ ਮਾਹਿਲਪੁਰ ਯੂਨੀਵਰਸਿਟੀ ਦਾ ਵਿਦਿਆਰਥੀ ਕਹਿੰਦਾ ਤੇ ਮੰਨਦਾ ਆਇਆ ਹਾਂ।

ਇਸ ਪੱਧਰ ਦੇ ਕਾਲਜ ਵਲੋਂ ਵੱਡੀ ਕਾਨਫਰੰਸ ਦਾ ਪ੍ਰਬੰਧ ਕਰਨਾ ਸ਼ਲਾਘਾਯੋਗ ਹੈ। ਇਸ ਵੱਡੇ ਕਾਰਜ ਦੀ ਸੰਭਾਵਨਾ ਸਿੱਖ ਐਜੂਕੇਸ਼ਨਲ ਕਾਨਫਰੰਸ ਮਾਹਿਲਪੁਰ ਦੀ ਵਾਗਡੋਰ ਸ. ਸੁਰਿੰਦਰ ਸਿੰਘ ਭੁੱਲੇਵਾਲ ਰਾਠਾਂ ਦੇ ਹੱਥ ਆਉਣ ਨਾਲ ਹੋਈ ਹੈ। ਕਾਨਫਰੰਸ ਦੌਰਾਨ ਚਾਰ ਅਕਾਦਮਿਕ ਸੈਸ਼ਨ ਵਿਉਂਤੇ ਗਏ ਹਨ, ਜੋ (1) ਪੰਜਾਬੀ ਕਵਿਤਾ: ਮੂਲ ਸਰੋਕਾਰ (2) ਪੰਜਾਬੀ ਨਾਟਕ: ਸਮਕਾਲੀ ਰੁਝਾਨ (3) ਪੰਜਾਬੀ ਗਲਪ: ਮੂਲ ਰੁਝਾਨ ਤੇ (4) ਲੋਕਧਾਰਾ ਚਿੰਤਨ: ਰੂਪ ਤੇ ਰੁਝਾਨ ਨੂੰ ਪ੍ਰਣਾਏ ਜਾਣੇ ਹਨ। ਵੱਡੀ ਗੱਲ ਇਹ ਕਿ ਇਸ ਕਾਨਫਰੰਸ ਨੂੰ ਹੁਸ਼ਿਆਰਪੁਰ ਜ਼ਿਲੇ ਦੇ ਜੰਮਪਲ ਮਹਿੰਦਰ ਸਿੰਘ ਰੰਧਾਵਾ ਦੀ ਸਥਾਪਤ ਕੀਤੀ ਪੰਜਾਬ ਕਲਾ ਪ੍ਰੀਸ਼ਦ, ਚੰਡੀਗੜ੍ਹ ਦਾ ਸਹਿਯੋਗ ਪ੍ਰਾਪਤ ਹੈ, ਜਿਸ ਦੀ ਵਾਗਡੋਰ ਪੰਜਾਬੀ ਦੇ ਉਘੇ ਕਵੀ ਸੁਰਜੀਤ ਪਾਤਰ (ਪਦਮਸ਼੍ਰੀ) ਦੇ ਹੱਥ ਹੈ।

ਕਾਨਫਰੰਸ ਦਾ ਉਦਘਾਟਨ ਉਚੇਰੀ ਸਿਖਿਆ ਮੰਤਰੀ ਮੁਹਤਰਮਾ ਰਜ਼ੀਆ ਸੁਲਤਾਨਾ ਕਰਨਗੇ ਅਤੇ ਮੁਖ ਮਹਿਮਾਨ ਉਘੇ ਵਿਦਿਆ ਸ਼ਾਸਤਰੀ ਤੇ ਕੇਂਦਰੀ ਯੂਨੀਵਰਸਿਟੀ ਬਠਿੰਡਾ ਦੇ ਚਾਂਸਲਰ ਡਾ. ਐਸ. ਐਸ. ਜੌਹਲ ਹੋਣਗੇ। ਵਿਦਾਇਗੀ ਸਮਾਰੋਹ ਦੇ ਮੁੱਖ ਮਹਿਮਾਨ ਅਨੰਦਪੁਰ ਸਾਹਿਬ ਤੋਂ ਸੰਸਦ ਮੈਂਬਰ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ ਹੋਣਗੇ।

ਹਿੱਸਾ ਲੈਣ ਵਾਲੇ ਰਚਨਾਕਾਰਾਂ ਵਿਚ ਬਲਦੇਵ ਸਿੰਘ ਸੜਕਨਾਮਾ, ਸੁਖਵਿੰਦਰ ਅੰਮ੍ਰਿਤ, ਗੁਰਭਜਨ ਗਿੱਲ, ਬਲਵਿੰਦਰ ਗਰੇਵਾਲ, ਆਤਮਜੀਤ, ਸਵਰਾਜਬੀਰ, ਸਾਹਿਬ ਸਿੰਘ, ਲਖਵਿੰਦਰ ਜੌਹਲ, ਅਮਰੀਕ ਗਿੱਲ ਤੇ ਮਨਜੀਤ ਇੰਦਰਾ ਸ਼ਾਮਲ ਹਨ ਅਤੇ ਪੱਤਰਕਾਰਾਂ ਵਿਚੋਂ ਸਤਨਾਮ ਸਿੰਘ ਮਾਣਕ ਤੇ ਜਤਿੰਦਰ ਪੰਨੂੰ। ਇਥੇ ਹੀ ਬੱਸ ਨਹੀਂ, ਜਾਪਾਨ ਵਾਸੀ ਪਰਮਿੰਦਰ ਸੋਢੀ ਅਤੇ ਕੈਨੇਡਾ ਵਾਸੀ ਬਰਜ ਢਾਹਾਂ, ਸਾਧੂ ਸਿੰਘ ਤੇ ਸੁੱਖੀ ਬਾਠ ਵੀ ਦਰਸ਼ਨ ਦੇਣਗੇ। ਸ਼ਿਰਕਤ ਕਰਨ ਵਾਲਿਆਂ ਵਿਚ ਹੋਰ ਵੀ ਅਨੇਕਾਂ ਨਾਂ ਹਨ, ਜਿਵੇਂ ਜੋਗਿੰਦਰ ਕੈਰੋਂ, ਸੁਖਦੇਵ ਸ਼ਰਮਾ, ਗੁਰਭੇਜ ਗੋਰਾਇਆ, ਕਿਰਪਾਲ ਕਜ਼ਾਕ, ਸੁਖਦੇਵ ਮਾਦਪੁਰੀ, ਧਨਵੰਤ ਕੌਰ, ਰਜਨੀਸ਼ ਬਹਾਦਰ ਸਿੰਘ, ਸੁਰਜੀਤ ਤੇ ਕੁਲਦੀਪ ਧੀਰ। ਇਹ ਪ੍ਰੋਗਰਾਮ ਕਾਲਜ ਦੇ ਇਨਡੋਰ ਸਟੇਡੀਅਮ ਵਿਚ ਹੋਣਗੇ।

ਕਾਲਜ ਦੇ ਵਿਦਿਆਰਥੀਆਂ ਦਾ ਮੁਤਵਾਜ਼ੀ ਪ੍ਰੋਗਰਾਮ ਦੋਵੇਂ ਦਿਨ ਗਦਰੀ ਬਾਬਾ ਹਰਜਾਪ ਸਿੰਘ ਹਾਲ ਵਿਚ ਚੱਲੇਗਾ।

ਇਸ ਮੌਕੇ ਇਲਾਕੇ ਦੀਆਂ ਉਨ੍ਹਾਂ ਹਸਤੀਆਂ ਦਾ ਸਨਮਾਨ ਕੀਤਾ ਜਾਵੇਗਾ, ਜਿਨ੍ਹਾਂ ਨੇ ਵੱਡੀਆਂ ਮੱਲਾਂ ਮਾਰੀਆਂ ਹਨ। ਸੱਚ ਜਾਣੋ, ਇਹ ਕਾਨਫਰੰਸ ਮੇਰੇ ਵਲੋਂ ਮੰਨੀ ਜਾਂਦੀ ਯੂਨੀਵਰਸਿਟੀ ਨੂੰ ਅਮਲੀ ਰੂਪ ਦਿੱਤੇ ਜਾਣ ਦੀ ਸੰਭਾਵਨਾ ਰਖਦੀ ਹੈ। ਖਾਸ ਕਰਕੇ ਇਸ ਲਈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਨਾਂ ਉਤੇ ਸਥਾਪਤ ਹੋਈ ਇਸ ਉਚ ਪੱਧਰੀ ਸੰਸਥਾ ਦਾ ਇੱਕ ਦਿਨ ਵਿਸ਼ਵ ਵਿਦਿਆਲਿਆ ਵਜੋਂ ਹੋਂਦ ਵਿਚ ਆਉਣਾ ਨਿਸ਼ਚਿਤ ਹੈ।

**ਰੇਲਵੇ ਸਟੇਸ਼ਨਾਂ 'ਤੇ ਲਾਲੂ ਯਾਦਵ ਦੇ ਕਸੋਰੇ:** ਮੀਡੀਆ ਅਨੁਸਾਰ ਹੁਣ ਰੇਲਵੇ ਸਟੇਸ਼ਨ ਦੀਆਂ ਕੰਟੀਨਾਂ ਵਿਚ ਪਲਾਸਟਿਕ ਮਿਰਚ ਪਿਆਲਿਆਂ ਦੀ ਥਾਂ ਮਿੱਟੀ ਦੇ ਕਸੋਰੇ ਤੇ ਪਲੇਟਾਂ ਵਰਤੇ ਜਾਣਗੇ। ਰੇਲ ਮੰਤਰੀ ਪਿਊਸ਼ ਗੋਇਲ ਨੇ ਅਰੰਭਕ ਤੌਰ 'ਤੇ ਰਾਏ ਬਰੇਲੀ ਤੇ ਵਾਰਾਨਸੀ ਦੇ ਸਟੇਸ਼ਨ ਮਾਸਟਰਾਂ ਨੂੰ ਹਦਾਇਤ ਕਰ ਦਿੱਤੀ ਹੈ ਕਿ ਇਸ ਉਤੇ ਛੇਤੀ ਅਮਲ ਕੀਤਾ ਜਾਵੇ। ਚੇਤੇ ਰਹੇ, ਕੋਈ ਪੰਦਰਾਂ ਸਾਲ ਪਹਿਲਾਂ ਲਾਲੂ ਪ੍ਰਸ਼ਾਦ ਯਾਦਵ ਨੇ ਰੇਲ ਮੰਤਰੀ ਹੁੰਦਿਆਂ ਮਿੱਟੀ ਦੇ ਕਸੋਰੇ ਚਾਲੂ ਕਰਵਾਏ ਸਨ, ਜਿਨ੍ਹਾਂ ਨੂੰ ਛੇਤੀ ਹੀ ਭੁਲਾ ਦਿੱਤਾ ਗਿਆ। ਇਨ੍ਹਾਂ ਦੀ ਵਰਤੋਂ ਸਸਤੀ ਹੋਣ ਦੇ ਨਾਲ-ਨਾਲ ਕਸੋਰੇ ਬਣਾਉਣ ਵਾਲਿਆਂ ਨੂੰ ਵਧੀਆ ਆਹਰੇ ਵੀ ਲਾਵੇਗੀ। ਇਹ ਵੀ ਕਿ ਇਨ੍ਹਾਂ ਦੀ ਆਮਦ ਪਲਾਸਟਿਕ ਵਲੋਂ ਪਾਏ ਜਾ ਰਹੇ ਕੂੜੇ-ਕਬਾੜੇ ਨੂੰ ਠੱਲ੍ਹ ਪਾਵੇਗੀ। ਲਾਲੂ ਪ੍ਰਸ਼ਾਦ ਯਾਦਵ ਦੀ ਸੋਚ ਦਾ ਨਵਾਂ ਆਦਰ ਜੇਲ੍ਹ ਵਿਚ ਸਜ਼ਾ ਭੁਗਤ ਰਹੇ ਲਾਲੂ ਨੂੰ ਵੀ ਚੰਗਾ ਲਗੇਗਾ। ਆਮੀਨ!

**ਅੰਤਿਕਾ: ਸੁਨੀਤਾ ਮਹਿਮੀ**

ਕਦੇ ਤਾਂ ਸ਼ਾਦਮਾਨੀ ਹੈ,
ਕਦੇ ਦੁਖ ਦਰਦ ਰੰਜ ਓ ਗਮ,
ਕਿਸੇ ਬੰਦੇ ਨੂੰ ਇਹ ਜੀਵਨ
ਕਦੇ ਇਕਸਾਰ ਨਾ ਮਿਲਿਆ।

# ਤਬਲੇ ਦੀ ਤਾਲ

## ਪੰਜਾਬੀਆਂ ਨੇ ਕਿੰਜ ਮਾਰੀਆਂ ਮੱਲਾਂ

ਪ੍ਰੋ. ਅਜੀਤ ਸਿੰਘ ਪੇਂਟਲ

ਧਰੁਪਦ ਗਾਇਨ ਦੀ ਖੋਜ ਸਭ ਤੋਂ ਪਹਿਲਾਂ 15ਵੀਂ ਸਦੀ ਵਿਚ ਗਵਾਲੀਅਰ ਦੇ ਰਾਜਾ ਮਾਨ ਸਿੰਘ ਤੋਮਰ ਨੇ ਕੀਤੀ ਸੀ। ਇਹ ਗਾਇਕੀ ਦੀ ਸਭ ਤੋਂ ਪੁਰਾਣੀ ਸ਼ੈਲੀ ਸੀ ਜਿਸ ਨੂੰ ਧਰੁਪਦ ਵੀ ਕਿਹਾ ਜਾਂਦਾ ਹੈ। ਧਰੁਪਦ ਗਾਇਕੀ ਦੇ ਪ੍ਰਚਾਰ ਵਿਚ ਪੰਜਾਬ ਨੇ ਵੱਡੀ ਭੂਮਿਕਾ ਨਿਭਾਈ ਹੈ। ਸਵਾਮੀ ਹਰੀਦਾਸ ਜੋ ਧਰੁਪਦ ਗਾਇਕੀ ਦੇ ਸੰਤ ਸੰਗੀਤਕਾਰ ਸਨ, ਉਹ ਵੀ ਪੰਜਾਬ ਦੇ ਸਨ। ਉਨ੍ਹਾਂ ਦੇ ਪਿਤਾ 'ਅਸ਼ੁਧੀਰ' ਸਰਸਵਤ ਬ੍ਰਾਹਮਣ ਸਨ ਅਤੇ ਸਰਸਵਤ ਬ੍ਰਾਹਮਣਾਂ ਨੂੰ ਬੁਨਿਆਦੀ ਤੌਰ 'ਤੇ ਹੀ ਪੰਜਾਬ ਦਾ ਮੰਨਿਆ ਜਾਂਦਾ ਹੈ। ਕੁਝ ਹੋਰਾਂ ਦਾ ਕਹਿਣਾ ਹੈ ਕਿ ਸਵਾਮੀ ਹਰੀਦਾਸ ਦੇ ਪੁਰਖੇ ਮੁਲਤਾਨ (ਪੰਜਾਬ) ਦੇ ਨੇੜੇ ਪਿੰਡ ਦੇ ਨਿਵਾਸੀ ਸਨ। ਪ੍ਰਸਿਧ ਵਿਦਵਾਨ ਦਲੀਪ ਚੰਦਰ ਦੇਵੀ ਅਨੁਸਾਰ ਸਵਾਮੀ ਹਰੀਦਾਸ ਦਾ ਜਨਮ ਪੰਜਾਬ ਦੇ ਪਿੰਡ 'ਹਰਿਆਣਾ' ਵਿਖੇ ਹੋਇਆ।

ਸਵਾਮੀ ਹਰੀਦਾਸ ਮੁਗਲ ਸਮਰਾਟ ਅਕਬਰ ਦੇ ਸਮਕਾਲੀ ਸਨ। ਉਨ੍ਹਾਂ ਸੰਗੀਤ ਦੀ ਸਿੱਖਿਆ ਪ੍ਰਸਿਧ ਬੈਜੂ, ਤਾਨਸੇਨ, ਗੋਪਾਲ ਲਾਲ, ਮਦਨ ਰਾਜ, ਦੀਵਾਕਰ ਪੰਡਤ, ਸੋਮਨਾਥ ਪੰਡਤ ਆਦਿ ਨੂੰ ਦਿੱਤੀ। ਸਵਾਮੀ ਜੀ ਕੋਲੋਂ ਸੰਗੀਤ ਦੀ ਸਿੱਖਿਆ-ਦੀਖਿਆ ਲੈ ਕੇ ਇਨ੍ਹਾਂ ਦੇ ਸ਼ਾਗਿਰਦ ਅਲੱਗ-ਅਲੱਗ ਥਾਵਾਂ 'ਤੇ ਜਾ ਵਸੇ ਤੇ ਧਰੁਪਦ, ਧਮਾਰ, ਤਿਰਵਟ, ਤਰਾਨਾ ਤੇ ਰਾਗਮਾਲਾ ਆਦਿ 'ਚ ਰਚਨਾਵਾਂ ਰਚ ਕੇ ਦੇਸ਼ ਦੇ ਭਿੰਨ-ਭਿੰਨ ਖੇਤਰਾਂ 'ਚ ਜਾ ਕੇ ਇਨ੍ਹਾਂ ਦਾ ਪ੍ਰਚਾਰ ਕੀਤਾ।

ਸਵਾਮੀ ਹਰੀਦਾਸ ਦੇ ਦੋ ਸ਼ਾਗਿਰਦ ਦੀਵਾਕਰ ਪੰਡਤ (ਸੂਰਜ ਖਾਂ) ਅਤੇ ਸੁਧਾਕਰ ਪੰਡਤ (ਚਾਂਦ ਖਾਂ) ਪੰਜਾਬ ਵਿਚ ਜਾ ਕੇ ਵਸ ਗਏ ਅਤੇ ਧਰੁਪਦ ਦੇ ਚਾਰ ਘਰਾਣਿਆਂ ਤਲਵੰਡੀ, ਸ਼ਾਮ ਚੌਰਾਸੀ, ਕਪੂਰਥਲਾ ਅਤੇ ਹਰਿਆਣਾ ਦੀ ਸਥਾਪਨਾ ਕੀਤੀ। ਧਰੁਪਦੀਆਂ ਦਾ ਸਭ ਤੋਂ ਪੁਰਾਣਾ ਘਰਾਣਾ ਤਲਵੰਡੀ ਘਰਾਣਾ ਹੈ ਜੋ ਅਕਬਰ ਦੇ ਰਾਜ ਵਿਚ ਹੋਂਦ ਵਿਚ ਆਇਆ। ਕੁਝ ਪ੍ਰਸਿਧ ਰਬਾਬੀ ਅਤੇ ਰਾਗੀ ਜੋ ਕਿ ਸ਼ਬਦ ਕੀਰਤਨ ਗਾਇਕੀ ਲਈ ਮਸ਼ਹੂਰ ਸਨ ਜਿਵੇਂ ਭਾਈ ਚਾਂਦ, ਗੁਰਮੁਖ ਸਿੰਘ, ਭਾਈ ਉਤਮ ਸਿੰਘ, ਭਾਈ ਲਾਲ ਸਿੰਘ, ਭਾਈ ਸੁੰਦਰ ਸਿੰਘ ਆਦਿ ਜੋ ਧਰੁਪਦ ਸ਼ੈਲੀ ਵਿਚ ਕੀਰਤਨ ਕਰਦੇ ਸਨ, ਇਹ ਸਭ ਤਲਵੰਡੀ ਘਰਾਣੇ ਨਾਲ ਸਬੰਧਤ ਸਨ।

ਗੁਰੂ ਨਾਨਕ ਦੇਵ ਦੇ ਸਮੇਂ ਤੋਂ ਕੀਰਤਨ ਸ਼ਾਸਤਰੀ ਰਾਗਾਂ 'ਚ ਹੁੰਦਾ ਸੀ ਤੇ ਸਿੱਖ ਗੁਰੂਆਂ ਦੇ ਸ਼ਬਦ ਧਰੁਪਦ ਸ਼ੈਲੀ ਵਿਚ ਗਾਏ ਜਾਂਦੇ ਸਨ। ਇਸ ਲਈ ਕਿਹਾ ਜਾਂਦਾ ਹੈ ਕਿ ਗੁਰਬਾਣੀ ਨੇ ਪੰਜਾਬ ਵਿਚ ਧਰੁਪਦ ਸ਼ੈਲੀ ਦੇ ਪ੍ਰਚਾਰ ਵਿਚ ਨਿਵੇਕਲਾ ਰੋਲ ਅਦਾ ਕੀਤਾ ਹੈ। ਧਰੁਪਦ ਅੰਗ 'ਚ ਗਾਈ ਜਾਣ ਵਾਲੀ ਗੁਰਬਾਣੀ ਸ਼ਬਦ ਕੀਰਤਨ ਨੂੰ 'ਟਕਸਾਲੀ' ਜਾਂ 'ਸ਼ਬਦ ਗੀਤ' ਕਿਹਾ ਜਾਂਦਾ ਹੈ। ਟਕਸਾਲੀ ਯਾਨਿ ਪ੍ਰਮਾਣਿਕ। ਇਹ ਸ਼ਬਦ ਰੀਤਾਂ ਅੱਜ ਵੀ ਸਾਨੂੰ ਆਪਣੇ ਬਜ਼ੁਰਗ ਰਾਗੀਆਂ ਤੋਂ ਸੁਣਨ ਨੂੰ ਮਿਲਦੀਆਂ ਹਨ ਜੋ ਉਨ੍ਹਾਂ ਨੇ ਆਪਣੇ ਵਡੇਰਿਆਂ ਤੋਂ ਵਿਰਾਸਤ 'ਚ ਸਿੱਖੀਆਂ ਹਨ। ਤਲਵੰਡੀ ਘਰਾਣੇ ਦੇ ਕੁਝ ਹੋਰ ਗਾਇਕ ਛੱਜੂ ਖਾਂ, ਮੌਲਾ ਬਖਸ਼, ਮੌਲਾ ਦਾਦ, ਬੱਘਰ ਖਾਂ, ਮੁਬਾਰਕ ਅਲੀ ਖਾਂ, ਭੀਕੇ ਖਾਂ, ਮਹਾਸ਼ਯ ਰੰਗਾ ਸਿੰਘ ਆਰਯਾ, ਪੰਡਤ ਵੈਸ਼ਨਵ ਦਾਸ ਆਦਿ ਸਨ।

ਪੰਜਾਬ ਦਾ ਸ਼ਾਮ ਚੌਰਾਸੀ ਘਰਾਣਾ ਵੀ ਧਰੁਪਦ ਗਾਇਕੀ ਲਈ ਪ੍ਰਸਿਧ ਹੈ। ਇਸ ਘਰਾਣੇ ਦੇ ਕੁਝ ਸੰਗੀਤਕਾਰਾਂ ਨੇ ਪ੍ਰਸਿਧ ਸੰਗੀਤਕਾਰ ਬੈਜੂ ਬਾਵਰਾ ਤੋਂ ਵੀ ਸਿਖਲਾਈ ਲਈ। ਕਪੂਰਥਲਾ ਘਰਾਣਾ ਵੀ ਧਰੁਪਦ ਗਾਇਕੀ ਲਈ ਪ੍ਰਸਿੱਧ ਹੈ। ਇਸ ਘਰਾਣੇ ਦਾ ਪਹਿਲਾ ਸੰਗੀਤਕਾਰ ਸਾਈਂ ਇਲਿਆਸ ਮੰਨਿਆ ਜਾਂਦਾ ਹੈ ਜਿਸ ਨੇ ਆਪਣੀ ਤਾਲੀਮ ਤਲਵੰਡੀ ਘਰਾਣੇ ਦੇ ਇਕ ਉਸਤਾਦ ਪਾਸੋਂ ਲਈ ਸੀ। ਪੰਡਤ ਅਮੀਰ ਚੰਦ ਸਲਤਾਨਪੁਰੀਏ ਅਤੇ ਪੰਡਤ ਨੱਥੂ ਰਾਮ ਸਾਈਂ ਇਲਿਆਸ ਦੇ ਮਨਪਸੰਦ ਸ਼ਾਗਿਰਦ ਸਨ। ਪੰਡਤ ਅੰਮੀ ਚੰਦ ਸੁਲਤਾਨਪੁਰੀਏ ਅਤੇ ਪੰਡਤ ਨੱਥੂ ਰਾਮ ਸਾਈਂ ਇਲਿਆਸ ਦੇ ਖ਼ਾਸ ਸ਼ਾਗਿਰਦ ਸਨ। ਭਾਈ ਬੂਬਾ ਸਿੰਘ (ਮਹਿਬੂਬ ਅਲੀ) ਕਪੂਰਥਲਾ ਨਿਵਾਸੀ ਮੀਰ ਰਹਿਮਤ ਅਲੀ ਦਾ ਸ਼ਾਗਿਰਦ ਸੀ ਜੋ ਬਹੁਤ ਸਾਰੇ ਧਰੁਪਦ ਅਤੇ ਸਾਦਰਾ ਦੀਆਂ ਬੰਦਿਸ਼ਾਂ ਜਾਣਦਾ ਸੀ। ਮੀਰ ਰਹਿਮਤ ਅਲੀ ਕਪੂਰਥਲਾ ਦੇ ਮਹਾਰਾਜਾ ਨਿਹਾਲ ਸਿੰਘ ਦੇ ਪੁੱਤਰ ਕੰਵਰ ਬਿਕਰਮ ਸਿੰਘ ਦੇ ਦਰਬਾਰੀ ਸੰਗੀਤਕਾਰ ਸਨ ਜੋ ਸਾਜ਼ 'ਸੁਰ ਬਹਾਰ' ਵਜਾਉਣ 'ਚ ਬੜੇ ਨਿਪੁੰਨ ਸਨ। ਇਹ ਮੀਆਂ ਤਾਨਸੇਨ ਅਤੇ ਸ਼ਾਹ ਸਦਾ ਰੰਗ ਦੇ ਵੰਸ਼ਜ਼ ਸਨ (ਸ਼ਾਹ ਸਦਾ ਰੰਗ ਜਿਨ੍ਹਾਂ ਨੇ ਸ਼ਾਸਤਰੀ ਸੰਗੀਤ ਵਿਚ ਖ਼ਯਾਲ ਸ਼ੈਲੀ ਨੂੰ ਜਨਮ ਦਿੱਤਾ) ਭਗਵਾਨ ਦਾਸ ਸੈਣੀ ਅਤੇ ਮਹੰਤ ਗੱਜਾ ਸਿੰਘ ਵੀ ਕਪੂਰਥਲੇ ਦੇ ਮਸ਼ਹੂਰ ਸੰਗੀਤਕਾਰ ਸਨ।

ਜ਼ਿਲ੍ਹਾ ਹੁਸ਼ਿਆਰਪੁਰ ਦਾ 'ਹਰਿਆਣਾ ਘਰਾਣਾ' ਵੀ ਧਰੁਪਦ ਗਾਇਕੀ ਲਈ ਪ੍ਰਸਿਧ ਹੈ ਜਿਸ ਵਿਚ ਛੱਜੂ ਰਾਮ ਭਗਤ ਅਤੇ ਉਸ ਦੇ ਚੇਲੇ, ਗੁੱਜਰ ਰਾਮ ਵਾਸਦੇਵ 'ਰਾਗੀ' ਆਦਿ ਸਨ। ਹਰਿਆਣਾ ਦੇ ਘਰਾਣੇ ਦੇ ਕੁਝ ਹੋਰ ਗਾਇਕ ਮੁਹੰਮਦ ਹੁਸੈਨ, ਹਿਦਾਇਤ ਹੁਸੈਨ, ਖੁਦਾ ਬਖਸ਼ ਅਤੇ ਅਹਿਮਦ ਬਖਸ਼ ਸਨ।

ਇਕ ਗੱਲ ਬੜੀ ਹੈਰਤ ਦੀ ਹੈ ਕਿ ਖ਼ਯਾਲ, ਟੱਪਾ, ਠੁਮਰੀ ਅਤੇ ਸਾਦਰਾ ਜਿਵੇਂ ਸਾਨੂੰ ਪੰਜਾਬੀ ਵਿਚ ਪ੍ਰਾਪਤ ਹਨ, ਪਰ ਧਰੁਪਦ ਸਾਨੂੰ ਪੰਜਾਬੀ ਵਿਚ ਨਹੀਂ ਮਿਲਦਾ ਜਦਕਿ ਪੰਜਾਬ ਵਿਚ ਧਰੁਪਦ ਸ਼ੈਲੀ ਦੀ ਗਾਇਕੀ ਨੂੰ ਗਾਉਣ ਵਿਚ ਪੰਜਾਬੀਆਂ ਦਾ ਵਿਸ਼ੇਸ਼ ਯੋਗਦਾਨ ਰਿਹਾ ਹੈ। ਇਸ ਦੇ ਪ੍ਰਚਾਰ ਕਰਨ ਵਿਚ ਵੀ ਤੇ ਗਾਉਣ ਵਿਚ ਵੀ। ਇਸ ਦਾ ਮੁੱਖ ਕਾਰਨ ਇਹ ਹੋ ਸਕਦਾ ਹੈ ਕਿ ਭਾਵੇਂ ਹਰੀਦਾਸ ਸਵਾਮੀ ਪੰਜਾਬ ਦੇ ਜੰਮਪਲ ਸਨ, ਪਰ ਉਨ੍ਹਾਂ ਨੇ ਆਪਣਾ ਜ਼ਿਆਦਾ ਸਮਾਂ ਵ੍ਰਿੰਦਾਵਨ ਵਿਚ ਗੁਜ਼ਾਰਿਆ ਅਤੇ ਬ੍ਰਜ ਭਾਸ਼ਾ ਵਿਚ ਹੀ ਆਪਣੀਆਂ ਰਚਨਾਵਾਂ ਰਚੀਆਂ ਸਨ ਪਰ ਇਕ ਗੱਲ ਹੋਰ ਧਿਆਨ ਦੇਣ ਯੋਗ ਹੈ ਕਿ ਬ੍ਰਜ ਤੋਂ ਇਲਾਵਾ ਧਰੁਪਦ ਦੀ ਹੋਰ ਕਿਸੇ ਵੀ ਭਾਸ਼ਾ ਵਿਚ ਬੰਦਿਸ਼ ਨਹੀਂ ਹੋਈ।



ਇਸ ਸਮੇਂ ਤਕ ਪੁਰਾਣੀਆਂ ਸ਼ਾਸਤਰੀ ਬੰਦਿਸ਼ਾਂ ਜਿਵੇਂ ਕਿ ਧਰੁਪਦ, ਧਮਾਰ, ਸਾਦਰਾ ਆਦਿ ਪਖਾਵਜ ਦੇ ਨਾਲ ਹੀ ਗਾਈਆਂ ਜਾਂਦੀਆਂ ਸਨ। ਮੱਧਕਾਲ ਵਿਚ ਪਖਾਵਜ ਬਹੁਤ ਹੀ ਪ੍ਰਸਿਧ ਵਾਦਯ (ਸਾਜ਼) ਸੀ। ਰਬਾਬੀਏ ਅਤੇ ਸਿੰਘ ਰਾਗੀ ਸ਼ਬਦ ਬੰਦਿਸ਼, ਅਰਥਾਤ ਸ਼ਬਦ ਰੀਤ ਦੇ ਨਾਲ ਪਖਾਵਜ ਦਾ ਹੀ ਪ੍ਰਯੋਗ ਕਰਦੇ ਸਨ। ਸ਼ਬਦ ਰੀਤਾਂ ਧਰੁਪਦ, ਧਮਾਰ ਅਤੇ ਸਾਦਰਾ ਸ਼ੈਲੀਆਂ ਦੀ ਪਰੰਪਰਾ ਉਪਰ ਰਚੀਆਂ ਗਈਆਂ ਸਨ। ਇਸ ਲਈ ਤਦ ਗੁਰਬਾਣੀ ਕੀਰਤਨ ਵਿਚ ਪਖਾਵਜ ਦੇ ਸੰਗ ਇਸ ਦੀ ਗਾਇਕੀ ਵਿਚ ਹੋਰ ਵੀ ਨਿਖਾਰ ਤੇ ਇਲਾਹੀ ਸਰੂਰ ਭਰਦਾ ਸੀ। ਇਥੋਂ ਇਹ ਸਿੱਧ ਹੁੰਦਾ ਹੈ ਕਿ ਪੰਜਾਬ ਦੇ ਸੰਗੀਤ ਵਿਚ ਧਰੁਪਦ ਪਰੰਪਰਾ ਵਿਚ ਪਖਾਵਜ ਦਾ ਅਹਿਮ ਰੋਲ ਜਾਂ ਹਿੱਸਾ ਰਿਹਾ ਹੈ।

ਕੁਝ ਵਿਦਵਾਨਾਂ ਦਾ ਮੱਤ ਹੈ ਕਿ ਤਬਲੇ ਦੀ ਉਤਪਤੀ ਪਖਾਵਜ ਤੋਂ ਹੋਈ ਹੈ ਜਦਕਿ ਕੁਝ ਇਸ ਨੂੰ ਅਮੀਰ ਖੁਸਰੋ ਦੀ ਕਾਢ ਮੰਨਦੇ ਹਨ। ਕੁਝ ਵਿਦਵਾਨਾਂ ਦਾ ਕਹਿਣਾ ਹੈ ਕਿ ਢੋਲਕ ਨੂੰ ਦੋ ਹਿੱਸਿਆਂ ਵਿਚ ਕੱਟ ਕੇ ਤਬਲੇ ਦੀ ਕਾਢ ਕੱਢੀ ਗਈ। ਕੁਝ ਦਾ ਕਹਿਣਾ ਹੈ ਕਿ ਤਬਲੇ ਦੀ ਉਤਪਤੀ ਅਰਬੀ ਫ਼ਾਰਸੀ ਸ਼ਬਦ 'ਤਬਲ' ਤੋਂ ਹੋਈ ਹੈ। 'ਮਾਝ ਦੀ ਵਾਰ' ਗੁਰੂ ਨਾਨਕ ਦੇਵ ਵੱਲੋਂ ਰਚਿਤ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 142 ਵਿਚ ਮਹਲਾ ਪਹਿਲਾ ਵਿਚ 'ਤਬੀ' ਸ਼ਬਦ ਵੀ ਆਉਂਦਾ ਹੈ, ਕੁਝ ਇਸ ਸ਼ਬਦ ਤੋਂ ਵੀ ਤਬਲਾ ਦੇ ਅਰਥ ਕੱਢਦੇ ਹਨ, ਪਰ ਇੰਜ ਮਹਿਸੂਸ ਹੁੰਦਾ ਹੈ ਕਿ ਤਬਲੇ ਦੀ ਆਪਣੀ ਨਿੱਜੀ ਹੋਂਦ ਤੇ ਉਤਪਤੀ ਹੈ।

ਸੋਲ੍ਹਵੀਂ ਸਦੀ ਤੋਂ ਪਹਿਲਾਂ ਤਬਲਾ ਕੋਈ ਪ੍ਰਸਿਧ ਵਾਦਯ ਯੰਤਰ ਨਹੀਂ ਸੀ, ਕਿਉਂਕਿ ਇਸ ਨੂੰ ਤਦ ਧਰੁਪਦ-ਧਮਾਰ ਗਾਣ ਲਈ ਉਚਿਤ ਨਹੀਂ ਸਮਝਿਆ ਜਾਂਦਾ ਸੀ। ਬਾਅਦ ਵਿਚ ਜਦੋਂ ਖ਼ਯਾਲ, ਟੱਪਾ ਅਤੇ ਸ਼ਾਸਤਰੀ ਸੰਗੀਤ ਦੀਆਂ ਕਈ ਹੋਰ ਸ਼ੈਲੀਆਂ ਹੋਂਦ ਵਿਚ ਆਈਆਂ ਤਾਂ 16-17ਵੀਂ ਸਦੀ ਵਿਚ ਤਦ ਹੌਲੀ-ਹੌਲੀ ਤਬਲਾ ਇਨ੍ਹਾਂ ਸ਼ੈਲੀਆਂ ਦੇ ਮੇਚ ਆਉਣ ਲੱਗਾ।

ਤਬਲਾ ਵਾਦਨ ਦੇ ਵੀ ਕਈ ਘਰਾਣੇ ਹੋਂਦ ਵਿਚ ਆਏ ਜਿਵੇਂ ਕਿ ਦਿੱਲੀ ਘਰਾਣਾ, ਲਖਨਊ ਘਰਾਣਾ, ਅਜਰਾੜਾ ਘਰਾਣਾ, ਫਰੁਖਾਬਾਦ ਘਰਾਣਾ, ਬਨਾਰਸ ਘਰਾਣਾ, ਪੰਜਾਬ ਘਰਾਣਾ ਆਦਿ। ਇਨ੍ਹਾਂ ਸਾਰਿਆਂ ਨੂੰ 'ਪੰਜਾਬ ਬਾਜ' ਦੇ ਨਾਂ ਨਾਲ ਜਾਣਿਆ ਜਾਂਦਾ ਸੀ, ਪਰ 'ਪੰਜਾਬ ਘਰਾਣਾ' ਅਜਿਹਾ ਘਰਾਣਾ ਹੈ ਜਿਸ ਦੀ ਆਪਣੀ ਨਿੱਜੀ ਹੋਂਦ ਹੈ। ਉਸਤਾਦ ਫਕੀਰ ਬਖਸ਼ ਪੰਜਾਬ ਘਰਾਣੇ ਨਾਲ ਸਬੰਧਤ ਹੋਣ ਕਾਰਨ ਇਸ ਘਰਾਣੇ ਦੇ ਪ੍ਰਵਰਤਕਾਂ ਨੇ ਪਖਾਵਜ ਦੇ ਖੁੱਲ੍ਹੇ ਬੋਲਾਂ ਨੂੰ ਬੰਦ ਕਰਕੇ ਤਬਲੇ 'ਤੇ ਇਕ ਨਵੀਂ ਸ਼ੈਲੀ ਅਪਨਾਈ ਜਿਸ ਵਿਚ ਸਾਰੀਆਂ ਪਖਾਵਜ ਦੀਆਂ ਖੂਬੀਆਂ ਵੀ ਸਨ।

ਤਬਲਾ ਵਾਦਨ ਦੇ ਪੰਜਾਬ ਵਿਚ ਸਿਰਫ਼ ਤਿੰਨ ਘਰਾਣੇ ਹਨ। ਇਕ ਪੰਜਾਬ ਘਰਾਣਾ ਜਾਂ ਲਾਹੌਰ ਘਰਾਣਾ, ਦੂਜਾ ਕਸੂਰ ਘਰਾਣਾ ਅਤੇ ਤੀਜਾ ਅੰਮ੍ਰਿਤਸਰ ਘਰਾਣਾ ਜਾਂ ਨਾਈਆਂ ਦਾ ਘਰਾਣਾ। ਪੰਜਾਬ ਘਰਾਣੇ ਦਾ ਸੰਸਥਾਪਕ ਲਾਹੌਰ ਦਾ ਫਕੀਰ ਬਖਸ਼ ਸੀ ਜੋ ਜੰਮੂ ਕਸ਼ਮੀਰ ਦੇ ਮਹਾਰਾਜਾ ਪ੍ਰਤਾਪ ਸਿੰਘ ਦੇ ਦਰਬਾਰੀ ਸੰਗੀਤਕਾਰਾਂ ਲਾਹੌਰ ਦੇ ਪ੍ਰਸਿਧ ਤਬਲਾ ਵਾਦਕ ਹੁਸੈਨ ਬਖਸ਼ ਦਾ ਪੁੱਤਰ ਸੀ। ਹੁਸੈਨ ਬਖਸ਼ ਤੋਂ ਬਾਅਦ ਉਸ ਦਾ ਬੇਟਾ ਫਕੀਰ ਬਖਸ਼ ਤੇ ਪੋਤਾ ਕਾਦਿਰ ਬਖਸ਼ ਵੀ ਪੰਜਾਬ ਦੇ ਪ੍ਰਸਿਧ ਤਬਲਾ ਵਾਦਕ ਰਹੇ। ਜਿਵੇਂ ਪਹਿਲਾਂ ਵੀ ਦੱਸਿਆ ਜਾ ਚੁੱਕਾ ਹੈ ਕਿ ਪੰਜਾਬ ਸ਼ੈਲੀ ਵਿਚ ਤਬਲੇ ਦੇ ਸੰਸਥਾਪਕ ਫਕੀਰ ਬਖਸ਼ ਸਨ। ਬਾਅਦ ਵਿਚ ਇਹ ਸ਼ੈਲੀ 'ਪੰਜਾਬ ਬਾਜ' ਦੇ ਨਾਂ ਤੋਂ ਹਰਮਨਪਿਆਰੀ ਹੋਈ। ਉਸਤਾਦ ਫਕੀਰ ਬਖਸ਼ ਦੇ ਅਨੇਕਾਂ ਸ਼ਾਗਿਰਦਾਂ ਵਿਚੋਂ ਕਰਮ ਇਲਾਹੀ ਖਾਂ, ਬਾਬਾ ਮਲੰਗ, ਫੀਰੋਜ਼ ਖਾਂ (ਢਾਡੀ) ਆਦਿ ਸਨ। ਉਸ ਦੇ ਪੁੱਤਰ ਕਾਦਰ ਬਖਸ਼ ਦੇ ਵੀ ਅਨੇਕਾਂ ਸ਼ਾਗਿਰਦਾਂ ਵਿਚੋਂ ਪ੍ਰਸਿਧ ਤਬਲਾ ਵਾਦਕ ਜੋ ਬਣੇ ਉਹ ਹਨ, ਅੱਲਾ ਰੱਖਾ ਖਾਂ, ਭਾਈ ਨਸੀਰਾ, ਭਾਈ ਰੱਖਾ ਅਤੇ ਜ਼ਾਕਿਰ ਹੁਸੈਨ ਖਾਂ ਆਦਿ।

ਨਾਈਆਂ ਦਾ ਘਰਾਣਾ/ਅੰਮ੍ਰਿਤਸਰ ਘਰਾਣਾ ਮਹਾਰਾਜਾ ਰਣਜੀਤ ਸਿੰਘ ਦੇ ਸ਼ਾਸਨਕਾਲ ਵਿਚ ਹੋਂਦ ਵਿਚ ਆਇਆ। ਇਸ ਘਰਾਣੇ ਦੇ ਸੰਸਥਾਪਕ ਮੱਝਾ ਸਿੰਘ ਸਨ। ਭਾਈ ਮੱਝਾ ਸਿੰਘ ਦੇ ਚਾਰ ਪੁੱਤਰ ਸਨ। ਭਾਈ ਭੂਪ ਸਿੰਘ, ਸ਼ਾਮ ਸਿੰਘ, ਦੇਵਾ ਸਿੰਘ ਅਤੇ ਭਾਈ ਗੁਰਦਿਤ ਸਿੰਘ। ਇਨ੍ਹਾਂ ਸਾਰਿਆਂ ਨੇ ਤਬਲੇ ਦੀ ਤਾਲੀਮ ਆਪਣੇ ਪਿਤਾ ਕੋਲੋਂ ਲਈ। ਉਨ੍ਹੀਵੀਂ ਸਦੀ ਦੇ ਅੰਤ ਤਕ ਭਾਈ ਭੂਪ ਸਿੰਘ ਅਤੇ ਭਾਈ ਗੁਰਦਿਤ ਸਿੰਘ ਨੇ ਇਸ ਕਿੱਤੇ ਵਿਚ ਵਿਸ਼ੇਸ਼ ਪ੍ਰਸਿਧੀ ਹਾਸਲ ਕੀਤੀ।

ਨਾਈਆਂ ਦਾ ਘਰਾਣਾ, ਜਿਸ ਨੂੰ ਅੰਮ੍ਰਿਤਸਰ ਘਰਾਣਾ ਵੀ ਕਿਹਾ ਜਾਂਦਾ ਹੈ। ਇਸ ਦਾ ਭੂਪ ਸਿੰਘ ਪ੍ਰਸਿਧ ਵਾਦਕ ਰਿਹਾ ਹੈ। ਭੂਪ ਸਿੰਘ ਨੇ ਪੰਡਤ ਦਿੱਧੇ ਸਿੰਘ ਕੋਲੋਂ ਪਖਾਵਜ ਦੀ ਸਿਖਲਾਈ ਵੀ ਲਈ। ਇਸ ਘਰਾਣੇ ਦੇ ਕੁਝ ਹੋਰ ਵੰਸ਼ਜ਼ ਭਾਈ ਹਰਨਾਮ ਸਿੰਘ (ਵੱਡੇ), ਭਾਈ ਗੋਪਾਲ ਸਿੰਘ, ਭਾਈ ਅਰਜੁਨ ਸਿੰਘ, ਭਾਈ ਹਰਨਾਮ ਸਿੰਘ (ਛੋਟੇ), ਭਾਈ ਰਣਜੀਤ ਸਿੰਘ, ਭਾਈ ਮਹਿਤਾਬ ਸਿੰਘ, ਭਾਈ ਰਿਖੀ ਸਿੰਘ ਅਤੇ ਭਾਈ ਸੰਤਾ ਸਿੰਘ ਆਦਿ ਸਨ।

ਕਸੂਰ ਘਰਾਣੇ ਦੀ ਸਥਾਪਨਾ ਕਸੂਰ ਸ਼ਹਿਰ ਦੇ ਨਿਵਾਸੀ ਫਤਹਿ-ਦੁਲ-ਕਸੂਰ ਨੇ ਕੀਤੀ। ਉਸ ਨੇ ਜ਼ਿਆਦਾ ਸਮਾਂ ਦਿੱਲੀ ਵਿਚ ਰਹਿ ਕੇ ਪ੍ਰਸਿਧ ਤਬਲਾ ਵਾਦਕਾਂ ਕੋਲੋਂ ਇਸ ਦੀ ਤਾਲੀਮ ਹਾਸਲ ਕੀਤੀ ਅਤੇ ਫਿਰ ਪੰਜਾਬ ਆ ਗਏ ਅਤੇ ਪੰਜਾਬ ਆ ਕੇ ਕਰਮ ਇਲਾਹੀ, ਮੀਰ ਬਖਸ਼ ਗਿਲਵਾਲੀਆਂ ਅਤੇ ਪੇਸ਼ਾਵਰ ਦੇ ਫਕੀਰ ਬਖਸ਼ ਨੂੰ ਤਿਆਰ ਕੀਤਾ। ਮੀਰ ਬਖਸ਼ ਨੇ ਅਗਾਂਹ ਭਾਈ ਬਹਾਦੁਰ ਸਿੰਘ ਅਤੇ ਕਰੀਮ ਬਖਸ਼ ਨੂੰ ਤਬਲੇ ਦੀ ਸਿੱਖਿਆ ਦੇ ਕੇ ਤਿਆਰ ਕੀਤਾ।

ਅੱਜ ਨਾਈਆਂ ਦੇ ਘਰਾਣੇ ਅਤੇ ਕਸੂਰ ਘਰਾਣੇ ਦੀ ਪ੍ਰਥਾ ਗੁਆਚ ਗਈ ਹੈ ਪਰ ਲਾਹੌਰ ਘਰਾਣਾ ਅਤੇ ਪੰਜਾਬ ਘਰਾਣੇ ਦੇ ਅਨੁਯਾਈ ਅੱਜ ਵੀ ਸਾਰੇ ਭਾਰਤ ਵਿਚ ਫੈਲੇ ਹੋਏ ਹਨ।

# ਆਖ ਤਸਵੀਰਾਂ ਬੋਲਦੀਆਂ


*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 9 ਫਰਵਰੀ 2019 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-363



**ਦਾਣੇ ਦਾਣੇ 'ਤੇ ਹੁੰਦੀ ਮੋਹਰ, ਕਹਿੰਦੇ 'ਲੋਕ-ਯਾਨ' ਦੇ ਸੂਤਰ।**
**ਏਸੇ ਹੀ ਤੱਥ 'ਤੇ 'ਮੋਹਰ' ਲਗਾਉਂਦੇ, ਜਾਪਣ ਇਹ ਕਬੂਤਰ!**

## ਕੈਪਸ਼ਨ ਮੁਕਾਬਲਾ-361



ਮਹਿੰਗਾਈ ਨੇ ਲੱਕ ਤੋੜਿਆ
ਗਰੀਬਾਂ ਨੂੰ ਰੋਟੀ ਦੇ ਸੰਧੇ।
ਬਜਰੀ, ਰੇਤਾ ਨੇਤਾਵਾਂ ਖਾਧੇ
ਉਤੋਂ ਬੰਦ ਹੋਏ ਨੇ ਕੰਮ ਧੰਦੇ।
ਕੱਚੀਆਂ ਇੱਟਾਂ ਲਾ ਕੇ ਗਾਰਾ
ਉਨ੍ਹਾਂ ਮਸਾਂ ਸਿਰ ਲੁਕਾਏ।
ਬਰਸਾਤ ਨੇੜੇ ਆਈ ਤੱਕ ਕੇ
ਅਗਾਊਂ ਲਿੱਪੇ ਪੋਚੇ ਲਾਏ।
*-ਸੇਵਾ ਸਿੰਘ ਨੂਰਪੁਰੀ*
*ਸੈਨ ਹੋਜ਼ੇ, ਕੈਲੀਫੋਰਨੀਆ।*

---

ਸਾਡਾ ਵੀ ਕੋਈ ਜਿਉਣਾ ਹੋਇਆ
ਮੀਂਹ 'ਨ੍ਹੇਰੀ ਤੋਂ ਹੀ ਡਰੀ ਜਾਨੇ ਆਂ।
ਕੰਧਾਂ ਜਦ ਲਿਓੜ ਲਹਿ ਜਾਵਣ
ਗੋਹੇ-ਮਿੱਟੀ ਨਾਲ ਭਰੀ ਜਾਨੇ ਆਂ।
ਬੱਸ ਕੋਈ ਨਾ ਕੋਈ ਜੁਗਾੜ ਬਣਾ ਕੇ
ਦਿਨ-ਕਟੀ ਜਿਹੀ ਕਰੀ ਜਾਨੇ ਆਂ।
*-ਜਗਮੀਤ ਸਿੰਘ ਪੰਧੇਰ*
*ਪਿੰਡ ਕਲਾਹੜ (ਲੁਧਿਆਣਾ)*
*ਫੋਨ: 91-98783-37222*

---

ਮਿੱਟੀ, ਤੂੜੀ ਰਲਾ ਕੇ ਲਿੱਪਣ
ਉਪਰ ਪਾਂਡੂ ਦਾ ਪਰੋਲਾ।
ਮਾਰੇ ਲਿਸ਼ਕਾਂ, ਮਹਿਕਾਂ ਛੱਡੇ
ਕੱਚੇ ਘਰ ਦਾ ਹਰ ਕੰਧ-ਕੌਲਾ।
ਨੂੰਹ-ਸੱਸ ਦੀਆਂ ਰੀਝਾਂ, ਇਹ ਘਰ
ਬਣ ਨਾ ਜਾਏ ਕਿੱਧਰੇ ਖੋਲਾ।
*-ਦਵਿੰਦਰ ਕੌਰ*

---

ਵਕਤ ਵਕਤ ਦੀਆਂ ਗੱਲਾਂ
ਕੱਚੇ ਘਰ ਦੇਸੀ ਸੌਦੇ।
ਮੀਂਹ ਭਾਰੇ ਕੋਠੇ ਚੋਂਦੇ,
ਕੰਧਾਂ, ਬਨੇਰੇ, ਛੱਤਾਂ ਪੈ ਪੈ ਘਰਾਲਾਂ
ਲੇਅ ਡਿੱਗਣੇ ਸ਼ੁਰੂ ਹੋ ਜਾਂਦੇ।
ਚੀਕਣੀ ਮਿੱਟੀ 'ਚ ਪਾ ਤੂੜੀ
ਜੋੜ ਮੰਜੇ ਨਾਲ ਮੰਜਾ ਕੰਧ ਸਹਾਰੇ
ਫਸਾ ਪੈਰ ਦੌਣ 'ਚ
ਮਘੋਰੇ ਸੀ ਲਿੱਪੇ ਜਾਂਦੇ।
ਚੂਲਾਂ ਹੋਣ ਜੇ ਢਿੱਲ੍ਹੀਆਂ ਮੰਜੇ ਦੀਆਂ
ਆਪਣੀਆਂ ਚੂਲਾਂ ਟੁੱਟਣ ਦਾ ਵੀ
ਫਿਰ ਡਰ ਜਿਹਾ ਰਹਿੰਦਾ।
ਸੀ ਵੀ ਬੜਾ ਸੰਗੀਨ ਹੱਲ
ਘਰ ਘਰ ਸੀ ਇਹੀ ਕੁਝ ਹੁੰਦਾ
ਕੀ ਕਹਿਣਾ ਕਿਸੇ ਨੂੰ
ਸਾਡੀ ਮਾਂ ਖੁਦ ਦੇਖੀ ਅੱਖੀਂ
ਮੀਂਹ ਚਰਲ ਚਰਲ ਪੈਂਦਿਆਂ ਲਿੱਪਦੀ
ਦੇਖ ਪੱਕੇ ਹਮੀਰੇ ਕਿਆਂ ਦਾ ਘਰ
ਕਦੇ ਨਹੀਂ ਸੀ ਆਪਣਾ ਘਰ ਭੰਡਿਆ।
*-ਦਰਸ਼ਨਪਾਲ ਦੋਸਾਂਝ*

---

ਕੱਚੇ ਹੁੰਦੇ ਸੀ ਕੋਠੇ
ਸੱਚੇ ਹੁੰਦੇ ਸੀ ਮਨ।
ਜ਼ਿਆਦਾ ਸਮਾਂ ਨਹੀਂ ਬੀਤਿਆ
ਸੀ 1955 ਸੰਨ।
ਟਾਂਵੇਂ ਵਿਰਲੇ ਫਿਰ ਕੱਚੇ ਕੋਠੇ ਹੁੰਦੇ ਸੀ
ਜਦੋਂ ਸੁਰਤ ਲਈ ਸੀ ਸੰਭਾਲ।
ਚੇਤਿਆਂ ਵਿਚੋਂ ਨਹੀਂ ਭੁੱਲਦਾ
ਫੋਟੋ ਵੇਖ ਕੇ ਆਉਂਦਾ ਓਹੀ ਖਿਆਲ।
ਵਿਹੜੇ, ਕੋਠੇ, ਕੰਧਾਂ ਤੇ ਚੌਂਕੇ ਚੁੱਲ੍ਹੇ।
ਰਲ ਮਿਲ ਮਾਂਵਾਂ-ਭੈਣਾਂ ਸੀ
ਲਿੱਪਦੀਆਂ ਇਨ੍ਹਾਂ ਨੂੰ।
ਤੇ ਆਉਂਦੇ ਸੀ ਪਿਆਰ ਦੇ ਬੁੱਲੇ।
ਪੱਕੇ ਬਣ ਗਏ, ਆ ਗਈ ਬਿਜਲੀ
ਹੋਇਆ ਚਾਨਣ ਬਥੇਰਾ।
ਪਿਆਰ, ਮੁਹੱਬਤ ਦਿਲਾਂ 'ਚੋਂ
ਮੁੱਕ ਗਈ, ਮਨਾਂ ਅੰਦਰ ਹਨੇਰਾ।
*-ਗੌਰਾ ਪ੍ਰਜਾਪਤ, ਨਿਊ ਯਾਰਕ*
*ਫੋਨ: 718-690-8403*

# ਪੰਜਾਬ ਦੇ ਪਾਣੀਆਂ ਨੂੰ ਚੀਂਡ ਲੱਗਿਆ...

**ਹਾਲਾਤ-ਏ-ਹਾਜ਼ਰਾ**

***ਦਹਾਕਿਆਂ ਤੋਂ ਪੰਜਾਬ ਦਾ ਪਾਣੀ ਸੂਬੇ ਦੀ ਸਿਆਸਤ ਦਾ ਖਾਸ ਹਿੱਸਾ ਰਿਹਾ ਹੈ ਪਰ ਹੁਣ ਧਰਤੀ ਹੇਠਲੇ ਪਾਣੀ ਦੇ ਪੱਤਣ ਸੁੱਕ ਜਾਣ ਦੀ ਨੌਬਤ ਆ ਗਈ ਹੈ। ਦੂਜੀ ਸਮੱਸਿਆ ਪਾਣੀ ਦੇ ਪ੍ਰਦੂਸ਼ਣ ਦੀ ਹੈ ਜਿਸ ਨੇ ਪੰਜਾਬੀਆਂ ਨੂੰ ਬਿਮਾਰੀਆਂ ਦੇ ਡੂੰਘੇ ਖੂਹ ਵੱਲ ਧੱਕ ਦਿੱਤਾ ਹੈ। ਇਸ ਮਸਲੇ ਬਾਰੇ ਚਰਚਾ ਆਪਣੇ ਇਸ ਲੇਖ ਵਿਚ ਰਾਕੇਸ਼ ਰਮਨ ਨੇ ਕੀਤੀ ਹੈ। -ਸੰਪਾਦਕ***

ਇਸ ਧਾਰਨਾ ਵਿਚ ਰੱਤੀ ਭਰ ਵੀ ਸ਼ੱਕ ਨਹੀਂ ਕਿ 'ਜਲ ਹੀ ਜੀਵਨ' ਹੈ। ਜਲ ਸਰੋਤ ਮਹਾਨ ਸਭਿਅਤਾਵਾਂ ਦੇ ਜਨਮ ਅਤੇ ਵਿਕਾਸ ਦਾ ਮੂਲ ਆਧਾਰ ਬਣੇ ਹਨ। ਦੁਨੀਆਂ ਦੀਆਂ ਪ੍ਰਾਚੀਨ ਸਭਿਅਤਾਵਾਂ ਦਾ ਨਾਮਕਰਨ ਵੀ ਜਲ ਸਰੋਤਾਂ ਦੇ ਨਾਂ ਤੋਂ ਹੀ ਹੋਇਆ ਹੈ। ਜਦੋਂ ਮੁੱਢਲੇ ਆਰੀਆ ਕਬੀਲਿਆਂ ਨੇ ਭਾਰਤ ਵਿਚ ਪ੍ਰਵੇਸ਼ ਕੀਤਾ ਤਾਂ ਉਹ ਇਥੇ ਵਗਦੇ ਦਰਿਆਵਾਂ ਦਾ ਨਿਰਮਲ ਜਲ ਦੇਖ ਕੇ ਖੁਸ਼ੀ ਵਿਚ ਖੀਵੇ ਹੋ ਗਏ। ਉਨ੍ਹਾਂ ਇਸ ਨੂੰ 'ਸਪਤਸਿੰਧੂ' ਅਰਥਾਤ ਸੱਤ ਨਦੀਆਂ ਦੀ ਧਰਤੀ ਕਹਿ ਕੇ ਵਡਿਆਇਆ। ਮਗਰੋਂ 'ਪੰਜਾਬ'

ਰਾਕੇਸ਼ ਰਮਨ

ਨਾਮਕਰਨ ਵੀ ਜਲ ਸਰੋਤਾਂ ਦੀ ਪ੍ਰਮੁੱਖਤਾ ਦਰਸਾਉਣ ਵਾਲਾ ਹੈ ਯਾਨਿ ਪੰਜ+ਆਬ।

ਧਰਤੀ ਦਾ ਵਡੇਰਾ ਭਾਗ ਭਾਵੇਂ ਸਮੁੰਦਰਾਂ, ਅਥਵਾ ਜਲ ਦੀ ਸ਼ਕਲ ਵਿਚ ਹੈ, ਫਿਰ ਵੀ ਜਿਸ ਜਲ ਨੂੰ ਅਸੀਂ ਜੀਵਨ ਰੇਖਾ ਆਖਦੇ ਹਾਂ, ਉਸ ਪਾਣੀ ਨਾਲ ਕੁਝ ਵਿਸ਼ੇਸ਼ ਭੋਇੰ-ਖੇਤਰ ਹੀ ਵਰੋਸਾਏ ਹੋਏ ਹਨ। ਪੰਜਾਬ ਵੀ ਪ੍ਰਾਚੀਨ ਕਾਲ ਤੋਂ ਉਨ੍ਹਾਂ ਖੇਤਰਾਂ ਵਿਚ ਸ਼ਾਮਲ ਰਿਹਾ ਹੈ ਪਰ ਪੰਜਾਬ ਦੇ ਜਲ ਸਰੋਤਾਂ ਦਾ ਵਰਤਮਾਨ ਤੇ ਭਵਿਖ ਸੁਰੱਖਿਅਤ ਨਹੀਂ ਰਿਹਾ। ਪੰਜਾਬ ਦਾ ਜਲ ਭਾਵੇਂ ਉਹ ਦਰਿਆਈ ਹੈ ਜਾਂ ਧਰਤੀ ਹੇਠਲਾ, ਤੇਜ਼ੀ ਨਾਲ ਸੰਕਟ ਦਾ ਸ਼ਿਕਾਰ ਹੋ ਰਿਹਾ ਹੈ। ਇਹ ਸੰਕਟ ਦੁਵੱਲਾ ਹੈ। ਇਕ ਪਾਸੇ ਜਲ ਖਤਮ ਹੁੰਦਾ ਜਾ ਰਿਹਾ ਹੈ, ਦੂਜੇ ਪਾਸੇ ਇਸ ਵਿਚ ਪ੍ਰਦੂਸ਼ਣ ਦੀ ਮਾਤਰਾ ਦਿਨੋ-ਦਿਨ ਵਧ ਰਹੀ ਹੈ।

ਪੰਜਾਬ ਵਿਚ ਅਸੀਂ ਜਮੀਨ ਹੇਠਲੇ ਪਾਣੀ ਦੇ ਦੋ ਪੱਤਣ ਮੁਕਾ ਚੁੱਕੇ ਹਾਂ। ਇਹ ਪਾਣੀ ਅਸੀਂ ਹਰੀ ਕ੍ਰਾਂਤੀ ਲਈ ਕਾਹਲੀ ਨਾਲ ਚੁਣੇ ਵਰਤਮਾਨ ਖੇਤੀ ਮਾਡਲ ਦੇ ਲੇਖੇ ਲਗਾ ਦਿੱਤੇ ਹਨ, ਜਿਸ ਵਿਚ ਕਣਕ-ਝੋਨੇ ਦੇ ਫਸਲੀ ਚੱਕਰ ਦੀ ਸਰਦਾਰੀ ਕਾਇਮ ਹੈ। ਝੋਨੇ ਦੀ ਫਸਲ ਲਈ ਭਾਰੀ ਮਾਤਰਾ ਵਿਚ ਪਾਣੀ ਦੀ ਵਰਤੋਂ ਕਰਨੀ ਪੈਂਦੀ ਹੈ। ਇਸ ਲਈ ਹਰੀ ਕ੍ਰਾਂਤੀ ਦੇ ਅਰੰਭ ਤੋਂ ਲੈ ਕੇ ਹੁਣ ਤਕ ਝੋਨਾ ਸਾਰੇ ਪੰਜਾਬ ਦੇ ਜਮੀਨ ਹੇਠਲੇ ਪਾਣੀ ਨੂੰ ਇਕ ਤਰ੍ਹਾਂ ਨਾਲ ਡੀਕ ਹੀ ਗਿਆ। ਮਹਿੰਗੇ ਕੁਦਰਤੀ ਸਰੋਤ ਦੇ ਖਾਤਮੇ ਦੀ ਕੀਮਤ 'ਤੇ ਸਸਤਾ ਝੋਨਾ ਪੈਦਾ ਕਰਕੇ ਪੰਜਾਬੀਆਂ ਨੇ ਵੱਡੀ ਲਾਪ੍ਰਵਾਹੀ ਦਾ ਸਬੂਤ ਦਿੱਤਾ ਹੈ।

ਕਿਹਾ ਜਾ ਸਕਦਾ ਹੈ ਕਿ ਇਹ ਘੋਰ ਲਾਪ੍ਰਵਾਹੀ ਅਸਲ ਵਿਚ ਖੇਤੀ ਮਾਹਿਰਾਂ ਦੀ ਹੀ ਬਣਦੀ ਹੈ, ਜਿਨ੍ਹਾਂ ਨੇ ਅਲਪਕਾਲੀ ਲਾਭਾਂ ਲਈ ਪੰਜਾਬ ਦੇ ਦੀਰਘਕਾਲੀ ਹਿਤਾਂ ਦੀ ਬਲੀ ਦੇਣ ਨੂੰ ਝੰਡੀ ਦਿੱਤੀ। ਪੰਜਾਬ ਵਿਚ ਹਰੀ ਕ੍ਰਾਂਤੀ ਦੇ ਮੌਜੂਦਾ ਮਾਡਲ ਅਧੀਨ ਜਿਉਂ-ਜਿਉਂ ਝੋਨੇ ਦੇ ਅੰਬਾਰ ਉਚੇ ਹੁੰਦੇ ਗਏ, ਤਿਉਂ-ਤਿਉਂ ਪਾਣੀ (ਜਮੀਨ ਹੇਠਲੇ) ਦਾ ਪੱਧਰ ਨੀਵਾਂ ਹੁੰਦਾ ਚਲਾ ਗਿਆ। ਹੁਣ ਇਹ ਉਸ ਨਿਵਾਣ ਨੂੰ ਛੂਹ ਰਿਹਾ ਹੈ, ਜਿਥੋਂ ਇਸ ਨੂੰ ਮੱਛੀ ਮੋਟਰਾਂ ਬਗੈਰ ਬਾਹਰ ਕੱਢਣਾ ਸੰਭਵ ਨਹੀਂ ਰਿਹਾ।





ਜਲ ਸੰਕਟ ਦਾ ਦੂਜਾ ਵੱਡਾ ਪੱਖ ਇਸ ਵਿਚ ਵਧ ਰਿਹਾ ਪ੍ਰਦੂਸ਼ਣ ਹੈ। ਪੰਜਾਬ ਦੇ ਕੁਝ ਕੁ ਬਲਾਕਾਂ ਦਾ ਪਾਣੀ ਹੀ ਇਸ ਸਮੇਂ ਸਿੱਧਿਆਂ ਪੀਣ ਯੋਗ ਹੈ। ਵਧੇਰੇ ਬਲਾਕਾਂ ਦੇ ਪਾਣੀ ਵਿਚ ਘਾਤਕ ਰਸਾਇਣ ਰਲੇ ਹੋਏ ਹਨ। ਪਾਣੀ ਦਾ ਇਹ ਪ੍ਰਦੂਸ਼ਣ ਵੀ ਗੰਭੀਰ ਮਨੁੱਖੀ ਕੋਤਾਹੀਆਂ ਦਾ ਨਤੀਜਾ ਹੈ। ਪੰਜਾਬ ਦੇ ਸਾਡੇ ਆਪਣੇ ਹਿੱਸੇ ਦੇ ਦਰਿਆਵਾਂ ਕੰਢੇ ਵਸਦੇ ਸ਼ਹਿਰਾਂ ਤੇ ਕਸਬਿਆਂ ਦਾ ਰਸਾਇਣ-ਯੁਕਤ ਪਾਣੀ, ਜੋ ਕਾਰਖਾਨਿਆਂ ਵਿਚ ਵਰਤਿਆ ਜਾਂਦਾ ਹੈ, ਦਰਿਆਈ ਪਾਣੀ ਵਿਚ ਜਾ ਰਲਦਾ ਹੈ। ਫਿਰ ਇਹ ਜ਼ਹਿਰੀਲਾ ਪਾਣੀ ਨਹਿਰਾਂ-ਨਾਲਿਆਂ ਰਾਹੀਂ ਕਰੀਬ ਸਾਰੇ ਪੰਜਾਬ ਵਿਚ ਜਾ ਨਿਕਲਦਾ ਹੈ। ਇਹੋ ਪਾਣੀ ਜਮੀਨ ਹੇਠਲੇ ਪਾਣੀ ਵਿਚ ਜਾ ਮਿਲਦਾ ਹੈ।

ਟਰੀਟਮੈਂਟ ਪਲਾਂਟ ਲਾਉਣ ਵਿਚ ਵਰਤੀਆਂ ਗਈਆਂ ਢਿੱਲਾਂ ਨੇ ਦਰਿਆਈ ਪਾਣੀਆਂ ਨੂੰ ਗੰਦਾ ਕਰ ਦਿੱਤਾ ਹੈ ਤੇ ਪਾਣੀ ਦੀ ਇਸੇ ਗੰਦਗੀ ਨੇ ਪੂਰੇ ਪੰਜਾਬ ਦੇ ਪਾਣੀਆਂ ਨੂੰ ਕਿਤੇ ਵੱਧ ਤੇ ਕਿਤੇ ਘੱਟ, ਪਰ ਗੰਦਾ ਜ਼ਰੂਰ ਕਰ ਦਿੱਤਾ ਹੈ। ਇਸ ਲਾਪ੍ਰਵਾਹੀ ਦਾ ਸਿੱਟਾ ਦੱਖਣੀ ਮਾਲਵੇ ਦੇ ਲੋਕਾਂ ਨੂੰ ਮੁੱਖ ਤੌਰ 'ਤੇ ਭੋਗਣਾ ਪੈ ਰਿਹਾ ਹੈ, ਜਿੱਥੇ ਕੈਂਸਰ ਦੀ ਮਾਰੂ ਬਿਮਾਰੀ ਦਾ ਮੁੱਖ ਕਾਰਨ ਇਸ ਪ੍ਰਦੂਸ਼ਿਤ ਪਾਣੀ ਨੂੰ ਹੀ ਦੱਸਿਆ ਜਾ ਰਿਹਾ ਹੈ, ਜੋ ਨਹਿਰਾਂ ਜ਼ਰੀਏ ਇਸ ਇਲਾਕੇ ਵਿਚ ਆ ਕੇ ਸਨਅਤੀ ਰਸਾਇਣਾਂ ਨੂੰ ਧਰਤੀ ਹੇਠਲੇ ਪਾਣੀ ਵਿਚ ਮਿਲਾ ਦਿੰਦਾ ਹੈ। ਦਰਿਆਈ ਜਲ ਨੂੰ ਪ੍ਰਦੂਸ਼ਿਤ ਕਰਨ ਦਾ ਦੋਸ਼ੀ ਪਾਉਂਦਿਆਂ ਨੈਸ਼ਨਲ ਗ੍ਰੀਨ ਟ੍ਰਿਬਿਊਨਲ (ਐਨ. ਜੀ. ਟੀ.) ਨੇ ਪੰਜਾਬ ਸਰਕਾਰ ਨੂੰ ਪੰਜਾਹ ਕਰੋੜ ਦਾ ਜੁਰਮਾਨਾ ਵੀ ਕੀਤਾ ਹੈ।

ਐਨ. ਜੀ. ਟੀ. ਨੇ ਇਕ ਤਰ੍ਹਾਂ ਨਾਲ ਪੰਜਾਬ ਦੇ ਰਵਾਇਤੀ ਸਿਆਸਤਦਾਨਾਂ ਨੂੰ ਲਾਪ੍ਰਵਾਹੀ ਲਈ ਗੰਭੀਰ ਦੋਸ਼ੀ ਪਾਇਆ ਹੈ, ਜਿਨ੍ਹਾਂ ਨੇ ਜਲ ਸਰੋਤਾਂ ਦੀ ਸਾਂਭ-ਸੰਭਾਲ ਤੇ ਸੁਚੱਜੀ ਵਰਤੋਂ ਦੀ ਥਾਂ ਪਾਣੀਆਂ ਦੀ ਹੋਛੀ, ਸਸਤੀ ਤੇ ਇਸ਼ਤਿਹਾਰੀ ਕਿਸਮ ਦੀ ਰਾਜਨੀਤੀ ਕਰਨ ਨੂੰ ਹੀ ਪਹਿਲ ਦਿੱਤੀ ਹੈ। ਵਿਡੰਬਨਾ ਇਹ ਹੈ ਕਿ ਪੰਜਾਬੀਆਂ ਨੇ ਵੋਟਾਂ ਪਾ ਕੇ ਅਜਿਹੇ ਸਿਆਸੀ ਆਗੂਆਂ ਨੂੰ ਪਾਣੀਆਂ ਦੇ ਰਾਖਿਆਂ ਦੇ 'ਪ੍ਰਮਾਣ-ਪੱਤਰ' ਵੀ ਦਿੱਤੇ ਹਨ। ਪਾਣੀਆਂ ਦੇ ਮੌਜੂਦਾ ਹਾਲਾਤ ਦੇ ਸਨਮੁਖ ਇਨ੍ਹਾਂ ਪ੍ਰਮਾਣ-ਪੱਤਰਾਂ ਉਪਰ ਮੁੜ ਗੌਰ ਕਰਨਾ ਜ਼ਰੂਰੀ ਹੋ ਗਿਆ ਹੈ।

ਐਨ. ਜੀ. ਟੀ. ਦੇ ਝਟਕੇ ਦਾ ਫੌਰੀ ਪ੍ਰਤੀਕਰਮ ਹੀ ਹੈ ਕਿ ਹੁਣ ਪੰਜਾਬ ਸਰਕਾਰ ਨੂੰ 'ਪੰਜਾਬ ਜਲ ਸਰੋਤ ਬਿਲ 2018' ਦਾ ਖਰੜਾ ਤਿਆਰ ਕਰਨਾ ਪਿਆ ਹੈ ਜਿਸ ਅਨੁਸਾਰ ਪੰਜਾਬ ਵਾਟਰ ਰੈਗੂਲੇਸ਼ਨ ਐਂਡ ਡਿਵੈਲਪਮੈਂਟ ਅਥਾਰਟੀ ਦਾ ਗਠਨ ਹੋਵੇਗਾ। ਇਹ ਪੀਣ ਵਾਲੇ, ਘਰੇਲੂ, ਵਪਾਰਕ ਜਾਂ ਸਨਅਤੀ ਵਰਤੋਂ ਲਈ ਪਾਣੀਆਂ ਦੀਆਂ ਦਰਾਂ ਤਾਂ ਨਿਸ਼ਚਿਤ ਕਰੇਗੀ ਹੀ, ਨਾਲ ਹੀ ਮੁੱਖ ਉਦੇਸ਼ ਵਜੋਂ ਇਹ ਪੰਜਾਬ ਦੇ ਜਲ ਸਰੋਤਾਂ ਦੀ ਵਰਤੋਂ ਅਤੇ ਪ੍ਰਬੰਧ ਨੂੰ ਢੁਕਵੇਂ ਅਤੇ ਤਰਕਸੰਗਤ ਢੰਗ ਨਾਲ ਯਕੀਨੀ ਬਣਾਵੇਗੀ। ਇਸ ਬਿਲ ਬਾਰੇ ਕਈ ਤਰ੍ਹਾਂ ਦੇ ਪ੍ਰਤੀਕਰਮ ਹੋ ਸਕਦੇ ਹਨ। ਇਸ ਨੂੰ ਦੇਰ ਨਾਲ ਉਠਾਇਆ ਗਿਆ ਦਰੁਸਤ ਕਦਮ ਕਿਹਾ ਜਾ ਸਕਦਾ ਹੈ। ਜ਼ਰਾ ਹਿਰਖ ਨਾਲ ਇਹ ਵੀ ਕਿਹਾ ਜਾ ਸਕਦਾ ਹੈ ਕਿ 'ਈਦ ਪਿੱਛੋਂ ਹੁਣ ਤੰਬਾ ਫੂਕਣਾ ਹੈ?' ਪਾਣੀਆਂ ਨੂੰ ਭੰਡਾਰਾਂ ਅਤੇ ਗੁਣਵੱਤਾ ਦੇ ਮਾਮਲੇ ਵਿਚ ਸੁਰੱਖਿਅਤ ਰੱਖਣ ਦਾ ਵਕਤ ਸ਼ਾਇਦ ਅਸੀਂ ਖੁੰਝਾ ਬੈਠੇ ਹਾਂ।

ਜਮੀਨ ਹੇਠਲੇ ਪਾਣੀ ਦੇ ਖਾਤਮੇ ਲਈ ਇਕੱਲੀ ਝੋਨੇ ਦੀ ਫਸਲ ਹੀ ਕਾਫੀ ਹੈ। ਇਹ ਫਸਲ ਐਨੀ ਧੜੱਲੇਦਾਰ ਬਣਾ ਦਿੱਤੀ ਗਈ ਹੈ ਕਿ ਇਸ ਦਾ ਕੋਈ ਲਾਭਕਾਰੀ ਬਦਲ ਪੇਸ਼ ਕਰਨ ਲਈ ਕੋਈ ਵੀ ਧਿਰ ਅੱਗੇ ਆਉਣ ਲਈ ਤਿਆਰ ਨਹੀਂ। ਸਰਕਾਰ ਵਿਚ ਅਫਸਰਸ਼ਾਹੀ ਦਾ ਬੋਲਬਾਲਾ ਹੈ, ਜਿਸ ਕੋਲ ਜਲ ਸਰੋਤਾਂ ਵਾਲੇ ਸੰਵੇਦਨਸ਼ੀਲ ਮਸਲਿਆਂ ਨੂੰ ਨਜਿੱਠਣ ਵਾਲੀ ਮਾਨਸਿਕਤਾ ਹੀ ਨਹੀਂ ਹੈ। ਸਿਆਸਤਦਾਨ ਮੁੱਦਿਆਂ ਦੇ ਸੰਭਾਵਿਤ ਹੱਲ ਦੀ ਥਾਂ ਇਨ੍ਹਾਂ ਦੇ ਸਿਆਸੀਕਰਨ ਵਿਚ ਜ਼ਿਆਦਾ ਦਿਲਚਸਪੀ ਦਿਖਾਉਂਦੇ ਹਨ ਤੇ ਅਕਸਰ ਹੀ ਗੈਰ-ਜ਼ਿੰਮੇਵਾਰਾਨਾ ਲੱਫਾਜ਼ੀ ਰਾਹੀਂ ਇਨ੍ਹਾਂ ਨੂੰ ਉਲਝਾਉਂਦੇ ਹਨ। ਇਸ ਲਈ ਸਰਕਾਰਾਂ ਝੋਨੇ ਦਾ ਬਦਲ ਲਿਆਉਣ ਲਈ ਕੋਈ ਉਤਸ਼ਾਹਜਨਕ ਮਾਹੌਲ ਤਿਆਰ ਨਹੀਂ ਕਰ ਸਕੀਆਂ।

ਦਰਿਆਵਾਂ ਦੇ ਕੰਢਿਆਂ ਉਪਰ ਪੈਂਦੇ ਸ਼ਹਿਰਾਂ ਤੇ ਕਸਬਿਆਂ ਵਿਚਲੇ ਕਾਰਖਾਨਿਆਂ ਦੇ ਰਸਾਇਣ-ਯੁਕਤ ਤਰਲ ਪਦਾਰਥਾਂ ਦੀ ਦਰਿਆਵਾਂ ਵਿਚ ਨਿਕਾਸੀ ਨੇ ਇਨ੍ਹਾਂ ਦਾ ਪਾਣੀ ਪਲੀਤ ਕਰ ਦਿੱਤਾ ਹੈ। ਇਹ ਕਾਰਖਾਨੇ ਰਸੂਖਵਾਨ ਲੋਕਾਂ ਦੇ ਹਨ, ਜੋ ਪ੍ਰਦੂਸ਼ਿਤ ਪਾਣੀ ਆਦਿ ਨੂੰ ਅਣਸੋਧੇ ਰੂਪ ਵਿਚ ਹੀ ਦਰਿਆਵਾਂ ਵਿਚ ਜਾਣ ਦਿੰਦੇ ਹਨ। ਆਪਣੇ ਪ੍ਰਦੂਸ਼ਿਤ ਪਾਣੀ ਦੇ ਨਿਪਟਾਰੇ ਸਬੰਧੀ ਜੋ ਮਾਪਦੰਡ ਇਨ੍ਹਾਂ ਲਈ ਮਿੱਥੇ ਗਏ ਹਨ, ਇਹ ਸ਼ਰੇਆਮ ਉਨ੍ਹਾਂ ਦੀਆਂ ਧੱਜੀਆਂ ਉਡਾ ਰਹੇ ਹਨ। ਇਨ੍ਹਾਂ ਨੂੰ ਅਜਿਹਾ ਕਰਨੋਂ ਕੌਣ ਰੋਕੇਗਾ? ਸ਼ਾਇਦ ਹਾਲ ਦੀ ਘੜੀ ਕੋਈ ਨਹੀਂ ਕਿਉਂਕਿ ਇਹ ਤਾਂ ਖੁਦ 'ਪਹੁੰਚ ਵਾਲੇ' ਹਨ। ਉਂਜ, ਜਲ ਪ੍ਰਦੂਸ਼ਣ ਵਿਚ ਵੱਡੀ ਹਿੱਸੇਦਾਰੀ ਪਾ ਕੇ ਇਹ ਉਸ ਟਾਹਣ ਨੂੰ ਟੱਕ ਲਾ ਰਹੇ ਹਨ ਜਿਸ ਉਪਰ ਇਹ ਖੁਦ ਬੈਠੇ ਹਨ।

ਜਲ ਸੰਕਟ ਦੀ ਇਸ ਔਖੀ ਘੜੀ ਅਸੀਂ ਇਹ ਵੀ ਸੋਚ ਸਕਦੇ ਹਾਂ ਕਿ ਪਾਣੀ ਹੀ ਮੁੱਕਿਆ ਹੈ ਜਾਂ ਮੁੱਕਣ ਦੀ ਹੱਦ ਤੱਕ ਘਟਿਆ ਹੈ, ਭਾਂਡਾ ਤਾਂ ਨਹੀਂ ਹੱਥੋਂ ਗਿਆ। ਬਥੇਰਾ ਮੀਂਹ ਪੈਂਦਾ ਹੈ, ਇਸ ਮੀਂਹ ਦੇ ਪਾਣੀ ਨਾਲ ਅਸੀਂ ਭਾਂਡੇ ਨੂੰ ਮੁੜ ਭਰ ਵੀ ਸਕਦੇ ਹਾਂ। ਜਮੀਨ ਹੇਠਲੇ ਪਾਣੀ ਦੇ ਸਰੋਤਾਂ ਨੂੰ ਰੀਚਾਰਜ ਕਰਨ ਦਾ ਸਾਡੇ ਕੋਲ ਰਵਾਇਤੀ ਸਾਧਨ ਹੈ। ਇਹ ਹੈ, ਹਰ ਪਿੰਡ ਦਾ ਛੱਪੜ ਜਾਂ ਟੋਭਾ ਜਿਸ ਵਿਚ ਮੀਂਹ ਦਾ ਪਾਣੀ ਇਕੱਠਾ ਹੁੰਦਾ ਹੈ ਤੇ ਫਿਰ ਜਮੀਨ ਹੇਠਲੇ ਪੱਤਣ ਨੂੰ ਰੀਚਾਰਜ ਕਰਨ ਦਾ ਬੇਹੱਦ ਅਹਿਮ ਕਾਰਜ ਕਰਦਾ ਹੈ। ਦੁੱਖ ਇਹ ਹੈ ਕਿ ਛੱਪੜਾਂ ਦੇ ਮਰਸੀਏ ਵੀ ਪੜ੍ਹ ਦਿੱਤੇ ਗਏ ਹਨ। ਛੱਪੜਾਂ 'ਤੇ ਨਾਜਾਇਜ਼ ਕਬਜ਼ਿਆਂ ਦੀ ਅਣਐਲਾਨੀ ਖੁੱਲ੍ਹ ਮਿਲੀ ਹੋਈ ਹੈ। ਕਾਬਜ਼ਾਂ ਨੇ ਛੱਪੜ ਪੂਰ ਕੇ ਇਨ੍ਹਾਂ ਉਪਰ ਵਸੇਬਾ ਕਰ ਲਿਆ ਹੈ। ਮੌਜੂਦਾ ਸਰਕਾਰ ਨੇ ਐਲਾਨ ਵੀ ਕੀਤਾ ਸੀ ਕਿ ਛੱਪੜ ਨਾਜਾਇਜ਼ ਕਬਜ਼ਿਆਂ ਤੋਂ ਮੁਕਤ ਕਰਵਾਏ ਜਾਣਗੇ ਤੇ ਛੱਪੜਾਂ ਵਾਲੀ ਥਾਂ ਦੀ ਗਿਰਦਾਵਰੀ ਕਰਵਾਈ ਜਾਵੇਗੀ। ਇਹ ਕਾਰਜ ਤਕ ਸ਼ੁਰੂ ਹੀ ਨਹੀਂ ਕੀਤਾ ਗਿਆ। ਇਸ ਤਰ੍ਹਾਂ ਦੀ ਢਿੱਲੀ ਕਾਰਗੁਜ਼ਾਰੀ ਦੇ ਚੱਲਦਿਆਂ ਕੀ ਅਸੀਂ ਇਹ ਆਸ ਕਰ ਸਕਦੇ ਹਾਂ ਕਿ ਅਸੀਂ ਖਾਲੀ ਹੋਏ ਭਾਂਡਿਆਂ ਨੂੰ ਮੁੜ ਭਰ ਸਕਾਂਗੇ। ਸ਼ਾਇਦ ਕੋਈ ਚਮਤਕਾਰ ਹੀ ਜਮੀਨ ਦੇ ਖਾਲੀ ਹੋਏ ਪੱਤਣਾਂ ਦੀ ਪਹਿਲੀ ਸਥਿਤੀ ਬਹਾਲ ਕਰ ਸਕਦਾ ਹੈ। ਹੁਣ ਆਪਾਂ ਸਾਰੇ ਪੰਜਾਬੀਆਂ ਨੂੰ ਅਜਿਹੇ ਕਿਸੇ ਚਮਤਕਾਰ ਦੀ ਉਡੀਕ ਹੀ ਕਰਨੀ ਪੈ ਰਹੀ ਹੈ ਕਿਉਂਕਿ ਹੋਰ ਕਿਸੇ ਪਾਸਿਓਂ ਤਾਂ ਆਸ ਦੀ ਕੋਈ ਕਿਰਨ ਦਿਖਾਈ ਨਹੀਂ ਦੇ ਰਹੀ। ਉਂਜ, ਉਡੀਕ ਦਾ ਵੇਲਾ ਹੈ ਨਹੀਂ।

# ਮੁਤਵਾਜ਼ੀ ਜਥੇਦਾਰਾਂ ਨੂੰ ਆਪਸੀ ਮੱਤਭੇਦ ਦੂਰ ਕਰਕੇ ਕੌਮ ਨੂੰ ਸੇਧ ਦੇਣ ਦੀ ਅਪੀਲ

**ਨਿਊ ਯਾਰਕ (ਬਿਊਰੋ):** ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੀ ਇੰਟਰਨੈਸ਼ਨਲ ਕੋਆਰਡੀਨੇਸ਼ਨ ਕਮੇਟੀ ਦੀ ਹੋਈ ਇੱਕ ਵੀਡੀਓ ਕਾਨਫਰੰਸ ਵਿਚ ਸਰਬੱਤ ਖਾਲਸਾ 2015 ਵਿਚ ਸਿੱਖ ਕੌਮ ਵਲੋਂ ਥਾਪੇ ਗਏ ਚਾਰੇ ਜਥੇਦਾਰਾਂ ਦੀ ਕਾਰਗੁਜ਼ਾਰੀ 'ਤੇ ਡੂੰਘੀ ਚਿੰਤਾ ਦਾ ਪ੍ਰਗਟਾਵਾ ਕੀਤਾ ਗਿਆ। ਪਾਰਟੀ ਦੀ ਅਮਰੀਕਾ ਇਕਾਈ ਵਲੋਂ ਜਾਰੀ ਇਕ ਬਿਆਨ ਅਨੁਸਾਰ ਇਹ ਚਰਚਾ ਹੋਈ ਕਿ ਚਾਰੇ ਜਥੇਦਾਰ ਆਪਸ ਵਿਚ ਇੱਕ ਹੋ ਕੇ ਚੱਲਣ ਦੀ ਥਾਂ ਆਪੋ-ਆਪਣੇ ਧੜੇ ਬਣਾ ਕੇ ਚੱਲਣ ਦੀ ਕੋਸ਼ਿਸ਼ ਕਰ ਰਹੇ ਹਨ, ਜਿਸ ਨਾਲ ਸਿੱਖ ਕੌਮ ਵਿਚ ਬੇਵਿਸਾਹੀ ਵਾਲਾ ਮਾਹੌਲ ਪੈਦਾ ਹੋ ਗਿਆ ਹੈ।

ਕਾਨਫਰੰਸ ਵਿਚ ਇਸ ਗੱਲ 'ਤੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ ਕਿ ਸਿੱਖ ਕੌਮ ਨੂੰ ਸਰਬੱਤ ਖਾਲਸਾ ਵਲੋਂ ਥਾਪੇ ਗਏ ਜਥੇਦਾਰਾਂ ਤੋਂ ਜੋ ਉਮੀਦਾਂ ਸਨ, ਉਹ ਉਨ੍ਹਾਂ 'ਤੇ ਖਰੇ ਨਾ ਉਤਰੇ। ਸਿੱਖ ਕੌਮ ਨੇ ਆਪਣਾ ਜਜ਼ਬਾ ਸਰਬੱਤ ਖਾਲਸਾ 2015 ਵਿਚ ਵੀ ਦਿਖਾਇਆ, ਸਰਬੱਤ ਖਾਲਸਾ 2016 ਵਿਚ ਵੀ ਦਿਖਾਇਆ ਅਤੇ ਪਿਛਲੇ ਸਮੇਂ ਵਿਚ 'ਬਰਗਾੜੀ ਮੋਰਚੇ' ਵਿਚ ਵੀ ਦਿਖਾਇਆ, ਪਰ ਬਦਕਿਸਮਤੀ ਇਹ ਰਹੀ ਕਿ ਜਥੇਦਾਰਾਂ ਨੇ ਕੌਮ ਦੀ ਨਬਜ਼ ਨੂੰ ਨਾ ਪਛਾਣਿਆ, ਸਗੋਂ ਆਪਸ ਵਿਚ ਲੜ ਕੇ ਪੂਰੀ ਕੌਮ ਨੂੰ ਨਮੋਸ਼ੀ ਦੇ ਆਲਮ ਵਿਚ ਡੋਬ ਦਿੱਤਾ।

ਦਲ ਦੀ ਇੰਟਰਨੈਸ਼ਨਲ ਕੋਆਰਡੀਨੇਸ਼ਨ ਕਮੇਟੀ ਨੇ ਰੋਸ ਪ੍ਰਗਟਾਇਆ ਕਿ ਕੋਈ ਜਥੇਦਾਰ ਅਖੌਤੀ ਸਾਧਾਂ ਨਾਲ ਮੀਟਿੰਗ ਕਰ ਰਿਹਾ ਹੈ ਤੇ ਕੋਈ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਨੂੰ ਸ਼ਹੀਦ ਨਹੀਂ ਮੰਨਦਾ ਅਤੇ ਕੋਈ ਜਥੇਦਾਰ ਕਾਂਗਰਸੀ ਲੀਡਰਾਂ ਨੂੰ ਮਿਲ ਰਿਹਾ ਹੈ। ਮੀਟਿੰਗ ਵਿਚ ਇਹ ਵੀ ਚਰਚਾ ਹੋਈ ਕਿ ਸਰਬੱਤ ਖਾਲਸਾ ਜਥੇਦਾਰਾਂ ਨੇ ਨਾ ਤਾਂ ਨਾਨਕਸ਼ਾਹੀ ਕੈਲੰਡਰ ਦੀ ਕੋਈ ਗੱਲ ਕੀਤੀ, ਨਾ ਅਕਾਲ ਤਖਤ ਸਾਹਿਬ ਤੋਂ ਪੰਥ ਪ੍ਰਵਾਨਿਤ ਸਿੱਖ ਰਹਿਤ ਮਰਿਆਦਾ ਦੀ ਗੱਲ ਕੀਤੀ ਤੇ ਨਾ ਹੀ ਜਥੇਦਾਰਾਂ ਨੂੰ ਲਾਉਣ ਜਾਂ ਹਟਾਉਣ ਲਈ ਕੋਈ ਵਿਧੀ ਵਿਧਾਨ ਤਿਆਰ ਕੀਤਾ, ਜਿਸ 'ਤੇ ਪੂਰੀ ਸਿੱਖ ਕੌਮ ਦੀਆਂ ਨਜ਼ਰਾਂ ਸਨ।

ਕੋਆਰਡੀਨੇਸ਼ਨ ਕਮੇਟੀ ਨੇ ਕਿਹਾ ਹੈ ਕਿ ਸਿੱਖ ਸੰਗਤ ਮਹਿਸੂਸ ਕਰਦੀ ਹੈ ਕਿ ਚਾਰੇ ਜਥੇਦਾਰ ਕੌਮ ਨੂੰ ਸੇਧ ਦੇਣ ਦੀ ਥਾਂ ਪਹਿਲਾਂ ਆਪ ਸਿਰ ਜੋੜ ਕੇ ਬੈਠਣ ਤਾਂ ਜੋ ਕੌਮ ਵਿਚ ਪੈਦਾ ਹੋਈ ਦੁਬਿਧਾ ਦੂਰ ਕੀਤੀ ਜਾ ਸਕੇ। ਕਮੇਟੀ ਅਨੁਸਾਰ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪੰਜਾਬ ਅਤੇ ਵਿਦੇਸ਼ਾਂ ਵਿਚ ਬੈਠੇ ਸਮਰਥਕਾਂ ਨੇ ਸਰਬੱਤ ਖਾਲਸਾ 2015 ਤੋਂ ਲੈ ਕੇ ਹਾਲੀਆ ਬਰਗਾੜੀ ਮੋਰਚੇ ਤੱਕ ਤਨ, ਮਨ ਤੇ ਧਨ ਨਾਲ ਸੇਵਾ ਕੀਤੀ ਹੈ। ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਹਮੇਸ਼ਾ ਕੌਮ ਦੀ ਆਜ਼ਾਦੀ (ਖਾਲਿਸਤਾਨ) ਅਤੇ ਦਲ ਦੇ ਕੌਮੀ ਪ੍ਰਧਾਨ ਸ. ਸਿਮਰਨਜੀਤ ਸਿੰਘ ਮਾਨ ਨੇ ਹਮੇਸ਼ਾ ਹੀ ਕੌਮੀ ਕਾਰਜਾਂ ਨੂੰ ਪਹਿਲ ਦਿੱਤੀ ਹੈ।

ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ

ਵੀਡੀਓ ਕਾਨਫਰੰਸ ਵਿਚ ਇਹ ਵੀ ਚਰਚਾ ਹੋਈ ਕਿ ਖਾਲਿਸਤਾਨ, ਪੰਥ ਪ੍ਰਵਾਨਿਤ ਸਿੱਖ ਰਹਿਤ ਮਰਿਆਦਾ, ਨਾਨਕਸ਼ਾਹੀ ਕੈਲੰਡਰ ਅਤੇ ਸਿੱਖ ਕੌਮ ਦਾ ਭਵਿੱਖ ਜਿਹੇ ਅਹਿਮ ਮੁੱਦਿਆਂ 'ਤੇ ਮੁਤਵਾਜ਼ੀ ਜਥੇਦਾਰਾਂ ਨੂੰ ਇਕਮੁੱਠ ਹੋ ਕੇ ਉਸਾਰੂ ਢੰਗ ਨਾਲ ਕਦਮ ਪੁੱਟਣੇ ਚਾਹੀਦੇ ਸਨ, ਜੋ ਨਹੀਂ ਪੁੱਟੇ ਗਏ।

ਕੋਆਰਡੀਨੇਸ਼ਨ ਕਮੇਟੀ ਨੇ ਸ਼ੱਕ ਪ੍ਰਗਟਾਇਆ ਕਿ ਜਥੇਦਾਰ ਆਪਣੀ ਸੂਝ-ਬੂਝ ਨਾਲ ਕੰਮ ਲੈਣ ਦੀ ਥਾਂ ਸਿੱਖ ਵਿਰੋਧੀ ਤਾਕਤਾਂ ਜਾਂ ਗਲਤ ਅਨਸਰਾਂ ਅਨੁਸਾਰ ਚੱਲ ਰਹੇ ਹਨ। ਕਮੇਟੀ ਨੇ ਕਿਹਾ ਕਿ ਸਰਬੱਤ ਖਾਲਸਾ ਵਿਚ ਪਾਸ ਕੀਤੇ ਗਏ ਮਤਿਆਂ ਵਿਚ ਇਕ ਮਤਾ ਇਹ ਵੀ ਸੀ ਕਿ ਵਰਲਡ ਸਿੱਖ ਪਾਰਲੀਮੈਂਟ ਬਣਾਈ ਜਾਵੇਗੀ ਤੇ ਇਸ ਪਾਰਲੀਮੈਂਟ ਨੂੰ ਅਜੇ ਤੱਕ ਇਨ੍ਹਾਂ ਜਥੇਦਾਰਾਂ ਨੇ ਇਕੱਠੇ ਹੋ ਕੇ ਸੰਬੋਧਨ ਨਹੀਂ ਕੀਤਾ ਸਗੋਂ ਜਥੇਦਾਰ ਹਵਾਰਾ ਵਲੋਂ ਬਣਾਈ ਗਈ ਵਰਲਡ ਸਿੱਖ ਪਾਰਲੀਮੈਂਟ ਵੀ ਰਲ ਕੇ ਕੰਮ ਨਾ ਕਰ ਸਕੀ ਤੇ ਦੋ ਹਿਸਿਆਂ ਵਿਚ ਵੰਡੀ ਗਈ। ਇੰਜ ਵਰਲਡ ਸਿੱਖ ਪਾਰਲੀਮੈਂਟ ਦੇ ਵੱਡੇ ਮੁੱਦੇ ਨੂੰ ਇਕ ਛੋਟੀ ਜਿਹੀ ਜਥੇਬੰਦੀ ਬਣਾ ਦਿੱਤਾ ਗਿਆ।

ਕੋਆਰਡੀਨੇਸ਼ਨ ਕਮੇਟੀ ਨੇ ਕਿਹਾ ਹੈ ਕਿ ਸਰਬੱਤ ਖਾਲਸਾ ਦੇ ਜਥੇਦਾਰ ਪਹਿਲਾਂ ਆਪ ਸਿਰ ਜੋੜ ਕੇ ਬੈਠਣ ਤਾਂ ਜੋ ਸਿੱਖ ਕੌਮ ਵਿਚ ਪੈਦਾ ਹੋਇਆ ਭੰਬਲਭੂਸਾ ਦੂਰ ਕੀਤਾ ਜਾ ਸਕੇ। ਨਹੀਂ ਤਾਂ ਸਰਬੱਤ ਖਾਲਸਾ ਜਥੇਦਾਰਾਂ ਦਾ ਹਾਲ ਵੀ ਉਹੀ ਹੋਵੇਗਾ, ਜੋ ਸ਼੍ਰੋਮਣੀ ਕਮੇਟੀ ਜਾਂ ਬਾਦਲਕਿਆਂ ਵਲੋਂ ਲਾਏ ਜਥੇਦਾਰਾਂ ਦਾ ਹੋਇਆ ਹੈ। ਕਮੇਟੀ ਨੇ ਕਿਹਾ ਕਿ ਹਉਮੈ, ਹੰਕਾਰ ਅਤੇ ਆਪਸੀ ਮਤਭੇਦ ਦੂਰ ਕਰ ਕੇ ਅਤੇ ਇੱਕਮੁੱਠ ਹੋ ਕੇ ਹੀ ਸਿੱਖ ਕੌਮ ਵਿਚ ਫੈਲੀ ਨਿਰਾਸ਼ਾ ਨੂੰ ਦੂਰ ਕੀਤਾ ਜਾ ਸਕਦਾ ਹੈ।

ਵੀਡੀਓ ਕਾਨਫਰੰਸ ਵਿਚ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਇੰਟਰਨੈਸ਼ਨਲ ਕੋਆਰਡੀਨੇਸ਼ਨ ਕਮੇਟੀ ਦੇ ਚੇਅਰਮੈਨ ਬੂਟਾ ਸਿੰਘ ਖੜੌਦ, ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਅਮਰੀਕਾ ਦੇ ਪ੍ਰਧਾਨ ਸੁਰਜੀਤ ਸਿੰਘ ਕੁਲਾਰ, ਕੌਮੀ ਜਨਰਲ ਸਕੱਤਰ ਜੀਤ ਸਿੰਘ ਆਲੋਅਰਖ, ਜਨਰਲ ਸਕੱਤਰ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਅਮਰੀਕਾ ਮੱਖਣ ਸਿੰਘ ਕਲੇਰ ਤੇ ਸਕੱਤਰ ਜਨਰਲ ਰੁਪਿੰਦਰ ਸਿੰਘ ਬਾਠ, ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਕੈਨੇਡਾ ਈਸਟ ਦੇ ਪ੍ਰਧਾਨ ਸੁਖਮਿੰਦਰ ਸਿੰਘ ਹੰਸਰਾ, ਜਰਨੈਲ ਸਿੰਘ ਓਂਟਾਰੀਓ, ਮਨਵੀਰ ਸਿੰਘ ਕਿਊਬੈਕ, ਕਰਨੈਲ ਸਿੰਘ ਓਂਟਾਰੀਓ, ਮਨਕੀਤ ਸਿੰਘ ਢੇਸੀ ਕੈਨੇਡਾ, ਅਮਨਦੀਪ ਸਿੰਘ ਯੂਥ ਪ੍ਰਧਾਨ ਅਮਰੀਕਾ; ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਫਰਾਂਸ ਦੇ ਪ੍ਰਧਾਨ ਭਾਈ ਚੈਨ ਸਿੰਘ ਤੇ ਜਰਨਲ ਸਕੱਤਰ ਪਰਮਜੀਤ ਸਿੰਘ ਸੋਹਲ, ਇਟਲੀ ਦੇ ਪ੍ਰਧਾਨ ਸਰਬਜੀਤ ਸਿੰਘ, ਪ੍ਰਧਾਨ ਫਿਨਲੈਂਡ ਸੁਖਜੀਵਨ ਸਿੰਘ ਆਦਿ ਨੇ ਸ਼ਮੂਲੀਅਤ ਕੀਤੀ।

# ਭਾਜਪਾ ਦਾ ਰਾਹ ਹੋਇਆ ਹੋਰ ਔਖਾ

ਭਾਰਤੀ ਜਨਤਾ ਪਾਰਟੀ ਇਸ ਸਮੇਂ ਨਿਸ਼ਚਿਤ ਤੌਰ 'ਤੇ ਉਹ ਸੋਚ ਰਹੀ ਹੋਵੇਗੀ ਕਿ ਇਹ ਨਰਿੰਦਰ ਮੋਦੀ ਦੀ ਨਿਜੀ ਹਰਮਨ-ਪਿਆਰਤਾ ਦੇ ਬਲ 'ਤੇ ਚੋਣਾਂ ਜਿੱਤ ਸਕੇਗੀ? ਖੁਦ ਮੋਦੀ ਨੂੰ ਵੀ ਇਸ ਗੱਲ ਦਾ ਅਹਿਸਾਸ ਹੈ। ਇਸ ਲਈ ਉਨ੍ਹਾਂ ਨੇ ਰਾਮ ਲੀਲਾ ਮੈਦਾਨ ਵਿਚ ਆਪਣੀ ਪਾਰਟੀ ਦੇ ਇਜਲਾਸ ਵਿਚ ਕਿਹਾ ਸੀ ਕਿ ਸਿਰਫ ਉਨ੍ਹਾਂ ਦੇ ਬਲ 'ਤੇ ਚੋਣ ਨਹੀਂ ਜਿੱਤੀ ਜਾ ਸਕਦੀ। ਉਚੀਆਂ ਜਾਤੀਆਂ ਨੂੰ 10 ਫੀਸਦੀ ਦਾ ਰਾਖਵਾਂਕਰਨ ਦਿੱਤਾ ਜਾ ਚੁੱਕਾ ਹੈ। ਵਸਤੂ ਅਤੇ ਸੇਵਾ ਕਰ

**ਅਭੈ ਕੁਮਾਰ ਦੂਬੇ**

(ਜੀ.ਐਸ.ਟੀ.) ਵਿਚ ਰਿਆਇਤਾਂ ਦੇ ਕੇ ਨਾਰਾਜ਼ ਵਪਾਰੀ ਵਰਗ ਨੂੰ ਸੰਤੁਸ਼ਟ ਕਰਨ ਦੇ ਯਤਨ ਕੀਤੇ ਜਾ ਚੁੱਕੇ ਹਨ। ਹੁਣ ਵਾਰੀ ਹੈ ਖੇਤੀ ਖੇਤਰ ਦੀ। ਇਕ ਫਰਵਰੀ ਨੂੰ ਬਜਟ ਆਵੇਗਾ। ਉਸ ਸਮੇਂ ਸਰਕਾਰ ਦੇ ਭੱਥੇ ਵਿਚੋਂ ਕਿਸਾਨਾਂ ਦੇ ਖਾਤੇ ਵਿਚ ਰਾਹਤ ਦੀ ਰਕਮ ਸਿੱਧੇ-ਸਿੱਧੇ ਪਹੁੰਚਾਉਣ ਦੀ ਯੋਜਨਾ ਦਾ ਤੀਰ ਨਿਕਲ ਸਕਦਾ ਹੈ। ਮੇਰੇ ਵਿਚਾਰ ਨਾਲ ਇਹ ਆਖਰੀ ਤੀਰ ਹੋਵੇਗਾ, ਜਿਹੜਾ ਸਰਕਾਰ ਆਪਣੇ ਪੱਖ ਵਿਚ ਚਲਾ ਸਕਦੀ ਹੈ।

ਚੋਣਾਂ ਸਿਰ 'ਤੇ ਹਨ ਅਤੇ ਸਰਵੇਖਣ ਕਰਨ, ਕਰਵਾਉਣ ਵਾਲੀਆਂ ਸੰਸਥਾਵਾਂ ਰੁੱਝੀਆਂ ਹੋਈਆਂ ਹਨ। ਦੇਸ਼ ਦੇ ਲੋਕਾਂ ਦਾ ਰੁਝਾਨ ਪਤਾ ਲਗਾਉਣ ਲਈ ਪੈਮਾਨੇ ਤਿਆਰ ਕੀਤੇ ਜਾ ਰਹੇ ਹਨ ਅਤੇ ਵੋਟਰਾਂ ਤੋਂ ਤਰ੍ਹਾਂ-ਤਰ੍ਹਾਂ ਦੀ ਪੁੱਛ-ਪੜਤਾਲ ਕਰ ਕੇ ਅੰਦਾਜ਼ਾ ਲਗਾਇਆ ਜਾ ਰਿਹਾ ਹੈ ਕਿ ਹਵਾ ਕਿਸ ਪਾਸੇ ਵਹਿ ਰਹੀ ਹੈ? ਹੁਣ ਤੱਕ ਆਏ ਤਿੰਨ 'ਮੂਡ ਆਫ ਦ ਨੇਸ਼ਨ' ਸਰਵੇਖਣਾਂ ਵਿਚੋਂ ਦੋ ਦੱਸ ਰਹੇ ਹਨ ਕਿ ਭਾਰਤੀ ਜਨਤਾ ਪਾਰਟੀ ਅਤੇ ਉਨ੍ਹਾਂ ਦੀ ਅਗਵਾਈ ਵਾਲਾ ਕੌਮੀ ਜਮਹੂਰੀ ਗੱਠਜੋੜ ਮੁੱਖ ਤੌਰ 'ਤੇ ਆਪਣੇ ਪਿਛਲੇ ਪ੍ਰਦਰਸ਼ਨ ਤੋਂ 80 ਤੋਂ 100 ਸੀਟਾਂ ਦੂਰ ਰਹਿ ਸਕਦਾ ਹੈ। ਇਸ ਤੋਂ ਇਹ ਸੰਦੇਸ਼ ਨਿਕਲਦਾ ਹੈ ਕਿ ਜੇ ਸਭ ਕੁਝ ਇੰਜ ਹੀ ਚਲਦਾ ਰਿਹਾ ਅਤੇ ਨਰਿੰਦਰ ਮੋਦੀ ਨੇ ਛੇਤੀ ਹੀ ਖੇਡ ਦਾ ਰੁਖ ਪਲਟ ਦੇਣ ਵਾਲਾ ਕੋਈ ਕਦਮ ਨਾ ਚੁੱਕਿਆ ਤਾਂ 2019 ਵਿਚ ਭਾਵੇਂ ਹੀ ਉਨ੍ਹਾਂ ਦੀ ਚੋਣਾਂ ਵਿਚ ਪੂਰੀ ਤਰ੍ਹਾਂ ਨਾਲ ਹਾਰ ਨਾ ਹੋਵੇ ਪਰ ਉਨ੍ਹਾਂ ਦੀ ਸਰਕਾਰ ਦੀ ਸਥਿਤੀ 90 ਦੇ ਦਹਾਕੇ ਵਿਚ ਬਣੀ ਅਟਲ ਬਿਹਾਰੀ ਵਾਜਪਾਈ ਦੀ ਸਰਕਾਰ ਵਰਗੀ ਹੋ ਜਾਵੇਗੀ, ਭਾਵ ਉਹ ਸਰਕਾਰ ਅਸਲ ਵਿਚ ਗੱਠਜੋੜ ਸਰਕਾਰ ਹੋਵੇਗੀ ਅਤੇ ਮੋਦੀ (ਜਾਂ ਉਸ ਸਮੇਂ ਜੋ ਵੀ ਭਾਜਪਾ ਦਾ ਪ੍ਰਧਾਨ ਮੰਤਰੀ ਹੋਵੇਗਾ) ਨੂੰ ਗੱਠਜੋੜ ਦੀਆਂ ਪਾਰਟੀਆਂ 'ਤੇ ਨਿਰਭਰ ਰਹਿਣਾ ਪਵੇਗਾ। ਉਸ ਸਥਿਤੀ ਵਿਚ ਸੰਸਦ ਵਿਚ ਵਿਰੋਧੀ ਧਿਰ ਦੀ ਤਾਕਤ ਵਧਣੀ ਲਾਜ਼ਮੀ ਹੈ ਅਤੇ ਜੇ ਅਜਿਹੀ ਲੋਕ ਸਭਾ ਦੀ ਕਲਪਨਾ ਕੀਤੀ ਜਾਵੇ ਤਾਂ ਵਿਰੋਧੀ ਧਿਰ ਦੀਆਂ ਕੁਰਸੀਆਂ 'ਤੇ ਕਾਂਗਰਸ ਦੇ 100 ਤੋਂ 125 ਸੰਸਦ ਮੈਂਬਰ ਬੈਠੇ ਦਿਖਾਈ ਦੇਣਗੇ ਅਤੇ ਬਹੁਤ ਸਾਰੀਆਂ ਕੁਰਸੀਆਂ 'ਤੇ ਭਾਜਪਾ ਵਿਰੋਧੀ ਖੇਤਰੀ ਸ਼ਕਤੀਆਂ ਦੇ ਸੰਸਦ ਮੈਂਬਰ ਵੀ ਦਿਖਾਈ ਦੇਣਗੇ; ਭਾਵ ਭਾਜਪਾ ਲਈ ਆਉਣ ਵਾਲਾ ਰਸਤਾ ਮੁਸ਼ਕਿਲ ਜਾਪ ਰਿਹਾ ਹੈ।

ਵੋਟ ਫੀਸਦੀ ਅਤੇ ਸੀਟਾਂ ਦੀ ਚਰਚਾ ਕਰਨ ਵਾਲੇ ਇਨ੍ਹਾਂ ਪਰੰਪਰਿਕ ਕਿਸਮ ਦੇ ਸਰਵੇਖਣਾਂ ਤੋਂ ਵੱਖ ਹੁੰਦੇ ਹੋਏ ਅਜਿਹੀ ਰਾਏਸ਼ੁਮਾਰੀ ਵੀ ਕੀਤੀ ਗਈ ਜਿਹੜੀ ਰਾਜਨੀਤਕ ਹਵਾ ਦਾ ਅੰਦਾਜ਼ਾ ਵਿਸ਼ਵਾਸ ਜਾਂ ਭਰੋਸੇ ਦੇ ਪ੍ਰਸੰਗ ਵਿਚ ਲਗਾਉਂਦੀ ਹੈ। ਇਹ ਸਰਵੇਖਣ ਲੋਕਾਂ ਤੋਂ ਪੁੱਛਦਾ ਹੈ ਕਿ ਮੁੱਦਿਆਂ (ਮਹਿੰਗਾਈ, ਕਾਨੂੰਨ ਵਿਵਸਥਾ, ਸਰਕਾਰੀ ਨੌਕਰੀ, ਭ੍ਰਿਸ਼ਟਾਚਾਰ, ਫਿਰਕੂ ਭਾਈਚਾਰਾ), ਹਸਤੀਆਂ (ਨਰਿੰਦਰ ਮੋਦੀ, ਰਾਹੁਲ ਗਾਂਧੀ, ਮਮਤਾ ਬੈਨਰਜੀ ਆਦਿ) ਅਤੇ ਪਾਰਟੀਆਂ (ਭਾਜਪਾ, ਕਾਂਗਰਸ ਅਤੇ ਖੇਤਰੀ ਪਾਰਟੀਆਂ) ਦੇ ਪ੍ਰਸੰਗ ਵਿਚ ਉਹ ਕਿਸ 'ਤੇ ਅਤੇ ਕਿੰਨਾ ਕੁ ਵਿਸ਼ਵਾਸ ਕਰਦੇ ਹਨ? ਜ਼ਾਹਰ ਹੈ ਕਿ ਇਸ ਤੋਂ ਇਹ ਤਾਂ ਪਤਾ ਲੱਗ ਹੀ ਸਕਦਾ ਹੈ ਕਿ ਇਸ ਵਾਰ ਲੋਕ ਕਿਸ ਨੂੰ ਵੋਟ ਪਾਉਣੀ ਚਾਹੁੰਦੇ ਹਨ ਅਤੇ ਉਸ ਦੇ ਪਿੱਛੇ ਉਨ੍ਹਾਂ ਦੇ ਕੀ ਕਾਰਨ ਹਨ। ਨੈੱਟਵਰਕ 18 ਦੇ ਚੈਨਲ ਸੀ.ਐਨ.ਬੀ.ਸੀ. ਆਵਾਜ਼ ਅਤੇ 'ਫਸਟ ਪੋਸਟ' ਅਖਬਾਰ ਲਈ ਇਪਸੋਸ ਸੰਸਥਾ ਵਲੋਂ ਕੀਤੇ ਗਏ ਇਸ ਵਿਸਤਾਰਤ ਸਰਵੇਖਣ ਨੇ ਆਪਣੇ ਨਮੂਨੇ ਅਤੇ ਪ੍ਰਣਾਲੀ ਦੀ ਵੀ ਜਾਣਕਾਰੀ ਮੁਹੱਈਆ ਕਰਵਾਈ ਹੈ ਜਿਸ ਨਾਲ ਪਹਿਲੀ ਨਜ਼ਰ ਵਿਚ ਇਹ ਜ਼ਿਆਦਾ ਵਿਸ਼ਵਾਸਯੋਗ ਲੱਗਣ ਲਗਦਾ ਹੈ। ਇਸ ਦੇ ਅੰਕੜਿਆਂ ਦਾ ਵਿਸ਼ਲੇਸ਼ਣ ਕਰਨ 'ਤੇ ਇਸ ਸਰਵੇਖਣ ਤੋਂ ਕਈ ਹੈਰਾਨ ਕਰਨ ਵਾਲੇ ਨਤੀਜੇ ਸਾਹਮਣੇ ਆਉਂਦੇ ਹਨ।



***ਹੁਣ ਤੱਕ ਆਏ ਤਿੰਨ 'ਮੂਡ ਆਫ ਦ ਨੇਸ਼ਨ' ਸਰਵੇਖਣਾਂ ਵਿਚੋਂ ਦੋ ਦੱਸ ਰਹੇ ਹਨ ਕਿ ਭਾਰਤੀ ਜਨਤਾ ਪਾਰਟੀ ਅਤੇ ਉਨ੍ਹਾਂ ਦੀ ਅਗਵਾਈ ਵਾਲਾ ਕੌਮੀ ਜਮਹੂਰੀ ਗੱਠਜੋੜ ਮੁੱਖ ਤੌਰ 'ਤੇ ਆਪਣੇ ਪਿਛਲੇ ਪ੍ਰਦਰਸ਼ਨ ਤੋਂ 80 ਤੋਂ 100 ਸੀਟਾਂ ਦੂਰ ਰਹਿ ਸਕਦਾ ਹੈ। ਇਸ ਤੋਂ ਇਹ ਸੰਦੇਸ਼ ਨਿਕਲਦਾ ਹੈ ਕਿ ਜੇ ਸਭ ਕੁਝ ਇੰਜ ਹੀ ਚਲਦਾ ਰਿਹਾ ਅਤੇ ਨਰਿੰਦਰ ਮੋਦੀ ਨੇ ਛੇਤੀ ਹੀ ਖੇਡ ਦਾ ਰੁਖ ਪਲਟ ਦੇਣ ਵਾਲਾ ਕੋਈ ਕਦਮ ਨਾ ਚੁੱਕਿਆ ਤਾਂ 2019 ਵਿਚ ਭਾਵੇਂ ਹੀ ਉਨ੍ਹਾਂ ਦੀ ਚੋਣਾਂ ਵਿਚ ਪੂਰੀ ਤਰ੍ਹਾਂ ਨਾਲ ਹਾਰ ਨਾ ਹੋਵੇ ਪਰ ਉਨ੍ਹਾਂ ਦੀ ਸਰਕਾਰ ਦੀ ਸਥਿਤੀ 90 ਦੇ ਦਹਾਕੇ ਵਿਚ ਬਣੀ ਅਟਲ ਬਿਹਾਰੀ ਵਾਜਪਾਈ ਦੀ ਸਰਕਾਰ ਵਰਗੀ ਹੋ ਜਾਵੇਗੀ।***

ਜਿਵੇਂ ਆਮ ਮਾਨਤਾ ਹੈ ਕਿ ਕਿਸੇ ਵੀ ਸਰਵੇਖਣ ਵਿਚ ਗਣਿਤ ਦਿਖਾਈ ਦਿੰਦਾ ਹੈ। ਉਸ ਦਾ ਅਸਲ ਨਤੀਜਾ ਉਸ ਦੇ ਅੰਕੜਿਆਂ ਅੰਦਰ ਕਿਤੇ ਲੁਕਿਆ ਰਹਿੰਦਾ ਹੈ, ਜਿਵੇਂ ਇਹ ਭਰੋਸਾ ਸਰਵੇਖਣ ਦੱਸਦਾ ਹੈ ਕਿ ਨਰਿੰਦਰ ਮੋਦੀ ਦੀ ਨਿਜੀ ਇਮਾਨਦਾਰੀ ਅਤੇ ਵਿੱਤੀ ਪਵਿਤਰਤਾ ਵਿਚ ਲੋਕਾਂ ਦਾ ਯਕੀਨ 50 ਫੀਸਦੀ ਤੋਂ ਕੁਝ ਜ਼ਿਆਦਾ ਹੈ। ਪਹਿਲੀ ਨਜ਼ਰ ਵਿਚ ਭਰੋਸੇਯੋਗ ਲੱਗਣ ਵਾਲੇ ਇਸ ਤੱਥ ਨੂੰ ਜਿਵੇਂ ਹੀ ਰਾਫੇਲ ਸੌਦੇ 'ਤੇ ਉਠੇ ਵਿਵਾਦ 'ਤੇ ਲੋਕਾਂ ਦੀ ਸਲਾਹ ਦੇ ਸ਼ੀਸ਼ੇ ਵਿਚ ਦੇਖਿਆ ਜਾਂਦਾ ਹੈ, ਤਾਂ ਇਹ ਅੰਕੜਾ ਕਮਜ਼ੋਰ ਲੱਗਣ ਲਗਦਾ ਹੈ। 55 ਫੀਸਦੀ ਲੋਕ ਮੰਨਦੇ ਹਨ ਕਿ ਰਾਫੇਲ ਸੌਦਾ 2019 ਦੀਆਂ ਲੋਕ ਸਭਾ ਚੋਣਾਂ ਵਿਚ ਅਹਿਮ ਮੁੱਦੇ ਦੀ ਭੂਮਿਕਾ ਨਿਭਾਏਗਾ। ਜਦੋਂ ਇਹੀ ਸਵਾਲ ਹੋਰ ਵੀ ਠੋਸ ਢੰਗ ਨਾਲ ਪੁੱਛਿਆ ਗਿਆ ਕਿ, ਕੀ ਕਾਂਗਰਸ ਵਲੋਂ ਪ੍ਰਧਾਨ ਮੰਤਰੀ ਮੋਦੀ 'ਤੇ ਲਗਾਏ ਭ੍ਰਿਸ਼ਟਾਚਾਰ ਦੇ ਦੋਸ਼ਾਂ ਨਾਲ ਉਹ ਸਹਿਮਤ ਹਨ, ਤਾਂ ਪਤਾ ਲੱਗਿਆ ਕਿ 43 ਫੀਸਦੀ ਲੋਕ ਮਜ਼ਬੂਤੀ ਨਾਲ ਅਤੇ 22 ਫੀਸਦੀ ਲੋਕ ਮਾਮੂਲੀ ਢੰਗ ਨਾਲ ਇਨ੍ਹਾਂ ਦੋਸ਼ਾਂ ਨੂੰ ਸਹੀ ਮੰਨਦੇ ਹਨ। ਸਮਝਣ ਦੀ ਗੱਲ ਹੈ ਕਿ ਜੇਕਰ ਰਾਫੇਲ ਮੁੱਦੇ 'ਤੇ ਕੁੱਲ 65 ਫੀਸਦੀ ਲੋਕ ਅਜਿਹਾ ਨਾ ਮੰਨਦੇ ਹੁੰਦੇ, ਇਮਾਨਦਾਰੀ ਅਤੇ ਵਿੱਤੀ ਪਵਿਤਰਤਾ ਵਾਲੇ ਅੰਕੜੇ ਵਿਚ ਪ੍ਰਧਾਨ ਮੰਤਰੀ ਦੀ ਰੇਟਿੰਗ 80 ਫੀਸਦੀ ਆਉਂਦੀ, ਭਾਵ ਵਿਰੋਧੀ ਧਿਰ ਵਲੋਂ ਲਗਾਇਆ ਗਿਆ 'ਚੌਕੀਦਾਰ ਚੋਰ ਹੈ' ਵਾਲਾ ਨਾਅਰਾ ਕਿਤੇ ਨਾ ਕਿਤੇ ਕੰਮ ਕਰਦਾ ਹੋਇਆ ਦਿਖਾਈ ਦੇ ਰਿਹਾ ਹੈ। ਇਕ ਹੋਰ ਤੱਥ ਜਿਸ ਨਾਲ ਸੱਤਾਧਾਰੀ ਪਾਰਟੀ ਬੇਚੈਨ ਹੋ ਸਕਦੀ ਹੈ, ਨੇਤਾ ਵਜੋਂ ਲੋਕਾਂ ਦੀ ਪਸੰਦ ਨਾਲ ਸਬੰਧਿਤ ਹੈ। 67 ਫੀਸਦੀ ਲੋਕਾਂ ਨੇ ਪ੍ਰਧਾਨ ਮੰਤਰੀ ਮੋਦੀ ਵਿਚ ਆਪਣਾ ਵਿਸ਼ਵਾਸ ਜਤਾਇਆ ਹੈ। ਇਕ ਵਾਰ ਫਿਰ ਇਹ ਆਕਰਸ਼ਕ ਅੰਕੜਾ ਹੈ ਪਰ 49 ਫੀਸਦੀ ਲੋਕ ਅਜਿਹੇ ਵੀ ਹਨ ਜਿਹੜੇ ਰਾਹੁਲ ਗਾਂਧੀ 'ਤੇ ਯਕੀਨ ਰੱਖਦੇ ਹਨ। ਸਪਸ਼ਟ ਹੈ ਕਿ 16 ਫੀਸਦੀ ਲੋਕ ਅਜਿਹੇ ਵੀ ਹਨ ਜਿਹੜੇ ਦੋਵੇਂ ਨੇਤਾਵਾਂ ਨੂੰ ਇਕ-ਦੂਜੇ ਦੇ ਬਦਲ ਵਜੋਂ ਵੇਖ ਰਹੇ ਹਨ ਅਤੇ ਜਿਵੇਂ-ਜਿਵੇਂ ਚੋਣਾਂ ਨਜ਼ਦੀਕ ਆਉਣਗੀਆਂ, ਉਹ ਕਿਸੇ ਨਾ ਕਿਸੇ ਵੱਲ ਤਾਂ ਜ਼ਰੂਰ ਝੁਕਣਗੇ। ਇਹ ਅੰਕੜਾ ਦੱਸਦਾ ਹੈ ਕਿ ਮੋਦੀ ਦਾ ਕੋਈ ਬਦਲ ਨਹੀਂ ਵਾਲੀ ਸਥਿਤੀ ਹੁਣ ਨਹੀਂ ਰਹਿ ਗਈ ਹੈ। ਰਾਹੁਲ ਗਾਂਧੀ ਨੇ ਆਮ ਲੋਕਾਂ ਨੂੰ ਛੋਹਣ ਵਿਚ ਕਾਫੀ ਮੁਹਾਰਤ ਹਾਸਲ ਕੀਤੀ ਹੈ। ਦੂਸਰਾ ਰਾਹੁਲ ਗਾਂਧੀ ਦੱਖਣੀ ਭਾਰਤ ਵਿਚ ਮੋਦੀ ਤੋਂ ਅੱਗੇ ਹਨ ਅਤੇ ਇਥੋਂ ਤੱਕ ਕਿ ਆਸਾਮ ਵਿਚ ਵੀ (ਜਿਥੇ ਭਾਜਪਾ ਪੂਰਨ ਬਹੁਮਤ ਨਾਲ ਜਿੱਤੀ ਸੀ) ਉਨ੍ਹਾਂ 'ਤੇ ਅਤੇ ਉਨ੍ਹਾਂ ਦੀ ਪਾਰਟੀ 'ਤੇ ਲੋਕਾਂ ਦਾ ਯਕੀਨ ਜ਼ਿਆਦਾ ਹੈ।

ਇਹ ਸਰਵੇਖਣ ਅੰਕੜਿਆਂ ਦੀਆਂ ਦੋ ਅਜਿਹੀਆਂ ਸ਼੍ਰੇਣੀਆਂ ਵੀ ਪੇਸ਼ ਕਰਦਾ ਹੈ, ਜੋ ਮੋਦੀ ਅਤੇ ਉਨ੍ਹਾਂ ਦੇ ਸਮਰਥਕਾਂ ਨੂੰ ਕਾਫੀ ਪ੍ਰੇਸ਼ਾਨ ਕਰ ਸਕਦੀਆਂ ਹਨ। ਸ਼ੁਰੂ ਵਿਚ ਹੀ ਸਰਵੇਖਣ ਮੁੱਖ ਮੁੱਦਿਆਂ ਦੇ ਪ੍ਰਸੰਗ ਵਿਚ ਦੱਸਦਾ ਹੈ ਕਿ 37 ਤੋਂ 44 ਫੀਸਦੀ ਵਿਚਕਾਰ ਲੋਕ ਭਾਜਪਾ 'ਤੇ ਉਨ੍ਹਾਂ ਦੀਆਂ ਮੁਸ਼ਕਿਲਾਂ ਹੱਲ ਕਰਨ ਦੇ ਮਾਮਲੇ ਵਿਚ ਯਕੀਨ ਕਰ ਰਹੇ ਹਨ। ਜੇਕਰ 56 ਮਹੀਨਿਆਂ ਦੇ ਸ਼ਾਸਨ ਦੇ ਬਾਅਦ ਵੀ ਲੋਕਾਂ ਦਾ ਯਕੀਨ ਸਰਕਾਰ ਵਿਚ 50 ਫੀਸਦੀ ਤੋਂ ਉਤੇ ਨਹੀਂ ਜਾ ਸਕਿਆ ਤਾਂ ਵਿਰੋਧੀ ਧਿਰ ਦੀ ਏਕਤਾ ਦੇ ਬਿਹਤਰ ਸੂਚਕ ਅੰਕ ਦੀ ਹਾਲਤ ਵਿਚ ਭਾਜਪਾ ਨੂੰ 50 ਫੀਸਦੀ ਤੋਂ ਜ਼ਿਆਦਾ ਵੋਟ ਕਿਵੇਂ ਮਿਲਣਗੇ? (ਅਮਿਤ ਸ਼ਾਹ ਨੇ ਇਹੋ ਟੀਚੇ ਦਾ ਐਲਾਨ ਕੀਤਾ ਸੀ)। 2014 ਵਿਚ ਜਦੋਂ ਮੋਦੀ ਆਪਣੀ ਹਰਮਨ-ਪਿਆਰਤਾ ਦੇ ਸਿਖਰ 'ਤੇ ਸਨ ਅਤੇ ਵਿਰੋਧੀ ਧਿਰ ਦੀ ਏਕਤਾ ਦਾ ਸੂਚਕ ਅੰਕ ਸਿਫਰ ਸੀ, ਉਸ ਸਮੇਂ ਭਾਜਪਾ 31 ਤੋਂ 38 ਫੀਸਦੀ ਵੋਟਾਂ ਨਾਲ ਬਹੁਮਤ ਹਾਸਲ ਕਰ ਗਈ ਸੀ। ਮੌਜੂਦਾ ਸਥਿਤੀ ਵਿਚ ਅਜਿਹਾ ਨਹੀਂ ਹੋ ਸਕਦਾ। ਇਸੇ ਤਰ੍ਹਾਂ ਅੰਕੜਿਆਂ ਦੀ ਇਕ ਹੋਰ ਸ਼੍ਰੇਣੀ ਵਿਚ ਲੋਕ ਕੌਮੀ ਜਮਹੂਰੀ ਗੱਠਜੋੜ ਨੂੰ 30 ਤੋਂ 40 ਫੀਸਦੀ ਵੋਟ ਦੇਣ ਬਾਰੇ ਸੋਚ ਰਹੇ ਹਨ। ਇਸ ਨੂੰ ਅਤੇ ਮੁੱਦਿਆਂ ਵਾਲੇ ਅੰਕੜਿਆਂ ਨੂੰ ਇਕ-ਦੂਜੇ ਦੇ ਸਾਹਮਣੇ ਰੱਖ ਕੇ ਸਪੱਸ਼ਟ ਹੋ ਜਾਂਦਾ ਹੈ ਕਿ ਭਾਜਪਾ ਕਿਹੜੀਆਂ ਮੁਸ਼ਕਿਲਾਂ ਦਾ ਸਾਹਮਣਾ ਕਰ ਰਹੀ ਹੈ।

# ਬਾਜ਼ਾਰ ਅਤੇ ਗੋਰੇ ਰੰਗ ਦਾ ਵਪਾਰ

"ਗੋਰੇ ਰੰਗ ਨੂੰ ਕੋਈ ਨਾ ਪੁੱਛਦਾ, ਮੁੱਲ ਪੈਂਦੇ ਅਕਲਾਂ ਦੇ।" ਇਹ ਸਤਰਾਂ ਆਪਣੇ ਅੰਦਰ ਵੱਡੀ ਸਿੱਖਿਆ ਸਮੋਈ ਬੈਠੀਆਂ ਹਨ, ਜੋ ਸ਼ਾਇਦ ਗੋਰੇ ਰੰਗ ਦੇ ਕਿਸੇ ਸ਼ੈਦਾਈ ਨੂੰ ਮੱਤ ਦੇਣ ਲਈ ਹੀ ਘੜੀਆਂ ਗਈਆਂ ਹੋਣਗੀਆਂ ਤੇ ਅੱਜ ਦੇ ਸਮੇਂ ਵਿਚ ਇਹ ਮੱਤ ਲੈਣ ਦੀ ਵੱਡੀ ਲੋੜ ਹੈ।

ਅਜੋਕੇ ਸਮੇਂ ਵਿਚ ਸਮਝਿਆ ਜਾਣ ਲੱਗਿਆ ਹੈ, "ਜੋ ਦਿਖਤਾ ਹੈ, ਵੋ ਹੀ ਬਿਕਤਾ ਹੈ।" ਭਾਵ ਦਿੱਖ ਨੂੰ ਤਰਜੀਹ ਦਿੱਤੀ ਜਾਣ ਲੱਗੀ ਹੈ। ਇਸੇ ਲਈ ਬਿਊਟੀ ਪਾਰਲਰਾਂ ਦੀ ਗਿਣਤੀ ਵਧਦੀ ਜਾ ਰਹੀ ਹੈ। ਇਹ ਗਿਣਤੀ ਵਧਣ ਦਾ ਕਾਰਨ ਹੈ ਕਿ ਸਾਨੂੰ ਆਪਣੇ ਆਪ ਉਤੇ ਵਿਸ਼ਵਾਸ

**ਦੀਪਕ ਅਜ਼ੀਜ਼**

ਨਹੀਂ ਰਿਹਾ। ਇਹ ਬੇਭਰੋਸਗੀ ਜਿੰਨੀ ਵਧਦੀ ਹੈ, ਉਨਾ ਹੀ ਪਾਰਲਰ ਜਾਣ ਦੀ ਲੋੜ ਜ਼ਿਆਦਾ ਜਾਪਦੀ ਹੈ। ਅਸਲ ਵਿਚ ਸਾਨੂੰ ਬਿਊਟੀ ਪਾਰਲਰ ਦੀ ਨਹੀਂ, ਬਿਊਟੀ ਪਾਰਲਰਾਂ ਨੂੰ ਸਾਡੀ ਲੋੜ ਹੈ, ਸਬੰਧਤ ਕੰਪਨੀਆਂ ਨੂੰ ਸਾਡੀ ਲੋੜ ਹੈ। ਸਾਡੀ-ਭਾਵ-ਸਾਡੀ ਜੇਬ ਦੀ ਲੋੜ ਹੈ। ਘਰ ਤੋਂ ਬਾਹਰ ਨਿਕਲਣ ਦੀ ਲੋੜ ਨਹੀਂ, ਇਹ ਕੰਪਨੀਆਂ, ਇਹ ਬਾਜ਼ਾਰ ਤਿਆਰ-ਬਰ-ਤਿਆਰ ਖੜ੍ਹਾ ਹੈ, ਸਾਡੇ ਘਰ ਵਿਚ ਵੜ ਕੇ ਸਾਨੂੰ ਆਪਣੀ ਰੰਗਲੀ ਗ੍ਰਿਫਤ ਵਿਚ ਲੈਣ ਲਈ। ਬਾਜ਼ਾਰ ਤੋਂ ਅਸੀਂ ਸਾਰੇ ਪ੍ਰਭਾਵਿਤ ਹੁੰਦੇ ਹਾਂ ਪਰ ਔਰਤਾਂ, ਕੁੜੀਆਂ ਤੇ ਬੱਚੇ ਇਸ ਦੇ ਜ਼ਿਆਦਾ ਸ਼ਿਕਾਰ ਹੁੰਦੇ ਹਨ।

ਅੱਜ ਜਦੋਂ 'ਸਭ ਕੁਛ ਬਿਕਤਾ ਹੈ' ਤਾਂ ਸ਼ਿੰਗਾਰ ਵਾਲੀਆਂ ਵਸਤੂਆਂ ਦੀ ਕੀ ਮਜਾਲ ਕਿ ਇਨ੍ਹਾਂ ਦਾ ਕਾਰੋਬਾਰ ਨਾ ਹੋਵੇ। ਇਸ ਕਾਰੋਬਾਰ ਵਿਚ ਗੋਰੇ ਰੰਗ ਦਾ ਕਾਰੋਬਾਰ ਸਭ ਤੋਂ ਉਪਰ ਹੈ। ਇਕੱਲੇ ਭਾਰਤ ਵਿਚ ਹੀ ਲੋਕ ਇਕ ਸਾਲ ਵਿਚ 2900 ਕਰੋੜ ਰੁਪਏ ਚਮੜੀ ਦਾ ਰੰਗ ਗੋਰਾ ਕਰਨ ਦੇ ਦਾਅਵੇ ਸਮੇਤ ਵੇਚੀਆਂ ਜਾਂਦੀਆਂ ਕਰੀਮਾਂ ਅਤੇ ਲੋਸ਼ਨਾਂ 'ਤੇ ਖਰਚ ਦਿੰਦੇ ਹਨ। ਬੀ.ਬੀ.ਸੀ. ਦੀ ਰਿਪੋਰਟ ਅਨੁਸਾਰ ਭਾਰਤ ਸਣੇ ਦੱਖਣੀ ਏਸ਼ਿਆਈ ਮੁਲਕਾਂ ਵਿਚ ਇਕ ਸਾਲ 'ਚ ਓਨੀਆਂ ਕੋਕਾ-ਕੋਲਾ ਦੀਆਂ ਬੋਤਲਾਂ ਨਹੀਂ ਖਰੀਦੀਆਂ ਜਾਂਦੀਆਂ, ਜਿੰਨੀਆਂ ਇਹ ਕਰੀਮਾਂ ਖਰੀਦੀਆਂ ਜਾਂਦੀਆਂ ਹਨ। ਕੀ ਕਦੇ ਸੁਣਿਆ ਹੈ ਕਿ ਜਿਉਂ ਜਿਉਂ ਉਮਰ ਵਧਦੀ ਹੈ, ਤਿਉਂ ਤਿਉਂ ਕੋਈ ਜਵਾਨ ਹੁੰਦਾ ਜਾਂਦਾ ਹੈ ਪਰ 1975 ਵਿਚ ਬਣੀ 'ਹਿੰਦੁਸਤਾਨ ਯੂਨੀਲੀਵਰ' ਕੰਪਨੀ ਦੀ 'ਫੇਅਰ ਐਂਡ ਲਵਲੀ' 43 ਸਾਲਾਂ ਦੀ ਹੋ ਕੇ ਵੀ ਦਿਨੋ-ਦਿਨ ਜਵਾਨ ਹੋ ਰਹੀ ਹੈ। ਇਕੱਲੀ ਇਹੀ ਕਰੀਮ ਭਾਰਤ ਵਿਚ ਹਰ ਸਾਲ 2 ਹਜ਼ਾਰ ਕਰੋੜ ਰੁਪਏ ਦਾ ਕਾਰੋਬਾਰ ਕਰਦੀ ਹੈ। ਇਹ ਤਾਂ ਮਹਿਜ਼ ਇਕ ਕਰੀਮ ਦਾ ਕਾਰੋਬਾਰ ਹੈ, ਸੋਚੋ ਕਿ ਸਾਰੀਆਂ ਕੰਪਨੀਆਂ ਦੇ ਕੁੱਲ ਉਤਪਾਦਾਂ ਦਾ ਕਾਰੋਬਾਰ ਕਿੰਨਾ ਹੋਵੇਗਾ? ਇਨ੍ਹਾਂ ਉਤਪਾਦਾਂ ਵਿਚ ਹੇਅਰ ਕਲਰ, ਵੈਕਸ, ਜੈੱਲ, ਸ਼ੈਂਪੂ, ਕੰਡੀਸ਼ਨਰ, ਆਈ ਸ਼ੈਡੋ, ਆਈ ਲਾਈਨਰ, ਲਿਪ-ਗਲੋਸ, ਲਿਪਸਟਿਕ, ਫੇਸ-ਵਾਸ਼, ਬਲੱਸ਼, ਫਾਊਂਡੇਸ਼ਨ, ਸਕ੍ਰੱਬ, ਨੇਲ ਪਾਲਿਸ਼, ਪਾਊਡਰ, ਲੋਸ਼ਨ, ਪਰਫਿਊਮ ਆਦਿ 'ਚੋਂ ਕੋਈ ਨਾਂ ਆਪਣਾ ਆਪਣਾ ਲੱਗਿਆ? ਨਹੀਂ ਨਾ! ਕਿਉਂਕਿ ਇਹ ਸਭ ਬਣਾਉਣ ਵਾਲੀਆਂ ਕੰਪਨੀਆਂ ਜਿਵੇਂ ਓਲੇਅ, ਲੌਰੀਅਲ, ਡਵ, ਲੈਕਮੇ, ਨੀਵੀਆ, ਕਲਰਬਾਰ ਆਦਿ ਅਮਰੀਕਾ, ਫਰਾਂਸ, ਇੰਗਲੈਂਡ, ਜਰਮਨੀ ਆਦਿ ਮੁਲਕਾਂ ਦੀਆਂ ਕੰਪਨੀਆਂ ਹਨ। ਫੋਰਬਸ ਰਸਾਲੇ ਅਨੁਸਾਰ 2012 ਵਿਚ ਇਨ੍ਹਾਂ ਕੰਪਨੀਆਂ ਦਾ ਕਾਰੋਬਾਰ 38200 ਕਰੋੜ ਰੁਪਏ ਸੀ। ਸ਼ਿੰਗਾਰ ਨੂੰ ਅਸੀਂ ਆਪਣੀ ਚਾਹਤ ਤੇ ਰੀਝ ਮੰਨਦੇ ਹਾਂ ਤੇ ਅੰਕੜੇ ਦੱਸਦੇ ਹਨ ਕਿ ਸਾਡੀਆਂ ਇਨ੍ਹਾਂ ਚਾਹਤਾਂ ਤੇ ਰੀਝਾਂ ਦਾ ਵਪਾਰ ਹੁੰਦਾ ਹੈ।

ਇਹ ਸਭ ਹੋਇਆ ਕਿਸ ਤਰ੍ਹਾਂ? 1990 ਤੋਂ ਬਾਅਦ ਜਦੋਂ ਤੋਂ ਨਿੱਜੀਕਰਨ ਤੇ ਪੂੰਜੀਵਾਦ ਦਾ ਦੌਰ ਸ਼ੁਰੂ ਹੋਇਆ, ਉਦੋਂ ਤੋਂ ਹੀ ਮੰਡੀ ਨੂੰ ਖੁੱਲ੍ਹ ਮਿਲ ਗਈ। ਫਿਰ ਕੇਂਦਰ ਵਿਚ ਪੈਸਾ ਤੇ ਮੁਨਾਫਾ ਆਉਣਾ ਸ਼ੁਰੂ ਹੋਇਆ ਤੇ ਅਸੀਂ ਇਹ ਬਾਖੂਬੀ ਜਾਣਦੇ ਹਾਂ ਕਿ ਮੁਨਾਫੇ ਲਈ ਕੀ ਕੀ ਹੋ ਸਕਦਾ ਹੈ? ਵਿਸ਼ਵ ਸੁੰਦਰੀ (ਮਿਸ ਵਰਲਡ) ਦੇ ਖਿਤਾਬ ਤੋਂ ਅਸੀਂ ਸਭ ਜਾਣੂੰ ਹਾਂ। ਇਹ ਖਿਤਾਬ 1951 ਵਿਚ ਸ਼ੁਰੂ ਹੋਇਆ। 1951 ਤੋਂ 1990 ਤੱਕ 40 ਸਾਲਾਂ ਵਿਚ ਭਾਰਤ ਦੀ ਸਿਰਫ ਇਕ ਔਰਤ ਰੀਟਾ ਫਾਰੀਆ (1966) ਨੂੰ ਖਿਤਾਬ ਮਿਲਿਆ ਪਰ ਅਚਾਨਕ 1991 ਤੋਂ 2000 ਤੱਕ 10 ਸਾਲਾਂ ਵਿਚ ਭਾਰਤ ਦੀਆਂ 4 ਔਰਤਾਂ- ਐਸ਼ਵਰਿਆ ਰਾਏ, ਡਾਇਨਾ ਹੇਡਨ, ਯੁਕਤਾ ਮੁਖੀ ਤੇ ਪ੍ਰਿਅੰਕਾ ਚੋਪੜਾ ਇਹ ਖਿਤਾਬ ਜਿੱਤ ਜਾਂਦੀਆਂ ਹਨ। ਇਹ ਮਹਿਜ਼ ਇਤਫਾਕ ਤਾਂ ਨਹੀਂ ਹੋ ਸਕਦਾ। ਇਹ ਸਭ ਇਸ ਲਈ ਕੀਤਾ ਗਿਆ ਕਿ ਇਨ੍ਹਾਂ ਵਿਸ਼ਵ ਸੁੰਦਰੀਆਂ ਪਿੱਛੇ ਲੱਗ ਕੇ ਹੋਰ ਔਰਤਾਂ ਜਾਂ ਕੁੜੀਆਂ ਮੇਕਅੱਪ ਵੱਲ ਦੌੜਨ ਤੇ ਬਾਜ਼ਾਰ ਦੇ ਵੱਸ ਪੈ ਜਾਣ।

ਇਸ ਵਿਚ ਸਭ ਤੋਂ ਵੱਡਾ ਕੰਮ ਕਰਦੇ ਹਨ ਇਸ਼ਤਿਹਾਰ, ਜਿਨ੍ਹਾਂ ਨੂੰ ਅਸੀਂ ਇਸ਼ਤਿਹਾਰ, ਮਸ਼ਹੂਰੀਆਂ ਜਾਂ ਐਡਜ਼ ਵੀ ਕਹਿ ਦਿੰਦੇ ਹਾਂ। ਇਸ਼ਤਿਹਾਰ ਪਹਿਲਾਂ ਸਾਡੇ ਵਿਚ ਹੀਣ ਭਾਵਨਾ ਭਰਦੇ ਹਨ, ਉਦਾਹਰਨ ਵਜੋਂ 'ਜੇ ਤੂੰ ਸੋਹਣੀ ਨਹੀਂ ਤਾਂ ਤੂੰ ਕੁਝ ਵੀ ਨਹੀਂ।' ਇਹ ਅਹਿਸਾਸ ਕਰਾਇਆ ਜਾਂਦਾ ਹੈ ਕਿ ਔਰਤ ਦੀ ਹੋਂਦ ਸਿਰਫ ਉਸ ਦੀ ਖੂਬਸੂਰਤੀ ਨਾਲ ਹੈ। ਜੇਕਰ ਤੁਸੀਂ ਇਹ ਕਰੀਮ ਨਹੀਂ ਲਾਉਂਦੇ ਤਾਂ ਤੁਸੀਂ ਖੂਬਸੂਰਤ ਨਹੀਂ, ਜੇ ਤੁਸੀਂ ਇਹ ਫੈਸ਼ਨ ਨਹੀਂ ਕਰਦੇ ਤਾਂ ਤੁਹਾਨੂੰ ਕੱਪੜੇ ਨਹੀਂ ਪਾਉਣੇ ਆਉਂਦੇ। ਅਜਿਹੇ ਨੁਕਤਿਆਂ ਨਾਲ ਬਾਜ਼ਾਰ ਵਿਚ ਤੇਜ਼ੀ ਲਿਆਂਦੀ ਜਾਂਦੀ ਹੈ। ਇਸ਼ਤਿਹਾਰਾਂ ਰਾਹੀਂ ਬਾਜ਼ਾਰ ਹਰ ਕਿਸਮ ਦਾ ਹੀਲਾ ਵਰਤੇਗਾ ਹੀ, ਕਿਉਂਕਿ ਇਹ ਸਭ ਮੁਨਾਫੇ ਨੂੰ ਧਿਆਨ ਵਿਚ ਰੱਖ ਕੇ ਕੀਤਾ ਜਾਂਦਾ ਹੈ, ਪਰ ਹੱਦ ਤਾਂ ਉਦੋਂ ਹੋ ਜਾਂਦੀ ਹੈ ਜਦੋਂ ਇਨ੍ਹਾਂ ਇਸ਼ਤਿਹਾਰਾਂ ਲਈ ਔਰਤ ਨੂੰ ਹਥਿਆਰ ਬਣਾਇਆ ਜਾਂਦਾ ਹੈ। ਇਕ ਪੁਰਸ਼ ਆਪਣੇ ਸਰੀਰ 'ਤੇ ਪਰਫਿਊਮ ਛਿੜਕਦਾ ਹੈ ਤਾਂ ਦਰਜਨਾਂ ਕੁੜੀਆਂ ਛੱਤ ਪਾੜ ਪਾੜ ਡਿੱਗਦੀਆਂ ਹਨ। ਪਤਾ ਨਹੀਂ ਸਾਬਣ ਦੀ ਮਸ਼ਹੂਰੀ ਬਾਥ ਟੱਬ 'ਚੋਂ ਬਾਹਰ ਕਿਉਂ ਨਹੀਂ ਨਿਕਲਦੀ, ਜਿਸ ਵਿਚ ਹਮੇਸ਼ਾ ਔਰਤ ਹੁੰਦੀ ਹੈ। ਇਸ਼ਤਿਹਾਰ ਕਾਰ ਦੀ ਤੇਜ਼ ਰਫਤਾਰ ਦਾ ਹੁੰਦਾ ਹੈ, ਪਰ ਉਸ ਵਿਚ ਔਰਤ ਦੇ ਉਡਦੇ ਕੱਪੜੇ ਦਿਖਾਏ ਜਾਂਦੇ ਹਨ। ਗੱਲ ਕੀ, ਨਿੱਕੇ ਜਿਹੇ ਸਿਮ ਕਾਰਡ ਤੋਂ ਲੈ ਕੇ ਟਰੱਕ ਦੇ ਪੁਰਜੇ ਵੇਚਣ ਲਈ ਵੀ ਔਰਤ ਦਾ ਸਹਾਰਾ ਲੈ ਕੇ ਉਸ ਨੂੰ ਵਸਤੂ ਵਾਂਗ ਪੇਸ਼ ਕੀਤਾ ਜਾਂਦਾ ਹੈ।

ਇਨ੍ਹਾਂ ਇਸ਼ਤਿਹਾਰਾਂ ਦੀ ਪੇਸ਼ਕਾਰੀ ਲਈ ਕਿਸੇ ਮਸ਼ਹੂਰ ਹਸਤੀ ਦਾ ਚਿਹਰਾ ਖਰੀਦ ਲਿਆ ਜਾਂਦਾ ਹੈ। 40 ਰੁਪਏ ਦੀ ਕਰੀਮ ਵੇਚਣ ਲਈ 40 ਲੱਖ ਰੁਪਏ ਦਾ ਮੇਕਅੱਪ ਕਰ ਕੇ, 4 ਕਰੋੜ ਰੁਪਏ ਦੀ ਅਦਾਇਗੀ ਕਰ ਕੇ ਉਸ ਫਿਲਮੀ ਸਿਤਾਰੇ ਜਾਂ ਹੋਰ ਹਸਤੀ ਦਾ ਚਿਹਰਾ ਵਰਤਿਆ ਜਾਂਦਾ ਹੈ ਤੇ ਸਕਰੀਨ ਦੇ ਇਧਰਲੇ ਪਾਸੇ ਅਸੀਂ ਸੋਚਦੇ ਹਾਂ ਕਿ 40 ਰੁਪਏ ਦੀ ਕਰੀਮ ਲਾ ਕੇ ਅਸੀਂ ਵੀ ਫਿਲਮੀ ਸਿਤਾਰੇ ਵਾਂਗ ਚਮਕਣ ਲੱਗ ਜਾਵਾਂਗੇ।

ਸਿਰਫ ਆਮ ਲੋਕ ਹੀ ਨਹੀਂ, ਸਗੋਂ ਖੁਦ ਫਿਲਮੀ ਹਸਤੀਆਂ ਵੀ ਮੰਡੀ ਦੀ ਇਸ ਤੇ ਮਾਰ ਤੋਂ ਪੀੜਤ ਹਨ। ਸ੍ਰੀਦੇਵੀ ਦੀ ਮੌਤ ਵੀ ਇਸ ਦੀ ਗਵਾਹ ਹੈ, ਉਸ ਉਪਰ ਹਮੇਸ਼ਾ ਪਤਲੀ ਅਤੇ ਸੁੰਦਰ ਦਿਖਣ ਦਾ ਦਬਾਅ ਰਿਹਾ। ਅਸਫਲ ਹੋਣ ਦਾ ਡਰ ਪਹਿਲਾਂ ਉਸ ਦੀਆਂ 29 ਸਰਜਰੀਆਂ ਕਰਵਾਉਂਦਾ ਹੈ, ਅਨੇਕ ਦਵਾਈਆਂ ਖਵਾਉਂਦਾ ਹੈ ਤੇ ਅੰਤ ਉਸ ਦੀ ਜਾਨ ਲੈ ਲੈਂਦਾ ਹੈ। ਸਿਰਫ ਸ੍ਰੀਦੇਵੀ ਵਰਗੀਆਂ ਫਿਲਮੀ ਹਸਤੀਆਂ ਤੋਂ ਹੀ ਨਹੀਂ, ਇਸ ਦੇਸ਼ ਵਿਚ ਸਾਰੀਆਂ ਔਰਤਾਂ ਤੇ ਲੜਕੀਆਂ ਤੋਂ ਉਮੀਦ ਕੀਤੀ ਜਾਂਦੀ ਹੈ ਕਿ ਉਹ ਫੁੱਲ ਮਾਰਿਆਂ ਕੁਮਲਾ ਜਾਣ ਵਾਲੀਆਂ ਹੋਣ ਤੇ ਖੂਬਸੂਰਤੀ ਦੀ ਘੜ ਕੇ ਦਿੱਤੀ ਪਰਿਭਾਸ਼ਾ ਉਤੇ ਖਰੀਆਂ ਉਤਰਦੀਆਂ ਹੋਣ। ਖੁਦ ਔਰਤਾਂ ਵੀ ਇਸ ਮਾਇਆਜਾਲ ਵਿਚ ਫਸ ਜਾਂਦੀਆਂ ਹਨ ਤੇ ਇਹ ਨਹੀਂ ਸਮਝ ਪਾਉਂਦੀਆਂ ਕਿ ਅਸਲ ਖੂਬਸੂਰਤੀ ਉਨ੍ਹਾਂ ਦੀ ਮੁਕਤੀ ਵਿਚ ਹੈ, ਖੂਬਸੂਰਤੀ ਉਨ੍ਹਾਂ ਦੀ ਉਡਾਨ ਵਿਚ ਹੈ, ਖੂਬਸੂਰਤੀ ਆਪਣੇ ਆਪ ਨੂੰ ਸੰਪੂਰਨ ਮਹਿਸੂਸ ਕਰਨ ਵਿਚ ਹੈ। ਇਹ ਨਹੀਂ ਕਿ ਸ਼ਿੰਗਾਰ ਕਰਨਾ, ਸਜਣਾ-ਸੰਵਰਨਾ ਛੱਡ ਦਿਓ, ਜੀ ਸਦਕੇ ਸ਼ਿੰਗਾਰ ਕਰੋ। ਸ਼ਿੰਗਾਰ ਕਰੋ ਜਦੋਂ ਰੂਹ ਤੋਂ ਸਜਣ ਨੂੰ ਜੀਅ ਕਰੇ। ਜਦੋਂ ਔਰਤ ਹੋਣ 'ਤੇ ਘ੍ਰਿਣਾ ਨਹੀਂ, ਮਾਣ ਮਹਿਸੂਸ ਹੋਣ ਲੱਗੇ।

# ਰਾਤ ਨੂੰ ਜਾਗਣ ਵਾਲੇ

## ਚਿਰਾਗ-ਡਾਰ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

***ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਉਨ੍ਹਾਂ ਦੀ ਵਾਰਤਕ ਵਿਚ ਕਾਵਿ-ਰੰਗ ਇੰਨਾ ਭਾਰੂ ਹੁੰਦਾ ਹੈ ਕਿ ਕਈ ਵਾਰ ਤਾਂ ਭੁਲੇਖਾ ਪੈਂਦਾ ਹੈ ਕਿ ਇਹ ਵਾਰਤਕ ਹੈ ਜਾਂ ਕਵਿਤਾ। ਪਿਛਲੇ ਲੇਖ ਵਿਚ ਡਾ. ਭੰਡਾਲ ਨੇ ਦੀਵੇ ਦੀ ਇਬਾਦਤ ਕਰਦਿਆਂ ਇਸ ਦੀਆਂ ਬਰਕਤਾਂ ਦਾ ਵਿਖਿਆਨ ਕੀਤਾ ਸੀ, "ਚਾਨਣ ਵਰਗੀ ਫਰਾਖ-ਦਿਲੀ ਜੇ ਮਨੁੱਖੀ ਸੋਚ ਦਾ ਹਾਸਲ ਹੋਵੇ ਤਾਂ ਇਹ ਹਰ ਮਨ ਵਿਚ ਚਾਨਣ ਦਾ ਜਾਗ ਲਾਉਂਦੀ।" ਹਥਲੇ ਲੇਖ ਵਿਚ ਉਨ੍ਹਾਂ ਰਾਤ ਦੀਆਂ ਬਰਕਤਾਂ ਦਾ ਵਿਖਿਆਨ ਕੀਤਾ ਹੈ, "ਰਾਤ ਦਾ ਸਮਾਂ ਤਾਂ ਥੱਕੇ-ਹਾਰਿਆਂ ਲਈ ਅਰਾਮਗਾਹ। ਥਕਾਵਟ ਨਾਲ ਚੂਰ ਕਦਮਾਂ ਨੂੰ ਰਾਹਤ।...ਰਾਤ ਨੂੰ ਬਹੁਤਾ ਫਕੀਰ ਜਾਗਦੇ ਹਨ ਜਾਂ ਆਸ਼ਕ। ਰਾਤ ਨੂੰ ਜਾਗਦੇ ਨੇ ਧੁਖਦੀ ਧੂਣੀ ਵਰਗੇ ਲੋਕ, ਜੋ ਸੁਪਨਿਆਂ ਦੀ ਰਾਖ ਫਰੋਲਦੇ, ਸੁਪਨਹੀਣ ਦੀਦੇ ਮਲਦੇ, ਸੁਪਨ-ਕਬਰ ਦਾ ਹਟਕੋਰਾ ਭਰਦੇ ਚਿਰਾਗ ਹੀ ਬਣ ਜਾਂਦੇ।" ਪਰ ਹੁਣ ਉਲਟੇ ਜਮਾਨੇ ਆ ਗਏ ਹਨ, ਖਾਸ ਕਰ ਪੱਛਮੀ ਦੇਸ਼ਾਂ ਵਿਚ ਜਿੱਥੇ ਦੇਰ ਰਾਤ ਤੀਕ ਜਾਗਣਾ, ਨਵੀਂ ਪੀੜ੍ਹੀ ਦਾ ਜੀਵਨੀ ਰੰਗ-ਢੰਗ ਅਤੇ ਇਸ 'ਚ ਰੰਗੀ ਜਾ ਰਹੀ ਹੈ ਮੌਜੂਦਾ ਦੌਰ ਦੀ ਜਵਾਨ-ਪੀੜ੍ਹੀ। -ਸੰਪਾਦਕ***

ਰਾਤ ਨੂੰ ਜਾਗਣ ਵਾਲੇ ਅੱਲ੍ਹਾ ਦੇ ਫਕੀਰ, ਬੰਦਗੀ 'ਚੋਂ ਬੰਦਿਆਈ ਮਾਰਗ ਦੇ ਅਭਿਲਾਸ਼ੀ। ਰੱਬ ਦੇ ਬੰਦੇ, ਜਿਨ੍ਹਾਂ ਦੀ ਸੁਰਤ-ਸਾਧਨਾ ਵਿਚ ਅੰਤਰ-ਯਾਤਮਾ ਦੀ ਤਲਾਸ਼ ਅਤੇ ਉਹ ਖੁਦ ਤੋਂ ਖੁਦ ਦੇ ਤਲਬਗਾਰ।

ਰਾਤ ਦੇ ਰਮਤਿਆਂ ਨੇ ਰਾਤਾਂ ਦੀ ਰਹਿਬਰੀ ਵਿਚੋਂ ਹੀ ਜੀਵਨ-ਦਾਤਾਂ ਦੀ ਸਮਝ ਪਾਈ। ਇਨ੍ਹਾਂ 'ਚੋਂ ਭਾਲੀ ਛੁਪੀ ਹੋਈ ਖੁਦਾਈ ਅਤੇ ਸਮਿਆਂ ਦੇ ਦਰਾਂ 'ਤੇ ਸ਼ਬਦ-ਜੋਤ ਜਗਾਈ, ਜਿਸ ਨੇ ਭਰਮ ਭੁਲੇਖਿਆਂ 'ਚ ਗਵਾਚੀ ਲੋਕਾਈ ਨੂੰ ਦਿੱਤੀ ਨਵੀਂ ਰੁਸ਼ਨਾਈ। ਰਾਤ ਦੇ ਰਾਹੀਆਂ ਦੇ ਦੀਦਿਆਂ ਵਿਚ ਰਾਹ-ਰਮਤਾ, ਰਾਹਗੀਰੀ ਅਤੇ ਅਵਾਰਗੀ, ਜੋ ਰਾਤ ਨੂੰ ਵੀ ਬੇ-ਅਰਾਮ ਤੇ ਬੇਚੈਨ ਕਰਦੀ।

ਰਾਤ ਦੀ ਬੀਹੀ ਵਿਚ ਬੈਠਿਆਂ ਜਦ ਨੈਣਾਂ ਵਿਚ ਰਾਤ ਗੁਜਾਰਨ ਦਾ ਵਖਤ ਆਵਾਜ਼ ਲਾਵੇ ਤਾਂ ਤਾਰਿਆਂ ਦੀਆਂ ਖਿੱਤੀਆਂ ਦੀ ਸਾਹ-ਚਾਲ ਉਖੜ ਜਾਵੇ ਤੇ ਜ਼ਿੰਦਗੀ ਰਸਾਤਲ ਵੰਨੀਂ ਖਿਸਕਦੀ ਜਾਵੇ।

ਰਾਤਾਂ ਨੂੰ ਜਾਗਣ ਵਾਲਿਆਂ ਲਈ ਤਾਰੇ ਦਾ ਚੜ੍ਹਨਾ ਤੇ ਡੁੱਬਣਾ, ਚੰਨ ਦੀ ਫਾੜੀ ਦਾ ਥਾਲ ਬਣ ਜਾਣਾ ਤੇ ਇਸ ਸਫਰ ਦਾ ਪੁੰਨਿਆ ਅਤੇ ਮੱਸਿਆ 'ਚ ਵੱਟ ਜਾਣਾ, ਸੋਚ ਜੂਹ ਵਿਚ ਤੈਰਨ ਲੱਗਦਾ।

ਰਾਤਾਂ ਨੂੰ ਜਾਗਣਾ, ਬਹੁਤ ਸਾਰੇ ਲੋਕਾਂ ਦਾ ਨਸੀਬਾ। ਵਿਭਿੰਨ ਸਰੋਕਾਰਾਂ, ਸੁਪਨਿਆਂ, ਸੰਤਾਪਾਂ ਤੇ ਸਬਜ਼ਬਾਗਾਂ ਦੀ ਸਾਰਥਕਤਾ ਨੂੰ ਵਿਉਂਤਣ ਲਈ ਜੀਵਨ-ਪੰਧ ਨੂੰ ਸੇਧ ਦੇਣਾ ਅਤੇ ਸਰ-ਅੰਜਾਮ ਤੀਕ ਪਹੁੰਚਾਉਣਾ।

ਪੱਛਮੀ ਦੇਸ਼ਾਂ ਵਿਚ ਦੇਰ ਰਾਤ ਤੀਕ ਜਾਗਣਾ, ਨਵੀਂ ਪੀੜ੍ਹੀ ਦਾ ਜੀਵਨੀ ਰੰਗ-ਢੰਗ ਤੇ ਇਸ 'ਚ ਰੰਗੀ ਜਾ ਰਹੀ ਹੈ ਮੌਜੂਦਾ ਦੌਰ ਦੀ ਜਵਾਨ-ਪੀੜ੍ਹੀ।

ਰਾਤਾਂ ਨੂੰ ਜਾਗਣਾ, ਕੁਝ ਕੁ ਲੋਕਾਂ ਦੀ ਮਜਬੂਰੀ, ਜੋ ਚੌਵੀ ਘੰਟੇ ਖੁੱਲ੍ਹੇ ਰਹਿਣ ਵਾਲੇ ਵਪਾਰਕ ਅਦਾਰਿਆਂ ਦਾ ਪੁਰਜਾ ਬਣੇ, ਪੁਰਜਿਆਂ ਦੇ ਘਸਣ ਜਾਂ ਭੁਰਨ ਤੀਕ, ਸਾਹਾਂ ਨੂੰ ਸੂਲੀ 'ਤੇ ਟੰਗੀ ਰੱਖਦੇ। ਉਹ ਲੋਕ ਕੁਦਰਤੀ ਪ੍ਰਕ੍ਰਿਆ ਦੀ ਅਵੱਗਿਆ ਕਰਕੇ, ਸਿਹਤਮੰਦੀ ਨੂੰ ਸਿਉਂਕਦੇ।

***ਰਾਤ ਨੂੰ ਉਹ ਮਾਂ ਜਰੂਰ ਜਾਗਦੀ, ਜਿਸ ਦਾ ਪਰਦੇਸੀ ਬੱਚਾ ਹਾਕ ਦਾ ਹੁੰਗਾਰਾ ਬਣਨ ਤੋਂ ਮੁਨਕਰ। ਜਿਸ ਦੇ ਵਿਛੋੜੇ 'ਚ ਸਿੱਲ-ਪੱਥਰ ਬਣੀਆਂ ਅੱਖਾਂ ਘਰ ਦੀਆਂ ਕੰਧਾਂ ਨੂੰ ਘੂਰਦੀਆਂ, ਕਮਰੇ ਦੀ ਸਿੱਥਲਤਾ ਵਿਚ ਖੁਦ ਸਿੱਥਲ ਹੋਣਾ ਲੋਚਦੀਆਂ। ਬੱਚਿਆਂ ਦੀਆਂ ਪੁਰਾਣੀਆਂ ਕਾਪੀਆਂ, ਕਿਤਾਬਾਂ, ਪੈਨਸਿਲਾਂ, ਖਿਡੌਣਿਆਂ, ਕੱਪੜਿਆਂ ਅਤੇ ਟਰਾਫੀਆਂ 'ਚੋਂ ਬਚਪਨੀ ਨਕਸ਼ ਨਿਹਾਰ ਰਾਤ ਵਿਚੋਂ ਹੀ ਮਿਲਣ-ਉਜਿਆਰਾ ਲੋਚਦੀ। ਮਾਂ ਦੀ ਇਹ ਉਡੀਕ, ਆਖਰ ਨੂੰ ਪੁੱਤ ਦੇ ਮੜੀਆਂ 'ਚ ਆ ਕੇ ਮਾਂ ਦੇ ਬਲਦੇ ਸਿਵੇ ਕੋਲ ਬੈਠਣ 'ਤੇ ਹੀ ਪੂਰੀ ਹੁੰਦੀ, ਪਰ ਉਸ ਸਮੇਂ ਕੋਈ ਵੀ ਸੁਣਨ ਤੇ ਸੁਣਾਉਣ ਵਾਲਾ ਨਹੀਂ ਹੁੰਦਾ।***

ਰਾਤ ਦਾ ਸਮਾਂ ਤਾਂ ਥੱਕੇ-ਹਾਰਿਆਂ ਲਈ ਅਰਾਮਗਾਹ। ਥਕਾਵਟ ਨਾਲ ਚੂਰ ਕਦਮਾਂ ਨੂੰ ਰਾਹਤ। ਪੈਰਾਂ ਦੇ ਛਾਲਿਆਂ ਦੀ ਪੀੜਾ ਤੋਂ ਨਿਜ਼ਾਤ ਅਤੇ ਰਾਤ ਪਿਛੋਂ ਫਿਰ ਨਵੇਂ ਸਫਰ ਦੀ ਤਿਆਰੀ।

ਰਾਤ ਦੇ ਰਾਹੀਆਂ ਦੇ ਪੱਲੇ 'ਚ ਹਨੇਰਾ। ਸੰਘਣੇ ਹਨੇਰਿਆਂ ਵਿਚ ਗੁੰਮੀਆਂ ਪੈੜਾਂ ਤੇ ਅਦ੍ਰਿਸ਼ਟ ਦਿਸਹੱਦੇ। ਸੂਰਜ ਵਰਗਾ ਨਿੱਘ ਤੇ ਚਾਨਣ ਚੰਦਰਮਾ ਕਿੰਜ ਦੇਵੇਗਾ, ਜੋ ਖੁਦ ਉਧਾਰੇ ਚਾਨਣ-ਸਾਹੀਂ ਜਿਉਂਦਾ! ਸੂਰਜ ਨੂੰ ਤਰਸਦੇ ਲੋਕਾਂ ਨੂੰ ਤ੍ਰੇਲ-ਤੁਪਕਿਆਂ 'ਚੋਂ ਛਲਕਦੇ ਰੰਗਾਂ ਅਤੇ ਹੌਲੀ-ਹੌਲੀ ਬਨੇਰਿਆਂ ਤੋਂ ਉਤਰਦੀ ਰਿਸ਼ਮਾਂ ਦੀ ਲਾਮਡੋਰੀ ਦਾ ਕੀ ਅਹਿਸਾਸ ਹੋਵੇਗਾ?

ਰਾਤ ਨੂੰ ਜਾਗਣਾ ਕੁਝ ਲੋਕਾਂ ਦਾ ਸ਼ੌਕ। ਜੀਵਨ ਨੂੰ ਆਧੁਨਿਕਤਾ ਰਾਹੀਂ ਪੁੱਠਾ ਗੇੜ ਦੇਣ ਲਈ ਕਾਹਲੇ। ਅਜਿਹੇ ਲੋਕ ਦਿਨ ਨਾਲੋਂ ਰਾਤ ਨੂੰ ਜ਼ਿਆਦਾ ਚਾਹੁੰਦੇ।

ਕਰਮ-ਯੋਗਤਾ ਨੂੰ ਸਾਰੀ ਜਿਉਣ ਵਾਲੀ ਮਾਂ ਸਾਰੀ ਰਾਤ ਆਪਣੇ ਬੱਚੇ ਦੀ ਤਮੀਰਦਾਰੀ 'ਚ ਰੁੱਝੀ, ਲੋਰੀਆਂ ਸੁਣਾਉਂਦੀ, ਆਪਣੀ ਨੀਂਦ ਮੁਲਤਵੀ ਕਰਦੀ, ਬੱਚੇ ਦੀ ਸੁਪਨਈ ਨੀਂਦ ਦਾ ਆਧਾਰ ਬਣ, ਸੇਵਾ ਤੇ ਸਮਰਪਣ ਦਾ ਅਜਿਹਾ ਚਾਨਣ-ਬੁਰਜ ਸਿਰਜਦੀ, ਜਿਸ ਦੀ ਰੀਸ ਕੋਈ ਨਹੀਂ ਕਰ ਸਕਦਾ। ਤਾਂ ਹੀ ਰੱਬ ਤੋਂ ਉਚੇ ਦਰਜੇ 'ਤੇ ਰਹਿੰਦੀਆਂ ਮਾਂਵਾਂ, ਰੱਬ ਤੋਂ ਵੀ ਪਹਿਲਾਂ ਹੁੰਗਾਰਾ ਭਰਦੀਆਂ ਅਤੇ ਬੱਚੇ ਦੀ ਸੁਪਨ-ਆਸ ਨੂੰ ਪੂਰਨਤਾ ਦਾ ਵਰ ਦਿੰਦੀਆਂ।

ਰਾਤ ਨੂੰ ਭਗਤੀ ਕਰਦੇ ਕੁਝ ਲੋਕ ਸਵੈ-ਲੀਨਤਾ ਵਿਚ ਕੁਝ ਨਵਾਂ ਖੋਜਣ ਦੀ ਕੋਸ਼ਿਸ਼ ਕਰਦੇ, ਪਰ ਸਭ ਤੋਂ ਉਚਤਮ ਹੈ ਗਿਆਨ-ਗੋਸ਼ਟਿ, ਸ਼ਬਦ-ਸਾਧਨਾ ਤੇ ਸੁਪਨ-ਸੰਪੂਰਨਤਾ ਦਾ ਸਫਰ, ਜੋ ਰਾਤ ਨੂੰ ਰਾਤ ਨਹੀਂ ਰਹਿਣ ਦਿੰਦਾ। ਦਿਨ-ਰਾਤ ਦੀ ਮਿਹਨਤ-ਮੁਸ਼ੱਕਤ ਨਾਲ ਸੁਪਨਿਆਂ ਦੀ ਫਸਲ ਮੌਲਦੀ। ਇਨ੍ਹਾਂ ਦੀ ਸੁਗੰਧ ਤੇ ਰੰਗ, ਜੀਵਨੀ-ਸਕਾਰਥ ਨੂੰ ਨਵੇਂ ਅਰਥ ਦਿੰਦੇ, ਜੀਵਨ ਨੂੰ ਜ਼ਿਕਰਯੋਗ ਪ੍ਰਾਪਤੀਆਂ ਦਾ ਸਿਰਲੇਖ ਬਣਾਉਂਦੇ। ਦੀਵਾ, ਲਾਲਟੈਣ ਜਾਂ ਗਲੀ 'ਚ ਖੰਭੇ ਨਾਲ ਲਟਕਦੇ ਬਲਬ ਦੀ ਰੌਸ਼ਨੀ 'ਚ, ਰਾਤ ਦੀ ਸੰਘਣੀ ਚੁੱਪ ਦੌਰਾਨ ਇਕਾਗਰਤਾ ਨਾਲ ਅਨਾਦੀ ਰਾਗਣੀ 'ਚ ਗਵਾਚਿਆ ਰੂਹ ਦਾ ਸਾਜ਼, ਸਿਰੜ-ਸਾਧਨਾ ਨੂੰ ਮੱਥੇ ਦਾ ਲੇਖ ਬਣਾਉਂਦਾ। ਦਿਨੇ ਟੁੱਕਰ ਦਾ ਆਹਰ ਅਤੇ ਰਾਤੀਂ ਸੁਪਨਿਆਂ ਦੀ ਠਾਹਰ ਹੀ ਬਣਦੀ, ਸਫਲ ਜ਼ਿੰਦਗੀ ਦਾ ਆਧਾਰ ਜਦ ਗੁਰਬਤ ਤੇ ਦੁਸ਼ਵਾਰੀਆਂ ਬਣਦੀਆਂ ਨੇ ਮਨੁੱਖ ਲਈ ਵੰਗਾਰ। ਹੁਣ ਵੀ ਜਦ ਕੁੱਕੜ ਦੀ ਪਹਿਲੀ ਬਾਂਗ ਤੀਕ ਪੜ੍ਹਨ ਦਾ ਚੇਤਾ ਆਉਂਦਾ ਤਾਂ ਚਿੱਤ-ਚੰਗੇਰ ਮਹਿਕਣ ਲੱਗ ਪੈਂਦੀ।

ਰਾਤ ਨੂੰ ਸਾਰਥਕ ਪਾਸੇ ਲਾਉਣ ਅਤੇ ਸਾਥੀਆਂ ਤੇ ਸਮਾਜ ਤੋਂ ਕੁਝ ਵਧੇਰੇ ਤੇ ਚੰਗਾ ਕਰਨ ਦੀ ਚਾਹਤ ਜਦ ਮਨ ਮੌਲਦੀ ਤਾਂ ਦਿਨ-ਰਾਤ ਦਾ ਅੰਤਰ ਮਿਟਦਾ। ਬਾਪ ਦੀ ਜੀਵਨ-ਸ਼ੈਲੀ ਵੰਨੀਂ ਝਾਤ ਮਾਰਦਾਂ ਤਾਂ ਸੋਚਦਾਂ ਕਿ ਉਸ ਲਈ ਦਿਨ-ਰਾਤ ਦੀ ਇਕਸਾਰਤਾ ਅਜਿਹੀ ਚਾਹਤ ਬਣ ਗਈ ਸੀ ਕਿ ਉਹ ਅਕਸਰ ਹੀ ਰਾਤ ਨੂੰ ਖੂਹ ਜਾਂ ਖਰਾਸ ਦੀ ਵਾਰੀ ਲਾਉਂਦਾ ਤਾਂ ਕਿ ਦਿਨ ਵੇਲੇ ਖੇਤੀ ਦੇ ਦੂਸਰੇ ਕਾਰਜਾਂ ਨੂੰ ਨੇਪਰੇ ਚਾੜ੍ਹ ਸਕੇ। ਰਾਤ ਨੂੰ ਖੇਤਾਂ ਨੂੰ ਪਾਣੀ ਦੇ, ਤੜਕੇ ਹੀ ਗੱਡਾ ਜੋੜ ਸ਼ਹਿਰ ਨੂੰ ਤੁਰ ਪੈਣਾ। ਜਦ ਇਸ ਬੇ-ਅਰਾਮੀ ਬਾਰੇ ਪੁੱਛਣਾ ਤਾਂ ਕਹਿਣਾ ਕਿ ਸ਼ਹਿਰ ਜਾ ਕੇ ਪਸ਼ੂਆਂ ਨੇ ਅਰਾਮ ਹੀ ਕਰਨਾ। ਉਸ ਨੂੰ ਪਸ਼ੂਆਂ ਦੇ ਅਰਾਮ ਦਾ ਫਿਕਰ ਸੀ, ਖੁਦ ਦਾ ਨਹੀਂ। ਪਤਾ ਨਹੀਂ ਉਹ ਕਦ ਅਰਾਮ ਕਰਦਾ ਸੀ? ਸ਼ਾਇਦ ਦੁਪਹਿਰ ਨੂੰ ਕਿਸੇ ਰੁੱਖ ਦੀ ਡੱਬ-ਖੜੱਬੀ ਛਾਂਵੇਂ ਜਾਂ ਸ਼ਹਿਰ ਨੂੰ ਜਾਂਦਿਆਂ ਜਾਂ ਆਉਂਦਿਆਂ ਗੱਡੇ 'ਤੇ ਲਾਇਆ ਠੋਂਕਾ।

ਰਾਤਾਂ ਨੂੰ ਜਾਗਣਾ ਕਿਸੇ ਮਰੀਜ਼ ਦੀ ਤ੍ਰਾਸਦੀ ਵੀ ਹੋ ਸਕਦੀ, ਜਦ ਅਸਹਿ ਹੋ ਜਾਂਦੀ ਪੀੜ, ਰਿਸਦੇ ਜਖਮਾਂ 'ਚ ਪੈਂਦੀ ਚੀਸ ਅਤੇ ਵੱਟੀ ਹੋਈ ਕਸੀਸ ਵੀ ਜੀਭ ਨੂੰ ਟੁੱਕ, ਨੀਂਦ ਨੂੰ ਅਵਾਜ਼ਾਰ ਕਰ ਦਿੰਦੀ।

ਰਾਤ ਨੂੰ ਜਾਗਦੇ ਨੇ ਧੁਖਦੀ ਧੂਣੀ ਵਰਗੇ ਲੋਕ, ਜੋ ਸੁਪਨਿਆਂ ਦੀ ਰਾਖ ਫਰੋਲਦੇ, ਸੁਪਨਹੀਣ ਦੀਦੇ ਮਲਦੇ, ਸੁਪਨ-ਕਬਰ ਦਾ ਹਟਕੋਰਾ ਭਰਦੇ ਚਿਰਾਗ ਹੀ ਬਣ ਜਾਂਦੇ। ਧੂਣੀ ਦੇ ਧੂੰਏ 'ਚ ਗਵਾਚੇ ਨਕਸ਼ ਲੱਭਦਿਆਂ ਹੀ ਰਾਤ ਦੀ ਸੁੰਨ-ਚੁੱਪ 'ਚ ਤੜਫਣੀ ਧਰਨਾ ਜਦ ਜੀਵਨ-ਵਿਹਾਰ ਬਣ ਜਾਵੇ ਤਾਂ ਸਾਹਾਂ 'ਚ ਸੋਗ ਵਿਛਦਾ।

ਰਾਤਾਂ ਨੂੰ ਤਾਂ ਆਸ਼ਕ ਤੇ ਚੋਰ ਵੀ ਜਾਗਦੇ। ਰਾਤ ਦੇ ਹਨੇਰੇ 'ਚ ਸੋਹਣੀ ਦਾ ਮਹੀਂਵਾਲ ਨੂੰ ਮਿਲਣ ਦਾ ਵਿਸਮਾਦ ਅੱਖਾਂ 'ਚ ਰਾਤ ਨਹੀਂ ਉਤਰਨ ਦਿੰਦਾ। ਪਰ ਆਖਰ ਨੂੰ ਝਨਾਂ ਦੀਆਂ ਛੱਲਾਂ ਆਖਰੀ ਮਿਲਣ-ਰਾਤ ਬਣ ਜਾਂਦੀਆਂ। ਅੱਖਾਂ ਵਿਚ ਉਗੀ ਮਿਲਣ-ਆਸ ਲਈ ਰਾਤਾਂ ਨੂੰ ਲੇਖੇ ਲਾਉਣਾ ਸੱਚੇ ਆਸ਼ਕਾਂ ਦਾ ਸਭ ਤੋਂ ਵੱਡਾ ਸੱਚ। ਉਹ ਇਸ ਸੱਚ ਨੂੰ ਜਿਉਂਦੇ ਅਤੇ ਜਿਉਣਾ ਝੂਠਾ ਕਰ ਜਾਂਦੇ।

ਕੁਝ ਲੋਕ ਤਾਂ ਪਾਪ ਕਮਾਉਣ ਲਈ ਰਾਤਾਂ ਹੰਘਾਲਦੇ। ਰਾਤ ਦੇ ਹਨੇਰੇ ਵਿਚ ਮਰ ਜਾਂਦੀ ਜ਼ਮੀਰ। ਧੁੰਦਲਾ ਜਾਂਦੀ ਜ਼ਿਹਨੀ ਤਸਵੀਰ। ਉਨ੍ਹਾਂ ਲਈ ਕੋਈ ਅਰਥ ਨਹੀਂ ਰੱਖਦੀ ਸੁੱਚਮਤਾ, ਉਚਮਤਾ ਅਤੇ ਸਾਫਗੋਈ ਦੀ ਤਾਮੀਰ। ਜ਼ਾਹਲਪੁਣੇ ਤੇ ਕਮੀਨਗੀ ਦਾ ਸਿਖਰ ਬਣ, ਕੁਤਾਹੀਆਂ ਤੇ ਕੁਰੀਤੀਆਂ ਵਿਚੋਂ ਬਦਸ਼ਗਨੀ ਤੇ ਕੁਸੰਗਤ ਨੂੰ ਪਹਿਲ ਦਿੰਦੇ। ਰਾਤ ਦੇ ਹਨੇਰੇ ਵਿਚ ਸੌਂ ਜਾਂਦੀ ਲੋਕਾਈ। ਤੁਸੀਂ ਸੋਚਦੇ ਕਿ ਹਨੇਰੇ ਦੀ ਚਾਦਰ ਤੁਹਾਡੇ ਕੁਕਰਮਾਂ ਨੂੰ ਦੁਨੀਆਂ ਤੋਂ ਲੁਕਾਉਂਦੀ ਏ, ਪਰ ਤੁਹਾਡਾ ਅੰਤਰੀਵ ਤਾਂ ਹਰਦਮ ਜਾਗਦਾ, ਹਮਦਮ ਬਣਿਆ ਚਸ਼ਮਦੀਦ ਗਵਾਹ ਹੁੰਦਾ ਏ ਤੁਹਾਡੀਆਂ ਕਰਤੂਤਾਂ ਦਾ। ਉਸ ਤੋਂ ਖੁਦ ਨੂੰ ਕਿਵੇਂ ਲੁਕੋਵੋਗੇ?

ਰਾਤ ਨੂੰ ਉਹ ਮਾਂ ਜਰੂਰ ਜਾਗਦੀ, ਜਿਸ ਦਾ ਪਰਦੇਸੀ ਬੱਚਾ ਹਾਕ ਦਾ ਹੁੰਗਾਰਾ ਬਣਨ ਤੋਂ ਮੁਨਕਰ। ਜਿਸ ਦੇ ਵਿਛੋੜੇ 'ਚ ਸਿੱਲ-ਪੱਥਰ ਬਣੀਆਂ ਅੱਖਾਂ ਘਰ ਦੀਆਂ ਕੰਧਾਂ ਨੂੰ ਘੂਰਦੀਆਂ, ਕਮਰੇ ਦੀ ਸਿੱਥਲਤਾ ਵਿਚ ਖੁਦ ਸਿੱਥਲ ਹੋਣਾ ਲੋਚਦੀਆਂ। ਬੱਚਿਆਂ ਦੀਆਂ ਪੁਰਾਣੀਆਂ ਕਾਪੀਆਂ, ਕਿਤਾਬਾਂ, ਪੈਨਸਿਲਾਂ, ਖਿਡੌਣਿਆਂ, ਕੱਪੜਿਆਂ ਅਤੇ ਟਰਾਫੀਆਂ 'ਚੋਂ ਬਚਪਨੀ ਨਕਸ਼ ਨਿਹਾਰ ਰਾਤ ਵਿਚੋਂ ਹੀ ਮਿਲਣ-ਉਜਿਆਰਾ ਲੋਚਦੀ। ਮਾਂ ਦੀ ਇਹ ਉਡੀਕ, ਆਖਰ ਨੂੰ ਪੁੱਤ ਦੇ ਮੜੀਆਂ 'ਚ ਆ ਕੇ ਮਾਂ ਦੇ ਬਲਦੇ ਸਿਵੇ ਕੋਲ ਬੈਠਣ 'ਤੇ ਹੀ ਪੂਰੀ ਹੁੰਦੀ, ਪਰ ਉਸ ਸਮੇਂ ਕੋਈ ਵੀ ਸੁਣਨ ਤੇ ਸੁਣਾਉਣ ਵਾਲਾ ਨਹੀਂ ਹੁੰਦਾ।

ਅੱਧੀ ਰਾਤ ਤੀਕ ਬੱਚਿਆਂ ਨੂੰ ਉਡੀਕਦੇ ਨੇ ਮਾਪੇ, ਜੋ ਬੁਢਾਪੇ 'ਚ ਬੱਚਿਆਂ ਨਾਲ ਗੱਲਾਂ ਕਰਨ ਲਈ ਤਰਸਦੇ ਨੇ। ਦੇਰ ਰਾਤ ਦੀਆਂ ਪਾਰਟੀਆਂ 'ਚ ਗੁਆਚੇ ਬੱਚੇ, ਮਾਪਿਆਂ ਨੂੰ ਗੱਲਾਂ ਕਰਨ ਲਈ ਵੀ ਤਰਸਾਉਂਦੇ ਨੇ। ਮਾਪੇ ਵੀ ਚਾਹੁੰਦੇ ਕਿ ਬੱਚਾ ਕੰਮ ਤੋਂ ਆ ਕੋਲ ਬੈਠੇ, ਕੁਝ ਬਾਹਰ ਦੀਆਂ ਅਤੇ ਮਨ ਦੀਆਂ ਗੱਲਾਂ ਸੁਣੇ ਤੇ ਸੁਣਾਏ। ਪਰ ਜੇ ਬੱਚਿਆਂ ਨੂੰ ਵਿਹਲ ਹੀ ਨਾ ਥਿਆਵੇ ਤਾਂ ਮਾਪਾ, ਕੰਧਾਂ ਨੂੰ ਕਿਹੜੀ ਗੱਲ ਸੁਣਾਵੇ? ਕਿਹੜੇ ਹੁੰਗਾਰੇ ਦੀ ਆਸ ਪਿੰਜਰ ਹੋਏ ਤਨ 'ਚ ਉਪਜਾਏ, ਜੋ ਹੱਥਾਂ 'ਚੋਂ ਕਿਰਦੇ ਪਲਾਂ ਨੂੰ ਕੋਲ ਬਿਠਾਏ?

***ਰਾਤਾਂ ਨੂੰ ਤਾਂ ਆਸ਼ਕ ਤੇ ਚੋਰ ਵੀ ਜਾਗਦੇ। ਰਾਤ ਦੇ ਹਨੇਰੇ 'ਚ ਸੋਹਣੀ ਦਾ ਮਹੀਂਵਾਲ ਨੂੰ ਮਿਲਣ ਦਾ ਵਿਸਮਾਦ ਅੱਖਾਂ 'ਚ ਰਾਤ ਨਹੀਂ ਉਤਰਨ ਦਿੰਦਾ। ਪਰ ਆਖਰ ਨੂੰ ਝਨਾਂ ਦੀਆਂ ਛੱਲਾਂ ਆਖਰੀ ਮਿਲਣ-ਰਾਤ ਬਣ ਜਾਂਦੀਆਂ। ਅੱਖਾਂ ਵਿਚ ਉਗੀ ਮਿਲਣ-ਆਸ ਲਈ ਰਾਤਾਂ ਨੂੰ ਲੇਖੇ ਲਾਉਣਾ ਸੱਚੇ ਆਸ਼ਕਾਂ ਦਾ ਸਭ ਤੋਂ ਵੱਡਾ ਸੱਚ। ਉਹ ਇਸ ਸੱਚ ਨੂੰ ਜਿਉਂਦੇ ਅਤੇ ਜਿਉਣਾ ਝੂਠਾ ਕਰ ਜਾਂਦੇ।***

ਰਾਤਾਂ ਨੂੰ ਉਹ ਸੱਜ-ਵਿਆਹੀ ਵੀ ਉਲਾਹਮਿਆਂ ਤੇ ਨਹੋਰਿਆਂ ਨਾਲ ਖੁਦ ਨੂੰ ਮੁਖਾਤਬ ਹੁੰਦੀ, ਜਿਸ ਦੇ ਸਾਹ-ਸੇਕ ਨੂੰ ਧੁਖਣ ਦਾ ਸਰਾਪ ਮਿਲਿਆ ਹੁੰਦਾ। ਮਿਲਣ-ਰੁੱਤ ਨੂੰ ਵਿਛੜਨ-ਯੁੱਗ ਦੀ ਤਸ਼ਬੀਹ ਮਿਲ ਜਾਵੇ ਤਾਂ ਸਿਲਵਟਾਂ 'ਚ ਸਿਸਕੀ ਅਤੇ ਵੰਗਾਂ 'ਚ ਵਿਰਲਾਪ ਉਪਜਦਾ।

ਕਲਮ ਵੀ ਰਾਤ ਦੇ ਪਿੰਡੇ 'ਤੇ ਕੁਝ ਹਰਫ ਉਕਰਦੀ:

ਰਾਤ ਦੀ ਸੁਪਨਈ ਨੀਂਦ
ਹਰੇਕ ਦਾ ਹਾਸਲ ਨਹੀਂ ਹੁੰਦੀ
ਮੁਲਤਵੀ ਕਰ ਦਿੰਦਾ ਹੈ ਬਾਪ ਦੀ ਨੀਂਦ
ਕੋਠੇ ਜੇਡੀ ਧੀ ਨੂੰ ਵਿਆਹੁਣ ਦਾ ਫਿਕਰ
ਮਨਫ਼ੀ ਹੋ ਜਾਂਦਾ ਏ ਸੌਣਾ
ਜਦ ਕਰਜ਼ੇ ਦੀ ਭਾਰੀ ਪੰਡ
ਫਾਹੇ ਵਾਲਾ ਰੱਸਾ ਬਣ ਜਾਂਦੀ
ਉਡਾ ਦਿੰਦੀ ਹੈ ਨੀਂਦ
ਸੁਪਨਿਆਂ ਦੀ ਤਿੜਕਣ-ਆਹਟ
ਨੈਣਾਂ 'ਚ ਆਉਣ ਤੋਂ ਤ੍ਰਭਕਦੀ ਹੈ ਨੀਂਦ
ਜਦ ਸੂਲੀ 'ਤੇ ਲਟਕਦੀ ਏ ਸਾਹ-ਰਗ
ਰਾਤ ਨੂੰ ਜਾਗਣ ਵਾਲੇ ਆਸ਼ਕ ਨਹੀਂ
ਸਗੋਂ ਜਿਸਮ-ਫਰੋਸ਼ ਹੁੰਦੇ
ਰਾਤ ਨੂੰ ਚੋਰ ਵੀ ਨਹੀਂ ਜਾਗਦੇ
ਕਿਉਂਕਿ
ਅੱਜ ਕੱਲ ਵਕਤ-ਵਿਹੜੇ 'ਚ
ਦਿਨ-ਦੀਵੀਂ ਡਾਕੇ ਪੈਂਦੇ।

ਰਾਤ ਨੂੰ ਜਾਗਦੇ ਨੇ
ਰੂਹ ਦੀਆਂ ਸੱਟਾਂ ਖਾਣ ਵਾਲੇ
ਸੋਚ-ਸੁਲਘਣ ਹੰਢਾਉਣ ਵਾਲੇ
ਅਤੇ ਦਰਦ ਤੱਕਲੇ 'ਤੇ
ਪੀੜ-ਪਾਹੁਲ ਦੇ ਤੰਦ ਪਾਉਣ ਵਾਲੇ
ਹੰਘਾਲ ਦਿੰਦੀਆਂ ਨੇ
ਰਾਤ ਦੀਆਂ ਨੀਂਦਾਂ
ਪਰਿਵਾਰਕ ਜ਼ਿੰਮੇਵਾਰੀਆਂ।

ਰਾਤ ਨੂੰ ਜਾਗਣ ਵਾਲੇ
ਕਲਮ-ਕਿਰਤੀ
ਸ਼ਬਦ-ਸਾਧਵੀ
ਤੇ ਚਾਨਣ-ਵਣਜਾਰੇ ਹੁੰਦੇ
ਜਿਨ੍ਹਾਂ ਦੀ ਚਿਰਾਗ-ਚਿਣਗ
'ਨੇਰਿਆਂ ਲਈ ਕਾਲ ਹੁੰਦੀ।

ਰਾਤਾਂ 'ਚ ਰਾਹ-ਤਲਬ
ਤ੍ਰੌਂਕਣ ਵਾਲਿਆਂ ਨੂੰ ਸਲਾਮ।

ਰਾਤਾਂ ਨੂੰ ਉਹ ਵੀ ਜਾਗਦੇ ਨੇ, ਜਿਨ੍ਹਾਂ ਨੇ ਰਾਤ ਦੀ ਕੁੱਖ ਵਿਚ ਸਰਘੀ ਧਰਨੀ ਹੁੰਦੀ ਅਤੇ ਹਨੇਰ-ਬੀਹੀ 'ਚ ਸੂਰਜ ਦਾ ਹੋਕਾ ਲਾਉਣਾ ਹੁੰਦਾ।

ਰਾਤ ਨੂੰ ਅਜਿਹੇ ਵਿਅਕਤੀ ਵੀ ਜਾਗਦੇ, ਜਿਨ੍ਹਾਂ ਦੀਆਂ ਤਰਜੀਹਾਂ ਵਿਚ ਰਾਤ ਨਾਲ ਆਢਾ ਲਾਉਣ, ਰਾਤ ਦੇ ਗਲ ਤਾਰਿਆਂ ਦਾ ਰਾਣੀਹਾਰ ਪਾਉਣ ਜਾਂ ਮੱਥੇ ਚੰਦਰਮਾ ਦਾ ਟਿੱਕਾ ਲਾਉਣਾ ਹੁੰਦਾ।

ਰਾਤ ਨੂੰ ਰਾਂਗਲੇ ਪਲੰਘ 'ਤੇ ਮੋਹਵੰਤੀਆਂ ਮਹਿਫਿਲਾਂ ਸਜਾਉਣ ਵਾਲਿਆਂ ਦੇ ਨੈਣਾਂ ਵਿਚ ਨੀਂਦ ਨਹੀਂ ਉਤਰਦੀ ਅਤੇ ਉਹ ਰਾਤ ਨੂੰ ਰਾਂਗਲਾ-ਰਾਗ ਬਣਾ ਦਿੰਦੇ।

ਰਾਤ ਨੂੰ ਉਹ ਲੋਕ ਜਾਗਦੇ, ਜਿਨ੍ਹਾਂ ਨੂੰ ਦਿਨੇ ਸੁਪਨਿਆਂ ਦੇ ਸੱਚ ਨੂੰ ਦੇਖਣ ਦੀ ਆਦਤ ਹੁੰਦੀ ਅਤੇ ਸੌਂ ਕੇ ਸਿਰਫ ਸੁਪਨਿਆਂ ਵਿਚ ਹੀ ਜਿਉਣਾ ਨਹੀਂ ਚਾਹੁੰਦੇ।

ਰਾਤ ਨੂੰ ਉਹ ਵੀ ਜਾਗਦੇ, ਜਿਨ੍ਹਾਂ ਨੇ ਆਪਣੇ ਅੰਦਰਲੇ ਹਨੇਰ ਨੂੰ ਖਤਮ ਕਰਕੇ, ਅੰਤਰੀਵ ਵਿਚ ਚਿਰਾਗ ਧਰਨਾ ਹੁੰਦਾ। ਇਸ ਦੀ ਰੌਸ਼ਨੀ ਤੇ ਨਿੱਘ ਵਿਚ ਜੀਵਨ ਨੂੰ ਜਿਉਣਾ ਕਹਿਣਾ ਚੰਗਾ ਲੱਗਦਾ। ਉਨ੍ਹਾਂ ਦੀ ਕਮਜ਼ੋਰੀ ਤਾਕਤ ਵਿਚ ਬਦਲਦੀ ਅਤੇ ਆਤਮ-ਵਿਸ਼ਵਾਸ ਵਧਦਾ।

ਮੁਹੱਬਤ ਕਰਨ ਵਾਲੇ ਤਾਂ ਸਮੇਂ ਨੂੰ ਵੀ ਠਹਿਰਨ ਲਈ ਵੰਗਾਰਦੇ। ਉਨ੍ਹਾਂ ਲਈ ਰਾਤ ਨੂੰ ਸੋਚ-ਸਰਦਲ 'ਤੇ ਮਨਫੀ ਕਰਨਾ, ਉਨ੍ਹਾਂ ਦੀ ਸਿਰੜ ਸਾਧਨਾ ਨੂੰ ਸਲਾਮ। ਇਹ ਮੁਹੱਬਤ ਸੁਪਨਿਆਂ ਦੀ ਸੰਪੂਰਨਤਾ ਨਾਲ ਹੋਵੇ, ਸਾਰਥਕ ਸੋਚ ਨੂੰ ਸਮਰਪਣ ਹੋਵੇ, ਸੱਜਣ ਨੂੰ ਮਿਲਣ ਦੀ ਤਾਂਘ ਹੋਵੇ ਜਾਂ ਆਪਣੇ ਸੰਗ ਗੁਫਤਗੂ ਕਰਨੀ ਹੋਵੇ।

ਰਾਤ ਦੇ ਰਾਹੀ ਕਦੇ ਨਾ ਸੌਂਦੇ, ਭਾਵੇਂ ਨੈਣੀਂ ਰੜਕੇ ਲਾਲੀ। ਅੰਦਰਲੇ ਸ਼ੋਰ ਨੂੰ ਚੁੱਪ ਕਰਾਂਦੇ, ਬਾਹਰੀ ਚੁੱਪ-ਭਿਆਲੀ। ਝੋਲੀ ਅੱਡ ਕੇ ਖੁਦ ਨੂੰ ਵੇਚਣ, ਬਣ ਕੇ ਸਾਹ-ਸਵਾਲੀ। 'ਨੇਰ ਅੰਦਰ ਦਾ ਵੱਢ ਵੱਢ ਖਾਵੇ, ਭਾਲਣ ਸੂਰਜ-ਲਾਲੀ। ਅੰਦਰੋਂ ਹੁੰਦੇ ਭਰੇ-ਭਕੁੰਨੇ, ਭਾਵੇਂ ਹੱਥੋਂ ਖਾਲੀ। ਚੁੱਪ-ਚੰਗੇਰ 'ਚ ਰਾਗਣੀ ਛਿੜਦੀ, ਜਦ ਵਜਾਉਂਦੇ ਤਾਲੀ। ਕਾਲੇ ਕੋਹੀਂ ਲੋਅ ਤ੍ਰੌਂਕਣ, ਤਾਬ ਨਾ ਜਾਵੇ ਸੰਭਾਲੀ। ਅਜਿਹੇ ਲੋਕਾਂ ਨੂੰ ਸਿਜਦਾ ਕਰਦੇ, ਮਨ ਕਿਰਸਾਨੀ ਹਾਲੀ।

ਰਾਤ, ਗੁੱਝੀਆਂ ਰਮਜ਼ਾਂ ਦੀ ਦਾਤੀ ਬਣ ਕੇ ਸਾਡੇ ਮਸਤਕ ਵਿਚ ਕ੍ਰਿਆਤਮਕ ਕਲਾਵਾਂ ਅਤੇ ਸੋਚਾਂ ਦੀ ਜਨਮਭੂਮੀ ਬਣਦੀ। ਇਸ ਨੂੰ ਕਰਮ ਭੂਮੀ ਬਣਾਉਣ ਲਈ ਮਨੁੱਖ ਹਾਜਰ। ਇਸ 'ਚੋਂ ਪੈਦਾ ਹੁੰਦੀ ਕਰਾਮਾਤ। ਰਾਤ ਦੀ ਇਲਾਹੀ ਚੁੱਪ ਵਿਚ ਜਾਗਦੇ ਲੋਕਾਂ ਦੇ ਇਕ ਹੀ ਖਿਆਲ, ਸੋਚ, ਸੁਪਨੇ ਅਤੇ ਸ਼ਬਦ ਨੇ ਨਵੀਂ ਤਹਿਜ਼ੀਬ ਤੇ ਤਨਜ਼ੀਮ ਨੂੰ ਜਨਮ ਦਿੱਤਾ।

ਰਾਤ ਨੂੰ ਜਾਗਣ ਵਾਲੇ ਜਾਣਦੇ ਕਿ ਰਾਤ ਨੇ ਸਦਾ ਨਹੀਂ ਰਹਿਣਾ ਅਤੇ ਨਾ ਹੀ ਕਾਲੇ ਕੋਹਾਂ ਨੇ ਉਨ੍ਹਾਂ ਦੇ ਪੈਂਡ-ਸਫਰ ਨੂੰ ਸਦੀਵੀ ਉਲਝਾਈ ਰੱਖਣਾ। ਆਖਰ ਨੂੰ ਸੂਰਜ ਦੀ ਇਕ ਹੀ ਕਿਰਨ ਨੇ ਰਾਤ ਨੂੰ ਦਿਨ ਬਣਾ ਦੇਣਾ, ਜਿਸ ਵਿਚ ਦਿਸਦੇ ਦਿਸਹੱਦਿਆਂ ਨੇ ਬਹੁਤ ਦੂਰ ਤੀਕ ਫੈਲਣਾ ਏ।

ਕਦੇ ਵੀ ਕਿਸੇ ਨੂੰ ਰਾਤ ਦਾ ਦਰਦ ਨਾ ਦਿਓ, ਸਗੋਂ ਸਰਘੀ ਦੀ ਸੌਗਾਤ ਦਿਓ। ਡੁੱਬਦੀਆਂ ਤ੍ਰਿਕਾਲਾਂ ਦੀ ਥਾਂ ਚੜ੍ਹਦੇ ਸਵੇਰਿਆਂ ਦਾ ਤੋਹਫਾ ਦਿਓ। ਉਤਰਦੀ ਰਾਤ ਨਾਲੋਂ ਚੜ੍ਹਦੇ ਦਿਨ ਵਰਗਾ ਕੁਝ ਦੇਣਾ। ਛਿਪ ਰਹੇ ਦਿਨ ਨਾਲੋਂ ਰਾਤ ਵੱਧ ਆਸਵੰਦ ਹੁੰਦੀ।

ਰਾਤ ਨੂੰ ਜਾਗਣ ਵਾਲਿਆਂ ਨੂੰ ਇਹ ਅਹਿਸਾਸ ਬਹੁਤ ਸ਼ਿੱਦਤ ਨਾਲ ਮਹਿਸੂਸ ਹੁੰਦਾ ਕਿ ਦਿਨ ਦੀ ਕੀ ਮਹੱਤਤਾ ਏ? ਹਨੇਰੇ ਵਿਚ ਚਾਨਣ ਦੀ ਕੀ ਵੁੱਕਤ ਏ? ਰਾਤ ਵਿਚੋਂ ਅਸੀਂ ਦਿਨ ਦੀਆਂ ਦੇਣਾਂ ਅਤੇ ਦਰਿਆ-ਦਿਲੀ ਨੂੰ ਕਿਵੇਂ ਵਿਸਥਾਰ ਦੇ ਸਕਦੇ ਹਾਂ?

ਰਾਤ ਦੇ ਹਨੇਰੇ ਵਿਚ ਖੁਦ ਦਾ ਚਿਰਾਗ ਜਗਾਵੋ। ਆਪਣੇ ਆਪ ਵਿਚੋਂ ਰੌਸ਼ਨ-ਰਾਗ ਪੈਦਾ ਕਰਨ ਦੀ ਜੁਗਤ ਆ ਜਾਵੇ ਤਾਂ ਹਨੇਰੇ ਡਰਾਉਂਦੇ ਨਹੀਂ ਸਗੋਂ ਤੁਹਾਡੇ ਸਾਥ ਨੂੰ ਆਪਣਾ ਸ਼ਰਫ ਸਮਝਦੇ।

ਰਾਤ ਦੇ ਹਰ ਪਹਿਰ ਵਿਚ ਕੁਝ ਨਾ ਕੁਝ ਅਜਿਹਾ ਵਾਪਰਦਾ ਕਿ ਤੁਸੀਂ ਖੁਦ ਨੂੰ ਆਪਣੇ ਜ਼ਿਆਦਾ ਕਰੀਬ ਮਹਿਸੂਸ ਕਰਦੇ। ਇਸ ਨੇੜਤਾ ਵਿਚੋਂ ਹੀ ਨਗਮਿਆਂ, ਨੇਕ-ਨੀਅਤਾਂ ਅਤੇ ਨਰਮ-ਦਿਲੀ ਵਰਗੀਆਂ ਭਾਵਨਾਵਾਂ ਤੁਹਾਡੇ ਮਨ ਨੂੰ ਆਪਣਾ ਆਲ੍ਹਣਾ ਬਣਾਉਂਦੀਆਂ।

ਰਾਤ ਦੀ ਰਾਜ਼ਦਾਰੀ ਵਿਚੋਂ ਰਹਿਮਤਾਂ ਦੀ ਰਹਿਬਰੀ ਕਰਨ ਵਾਲੇ ਰਾਤ ਦੇ ਸਭ ਤੋਂ ਕਰੀਬੀ। ਉਨ੍ਹਾਂ ਦੀ ਰੰਗਰੇਜ਼ਤਾ ਹੀ ਹੁੰਦੀ, ਰਾਤ-ਵਹੀ ਦੀ ਤਾਂਘ-ਤਰਤੀਬੀ।

ਰਾਤ ਨੂੰ ਅਰਘ-ਅਰਦਾਸ ਬਣਾ, ਚੜ੍ਹਦੇ ਚੰਦਰਮਾ ਵਿਚੋਂ ਆਪਣੇ ਚੰਨ ਦੇ ਦੀਦਾਰ ਪਾਉਣੇ ਅਤੇ ਜੀਵਨ-ਬਰਕਤਾਂ ਲਈ ਅਰਜੋਈ ਕਰਨਾ, ਰਾਤ ਦੀ ਖੁਸ਼ਨਸੀਬੀ।

ਰਾਤ ਦੀਆਂ ਰਮਜ਼ਾਂ ਵਿਚੋਂ ਰਾਜ਼, ਰੱਜ, ਰਮਤਾ, ਰੂਹਾਨੀਅਤ ਅਤੇ ਰਮਣੀਕਤਾ ਨੂੰ ਅੰਤਰੀਵ ਦੇ ਨਾਮ ਕਰਨਾ, ਰਾਤ ਦਾ ਸਭ ਤੋਂ ਅਜ਼ੀਮ ਤੋਹਫਾ। ਇਸ ਦੀਆਂ ਅਸੀਮ ਪਰਤਾਂ ਵਿਚੋਂ ਹੀ ਮਨੁੱਖ ਦੀ ਉਘੜਦੀ ਤਸਵੀਰ।

ਰਾਤ ਜਦ ਰਾਤ-ਰਾਣੀ ਬਣ ਕੇ ਮਹਿਕਾਂ ਖਿਲਾਰਦੀ ਤਾਂ ਜੀਵਨੀ ਮਹਿਕਾਂ ਰਾਤ ਦੀ ਧੰਨ ਭਾਗਤਾ ਦਾ ਧਰਮ ਬਣਦੀਆਂ।

ਤੁਸੀਂ ਇਹ ਧਰਮ ਜਰੂਰ ਬਣਨਾ।

# ਸਿੱਖੀ ਦੇ ਵਿਰੋਧ ਅਤੇ ਟਕਰਾਓ

ਗੁਰੂ ਨਾਨਕ ਗੁਰਮਤਿ ਦੇ ਸੰਸਥਾਪਕ ਹਨ। ਉਨ੍ਹਾਂ ਦੇ ਸਮੇਂ ਭਾਰਤ ਭੂਖੰਡ ਦਰਮਿਆਨ ਦੋ ਸਮਾਜ ਆਪੋ ਵਿਚ ਇੱਕ ਦੂਜੇ ਨੂੰ ਪ੍ਰਭਾਵਤ ਵੀ ਕਰ ਰਹੇ ਸਨ, ਇੱਕ ਦੂਜੇ ਦੇ ਪ੍ਰਭਾਵ ਗ੍ਰਹਿਣ ਵੀ ਕਰ ਰਹੇ ਸਨ, ਇੱਕ ਦੂਜੇ ਦਾ ਵਿਰੋਧ ਵੀ ਕਰ ਰਹੇ ਸਨ ਅਤੇ ਆਪਸ ਵਿਚ ਟਕਰਾ ਵੀ ਰਹੇ ਸਨ।

ਵੈਸੇ ਤਾਂ ਇਹ ਸਥਿਤੀ ਹਰ ਸਮਾਜਕ ਸਮੂਹ ਦੇ ਅੰਦਰ ਹੁੰਦੀ ਹੈ, ਜੋ ਬੜੀ ਸੂਖਮ ਅਤੇ ਪ੍ਰੋਖ ਹੁੰਦੀ ਹੈ, ਪਰ ਇਸ ਦੇ ਉਲਟ ਬਾਹਰੀ ਵਿਰੋਧ ਅਤੇ ਟਕਰਾਓ ਹਸਤਾਮਲ ਦੀ ਤਰ੍ਹਾਂ ਪ੍ਰਤੱਖ ਨਜ਼ਰ ਆਉਂਦੇ ਹਨ।

ਭਾਰਤ 'ਚ ਸਨਾਤਨੀ ਸੱਚ ਤੇ ਮੱਤ ਵਿਚ ਵੀ ਕਈ ਸਵੈ-ਵਿਰੋਧ ਉਭਰ ਰਹੇ ਸਨ ਅਤੇ ਇਸੇ ਤਰ੍ਹਾਂ ਇਸਲਾਮੀ ਫਿਰਕਿਆਂ ਤੇ ਸੂਫੀ ਸਿਲਸਿਲਿਆਂ ਅੰਦਰ ਵੀ ਸਵੈ-ਵਿਰੋਧ ਪਣਪ ਰਹੇ ਸਨ।

ਇਤਿਹਾਸ ਅਤੇ ਇਤਿਹਾਸਕਾਰੀ ਦੀ ਮਾਸਾ ਕੁ ਵੀ ਮੱਸ ਰੱਖਣ ਵਾਲੇ ਜਾਣਦੇ ਹਨ ਕਿ ਕਰਮਕਾਂਡ ਅਤੇ ਬੁੱਧਮੱਤ ਦਰਮਿਆਨ ਕਿੱਡਾ ਵੱਡਾ ਟਕਰਾਓ ਪੈਦਾ ਹੋ ਗਿਆ ਸੀ, ਜਿਸ ਦੇ ਹੱਲ ਲਈ ਕੁਮਾਰਲ ਭੱਟ ਬੋਧੀ ਭਿਕਸ਼ੂ ਦਾ ਭੇਸ ਵਟਾ ਕੇ ਬੁੱਧ ਮੱਤ ਦਾ ਗਿਆਨ ਹਾਸਲ ਕਰਨ ਲਈ ਨਾਲੰਦਾ ਵਿਸ਼ਵਵਿੱਦਿਆਲੇ ਚਲਾ ਗਿਆ ਸੀ ਅਤੇ ਪਛਾਣੇ/ਪਕੜੇ ਜਾਣ 'ਤੇ ਉਥੋਂ ਕੱਢ ਦਿੱਤਾ ਗਿਆ ਸੀ। ਇਸੇ ਕੁਮਾਰਲ ਭੱਟ ਦੇ ਤੇਜ਼ ਪ੍ਰਤਾਪ ਕਰਕੇ ਬੁੱਧ ਮੱਤ ਦਾ ਪ੍ਰਭਾਵ ਖੀਣ ਹੋਣਾ ਸ਼ੁਰੂ ਹੋ ਗਿਆ ਸੀ।



ਅਵਤਾਰ ਸਿੰਘ (ਪ੍ਰੋ.)
ਫੋਨ: 91-94175-18384

ਕੁਮਾਰਲ ਭੱਟ ਦੇ ਵਿਦਵਾਨ ਚੇਲੇ ਮੰਡਨ ਮਿਸ਼ਰਾ ਅਤੇ ਆਦੀ ਸ਼ੰਕਰਾਚਾਰੀਆ ਦਰਮਿਆਨ ਵੇਦਾਂ ਦੇ ਕਰਮ ਕਾਂਡ ਅਤੇ ਗਿਆਨ ਕਾਂਡ ਨੂੰ ਲੈ ਕੇ ਮਹਾਂ ਬਹਿਸ ਹੋਈ ਸੀ, ਜਿਸ ਵਿਚ ਮੰਡਨ ਮਿਸ਼ਰਾ ਤੇ ਉਸ ਦੀ ਵਿਦਵਾਨ ਪਤਨੀ ਭਾਰਤੀ ਨੇ ਹਾਰਨ ਪਿਛੋਂ ਸ਼ੰਕਰਾਚਾਰੀਆ ਦਾ ਮੱਤ ਅਖਤਿਆਰ ਕਰ ਲਿਆ ਸੀ।

ਇਹ ਤੱਥ ਅਤੇ ਸੱਚ ਉਕਤ ਭਿੜੰਤ ਅਤੇ ਟਕਰਾਓ ਵਾਲੇ ਵਾਤਾਵਰਣ ਦੇ ਜਾਹਰਾ ਸਬੂਤ ਹਨ। ਹਿੰਦੁਸਤਾਨ ਦਾ ਇਤਿਹਾਸ ਕਰਮ ਕਾਂਡ ਤੇ ਗਿਆਨ ਕਾਂਡ, ਪ੍ਰਵਿਰਤੀ ਮਾਰਗ ਤੇ ਨਵਿਰਤੀ ਮਾਰਗ, ਗ੍ਰਹਿਸਥ ਤੇ ਸੰਨਿਆਸ, ਅਨੇਕਤਾ ਤੇ ਏਕਤਾ ਦੇ ਵਿਰੋਧ ਅਤੇ ਟਕਰਾਓ ਤੇ ਭਿੜੰਤ ਦਾ ਅਖਾੜਾ ਬਣਿਆ ਰਿਹਾ ਹੈ।

ਇਸਲਾਮ ਅਤੇ ਸੂਫੀਮੱਤ ਦਰਮਿਆਨ ਨੇੜਤਾ (Imminence) ਤੇ ਏਕਤਾ (Immanence) ਦੇ ਟਕਰਾਓ ਕਾਰਨ ਸ਼ਮਸਤਬਰੇਜ ਅਤੇ ਮਨਸੂਰ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਗਿਆ।

ਇਸਲਾਮੀ ਇਤਿਹਾਸ 'ਚ ਪੀਰ ਰੌਸ਼ਨੀਆ ਨੇ ਅਕਬਰ ਦੇ ਦੀਨ-ਏ-ਇਲਾਹੀ ਦੇ ਵਿਰੋਧ ਵਿਚ ਇੱਕ ਜ਼ਬਰਦਸਤ ਮੁਹਿੰਮ ਚਲਾਈ ਸੀ। ਉਸ ਨੇ ਅਰਬੀ ਲਿਪੀ ਵਿਚ ਕੁਝ ਫੇਰਬਦਲ ਕਰਕੇ ਇਸਲਾਮ 'ਚ ਜਨ ਹਿਤ ਭਾਸ਼ਾਈ ਮੁਹਿੰਮ (Vernacularism) ਦਾ ਆਗਾਜ਼ ਕੀਤਾ ਸੀ।

ਇਤਿਹਾਸ ਦੱਸਦਾ ਹੈ ਕਿ ਇੰਨਾ ਜ਼ੁਲਮ ਅਤੇ ਤੱਦੀ ਔਰੰਗਜ਼ੇਬ ਨੇ ਵੀ ਅਣਧਰਮੀਆਂ 'ਤੇ ਨਹੀਂ ਸੀ ਕੀਤੀ, ਜਿੰਨੀ ਅਕਬਰ ਨੇ ਜਨ ਹਿਤ ਨੂੰ ਪ੍ਰਣਾਏ ਇਸ ਪੀਰ ਰੌਸ਼ਨੀਆਂ ਅਤੇ ਉਸ ਦੇ ਪੈਰੋਕਾਰੀ ਲਾਮਲਸ਼ਕਰ ਨੂੰ ਤਬਾਹ ਕਰਨ ਲਈ ਕੀਤੀ ਸੀ।

ਅਕਬਰ ਦੀ ਇਸ ਮਹਾਂ ਤੱਦੀ ਤੋਂ ਸਿਰਫ ਤੇ ਸਿਰਫ ਪੀਰ ਰੌਸ਼ਨੀਆਂ ਦਾ ਇੱਕ ਬੇਟਾ ਪੀਰ ਜਲਾਲਾ ਹੀ ਬਚ ਸਕਿਆ ਸੀ, ਜਿਸ ਨੇ ਮੁਗਲ ਹਕੂਮਤ ਦੇ ਖਿਲਾਫ ਮੁੜ ਝੰਡਾ ਚੁੱਕ ਲਿਆ ਸੀ।

ਇਤਿਹਾਸ ਇਸ ਗੱਲ ਦੀ ਸ਼ਾਹਦੀ ਭਰਦਾ ਹੈ ਕਿ ਔਰੰਗਜ਼ੇਬ ਦੀ ਤੱਦੀ ਤੋਂ ਤਾਂ ਹਿੰਦੂ ਵੀ ਬਚ ਗਏ ਸਨ ਤੇ ਸਿੱਖ ਵੀ ਬਚ ਨਿਕਲੇ, ਪਰ ਅਕਬਰ ਦੀ ਤੱਦੀ ਤੋਂ ਕੋਈ ਵੀ ਰੌਸ਼ਨੀਆਂ ਪੈਰੋਕਾਰ ਬਚ ਨਾ ਸਕਿਆ।

ਹੁਣ ਪੀਰ ਰੌਸ਼ਨੀਆਂ ਦੀ ਯਾਦ ਕਰਾਉਣ ਵਾਲੇ ਸਿਰਫ ਕੁਝ ਰੌਸ਼ਨੀ ਮੇਲੇ ਹੀ ਲੱਗਦੇ ਹਨ।

ਹਿੰਦੁਸਤਾਨ ਵਿਚ ਅਵਤਾਰ ਤੇ ਪੈਗੰਬਰ, ਮਲੇਛ ਤੇ ਕਾਫਰ, ਮੂਰਤ ਤੇ ਅਮੂਰਤ, ਬੁੱਤ ਤੇ ਸੰਕਲਪ, ਜਾਤੀ ਤੇ ਵਿਅਕਤੀ, ਹਿੰਦੂ ਤੇ ਮੁਸਲਿਮ ਦਾ ਭਿਅੰਕਰ ਵਿਰੋਧ ਅਤੇ ਟਕਰਾਓ ਰਿਹਾ ਹੈ।

ਅਜੋਕੇ ਯੁੱਗ ਵਿਚ ਇਹ ਟਕਰਾਓ ਅਤੇ ਵਿਰੋਧ ਧਰਮ ਤੇ ਸਾਇੰਸ, ਪੂਰਬ ਤੇ ਪੱਛਮ ਦੇ ਰੂਪ ਵਿਚ ਵੀ ਤਬਦੀਲ ਹੋ ਰਹੇ ਹਨ ਤੇ ਵਿਸ਼ਵ ਦੀ ਸਹਿਜ ਚਾਲ ਨੂੰ ਨਿਖੇਧਾਤਮਕ ਤਰੀਕੇ ਨਾਲ ਪ੍ਰਭਾਵਤ ਕਰ ਰਹੇ ਹਨ।

ਸਿੱਖੀ ਦਾ ਸੱਚ ਅਤੇ ਇਤਿਹਾਸਕ ਅਮਲ ਇਸ ਵਿਰੋਧ ਤੇ ਟਕਰਾਓ ਨੂੰ ਸਮਝਦਾ, ਸਮੇਟਦਾ ਅਤੇ ਮੇਟਦਾ ਹੈ। ਅਸਲ ਵਿਚ ਸਿੱਖੀ ਵਿਚ ਕਿਸੇ ਵੀ ਸੱਚ ਦਾ ਨਿਖੇਧ ਜਾਂ ਵਿਰੋਧ ਨਹੀਂ ਹੈ, ਪਰ ਸਿੱਖੀ ਉਨ੍ਹਾਂ ਵਿਰੋਧਾਂ ਦਾ ਨਿਖੇਧ ਜ਼ਰੂਰ ਕਰਦੀ ਹੈ, ਜੋ ਵਿਰੋਧ ਕਿਸੇ ਨਾ ਕਿਸੇ ਤਰ੍ਹਾਂ ਅਗਿਆਨਾਸ਼ਰਿਤ ਜਾਂ ਬੇਬੁਨਿਆਦ ਹਨ।



ਬਹਾਦਰ ਸ਼ਾਹ

ਕਿਸੇ ਵਿਰੋਧ ਦਾ ਕੋਈ ਧਰਾਤਲ ਨਹੀਂ ਹੁੰਦਾ। ਵਿਰੋਧ ਸਿਰਫ ਪਸੰਦ ਜਾਂ ਨਾਪਸੰਦ ਦਾ ਹੁੰਦਾ ਹੈ। ਕੋਈ ਗੱਲ ਮੈਨੂੰ ਪਸੰਦ ਨਹੀਂ, ਕੋਈ ਕਿਸੇ ਹੋਰ ਨੂੰ ਪਸੰਦ ਨਹੀਂ ਹੈ। ਕੋਈ ਆਪਣੀ ਪਸੰਦ ਮੇਰੇ 'ਤੇ ਕਿਉਂ ਥੋਪੇ? ਮੈਂ ਆਪਣੀ ਪਸੰਦ ਕਿਸੇ 'ਤੇ ਕਿਉਂ ਥੋਪਾਂ? ਨਿਜੀ ਪਸੰਦ ਅਤੇ ਨਾਪਸੰਦ ਦੀ ਸੁਤੰਤਰਤਾ ਦਾ ਦਾਇਰਾ ਨਿਜੀ ਹੁੰਦਾ ਹੈ ਅਤੇ ਇਸ ਦੀ ਸੀਮਾ ਉਥੇ ਤੱਕ ਹੀ ਹੁੰਦੀ ਹੈ, ਜਿਥੇ ਦੂਜੇ ਦੀ ਪਸੰਦ ਨਾਪਸੰਦ ਦੀ ਅਧਿਕਾਰ ਰੇਖਾ ਅਰੰਭ ਨਹੀਂ ਹੁੰਦੀ। ਇਸ ਨਜ਼ਰੇ ਦੇਖਿਆਂ ਸਪਸ਼ਟ ਹੁੰਦਾ ਹੈ ਕਿ ਸਿੱਖੀ ਵਿਚ ਵਿਰੋਧ ਨਹੀਂ ਹੈ, ਸਗੋਂ ਵਿਰੋਧ ਦਾ ਵਿਰੋਧ ਹੈ ਜਾਂ ਟਕਰਾਓ ਦਾ ਟਕਰਾਓ ਹੈ।

ਜਿਵੇਂ ਕੋਈ ਅਧਿਆਪਕ ਕਿਸੇ ਵਿਦਿਆਰਥੀ ਦੇ ਠੀਕ ਸਵਾਲ 'ਤੇ ਅਣਜਾਣਪੁਣੇ 'ਚ ਕਾਟਾ ਮਾਰ ਦਿੰਦਾ ਹੈ, ਪਰ ਦੂਜਾ ਮਰਮੱਗ ਅਧਿਆਪਕ ਪੁਨਰ ਮੁਲਾਂਕਣ ਕਰਦਿਆਂ ਉਸ ਸਵਾਲ 'ਤੇ ਵੱਜੇ ਕਾਟੇ 'ਤੇ ਕਾਟਾ ਮਾਰ ਦਿੰਦਾ ਹੈ।

ਦਸਮ ਪਾਤਿਸ਼ਾਹ ਦੇ ਪਰਲੋਕ ਗਮਨ ਉਪਰੰਤ ਸਿੱਖਾਂ ਨੇ ਹਕੂਮਤ ਨਾਲ ਆਢਾ ਲਾਇਆ ਤਾਂ ਬਹਾਦਰ ਸ਼ਾਹ ਨੇ ਦਸ ਦਸੰਬਰ 1710 ਈਸਵੀ ਨੂੰ ਸ਼ਾਹੀ ਫੁਰਮਾਨ ਜਾਰੀ ਕੀਤਾ, "ਨਾਨਕ ਪ੍ਰਸਤਾਂ ਰਾ ਹਰਕੁਜਾ ਕਿਹ ਬਿਯਾਬੰਦ ਬਾ ਕਤਲ ਰਸਾਨੰਦ।" (ਜਦ ਵੀ ਕਿਤੇ ਸਿੱਖ ਲੱਭੇ ਜਾਂ ਦਿਸ ਪਵੇ ਤਾਂ ਬੇਝਿਜਕ ਕਤਲ ਕਰ ਦਿੱਤਾ ਜਾਵੇ।)

ਹਿਟਲਰ ਦੇ 'ਫਾਈਨਲ ਸੋਲਿਊਸ਼ਨ ਆਫ ਦ ਜਿਊਜ਼ ਪ੍ਰਾਬਲਮ' ਜਿਹੇ ਇਸ ਸ਼ਾਹੀ ਫੁਰਮਾਨ ਦਾ ਜਵਾਬ 7 ਅਪਰੈਲ 1711 ਈਸਵੀ ਨੂੰ ਬੰਦਾ ਸਿੰਘ ਬਹਾਦਰ ਦੀ ਕਮਾਨ ਹੇਠ ਲੜ ਰਹੇ ਖਾਲਸੇ ਨੇ ਇਸ ਤਰ੍ਹਾਂ ਦਿੱਤਾ:

ਸਾਡਾ ਇਸਲਾਮ ਅਤੇ ਮੁਸਲਮਾਨਾਂ ਨਾਲ ਕੋਈ ਝਗੜਾ ਨਹੀਂ, ਅਸੀਂ ਤਾਂ ਤਾਨਾਸ਼ਾਹੀ ਅਤੇ ਸ਼ਕਤੀ ਦੀ ਦੁਰਵਰਤੋਂ ਦੇ ਪੁੱਜ ਕੇ ਬਰਖਿਲਾਫ ਹਾਂ।

ਕਹਿੰਦੇ ਹਨ, ਪਿਆਰ ਅਤੇ ਜੰਗ ਵਿਚ ਸਭ ਕੁਝ ਜਾਇਜ਼ ਹੁੰਦਾ ਹੈ। ਪਰ ਸਿੱਖੀ ਵਿਚ ਪਿਆਰ ਦੇ ਵੀ ਅਤੇ ਜੰਗ ਦੇ ਵੀ ਅਸੂਲ ਹਨ। ਸਿੱਖੀ ਵਿਚ ਸੁਹਾਗ ਦਾ ਪਿਆਰ ਹੀ ਪ੍ਰਵਾਨ ਹੈ। ਜੰਗ ਦੇ ਅਸੂਲਾਂ ਵਿਚ ਸਿੱਖੀ ਦਾ ਕੋਈ ਮੁਕਾਬਲਾ ਨਹੀਂ ਹੈ। ਗੁਰੂ ਦਾ ਹੁਕਮ ਹੈ ਕਿ ਯੁੱਧ ਸਮੇਂ ਸਿੱਖ ਨੇ ਬਾਲ, ਬਿਰਧ ਅਤੇ ਔਰਤ ਉਤੇ ਵਾਰ ਨਹੀਂ ਕਰਨਾ। ਇਸ ਦੇ ਇਲਾਵਾ ਨਿਹੱਥੇ, ਡਿੱਗੇ ਹੋਏ ਜਾਂ ਭੱਜੇ ਜਾਂਦੇ 'ਤੇ ਵਾਰ ਨਹੀਂ ਕਰਨਾ। ਇਹ ਅਸੂਲ ਗੁਰੂ ਨਾਨਕ ਦੇ ਸੱਚ ਦਾ ਪ੍ਰਗਟਾਵਾ ਹਨ।

ਮਹਾਂਰਿਸ਼ੀਆਂ ਨੇ ਪਾਰਬ੍ਰਹਮ ਦੀ ਖੋਜ ਕੀਤੀ। ਕਵੀਆਂ ਨੇ ਉਸ ਨੂੰ ਮਾਨਵੀ ਰੂਪ ਪ੍ਰਦਾਨ ਕੀਤਾ; ਪਰ ਅਨਾੜੀਆਂ ਨੇ ਉਸੇ ਨੂੰ ਹੂਬਹੂ ਪਾਰਬ੍ਰਹਮ ਅਨੁਮਾਨ ਲਿਆ; ਸਿੱਖੀ ਨੇ ਇਸ ਪ੍ਰਚਲਨ ਨੂੰ ਦਰੁਸਤ ਕੀਤਾ ਕਿ ਪਾਰਬ੍ਰਹਮ ਦਾ ਮਾਨਵੀਕ੍ਰਿਤ ਰੂਪ ਅਰੰਭਕ ਹੁਲਾਰੇ ਵਜੋਂ ਕਾਰਗਰ ਹੋ ਸਕਦਾ ਹੈ, ਪਰ ਅੰਤਿਮ ਉਪਲਕਸ਼ ਨਹੀਂ।

ਮਹਾਂਰਿਸ਼ੀਆਂ ਨੇ ਮਾਨਵੀ ਅਨੇਕਤਾ ਦੀ ਸੂਝ ਹਾਸਲ ਕੀਤੀ। ਕਵੀਆਂ ਨੇ ਇਸ ਨੂੰ ਪੁਰਸ਼ ਸੂਕਤ ਦ੍ਰਿਸ਼ਟਾਂਤ ਦਿੱਤਾ, ਪਰ ਅਨਾੜੀਆਂ ਨੇ ਇਸ ਨੂੰ ਜਾਤੀ ਪ੍ਰਥਾ ਬਣਾ ਧਰਿਆ। ਸਿੱਖੀ ਨੇ ਇਸ ਦਾ ਖੰਡਨ ਤੇ ਵਿਰੋਧ ਕੀਤਾ ਕਿ ਮਾਨਵੀ ਵਖਰੇਵਾਂ ਅਤੇ ਭਿੰਨਤਾ ਕੁਦਰਤੀ ਹੈ, ਇਸ ਨੂੰ ਉਚ-ਨੀਚ ਵਜੋਂ ਦੇਖਣਾ ਤੇ ਸਮਝਣਾ ਉਪੱਦਰੀ ਅਨਿਆਂ ਹੈ।

ਸਨਾਤਨੀ ਮੱਤ ਅਨੁਸਾਰ ਸੰਸਾਰ ਨੂੰ ਬਦਲਣਹਾਰ ਹੋਣ ਕਾਰਨ ਅਸੱਤ ਮੰਨਿਆ ਗਿਆ ਹੈ; ਜਗਤ ਦਾ ਅਰਥ ਵੀ ਗਤੀਸ਼ੀਲ ਹੈ ਅਤੇ ਸੰਸਾਰ ਦਾ ਅਰਥ ਵੀ ਬਦਲਾਉ ਹੈ। ਕੁਦਰਤ ਤਬਦੀਲੀ ਦਾ ਹੀ ਦੂਜਾ ਨਾਂ ਹੈ। ਕੁਦਰਤ ਹਰ ਪਲ ਆਪਣੇ ਨਵੇਂਪਣ ਅਰਥਾਤ ਜੋਬਨ ਵਿਚ ਹੁੰਦੀ ਹੈ।

ਗੁਰਮਤਿ ਵਿਚ ਕੁਦਰਤ ਨੂੰ ਇਸ ਦੇ ਬਦਲਣਹਾਰ ਜਾਂ ਗਤੀਸ਼ੀਲ ਸੁਭਾਉ ਕਾਰਨ ਅਸੱਤ ਨਹੀਂ ਸਗੋਂ ਸੱਚੇ ਦੀ ਕੋਠੜੀ ਅਰਥਾਤ ਸੱਚ ਦਾ ਨਿਵਾਸ ਅਸਥਾਨ ਮੰਨਿਆ ਗਿਆ ਹੈ।

ਸੱਚ ਦਾ ਨਿਰਗੁਣ ਸਰੂਪ ਕਾਦਰ ਹੈ, ਸਰਗੁਣ ਸਰੂਪ ਕੁਦਰਤ ਹੈ, ਜਿਸ ਦਾ ਮਾਨਵੀ ਪ੍ਰਗਟਾਵਾ ਸੱਭਿਆਚਾਰ ਹੈ, ਜਿਸ ਵਿਚ ਇਲਾਕੇ ਅਤੇ ਸਮੇਂ ਦੇ ਲਿਹਾਜ ਨਾਲ ਬਦਲਾਓ ਆਉਂਦੇ ਹਨ। ਲੋਕ ਆਪੋ-ਆਪਣੇ ਇਲਾਕਾਈ ਅਤੇ ਸਮਕਾਲੀ ਵਖਰੇਵੇਂ ਨੂੰ ਪ੍ਰਧਾਨ ਅਨੁਮਾਨ ਲੈਂਦੇ ਹਨ ਅਤੇ ਦੂਜੇ ਨੂੰ ਗੌਣ ਸਮਝ ਲੈਂਦੇ ਹਨ।

ਸਿੱਖੀ ਵਿਚ ਖੇਤਰੀ ਅਤੇ ਕਾਲਿਕ ਪੱਧਰ ਦੇ ਹਰੇਕ ਸੱਭਿਆਚਾਰਕ ਵਖਰੇਵੇਂ ਨੂੰ ਮਾਨਤਾ ਅਤੇ ਪ੍ਰਮੁੱਖਤਾ ਦਿੱਤੀ ਗਈ ਹੈ। ਦਸਮ ਪਾਤਿਸ਼ਾਹ ਦਾ ਫੁਰਮਾਨ ਹੈ,

ਸਭੈ ਅੱਛਰ ਬਿਦਿਆ ਸਭੈ ਦੇਸ ਬਾਨੀ॥
ਸਭੈ ਦੇਸ ਪੂਜਾ ਸਮਸਤੋ ਪ੍ਰਧਾਨੀ॥

ਮੁੱਕਦੀ ਗੱਲ, ਪੁਰਾਤਨ ਸਮਿਆਂ ਵਿਚ ਮਾਨਵੀ ਪ੍ਰਕਿਰਤੀ 'ਤੇ ਵੱਜੇ ਕਾਟਿਆਂ 'ਤੇ ਸਿੱਖੀ ਨੇ ਹੜਤਾਲ ਫੇਰੀ ਹੈ। ਇਹੀ ਹੜਤਾਲ ਸਿੱਖੀ ਦਾ ਵਿਰੋਧ ਅਤੇ ਟਕਰਾਓ ਹੈ।

ਗੁਰਬਾਣੀ ਵਿਚ ਗੁਰੂ ਨਾਨਕ ਪਾਤਿਸ਼ਾਹ ਨੂੰ ਸਭ ਤੋਂ ਪੁਰਾਤਨ ਅਰਥਾਤ ਆਦਿਪੁਰਖ ਕਿਹਾ ਗਿਆ ਹੈ, ਭਾਵ ਗੁਰੂ ਨਾਨਕ ਦਾ ਦਰਸਾਇਆ ਤੇ ਵਿਆਖਿਆਇਆ ਸੱਚ ਸਨਾਤਨ (Eternal) ਅਰਥਾਤ ਮੁੱਢਕਦੀਮੀ ਅਤੇ ਸਦੀਵੀ ਹੈ।

ਇਸ ਦ੍ਰਿਸ਼ਟੀਕੋਣ ਤੋਂ ਸਿੱਖੀ ਨੂੰ ਸਮਝਿਆਂ ਜਾਂ ਸਮਝਦਿਆਂ ਵਿਸ਼ਵ ਨੂੰ ਅਮਰੀਕੀਕਰਣ (Americanization) ਤੋਂ ਰੋਕ ਕੇ ਅਤੇ ਬਚਾ ਕੇ ਸਰਬ ਸਾਂਝੀਵਾਲਤਾ ਦੀ ਦਿਸ਼ਾ ਵੱਲ ਮੋੜਿਆ ਜਾ ਸਕਦਾ ਹੈ। ਜੇ ਇਹ ਯਤਨ ਕਿਸੇ ਕੀਮਤ 'ਤੇ ਵੀ ਜਾਰੀ ਹੋ ਅਤੇ ਰਹਿ ਸਕਣ ਤਾਂ ਇਹ ਸਿੱਖੀ ਦੀ ਵੱਡੀ ਤੇ ਅਸਲ ਕਰਾਮਾਤ ਹੋਵੇਗੀ।

# ਇਕ ਪੰਥ, ਇਕ ਗ੍ਰੰਥ

ਮੁਗਲਾਂ ਦੀ ਚਾਰ ਸੌ ਸਾਲ ਦੀ ਗੁਲਾਮੀ ਨੇ ਹਿੰਦੂਆਂ ਦਾ ਘਾਣ ਕੀਤਾ ਹੋਇਆ ਸੀ। ਹਿੰਦੂਆਂ ਦੀਆਂ ਬਹੂ-ਬੇਟੀਆਂ ਕਾਬਲ ਅਤੇ ਗਜ਼ਨੀ ਦੇ ਬਾਜ਼ਾਰਾਂ ਵਿਚ ਸ਼ੱਰੇਆਮ ਨਿਲਾਮ ਹੁੰਦੀਆਂ ਸਨ। ਹਿੰਦੂ ਘੋੜੇ ਦੀ ਸਵਾਰੀ ਨਹੀਂ ਸੀ ਕਰ ਸਕਦਾ, ਪੱਗ ਨਹੀਂ ਸੀ ਬੰਨ੍ਹ ਸਕਦਾ, ਕੋਠੇ ਦੀ ਛੱਤ 'ਤੇ ਸੌਂ ਨਹੀਂ ਸੀ ਸਕਦਾ। ਜਦੋਂ ਕਿਸੇ ਹਿੰਦੂ ਦਾ ਵਿਆਹ ਹੁੰਦਾ ਤਾਂ ਉਸ ਦੀ ਪਤਨੀ ਪਹਿਲੀ ਰਾਤ ਨਵਾਬ ਦੇ ਘਰ ਕੱਟਦੀ। ਜੇ ਕਿਸੇ ਹਿੰਦੂ ਦੀ ਧੀ ਸੋਹਣੀ ਹੁੰਦੀ ਤਾਂ ਮੁਗਲ ਉਸ ਨੂੰ ਜਬਰੀ ਚੁੱਕ ਕੇ ਲੈ ਜਾਂਦੇ। ਹਿੰਦੂਆਂ ਨੂੰ ਰੱਜ ਕੇ ਜ਼ਲੀਲ ਕੀਤਾ ਜਾਂਦਾ। ਹਿੰਦੂਆਂ ਦੀ ਇੰਨੀ ਮਾੜੀ ਦਸ਼ਾ ਗੁਰੂ ਸਾਹਿਬਾਨ ਤੋਂ ਦੇਖੀ ਨਾ ਗਈ ਅਤੇ ਉਨ੍ਹਾਂ ਨੇ ਹਿੰਦੂਆਂ ਨੂੰ ਆਜ਼ਾਦ ਕਰਵਾਉਣ ਵਾਸਤੇ ਸੰਘਰਸ਼ ਅਰੰਭ ਕੀਤਾ।

ਮਾਸਟਰ ਦੀਵਾਨ ਸਿੰਘ
ਕਾਰਟਰੇਟ, ਨਿਊ ਜਰਸੀ
ਫੋਨ: 732-850-2719

ਹਿੰਦੂਆਂ ਵਿਚ ਏਕਤਾ ਬਣਾਉਣ ਅਤੇ ਜ਼ੁਲਮ ਵਿਰੁਧ ਆਵਾਜ਼ ਉਠਾਉਣ ਵਾਸਤੇ 'ਮਾਰਿਆ ਸਿਕਾ ਜਗਤਿ ਵਿਚ ਨਾਨਕ ਨਿਰਮਲ ਪੰਥ ਚਲਾਇਆ' ਅਤੇ ਗੁਰੂ ਨਾਨਕ ਦੇਵ ਜੀ ਨੇ ਸਿੱਖ ਧਰਮ ਦੀ ਨੀਂਹ ਰੱਖੀ। ਤਿੰਨ ਮੁੱਢਲੇ ਸਿਧਾਂਤ ਸੱਚ ਬੋਲਣਾ, ਧਰਮ ਦੀ ਕਿਰਤ ਕਰਨੀ ਅਤੇ ਨਾਮ ਜਪਣਾ ਦਿੱਤੇ। ਬਾਬਰ ਨੂੰ ਜਾਬਰ ਆਖਿਆ। ਪੰਜਵੇਂ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਨੇ ਆਪਣਾ ਬਲੀਦਾਨ ਦੇ ਕੇ ਸਿੱਖੀ ਦੇ ਬੂਟੇ ਨੂੰ ਸਿੰਜਿਆ। ਗੁਰੂ ਤੇਗ ਬਹਾਦਰ ਜੀ ਨੇ ਹਿੰਦੂਆਂ ਦੀ ਖਾਤਰ ਸੀਸ ਵਾਰ ਦਿੱਤਾ, ਪਰ ਸੀ ਨਾ ਕੀਤੀ। ਦਸਮ ਪਾਤਿਸ਼ਾਹ ਗੁਰੂ ਗੋਬਿੰਦ ਸਿੰਘ ਜੀ ਦੇ ਵੱਡੇ ਸਾਹਿਬਜ਼ਾਦੇ ਲੜਦੇ ਲੜਦੇ ਜੰਗ ਵਿਚ ਸ਼ਹੀਦ ਹੋ ਗਏ ਅਤੇ ਛੋਟੇ ਸਾਹਿਬਜ਼ਾਦਿਆਂ ਨੂੰ ਸਰਹਿੰਦ ਦੇ ਨਵਾਬ ਨੇ ਨੀਂਹਾਂ ਵਿਚ ਚਿਣਵਾ ਦਿੱਤਾ। 'ਪੰਥ ਵਸੇ ਮੈਂ ਉਜੜਾਂ' ਵਾਲਾ ਨਾਹਰਾ ਬੁਲੰਦ ਕੀਤਾ।

ਕਹਿੰਦੇ ਨੇ, ਜਦੋਂ ਗੁਰੂ ਗੋਬਿੰਦ ਸਿੰਘ ਜੀ ਦਾ ਅੰਤਮ ਸਮਾਂ ਨੇੜੇ ਆਉਣ ਲੱਗਾ ਤਾਂ ਸਿੱਖਾਂ ਨੇ ਗੁਰੂ ਜੀ ਤੋਂ ਪੁਛਿਆ ਕਿ ਤੁਹਾਡੇ ਜਾਣ ਪਿਛੋਂ ਸਾਡਾ ਕੀ ਬਣੇਗਾ? ਗੁਰੂ ਜੀ ਨੇ ਆਖਿਆ, ਇਸ ਦਾ ਜਵਾਬ ਕੱਲ੍ਹ ਨੂੰ ਦੇਵਾਂਗੇ। ਦੂਜੇ ਦਿਨ ਉਨ੍ਹਾਂ ਨੇ ਸਿੱਖਾਂ ਕੋਲੋਂ ਖੀਰ ਦਾ ਕੜਾਹਾ ਬਣਵਾਇਆ ਅਤੇ ਉਸ ਨੂੰ ਗਲੀ ਵਿਚ ਸੁੱਟ ਦਿੱਤਾ। ਸਾਰਾ ਦਿਨ ਕੁੱਤੇ ਆ ਆ ਖੀਰ ਖਾਂਦੇ ਰਹੇ ਅਤੇ ਇਕ ਦੂਜੇ ਨਾਲ ਲੜ ਕੇ ਲਹੂ-ਲੁਹਾਣ ਹੁੰਦੇ ਰਹੇ। ਗੁਰੂ ਜੀ ਪੁਕਾਰ ਉਠੇ: ਸਿੱਖੋ! ਜੇ ਤੁਸੀਂ ਆਪਸ ਵਿਚ ਪਿਆਰ ਨਾਲ ਰਹੋਗੇ ਤੇ ਆਪਸ ਵਿਚ ਏਕਾ ਰਖੋਗੇ ਤਾਂ ਤੁਹਾਡੀ ਚੜ੍ਹਦੀ ਕਲਾ ਰਹੇਗੀ; ਨਹੀਂ ਤਾਂ ਤੁਹਾਡਾ ਹਾਲ ਇਨ੍ਹਾਂ ਵਰਗਾ ਹੋਵੇਗਾ। ਅੱਜ ਕੱਲ੍ਹ ਸਿੱਖਾਂ ਦਾ ਹਾਲ ਇਹੀ ਹੋ ਗਿਆ ਹੈ।

ਕੌਮ ਖਾਤਰ ਗੁਰੂ ਸਾਹਿਬਾਨ ਨੇ ਕਰੀਬ 239 ਸਾਲ ਮਿਹਨਤ ਕੀਤੀ, ਕੁਰਬਾਨੀਆਂ ਦਿੱਤੀਆਂ ਪਰ ਮਸੰਦਾਂ ਨੇ ਪਿਛਲੇ ਕੁਝ ਦਹਾਕਿਆਂ ਵਿਚ ਕੌਮ ਦਾ ਬੇੜਾ ਗਰਕ ਕਰਕੇ ਰੱਖ ਦਿੱਤਾ। ਜਿੰਨਾ ਚਿਰ ਸਿੱਖਾਂ ਦਾ ਇਕੱਠ ਰਿਹਾ, ਸਿੱਖਾਂ ਨੇ ਵੱਡੀਆਂ ਵੱਡੀਆਂ ਮੱਲਾਂ ਮਾਰੀਆਂ। ਸਿੱਖ ਕੌਮ ਨੇ ਹਰੀ ਸਿੰਘ ਨਲੂਆ, ਜੱਸਾ ਸਿੰਘ ਰਾਮਗੜ੍ਹੀਆ ਅਤੇ ਜੱਸਾ ਸਿੰਘ ਆਹਲੂਵਾਲੀਆ ਵਰਗੇ ਜਰਨੈਲ ਪੈਦਾ ਕੀਤੇ। ਮਹਾਰਾਜਾ ਰਣਜੀਤ ਸਿੰਘ ਦੀ ਛਤਰ-ਛਾਇਆ ਹੇਠ 50 ਸਾਲ ਸਿੱਖਾਂ ਦਾ ਰਾਜ ਰਿਹਾ। ਸਿੱਖ ਦੁਨੀਆਂ ਵਿਚ ਬਹਾਦਰ ਕੌਮ ਵਜੋਂ ਜਾਣੇ ਜਾਣ ਲੱਗੇ। ਲੋਕਾਂ ਵਿਚ ਸਿੱਖਾਂ ਬਾਰੇ ਧਾਰਨਾ ਬਣ ਗਈ ਕਿ ਸਿੱਖ ਕਦੇ ਝੂਠ ਨਹੀਂ ਬੋਲਦਾ, ਕਦੇ ਚੋਰੀ ਨਹੀਂ ਕਰਦਾ, ਇਸਤਰੀਆਂ ਦੀ ਇੱਜਤ ਦੀ ਰਾਖੀ ਕਰਦਾ ਹੈ ਤੇ ਹਰ ਵੇਲੇ ਨਿਮਾਣਿਆਂ ਦੀ ਮਦਦ ਕਰਦਾ ਹੈ।

ਕਿਥੇ ਗਈ ਉਹ ਇਕੋ ਪੰਥ ਵਾਲੀ ਗੱਲ? ਗੁਰੂ ਗੋਬਿੰਦ ਸਿੰਘ ਨੇ ਜਦੋਂ 1699 ਦੀ ਵਿਸਾਖੀ ਵਾਲੇ ਦਿਨ ਖਾਲਸਾ ਪੰਥ ਦੀ ਨੀਂਹ ਰੱਖੀ ਤਾਂ ਉਨ੍ਹਾਂ ਦਾ ਵੱਡਾ ਮਕਸਦ ਸੀ, ਜਾਤਾਂ-ਪਾਤਾਂ ਵਿਚ ਵੰਡੇ ਹੋਏ ਲੋਕਾਂ ਨੂੰ ਇਕੱਠਿਆਂ ਕਰਨਾ ਤਾਂ ਜੋ ਉਹ ਜ਼ੁਲਮ ਵਿਰੁਧ ਆਵਾਜ਼ ਉਠਾ ਸਕਣ। ਅਸੀਂ ਬਾਣਾ ਪਾ ਕੇ ਗੁਰੂ ਦੇ ਸਿੰਘ ਤਾਂ ਅਖਵਾਉਣ ਲੱਗ ਪਏ, ਪਰ ਅੰਦਰ ਦੀ ਕਾਲਖ ਤਾਂ ਉਸੇ ਤਰ੍ਹਾਂ ਹੀ ਹੈ। ਅਸੀਂ ਆਪਣੀਆਂ ਧੀਆਂ ਦੇ ਰਿਸ਼ਤੇ ਤਾਂ ਦੂਸਰੀਆਂ ਜਾਤਾਂ ਵਿਚ ਕੀ ਕਰਨੇ ਹਨ, ਕਿਸੇ ਦੂਜੀ ਜਾਤ ਦਾ ਸ਼ਖਸ ਗੁਰਦੁਆਰਾ ਕਮੇਟੀ ਦਾ ਪ੍ਰਧਾਨ ਵੀ ਬਣ ਜਾਵੇ ਤਾਂ ਉਹ ਵੀ ਨਹੀਂ ਸੁਖਾਉਂਦਾ। ਇਹੀ ਕਾਰਨ ਹੈ ਕਿ ਥਾਂ-ਥਾਂ ਵੱਖਰੀਆਂ ਜਾਤਾਂ ਦੇ ਨਾਂ 'ਤੇ ਗੁਰਦੁਆਰੇ ਬਣੇ ਹੋਏ ਹਨ। ਇਕ ਅੰਦਾਜ਼ੇ ਅਨੁਸਾਰ 80 ਫੀਸਦੀ ਸਿੱਖ ਸਿੱਖੀ ਛੱਡ ਕੇ ਡੇਰਿਆਂ, ਟਕਸਾਲਾਂ ਅਤੇ ਬਾਬਿਆਂ ਦੇ ਮਗਰ ਤੁਰੇ ਫਿਰਦੇ ਹਨ, ਜਦਕਿ ਸਭ ਨੂੰ ਗੁਰੂ ਗ੍ਰੰਥ ਸਾਹਿਬੀਏ ਹੋਣਾ ਚਾਹੀਦਾ ਹੈ।

ਬਾਣੀ ਦਾ ਫੁਰਮਾਨ ਹੈ, "ਜੋਤ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ॥" ਗੁਰੂ ਅਰਜਨ ਦੇਵ ਜੀ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਤਕ ਸਾਰੇ ਗੁਰੂ ਸਾਹਿਬਾਨ ਦੀ ਜੋਤ ਇਕ ਹੀ ਸੀ, ਸਿਰਫ ਸਰੀਰ ਹੀ ਬਦਲੇ ਸਨ। ਸਾਰੇ ਗੁਰੂਆਂ ਨੇ ਗੁਰੂ ਨਾਨਕ ਦੇਵ ਜੀ ਦੇ ਸਿਧਾਂਤ 'ਤੇ ਹੀ ਪਹਿਰਾ ਦਿੱਤਾ। ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਨੇ ਗੁਰੂਆਂ ਦੀ ਬਾਣੀ ਅਤੇ ਹੋਰ ਭਗਤਾਂ ਦੀ ਬਾਣੀ ਇਕੱਤਰ ਕਰਕੇ ਗੁਰੂ ਗ੍ਰੰਥ ਸਾਹਿਬ ਦੀ ਰਚਨਾ ਕੀਤੀ। ਦਸਵੇਂ ਪਾਤਿਸ਼ਾਹ ਗੁਰੂ ਗੋਬਿੰਦ ਸਿੰਘ ਨੇ ਆਪਣੇ ਪਿਤਾ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਨੂੰ ਗ੍ਰੰਥ ਵਿਚ ਦਰਜ ਕਰ ਕੇ 1430 ਅੰਗ ਦਾ ਗ੍ਰੰਥ ਬਣਾ ਦਿੱਤਾ। ਉਨ੍ਹਾਂ ਸਿੱਖਾਂ ਨੂੰ ਹੁਕਮ ਦਿੱਤਾ, "ਸਭ ਸਿਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ।" ਉਨ੍ਹਾਂ ਨੂੰ ਪਤਾ ਸੀ ਕਿ ਏਕੋ ਪੰਥ ਅਤੇ ਏਕੋ ਗ੍ਰੰਥ ਵਿਚ ਹੀ ਕੌਮ ਦਾ ਭਲਾ ਹੈ, ਪਰ ਕੁਝ ਲੋਕ ਦਸਵੇਂ ਪਾਤਿਸ਼ਾਹ ਦੀ ਹੁਕਮ-ਅਦੂਲੀ ਕਰਕੇ ਦਸਮ ਗ੍ਰੰਥ ਦਾ ਪ੍ਰਚਾਰ ਕਰ ਰਹੇ ਹਨ। ਉਨ੍ਹਾਂ ਵਿਚ ਬਹੁਤ ਸਾਰੇ ਅਜਿਹੇ ਹਨ, ਜਿਨ੍ਹਾਂ ਨੇ ਕਦੇ ਦਸਮ ਗ੍ਰੰਥ ਪੜ੍ਹਿਆ ਵੀ ਨਹੀਂ। ਕਈ ਥਾਂ ਦਸਮ ਗ੍ਰੰਥ ਦਾ ਪ੍ਰਕਾਸ਼ ਗੁਰੂ ਗ੍ਰੰਥ ਸਾਹਿਬ ਦੇ ਬਰਾਬਰ ਕੀਤਾ ਜਾ ਰਿਹਾ ਹੈ।

ਦਸਮ ਗ੍ਰੰਥ ਦੇ 1428 ਸਫੇ ਹਨ, ਜਿਨ੍ਹਾਂ ਨੂੰ 15 ਵੱਖ ਵੱਖ ਭਾਗਾਂ ਵਿਚ ਵੰਡਿਆ ਗਿਆ ਹੈ। ਚਰਿਤ੍ਰੋ ਪਾਖਿਆਨ ਐਸਾ ਭਾਗ ਹੈ, ਜਿਸ ਵਿਚ 404 ਕਹਾਣੀਆਂ ਹਨ ਅਤੇ ਇਨ੍ਹਾਂ ਨੇ ਗ੍ਰੰਥ ਦੇ ਕਰੀਬ 579 ਸਫੇ ਘੇਰੇ ਹੋਏ ਹਨ। ਇਨ੍ਹਾਂ ਕਹਾਣੀਆਂ ਦੀ ਸ਼ਬਦਾਵਲੀ ਅਤੇ ਵਿਚਾਰ ਐਨੇ ਪਲੀਤ ਹਨ ਕਿ ਅੱਜ ਤਕ ਕਿਸੇ ਦੀ ਹਿੰਮਤ ਨਹੀਂ ਹੋਈ ਕਿ ਸੰਗਤ ਵਿਚ ਸਟੇਜ ਤੋਂ ਪੜ੍ਹ ਕੇ ਸੁਣਾ ਸਕੇ। ਦੂਜੀ ਗੱਲ, ਜੋ ਬਹੁਤ ਮਹੱਤਤਾ ਰੱਖਦੀ ਹੈ, ਜਿਨ੍ਹਾਂ ਕਵੀਆਂ ਨੇ ਇਹ ਕੂੜ-ਕਬਾੜ ਲਿਖਿਆ ਹੈ, ਉਨ੍ਹਾਂ ਦੇ ਨਾਂ ਜਿਵੇਂ ਰਾਮ, ਸ਼ਾਮ ਅਤੇ ਕਲ ਕਈ ਕਾਰ ਇਸ ਵਿਚ ਆਉਂਦੇ ਹਨ। ਚੌਵੀਸ ਅਵਤਾਰ ਦੇ ਸਿਰਲੇਖ ਹੇਠ ਵੀ ਵੱਡੀ ਰਚਨਾ ਹੈ। ਕ੍ਰਿਸ਼ਨ ਅਵਤਾਰ ਦੀ ਕਥਾ ਸਭ ਤੋਂ ਵੱਡੀ ਹੈ ਜੋ ਭਗਵਤ ਪੁਰਾਣ ਵਿਚੋਂ ਲਈ ਗਈ ਹੈ। ਸ਼ਾਮ ਕਵੀ ਦਾ ਨਾਂ ਕਰੀਬ ਹਰ ਸਫੇ 'ਤੇ ਇਕ ਦੋ ਵਾਰ ਆਉਂਦਾ ਹੈ। ਇਸ ਗ੍ਰੰਥ ਨੂੰ ਗੁਰਬਾਣੀ ਕਹਿਣਾ ਅਤੇ ਸਾਰਾ ਗ੍ਰੰਥ ਦਸਵੇਂ ਪਾਤਿਸ਼ਾਹ ਦੇ ਨਾਂ ਮੜ੍ਹਨਾ ਨਿਰੀ ਮੂਰਖਤਾ ਹੈ ਅਤੇ ਇਤਿਹਾਸਕ ਭੁੱਲ ਵੀ।

ਚਰਿਤ੍ਰੋ ਪਾਖਿਆਨ ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਨਾਂ ਨਾਲ ਜੋੜਨਾ ਉਨ੍ਹਾਂ ਨੂੰ ਮਾੜਾ ਦਰਸਾਉਣ ਦੀ ਕੋਸ਼ਿਸ਼ ਕਰਨ ਦੇ ਬਰਾਬਰ ਹੈ। ਇਸ ਗ੍ਰੰਥ ਵਿਚ ਕੁਝ ਰਚਨਾਵਾਂ ਜਿਵੇਂ ਜਾਪ ਸਾਹਿਬ, ਸਵੱਯੈ, ਚੌਪਈ, ਜ਼ਫਰਨਾਮਾ ਆਦਿ ਐਸੀਆਂ ਰਚਨਾਵਾਂ ਹਨ, ਜੋ ਸਿੱਖੀ ਦੇ ਸਿਧਾਂਤ ਨਾਲ ਮਿਲਦੀਆਂ ਹਨ। ਸਿੱਖ ਕੌਮ ਦਾ ਭਲਾ ਇਸੇ ਵਿਚ ਹੈ ਕਿ ਇਨ੍ਹਾਂ ਰਚਨਾਵਾਂ ਨੂੰ ਵੱਖਰਾ ਕਰਕੇ ਗੁਟਕਾ ਬਣਾਇਆ ਜਾਵੇ। ਹੈਂਕੜ ਛੱਡ ਕੇ ਗੁਰੂ ਗ੍ਰੰਥ ਸਾਹਿਬ ਦੇ ਲੜ ਲੱਗਿਆ ਜਾਏ।

ਹਰ ਸਿੱਖ ਨੂੰ ਚਾਹੀਦਾ ਹੈ ਕਿ ਉਹ ਕਿਸੇ ਦੇ ਮਗਰ ਲੱਗਣ ਦੀ ਥਾਂ ਦਸਮ ਗ੍ਰੰਥ ਨੂੰ ਪੜ੍ਹੇ ਅਤੇ ਗੁਰੂ ਗ੍ਰੰਥ ਸਾਹਿਬ ਦਾ ਵੀ ਅਧਿਐਨ ਕਰੇ। ਆਪ ਦੇਖੇ, ਸੱਚਾਈ ਕੀ ਹੈ। ਧਰਮ ਦੇ ਖੇਤਰ ਵਿਚ ਅਸ਼ਲੀਲਤਾ ਲਈ ਕੋਈ ਥਾਂ ਨਹੀਂ ਹੈ। ਕੁਰਾਨ ਸ਼ਰੀਫ ਵਿਚ ਵੀ ਲਿਖਿਆ ਹੈ, "ਜਿਹੜੇ ਵੀ ਲੋਕ ਮੁਸਲਮਾਨਾਂ ਵਿਚ ਅਸ਼ਲੀਲਤਾ ਫੈਲਾਉਣਾ ਚਾਹੁੰਦੇ ਹਨ, ਉਨ੍ਹਾਂ ਲਈ ਦੁਨੀਆਂ ਤੇ ਆਖਿਰਤ ਵਿਚ ਦੁੱਖਾਂ ਭਰਿਆ ਆਜ਼ਾਬ ਹੈ।' (ਸੂਰਤ 24 ਅਨ-ਨੂਰ, ਆਇਤ 19) ਅਰਥਾਤ ਧਰਮ ਵਿਚ ਅਸ਼ਲੀਲਤਾ ਫੈਲਾਉਣ ਵਾਲਿਆਂ ਦਾ ਨਾਸ ਹੋਣਾ ਹੀ ਹੋਣਾ ਹੈ।

ਸਿਆਣੇ ਕਹਿੰਦੇ ਹਨ ਕਿ ਇਸ ਸੰਸਾਰ ਵਿਚ ਕਦੇ ਦੈਂਤਾਂ ਦਾ ਜ਼ੋਰ ਪੈ ਜਾਂਦਾ ਹੈ ਅਤੇ ਕਦੇ ਦੇਵਤਿਆਂ ਦਾ ਰਾਜ ਹੋ ਜਾਂਦਾ ਹੈ। ਅੱਜ ਕੱਲ੍ਹ ਸ਼ਾਇਦ ਦੈਂਤਾਂ ਦਾ ਜ਼ੋਰ ਹੈ। ਜੋ ਕੋਈ ਸੱਚ ਬੋਲਦਾ ਹੈ, ਉਸ ਨੂੰ ਪੰਥ ਵਿਚੋਂ ਛੇਕਿਆ ਜਾਂਦਾ ਹੈ, ਉਸ ਦੀ ਪੱਗ ਲਾਹੀ ਜਾਂਦੀ ਹੈ, ਉਸ ਨੂੰ ਕੁੱਟਿਆ-ਮਾਰਿਆ ਜਾਂਦਾ ਹੈ। ਇਨ੍ਹਾਂ ਦੈਂਤਾਂ ਨੂੰ ਚਾਹੀਦਾ ਹੈ ਕਿ ਕਦੇ ਕਦਾਈਂ ਗੁਰੂ ਗ੍ਰੰਥ ਸਾਹਿਬ ਵੀ ਪੜ੍ਹ ਲਿਆ ਕਰਨ; ਜਿਵੇਂ 'ਹੋਇ ਇਕਤ੍ਰ ਮਿਲਹੁ ਮੇਰੇ ਭਾਈ ਦੁਬਿਧਾ ਦੂਰਿ ਕਰਹੁ ਲਿਵ ਲਾਇ॥'

ਬਾਣੀ ਸਾਨੂੰ ਸਿਖਿਆ ਦਿੰਦੀ ਹੈ ਕਿ ਜੇ ਤੁਹਾਡੇ ਵਿਚਾਰ ਕਿਸੇ ਨਾਲ ਨਹੀਂ ਮਿਲਦੇ ਤਾਂ ਉਸ ਨਾਲ ਬੈਠ ਕੇ ਵਿਚਾਰ-ਵਟਾਂਦਰਾ ਕੀਤਾ ਜਾ ਸਕਦਾ ਹੈ। ਸਿੱਖ ਕਿਸੇ ਦੂਜੇ ਸਿੱਖ ਦੀ ਪੱਗ ਲਾਹੇ, ਉਸ ਦੀ ਕੁੱਟ-ਮਾਰ ਕਰੇ ਤਾਂ ਇਹ ਕੋਈ ਹੱਲ ਨਹੀਂ ਤੇ ਨਾ ਹੀ ਕੋਈ ਵੱਡੀ ਬਹਾਦਰੀ ਹੈ। ਸਾਧਾਰਨ ਸਿੱਖ ਨੂੰ ਘਬਰਾਉਣ ਦੀ ਲੋੜ ਨਹੀਂ। ਇਨ੍ਹਾਂ ਦੈਂਤਾਂ ਦਾ ਰਾਜ ਸਦਾ ਨਹੀਂ ਰਹਿਣਾ, ਭਲੇ ਦਿਨ ਜ਼ਰੂਰ ਆਉਣਗੇ। ਅਜੇ ਵੀ ਅਨੇਕਾਂ ਐਸੇ ਸਿੱਖ ਹਨ, ਜੋ ਸੱਚ ਬੋਲਦੇ ਹਨ, ਧਰਮ ਦੀ ਕਿਰਤ ਕਰਦੇ ਹਨ, ਗਰੀਬਾਂ ਦੀ ਮਦਦ ਕਰਦੇ ਹਨ, ਸੰਸਾਰ ਵਿਚ ਥਾਂ-ਥਾਂ ਜਾ ਕੇ ਭੁੱਖਿਆਂ ਨੂੰ ਲੰਗਰ ਛਕਾਉਂਦੇ ਹਨ।

# ਬਹੁਪੱਖੀ ਸ਼ਖਸੀਅਤ ਸੰਤ ਅਤਰ ਸਿੰਘ ਮਸਤੂਆਣਾ

**ਬਰਸੀ 'ਤੇ ਵਿਸ਼ੇਸ਼**

ਡਾ. ਗੁਰਤੇਜ ਸਿੰਘ ਠੀਕਰੀਵਾਲਾ
ਫੋਨ: 91-94638-61316

ਸੰਤ ਅਤਰ ਸਿੰਘ ਦੀ ਸ਼ਖਸੀਅਤ ਦੋ ਪੱਖਾਂ ਤੋਂ ਵਿਸ਼ੇਸ਼ ਹੈ। ਪਹਿਲਾ ਧਾਰਮਕ ਅਤੇ ਦੂਜਾ ਵਿਦਿਅਕ ਖੇਤਰ। ਜਿਥੇ ਉਨ੍ਹਾਂ ਦੀ ਅਧਿਆਤਮਕ ਅਵਸਥਾ ਅਤੇ ਬਿਰਤੀ ਅਕਹਿ ਸੀ, ਉਥੇ ਵਿਦਿਆ ਦੇ ਪ੍ਰਚਾਰ ਅਤੇ ਪੰਜਾਬੀ ਭਾਸ਼ਾ ਦੇ ਪ੍ਰਸਾਰ ਹਿਤ ਵਚਨਬੱਧਤਾ ਵੀ ਲਾਸਾਨੀ ਸੀ। ਉਨ੍ਹਾਂ ਗੁਰਮਤਿ ਅਭਿਆਸ ਦੇ ਹਰ ਪੱਖ ਨੂੰ ਆਪਣੇ ਜੀਵਨ ਵਿਚ ਢਾਲਿਆ ਹੋਇਆ ਸੀ।

ਪ੍ਰਿੰਸੀਪਲ ਗੰਗਾ ਸਿੰਘ ਨੇ ਸ਼ਿਮਲੇ ਦੇ ਨਾਭਾ ਹਾਊਸ ਵਿਚ ਸੰਤ ਅਤਰ ਸਿੰਘ ਦੇ ਰੂਹਾਨੀ ਜਾਹੋ-ਜਲਾਲ ਦੇ ਪ੍ਰਤਖ ਦਰਸ਼ਨਾਂ ਦਾ ਉਲੇਖ ਕੀਤਾ ਹੈ। ਵਾਰਤਾ ਇਉਂ ਹੈ ਕਿ ਪ੍ਰਿੰ. ਗੰਗਾ ਸਿੰਘ ਇਸ ਸਥਾਨ 'ਤੇ 'ਸਚਖੰਡ' ਦੇ ਵਿਸ਼ੇ ਉਤੇ ਵਿਖਿਆਨ ਕਰਦਿਆਂ ਬਿਜਲੀਆਂ, ਸੂਰਜ ਅਤੇ ਹੋਰ ਤੇਜ਼ ਪ੍ਰਕਾਸ਼ ਵਸਤੂਆਂ ਦੇ ਦ੍ਰਿਸ਼ਟਾਂਤਾਂ ਨਾਲ ਇਸ ਅਵਸਥਾ ਦਾ ਵਰਣਨ ਕਰ ਰਹੇ ਸਨ ਤੇ ਸੰਤ ਅਤਰ ਸਿੰਘ ਵੀ ਉਥੇ ਮੌਜੂਦ ਸਨ। ਸਮਾਪਤੀ ਸਮੇਂ ਸੰਤ ਅਤਰ ਸਿੰਘ ਨੇ ਪ੍ਰਿੰ. ਗੰਗਾ ਸਿੰਘ ਨੂੰ ਇਸ ਉਤਮ ਅਧਿਆਤਮਕ ਅਵਸਥਾ ਦਾ ਕਦੇ ਅਨੁਭਵ ਹੋਣ ਬਾਰੇ ਪੁਛਿਆ ਤਾਂ ਆਪਣੀ ਅਸਮਰਥਾ ਪ੍ਰਗਟਾਉਂਦਿਆਂ ਪ੍ਰਿੰ. ਗੰਗਾ ਸਿੰਘ ਨੇ ਸੰਤਾਂ ਨੂੰ ਇਸ ਅਵਸਥਾ ਬਾਰੇ ਕੁਝ ਗਿਆਤ ਕਰਾਉਣ ਦੀ ਬੇਨਤੀ ਕੀਤੀ ਤਾਂ ਸੰਤ ਅਤਰ ਸਿੰਘ ਨੇ ਕੁਝ ਸਮਾਂ ਅੱਖਾਂ ਬੰਦ ਕੀਤੀਆਂ ਅਤੇ ਚਿਹਰੇ 'ਤੇ ਬਿਜਲਈ ਪ੍ਰਕਾਸ਼ ਦਾ ਅਸਚਰਜਮਈ ਦ੍ਰਿਸ਼ ਪ੍ਰਗਟ ਹੋਇਆ। ਇਹ ਸੰਤ ਅਤਰ ਸਿੰਘ ਦੀ ਰੂਹਾਨੀ ਪ੍ਰਾਪਤੀ ਦੀ ਇਕ ਪ੍ਰਤਖ ਮਿਸਾਲ ਹੈ, ਜੋ ਪ੍ਰਿੰ. ਗੰਗਾ ਸਿੰਘ ਨੇ ਅੱਖੀਂ ਡਿੱਠੀ ਤੇ ਕਲਮਬੱਧ ਕੀਤੀ।

ਸੰਤ ਅਤਰ ਸਿੰਘ ਦੀ ਆਤਮਕ ਸ਼ਖਸੀਅਤ ਦੀ ਇਹ ਵੀ ਖਾਸੀਅਤ ਹੈ ਕਿ ਉਨ੍ਹਾਂ ਆਪਣੀ ਆਤਮਕ ਸ਼ਕਤੀ ਨੂੰ ਪੰਥਕ ਕਾਰਜਾਂ ਲਈ ਹੀ ਵਰਤਿਆ ਜਿਵੇਂ ਸਾਕਾ ਪੰਜਾ ਸਾਹਿਬ ਦੇ ਮੋਰਚੇ ਦੇ ਸਿੰਘ ਸ਼ਹੀਦਾਂ ਨੂੰ ਪ੍ਰਸ਼ਾਦਾ ਛਕਾਉਣ ਵੇਲੇ ਗੱਡੀ ਰੋਕਣ ਦਾ ਬਿਰਤਾਂਤ ਉਨ੍ਹਾਂ ਦੇ ਜੀਵਨ ਇਤਿਹਾਸ ਦਾ ਇਕ ਅਹਿਮ ਪੰਨਾ ਹੈ।

ਵਿਦਿਅਕ ਖੇਤਰ ਵਿਚ ਪੰਜਾਬੀ ਭਾਸ਼ਾ ਦਾ ਪ੍ਰਚਾਰ ਅਤੇ ਇਸ ਨੂੰ ਸਿਖਿਆ ਦੇ ਮਾਧਿਅਮ ਵਜੋਂ ਉਤਸ਼ਾਹਿਤ ਕਰਨ ਦੇ ਕਾਰਜ ਨੂੰ ਧਾਰਮਕ ਫਰਜ਼ ਸਮਝਦੇ ਸਨ। ਗੁਰਮੁਖੀ ਵਿਚ ਲਿਖਣ-ਪੜ੍ਹਨ ਲਈ ਸੰਗਤ ਨੂੰ ਉਤਸ਼ਾਹਿਤ ਕਰਦੇ ਸਨ। ਧਾਰਮਕ ਤੌਰ 'ਤੇ ਉਨ੍ਹਾਂ ਦੀ ਸ਼ਖਸੀਅਤ ਦੀ ਵਿਸ਼ੇਸ਼ਤਾ ਇਹ ਸੀ ਕਿ ਬਤੌਰ 'ਸੰਤ' ਉਹ ਸਮੁੱਚੇ ਸਿੱਖ ਜਗਤ ਵਿਚ ਸਤਿਕਾਰੇ ਗਏ। ਕਾਰਨ ਇਹ ਸੀ ਕਿ ਉਨ੍ਹਾਂ ਨੇ ਕਿਸੇ ਸੰਪਰਦਾਏ ਜਾਂ ਡੇਰਾਵਾਦ ਦੀ ਪ੍ਰਥਾ ਦਾ ਰੁਝਾਨ ਨਹੀਂ ਪੈਦਾ ਕੀਤਾ, ਕੇਵਲ ਗੁਰਮਤਿ ਅਤੇ ਸ੍ਰੀ ਅਕਾਲ ਤਖਤ ਸਾਹਿਬ ਤੋਂ ਜਾਰੀ ਸਿੱਖ ਰਹਿਤ ਮਰਿਆਦਾ ਨੂੰ ਧਰਮ ਦੇ ਪ੍ਰਚਾਰ ਦਾ ਆਧਾਰ ਬਣਾ ਕੇ ਰੱਖਿਆ। ਸ਼ਬਦ ਗੁਰੂ ਦਾ ਪ੍ਰਚਾਰ ਅਤੇ ਸਰਵਉਚ ਸਤਿਕਾਰ ਕਰਨਾ ਉਨ੍ਹਾਂ ਦਾ ਮੁੱਖ ਮਿਸ਼ਨ ਸੀ। ਉਨ੍ਹਾਂ ਨੇ ਕੇਵਲ ਪੜ੍ਹੇ-ਲਿਖੇ ਲੋਕਾਂ ਨੂੰ ਹੀ ਨਹੀਂ, ਸਗੋਂ ਜਨ-ਸਧਾਰਨ ਨੂੰ ਵੀ ਸਿੱਖੀ ਦੇ ਮੂਲ ਆਸ਼ੇ ਨਾਲ ਜੋੜਦਿਆਂ ਅੰਮ੍ਰਿਤ ਪ੍ਰਚਾਰ ਲਹਿਰ ਤਹਿਤ ਲੱਖਾਂ ਪ੍ਰਾਣੀਆਂ ਨੂੰ ਖੰਡੇ ਬਾਟੇ ਦੀ ਪਾਹੁਲ ਛਕਾਈ। ਇਸੇ ਪ੍ਰਸੰਗ ਵਿਚ ਗੁਰਬਾਣੀ ਦੀ ਟੇਕ 'ਤੇ ਧਾਰਨਾ ਗਾਇਨ ਕਰਨ ਦਾ ਅਰੰਭ ਕਰਨਾ ਵੀ ਉਨ੍ਹਾਂ ਦਾ ਇਕ ਉਦਮ ਸੀ। ਉਹ ਗੁਰਬਾਣੀ ਦੀ ਪੁਰਾਤਨ ਗਾਇਨ ਸ਼ੈਲੀ ਅਤੇ ਰਾਗ ਵਿਦਿਆ ਦੇ ਆਪ ਵੀ ਜਾਣੂੰ ਸਨ।


ਪੋਠੋਹਾਰ (ਪਾਕਿਸਤਾਨ) ਵਿਚ ਸਿੰਘ ਸਭਾ ਲਹਿਰ ਦੇ ਅਰੰਭ ਅਤੇ ਇਸ ਦੀ ਸਫਲਤਾ ਸੰਤ ਅਤਰ ਸਿੰਘ ਦੀ ਅਣਥਕ ਅਤੇ ਸਮਰਪਿਤ ਘਾਲਣਾ ਦਾ ਸਿੱਟਾ ਸੀ। ਪੋਠੋਹਾਰ ਵਿਚ ਉਨ੍ਹਾਂ ਦਾ ਨਾਂ 'ਭੂਰੀ ਵਾਲੇ ਸੰਤ' ਵੀ ਪ੍ਰਸਿਧ ਹੋ ਗਿਆ ਸੀ, ਕਿਉਂਕਿ ਪਹਿਰਾਵੇ ਵਿਚ ਕੇਵਲ ਕਛਹਿਰਾ, ਛੋਟੀ ਦਸਤਾਰ ਅਤੇ ਮੋਢਿਆਂ 'ਤੇ ਇਕ ਭੂਰੀ ਹੁੰਦੀ ਸੀ।

ਉਹ ਅਜਿਹੇ ਮਹਾਂਪੁਰਖ ਹਨ, ਜਿਨ੍ਹਾਂ ਨੇ ਗੁਰਮਤਿ ਦਾ ਪ੍ਰਚਾਰ ਵਿਆਪਕ ਪੱਧਰ 'ਤੇ ਕੀਤਾ ਅਤੇ ਸਿੱਖਾਂ ਵਿਚ ਸਿੱਖੀ ਪ੍ਰਤੀ ਪਿਆਰ ਅਤੇ ਉਤਸ਼ਾਹ ਪੈਦਾ ਕਰਨ ਦੀ ਲਹਿਰ ਚਲਾਈ। ਉਨ੍ਹਾਂ ਦੀ ਦੈਵੀ ਸ਼ਖਸੀਅਤ ਤੋਂ ਹਰ ਕੋਈ ਪ੍ਰਭਾਵਿਤ ਹੋਇਆ ਅਤੇ ਉਨ੍ਹਾਂ ਦੇ ਦਰਸ਼ਨਾਂ ਦੀ ਅਭਿਲਾਸ਼ਾ ਕਿੰਨੇ ਸਿੱਖ ਰੱਖਦੇ ਸਨ, ਇਸ ਦਾ ਪਤਾ ਸਮਕਾਲੀ ਅਖਬਾਰਾਂ ਤੋਂ ਲਗਦਾ ਹੈ। ਭਾਈ ਵੀਰ ਸਿੰਘ ਵਲੋਂ ਪ੍ਰਕਾਸ਼ਿਤ 'ਖਾਲਸਾ ਸਮਾਚਾਰ' ਵਿਚੋਂ ਇਸ ਦੀ ਇਕ ਮਿਸਾਲ ਦੇਖ ਸਕਦੇ ਹਾਂ:

"ਆਪ ਦੇ ਪਵਿਤ੍ਰ ਨਾਮਣੇ ਤੇ ਦਿਲ ਖਿਚ ਦਰਸ਼ਨਾਂ ਅਰ ਅਸਰ ਪਾਣ ਵਾਲੇ ਵਜੂਦ ਤੋਂ ਕੌਣ ਸਜਣ ਜਾਣੂੰ ਨਹੀਂ ਹੈ? ਰਿਸੈਪਸ਼ਨ ਕਮੇਟੀ ਦਾ ਡੈਪੂਟੇਸ਼ਨ ਸੰਤ ਦੀ ਸੇਵਾ ਵਿਚ ਹਾਜਰ ਹੋਯਾ ਅਰ ਦਰਸ਼ਨਾਂ ਵਾਸਤੇ ਬਿਨੈ ਕੀਤੀ। ਆਪ ਨੇ ਕ੍ਰਿਪਾਲਤਾ ਪੂਰਬਕ ਕਾਨਫਰੰਸ ਦੇ ਸਮਾਗਮ ਵਿਚ ਦਰਸ਼ਨ ਦੇਣ ਦਾ ਭਰੋਸਾ ਦਿਤਾ ਹੈ। ਪਯਾਰੇ ਸਜਨੋਂ! ਕੈਸਾ ਅਮੋਲਕ ਸਮਾਂ ਹੋਵੇਗਾ ਕਿ ਕਾਨਫਰੰਸ ਦੇ ਪੰਡਾਲ ਵਿਚ ਆਪ ਨੂੰ ਪਵਿਤ੍ਰ ਆਤਮਾ ਦੇ ਦਰਸ਼ਨ ਹੋਣਗੇ, ਕੇਵਲ ਇਹੋ ਖੁਸ਼ੀ ਇਤਨੀ ਭਾਰੀ ਹੈ ਕਿ ਆਪ ਜੁੜ-ਜੁੜ ਕੇ ਆਵੋ। ਸੰਤਾਂ ਦਾ ਭਜਨ ਪ੍ਰੇਮੀ ਸਰੀਰ ਹੁਣ ਅਪਨੇ ਰੰਗ ਵਿਚ ਇਤਨਾ ਰਹਿੰਦਾ ਹੈ ਕਿ ਸਾਰਾ ਦੇਸ ਦਰਸ਼ਨਾਂ ਨੂੰ ਸਹਕਦਾ ਹੈ, ਇਸ ਵੇਲੇ ਸਹ ਸੁਭਾ ਆਪ ਦੇ ਦਰਸ਼ਨ ਤੇ ਸਵੇਰੇ ਸ਼ਾਮ ਕੀਰਤਨਾਂ ਤੇ ਦੀਵਾਨਾ ਦੇ ਅਨੰਦ ਪ੍ਰਾਪਤ ਹੋਣਗੇ।" (ਨੋਟ: ਸੰਤ ਪ੍ਰਤੀ ਇਹ ਬੇਨਤੀ ਅੰਬਾਲੇ ਵਿਖੇ ਹੋਣ ਵਾਲੀ ਛੇਵੀਂ ਸਿੱਖ ਐਜੂਕੇਸ਼ਨਲ ਕਾਨਫਰੰਸ ਬਾਬਤ ਸੀ)।

ਇਸੇ ਅਖਬਾਰ ਵਿਚੋਂ ਇਕ ਹੋਰ ਵੰਨਗੀ ਉਨ੍ਹਾਂ ਦੀ ਨਾਮ ਰੱਤੀ ਸ਼ਖਸੀਅਤ ਪ੍ਰਥਾਇ ਹੈ:

"...ਸੰਤਾਂ ਦੇ ਸੁਭਾਗ ਵਜੂਦ ਨੇ ਲਗਭਗ ਸਾਰੀ ਆਯੂ ਭਜਨ, ਸਿਮਰਨ ਤੇ ਗੁਰਬਾਣੀ ਦੇ ਪ੍ਰਚਾਰ ਵਿਚ ਬਤਾਈ। ਸਿੰਘ ਸਭਾ ਮੂਵਮੈਂਟ ਨੂੰ ਆਪ ਦੇ ਪ੍ਰਚਾਰ ਤੋਂ ਬੜੀ ਸਹਾਇਤਾ ਮਿਲੀ, ਆਪ ਨੇ ਗੁਰਬਾਣੀ ਦੇ ਪ੍ਰਚਾਰ ਨਾਲ ਹਜ਼ਾਰਾਂ ਸੁਤਿਆਂ ਨੂੰ ਜਗਾਇਆ, ਗੁਰੂ ਤੋਂ ਬੇਮੁਖਾਂ ਨੂੰ ਸਿੱਖ ਬਣਾਇਆ, ਨਾਸਤਕਤਾ ਦੇ ਖਾਤੇ ਵਿਚੋਂ ਕਢ ਪ੍ਰਭੂ ਦੀ ਸ਼ਰਨ ਲਾਇਆ, ਨਸ਼ਿਆਂ, ਵਿਕਾਰਾਂ ਤੇ ਕੁਕਰਮਾਂ ਤੋਂ ਬਚਾਇਆ ਤੇ ਅੰਮ੍ਰਤ ਦਾ ਦਾਨ ਦੇ ਕੇ ਸਿੰਘ ਸਜਾ ਦਿਤਾ। ਆਪ ਦਾ ਉਚਾ ਲੰਮਾ ਕਦ, ਭਰਵਾਂ ਸਰੀਰ, ਗੁਰਮੁਖੀ ਦਸਤਾਰ, ਪੁਰ ਜਲਾਲ ਚੇਹਰਾ, ਨੂਰਾਨੀ ਮਸਤਕ, ਅਧਮੁੰਦੇ ਨੇਤਰ ਦੇਖਣ ਵਾਲੇ ਦੇ ਦਿਲ ਤੇ ਧਾਰਮਕ ਤੇ ਸੁਧ ਆਚਰਨ ਦੇ ਜਬਤ ਦਾ ਅਸਰ ਪਾਏ ਬਿਨਾ ਨਹੀਂ ਰਹਿੰਦੇ ਸਨ। ਆਪ ਦੀ ਆਸਾ ਦੀ ਵਾਰ ਦੇ ਦੀਵਾਨਾਂ ਵਿਚ ਪੁਰ ਅਸਰ ਸ਼ੇਰ ਵਾਂਗ ਗਰਜਵੀਂ ਆਵਾਜ਼ ਸ੍ਰੋਤਿਆਂ ਦੇ ਦਿਲ ਵਿਚ ਬਦੋ ਬਦੀ ਅਸਰ ਕਰੀ ਜਾਂਦੀ ਸੀ।"



ਸੰਤ ਅਤਰ ਸਿੰਘ ਮਸਤੂਆਣਾ

ਮਾਲਵੇ ਦੇ ਮਾਰੂਥਲਾਂ ਵਿਚ ਜਿਹੜੇ ਲੋਕ ਪੰਜਾਬੀ ਲੱਚਰ ਗੀਤਾਂ ਦੀਆਂ ਹੇਕਾਂ ਲਾਇਆ ਕਰਦੇ ਸਨ, ਉਹ ਇਨ੍ਹਾਂ ਦੇ ਪ੍ਰਭਾਵ ਸਦਕਾ ਬਾਣੀ ਦੇ ਸ਼ਬਦਾਂ ਜਾਂ ਸ਼ਬਦ ਦੀ ਟੇਕ 'ਤੇ ਧਾਰਨਾਵਾਂ ਦਾ ਗਾਇਨ ਕਰਨ ਲੱਗੇ। ਸਮੁੱਚੇ ਤੌਰ 'ਤੇ ਸਿੱਖ ਪੁਨਰ-ਜਾਗ੍ਰਿਤੀ ਦੇ ਯਤਨਾਂ ਦਾ ਇਹ ਸਿੱਟਾ ਨਿਕਲਿਆ ਕਿ ਵਿਆਹ-ਸ਼ਾਦੀਆਂ ਦੇ ਮੌਕੇ ਰਵਾਇਤੀ ਪੰਜਾਬੀ ਗੀਤਾਂ ਦੀ ਥਾਂ ਗੁਰਬਾਣੀ ਦੇ ਸ਼ਬਦਾਂ ਦਾ ਗਾਇਨ ਅਰੰਭ ਹੋ ਗਿਆ ਸੀ। ਉਨ੍ਹਾਂ ਨੇ 'ਸ਼ਬਦ ਗੁਰੂ' ਦੇ ਸਿਧਾਂਤ ਨਿਰੰਤਰ ਤੇ ਉਤਸ਼ਾਹ ਪੂਰਵਕ ਪ੍ਰਚਾਰ ਕੀਤਾ।

ਸੰਤ ਅਤਰ ਸਿੰਘ ਮਸਤੂਆਣਾ ਇਕ ਵਾਰ ਕਟਾਸ (ਪਾਕਿਸਤਾਨ) ਦੇ ਸਥਾਨ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਦਰਬਾਰ ਦੀ ਹਾਜ਼ਰੀ ਭਰ ਰਹੇ ਸਨ ਕਿ ਇਕ ਬ੍ਰਿਧ ਮਹਾਤਮਾ ਨੇ ਉਨ੍ਹਾਂ ਦੇ ਪੈਰੀਂ ਹੱਥ ਲਾ ਦਿੱਤੇ ਜਿਸ ਦਾ ਸੰਤਾਂ ਨੂੰ ਬੜਾ ਦੁਖ ਹੋਇਆ ਅਤੇ ਘੋਸ਼ਣਾ ਕੀਤੀ ਕਿ ਕੋਈ ਵੀ ਗੁਰੂ ਸਾਹਿਬ ਦੀ ਹਜ਼ੂਰੀ ਵਿਚ ਸਾਡੇ ਪੈਰੀਂ ਹੱਥ ਨਾ ਲਾਵੇ। ਵੈਸੇ ਵੀ ਆਪ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਹੀ ਬੈਠਦੇ ਸਨ ਤਾਂ ਜੋ ਗੁਰੂ ਦਰਬਾਰ ਵਿਚ ਕੋਈ ਆਪ ਦੇ ਪੈਰੀਂ ਹੱਥ ਨਾ ਲਾਏ, ਕਿਉਂਕਿ ਜੇ ਵਿਚਾਰਵਾਨ ਪੁਰਸ਼ ਜਾਂ ਪ੍ਰਚਾਰਕ ਹੀ ਮਰਿਆਦਾ ਦਾ ਉਲੰਘਣ ਕਰਨਗੇ ਤਾਂ ਹੋਰ ਕੌਣ ਇਸ ਦਾ ਪਾਲਣ ਕਰੇਗਾ?

ਸੰਤ ਅਤਰ ਸਿੰਘ ਦੀ ਦੂਜੀ ਵਿਸ਼ੇਸ਼ ਦੇਣ ਵਿਦਿਆ ਦੇ ਪ੍ਰਚਾਰ ਨੂੰ ਉਤਸ਼ਾਹਿਤ ਕਰਨਾ ਅਤੇ ਸਹਿਯੋਗ ਦੇਣਾ ਹੈ। ਖਾਲਸਾ ਉਪਦੇਸ਼ਕ ਕਾਲਜ ਯਤੀਮਖਾਨਾ ਗੁਜਰਾਂਵਾਲਾ, ਖਾਲਸਾ ਉਪਦੇਸ਼ਕ ਮਹਾਂ ਵਿਦਿਆਲਿਆ ਘਰਜਾਖ (ਫਰਵਰੀ 1907 ਈ.), ਸਿੱਖ ਕੰਨਿਆ ਹਾਈ ਸਕੂਲ ਰਾਵਲਪਿੰਡੀ, ਅਕਾਲ ਕਾਲਜ ਮਸਤੂਆਣਾ, ਸੰਤ ਸਿੰਘ ਖਾਲਸਾ ਸਕੂਲ ਚਕਵਾਲ (27 ਅਕਤੂਬਰ 1910 ਈ.), ਗੁਰੂ ਨਾਨਕ ਖਾਲਸਾ ਕਾਲਜ ਗੁਜਰਾਂਵਾਲਾ ਆਦਿਕ ਵਿਦਿਅਕ ਅਦਾਰਿਆਂ ਦਾ ਨੀਂਹ ਪੱਥਰ ਸੰਤ ਅਤਰ ਸਿੰਘ ਨੇ ਹੀ ਰੱਖਿਆ ਸੀ। 5 ਮਈ 1917 ਈ. ਨੂੰ ਗੁਰੂ ਨਾਨਕ ਖਾਲਸਾ ਕਾਲਜ ਗੁਜਰਾਂਵਾਲਾ ਖੋਲ੍ਹਣ ਦੀ ਰਸਮ ਪੰਜ ਪਿਆਰਿਆਂ ਦੇ ਰੂਪ ਵਿਚ ਸੰਤ ਅਤਰ ਸਿੰਘ, ਸ. ਹਰਬੰਸ ਸਿੰਘ, ਸ. ਸੁੰਦਰ ਸਿੰਘ ਮਜੀਠੀਆ, ਮਾਸਟਰ ਜੋਧ ਸਿੰਘ ਅਤੇ ਭਾਈ ਵੀਰ ਸਿੰਘ ਵਲੋਂ ਕੀਤੀ ਗਈ। ਸੰਤ ਅਤਰ ਸਿੰਘ ਵਲੋਂ ਅਰਦਾਸ ਕੀਤੇ ਜਾਣ ਪਿਛੋਂ ਕਮਰੇ ਦਾ ਜਿੰਦਰਾ ਖੋਲ੍ਹਿਆ ਗਿਆ ਅਤੇ ਉਨ੍ਹਾਂ ਨੇ ਇਕ ਲੜਕੇ ਨੂੰ ਜਪੁਜੀ ਦੀਆਂ ਪਹਿਲੀਆਂ ਪੰਜ ਪਉੜੀਆਂ ਦੀ ਸੰਥਿਆ ਦੇ ਕੇ ਉਸ ਦਾ ਨਾਂ ਕਾਲਜ ਵਿਚ ਦਰਜ ਕੀਤਾ। ਇਸੇ ਤਰ੍ਹਾਂ ਅਗਸਤ 1901 ਈ. ਵਿਚ ਹਾਈ ਸਕੂਲ ਤਰਨਤਾਰਨ ਵਿਚ ਸੰਤ ਅਤਰ ਸਿੰਘ ਨੇ ਵਿਦਿਆਰਥੀਆਂ ਤੋਂ ਸ਼ਬਦ ਸੁਣੇ, ਉਨ੍ਹਾਂ ਦੇ ਸਿਹਤ ਤੇ ਸਰੀਰਕ ਸਿਖਿਆ ਹਿਤ ਕੀਤੇ ਜਾ ਰਹੇ ਅਭਿਆਸ ਦੇਖੇ ਅਤੇ ਖੇਡਾਂ ਦੇਖੀਆਂ। ਅਜਿਹੀ ਕਾਰਗੁਜ਼ਾਰੀ ਤੋਂ ਖੁਸ਼ ਹੋ ਕੇ ਬੱਚਿਆਂ ਨੂੰ ਆਪਣੇ ਵਲੋਂ ਖੁੱਲ੍ਹੀ ਮਠਿਆਈ ਦਿੱਤੀ। ਸੰਤ ਅਤਰ ਸਿੰਘ ਵਲੋਂ ਬੱਚਿਆਂ ਨੂੰ ਵਿਦਿਆ ਪ੍ਰਤੀ ਉਤਸ਼ਾਹਿਤ ਕੀਤੇ ਜਾਣ ਦੀਆਂ ਇਹ ਕੁਝ ਕੁ ਮਿਸਾਲਾਂ ਹਨ।

ਸੰਤ ਤੇਜਾ ਸਿੰਘ ਅਤੇ ਪ੍ਰਿੰ. ਧਰਮਾਨੰਤ ਸਿੰਘ ਨੂੰ ਵਿਦੇਸ਼ੀ ਯੂਨੀਵਰਸਿਟੀਆਂ ਵਿਚ ਉਚੇਰੀ ਵਿਦਿਆ ਲਈ ਭੇਜਣਾ ਸੰਤ ਅਤਰ ਸਿੰਘ ਦੀ ਵਿਦਿਅਕ ਭਵਿਖ-ਦ੍ਰਿਸ਼ਟੀ ਦਾ ਪ੍ਰਗਟਾਵਾ ਹੈ। ਮਾਲਵੇ ਦੀ ਪ੍ਰਸਿਧ ਪੁਰਾਤਨ ਵਿਦਿਅਕ ਸੰਸਥਾ ਅਕਾਲ ਡਿਗਰੀ ਕਾਲਜ ਮਸਤੂਆਣਾ ਦੀ ਸਥਾਪਨਾ ਅਤੇ ਇਸ ਦੇ ਸੰਚਾਲਨ ਦਾ ਪ੍ਰਬੰਧ ਸੰਤ ਅਤਰ ਸਿੰਘ ਦੀ ਇਸ ਖੇਤਰ ਨੂੰ ਵੱਡੀ ਵਿਦਿਅਕ ਦੇਣ ਹੈ। ਉਨ੍ਹਾਂ ਦੀ ਹਰਮਨ ਪਿਆਰੀ ਹਸਤੀ ਦਾ ਪ੍ਰਮਾਣ ਇਹ ਵੀ ਹੈ ਕਿ ਪੰਡਿਤ ਮਦਨ ਮੋਹਨ ਮਾਲਵੀਆ ਵਰਗੇ ਹਿੰਦੂ ਆਗੂਆਂ ਨੇ ਹਿੰਦੂ ਯੂਨੀਵਰਸਿਟੀ ਬਨਾਰਸ ਦਾ ਨੀਂਹ ਪੱਥਰ ਵੀ ਉਨ੍ਹਾਂ ਤੋਂ ਰਖਵਾਇਆ ਸੀ।

ਸੰਤ ਅਤਰ ਸਿੰਘ ਸਿੱਖ ਐਜੂਕੇਸ਼ਨਲ ਕਾਨਫਰੰਸਾਂ ਵਿਚ ਅਕਸਰ ਹੀ ਸ਼ਬਦ ਕੀਰਤਨ ਰਾਹੀਂ ਹਾਜ਼ਰੀ ਲਵਾਉਂਦੇ ਸਨ। ਇਨ੍ਹਾਂ ਕਾਨਫਰੰਸਾਂ ਵਿਚ ਬਤੌਰ ਪ੍ਰਧਾਨ ਸੁਸ਼ੋਭਿਤ ਹੋਣ ਦਾ ਮੌਕਾ ਵੀ ਉਨ੍ਹਾਂ ਨੂੰ ਮਿਲਦਾ ਰਿਹਾ। ਫਿਰੋਜ਼ਪੁਰ ਵਿਖੇ 15-16 ਅਕਤੂਬਰ 1915 ਈ. ਨੂੰ ਹੋਈ ਇਕ ਕਾਨਫਰੰਸ ਵਿਚ ਰਾਜਾ ਰਣਬੀਰ ਸਿੰਘ ਦੇ ਬੀਮਾਰ ਹੋਣ ਕਾਰਨ ਨਾ ਪੁੱਜਣ 'ਤੇ ਸੰਤ ਅਤਰ ਸਿੰਘ ਨੂੰ ਪ੍ਰਧਾਨ ਬਣਾਇਆ ਗਿਆ। ਉਨ੍ਹਾਂ ਨੇ ਸ਼ਬਦਾਂ ਦੀ ਧੁਨੀ ਰਾਹੀਂ ਆਪਣੀ ਹਾਜ਼ਰੀ ਲਵਾਈ ਅਤੇ ਆਪਣੇ ਅੰਤਿਮ ਭਾਸ਼ਣ ਵਿਚ ਗੁਰੂ ਗੋਬਿੰਦ ਸਿੰਘ ਦੇ ਇਕ ਸ਼ਬਦ 'ਜਾਗਤ ਜੋਤਿ ਜਪੈ ਨਿਸ ਬਾਸੁਰ...' ਦਾ ਗਾਇਨ ਕਰਕੇ ਇਸ ਦੇ ਭਾਵ-ਅਰਥ ਦਰਸਾਉਂਦਾ ਵਿਆਖਿਆਨ ਕੀਤਾ।

ਜੈਤੋ ਦੇ ਮੋਰਚੇ ਵਿਚ ਅਖੰਡ ਪਾਠ ਦੇ ਭੋਗ ਸਮੇਂ ਵੀ ਸੰਤ ਅਤਰ ਸਿੰਘ ਨੇ ਹਾਜ਼ਰੀ ਭਰੀ ਅਤੇ ਮੋਰਚੇ ਵਿਚ ਸ਼ਾਮਿਲ ਹੋਣ ਵਾਲੇ ਅਕਾਲੀਆਂ ਨੂੰ ਉਤਸ਼ਾਹਿਤ ਵੀ ਕਰਦੇ ਸਨ। ਪਟਿਆਲਾ ਰਿਆਸਤ ਦੀ ਰਜਵਾੜਾਸ਼ਾਹੀ ਸੱਤਾ-ਪ੍ਰਣਾਲੀ ਦੇ ਵਿਰੋਧੀ ਨਾਇਕ ਸ. ਸੇਵਾ ਸਿੰਘ ਠੀਕਰੀਵਾਲੇ ਨੂੰ ਉਸ ਵੇਲੇ ਕਾਲਜ ਕੌਂਸਲ ਮਸਤੂਆਣੇ ਦਾ ਪ੍ਰਧਾਨ ਬਣਾਉਣਾ, ਜਦ ਮਹਾਰਾਜਾ ਪਟਿਆਲਾ ਦਾ ਸਾਰਾ ਪਰਿਵਾਰ ਸੰਤਾਂ ਦੀ ਸੇਵਾ ਲਈ ਤਤਪਰ ਰਹਿੰਦਾ ਸੀ, ਸੰਤ ਅਤਰ ਸਿੰਘ ਮਸਤੂਆਣਾ ਦੀ ਲੋਕ ਲਹਿਰਾਂ ਨੂੰ ਨਿਵਾਜਣ ਦੀ ਦ੍ਰਿਸ਼ਟੀ ਦਾ ਪ੍ਰਗਟਾਵਾ ਹੈ।

ਜੇ ਸਮੁੱਚੇ ਤੌਰ 'ਤੇ ਸਿੱਖ ਪੁਨਰ-ਜਾਗ੍ਰਿਤੀ ਦੀ ਲਹਿਰ ਦੇ ਸੰਦਰਭ ਵਿਚ ਦੇਖਿਆ ਜਾਵੇ ਤਾਂ ਇਹ ਤੱਥ ਸਾਹਮਣੇ ਆਉਂਦਾ ਹੈ ਕਿ ਸਿੰਘ ਸਭਾ ਲਹਿਰ ਅਤੇ ਚੀਫ ਖਾਲਸਾ ਦੀਵਾਨ ਦੇ ਨਾਲ ਹੀ ਸੰਤ ਅਤਰ ਸਿੰਘ ਮਸਤੂਆਣਾ ਦਾ ਸਿੱਖ ਪੁਨਰ-ਜਾਗ੍ਰਿਤੀ ਦੀ ਲਹਿਰ ਵਿਚ ਵਡਮੁੱਲਾ ਯੋਗਦਾਨ ਹੈ। ਗੁਰਮਤਿ ਪ੍ਰਚਾਰ ਪ੍ਰਸਾਰ ਬਾਬਤ ਉਨ੍ਹਾਂ ਦੀ ਘਾਲ ਕਮਾਈ ਜਿਗਿਆਸੂਆਂ ਲਈ ਹਮੇਸ਼ਾ ਪ੍ਰੇਰਨਾ ਸਰੋਤ ਬਣੀ ਰਹੇਗੀ।

ਪਹਿਲੀ ਫਰਵਰੀ 1927 ਨੂੰ ਸੰਤ ਅਤਰ ਸਿੰਘ ਮਸਤੂਆਣਾ ਆਪਣਾ ਨਾਸ਼ਵਾਨ ਸਰੀਰ ਤਿਆਗ ਕੇ ਪ੍ਰਭੂ ਚਰਨਾਂ ਵਿਚ ਜਾ ਬਿਰਾਜੇ। ਉਨ੍ਹਾਂ ਦੀ ਸਮਾਜ ਨੂੰ ਦੇਣ ਹਮੇਸ਼ਾ ਯਾਦ ਰਹੇਗੀ।

# ਨਿੱਤਨੇਮ 'ਚ ਵਾਧੇ ਨਾਲ ਨਿੱਤਨੇਮ ਦਾ ਨਵਾਂ ਸਰੂਪ ਬਣਾਇਆ

ਕਸ਼ਮੀਰਾ ਸਿੰਘ

ਪ੍ਰਥਮ ਪਾਤਿਸ਼ਾਹੀ ਗੁਰੂ ਨਾਨਕ ਦੇਵ ਦੇ ਬਣਾਏ ਨਿੱਤਨੇਮ ਵਿਚੋਂ ਕੋਈ ਰਚਨਾ ਬਦਲੀ ਨਹੀਂ, ਸਗੋਂ 'ਸੋ ਦਰੁ' ਅਤੇ ਸੋਹਿਲੇ ਦੇ ਸ਼ਬਦਾਂ ਵਿਚ ਹੋਰ ਸ਼ਬਦ ਜੋੜੇ ਗਏ। 'ਸੋ ਦਰੁ' ਸੰਗ੍ਰਿਹ ਵਿਚ ਦੋ ਸ਼ਬਦ (ਇੱਕ ਆਪਣਾ ਅਤੇ ਇੱਕ ਪਿਤਾ ਗੁਰੂ ਜੀ ਦਾ) ਜੋੜੇ ਗਏ। 'ਸੋ ਪੁਰਖੁ' ਦਾ 4 ਸ਼ਬਦਾਂ ਦਾ ਨਵਾਂ ਸੰਗ੍ਰਿਹ (2 ਪਿਤਾ ਗੁਰੂ ਜੀ ਦੇ, ਇੱਕ ਆਪਣਾ ਅਤੇ ਇੱਕ ਪਹਿਲੇ ਗੁਰੂ ਜੀ ਦਾ) ਜੋੜ ਕੇ ਸ਼ਾਮ ਦੇ ਪਾਠ ਦੇ ਨੌਂ ਸ਼ਬਦ ਨਿਸ਼ਚਿਤ ਕੀਤੇ। ਪਹਿਲੇ ਗੁਰੂ ਜੀ ਦੇ ਸੋਹਿਲੇ ਦੇ 3 ਸ਼ਬਦਾਂ ਵਿਚ 2 ਹੋਰ ਸ਼ਬਦ (ਇੱਕ ਆਪਣਾ ਅਤੇ ਇੱਕ ਪਿਤਾ ਗੁਰੂ ਜੀ ਦਾ) ਜੋੜ ਦਿੱਤੇ ਗਏ। ਸਵੇਰ ਦਾ ਨਿੱਤਨੇਮ (ਜਪੁ ਜੀ) ਉਹੀ ਰੱਖਿਆ ਗਿਆ।

**ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਦਾ ਪ੍ਰਵਾਨਤ ਨਿੱਤਨੇਮ ਕਿੱਥੇ ਹੈ?** ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਹਿਲੇ 13 ਪੰਨਿਆਂ ਉਤੇ ਦਰਜ ਹੈ। ਕਈ ਸੱਜਣ ਇਹ ਸਵਾਲ ਕਰਦੇ ਹਨ ਕਿ ਇਹ ਨਿੱਤਨੇਮ ਦਸਵੇਂ ਗੁਰੂ ਜੀ ਤੋਂ ਪ੍ਰਵਾਨਤ ਕਿਵੇਂ ਹੈ? ਪਹਿਲੇ ਪਾਤਿਸ਼ਾਹ ਵਲੋਂ ਬਣਾਇਆ ਨਿੱਤਨੇਮ ਉਨ੍ਹਾਂ ਵਲੋਂ ਪ੍ਰਵਾਨਤ ਸੀ, ਜਿਸ ਨੂੰ ਪੰਜਵੇਂ ਪਾਤਿਸ਼ਾਹ ਗੁਰੂ ਅਰਜਨ ਦੇਵ ਨੇ ਪ੍ਰਵਾਨ ਕਰਦਿਆਂ ਉਸ ਵਿਚ ਵਾਧੇ ਕੀਤੇ ਅਤੇ ਨਵਾਂ ਸਰੂਪ ਕਾਇਮ ਕੀਤਾ।

ਪੰਜਵੇਂ ਗੁਰੂ ਜੀ ਅਜਿਹੀ ਤਬਦੀਲੀ ਕਰਨ ਦੇ ਸਮਰੱਥ ਸਨ। ਨਿੱਤਨੇਮ ਦੇ ਇਸ ਨਵੇਂ ਸਰੂਪ ਨੂੰ ਛੇਵੇਂ, ਸੱਤਵੇਂ, ਅੱਠਵੇਂ ਅਤੇ ਨੌਵੇਂ ਗੁਰੂ ਜੀ ਨੇ ਪ੍ਰਵਾਨ ਕੀਤਾ ਪਰ ਇਸ ਦੇ ਸਰੂਪ ਵਿਚ ਕੋਈ ਤਬਦੀਲੀ ਨਹੀਂ ਕੀਤੀ।

**ਦਸਵੇਂ ਗੁਰੂ ਜੀ ਨੇ ਨਿੱਤਨੇਮ ਇਉਂ ਪ੍ਰਵਾਨ ਕਰ ਲਿਆ:** ਇੱਕ ਮੌਕਾ ਬਣਿਆ ਜਦੋਂ ਦਸਵੇਂ ਗੁਰੂ ਜੀ ਵਲੋਂ ਦਮਦਮੀ ਬੀੜ ਲਿਖਵਾਈ ਗਈ। ਲਿਖਣ ਦੀ ਸੇਵਾ ਭਾਈ ਮਨੀ ਸਿੰਘ ਨੇ ਨਿਭਾਈ ਜਿਵੇਂ ਪੰਜਵੇਂ ਗੁਰੂ ਜੀ ਸਮੇਂ ਇਹ ਸੇਵਾ ਭਾਈ ਗੁਰਦਾਸ ਨੇ ਨਿਭਾਈ ਸੀ। ਨੌਵੇਂ ਗੁਰੂ ਤੇਗ ਬਹਾਦਰ ਦੀ ਬਾਣੀ ਰਾਗ ਵਾਰ ਥਾਂਹੋਂ-ਥਾਈਂ ਦਰਜ ਕਰਵਾਈ ਗਈ।

ਦਸਵੇਂ ਗੁਰੂ ਜੀ ਲਈ ਇਹ ਇੱਕ ਅਧਿਕਾਰਤ ਮੌਕਾ ਸੀ ਜਦੋਂ ਉਹ ਪੰਜਵੇਂ ਗੁਰੂ ਜੀ ਵਲੋਂ ਬਣਾਏ ਨਿੱਤਨੇਮ ਦੇ ਸਰੂਪ ਵਿਚ ਕੋਈ ਤਬਦੀਲੀ ਕਰ ਸਕਦੇ ਸਨ ਜਿਵੇਂ ਪੰਜਵੇਂ ਗੁਰੂ ਜੀ ਨੇ 'ਪੋਥੀ' (ਆਦਿ ਬੀੜ) ਨੂੰ ਲਿਖਵਾਉਣ ਸਮੇਂ ਪਹਿਲੇ ਗੁਰੂ ਜੀ ਦੇ ਬਣਾਏ ਨਿੱਤਨੇਮ ਵਿਚ ਵਾਧੇ ਕੀਤੇ ਸਨ ਪਰ ਉਨ੍ਹਾਂ ਨੇ ਅਜਿਹਾ ਨਹੀਂ ਕੀਤਾ। ਇਸ ਤੋਂ ਸਿੱਧਾ ਅਤੇ ਸਪੱਸ਼ਟ ਸੰਕੇਤ ਇਹੀ ਮਿਲਦਾ ਹੈ ਕਿ ਦਸਵੇਂ ਗੁਰੂ ਜੀ ਨੇ ਪੰਜਵੇਂ ਗੁਰੂ ਜੀ ਦੇ ਬਣਾਏ ਨਿੱਤਨੇਮ ਨੂੰ ਅੰਤਿਮ ਪ੍ਰਵਾਨਗੀ ਬਖ਼ਸ਼ ਦਿੱਤੀ ਸੀ ਜਿਸ ਸਦਕਾ ਉਸ ਸਮੇਂ ਦੇ ਸਿੱਖ ਇਹੀ ਪ੍ਰਵਾਨਤ ਨਿੱਤਨੇਮ ਕਰਦੇ ਸਨ।

**ਨੋਟ:** ਸੰਨ 1931 ਤੋਂ 1945 ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਬਣਾਈ ਗਈ ਸਿੱਖ ਰਹਿਤ ਮਰਯਾਦਾ ਵਿਚ ਬ੍ਰਾਹਮਣਵਾਦੀ ਰਚਨਾਵਾਂ ਨਾਲ ਵਾਧੇ ਕਰ ਕੇ ਬਦਲਿਆ ਨਿੱਤਨੇਮ ਦਸਵੇਂ ਗੁਰੂ ਵਲੋਂ ਪ੍ਰਵਾਨਤ ਕੀਤੇ ਨਿੱਤਨੇਮ ਦੀ ਘੋਰ ਉਲੰਘਣਾ ਅਤੇ ਗੁਰੂ ਜੀ ਦੇ ਹੁਕਮਾਂ ਨੂੰ ਛਿੱਕੇ ਉਤੇ ਟੰਗਣ ਦੇ ਬਰਾਬਰ ਹੈ।

ਹਰ ਸਿੱਖ ਨੂੰ ਦਸਵੇਂ ਪਾਤਿਸ਼ਾਹ ਦਾ ਹੁਕਮ ਮੰਨ ਕੇ ਉਨ੍ਹਾਂ ਵਲੋਂ ਪ੍ਰਵਾਨਤ ਨਿੱਤਨੇਮ ਹੀ ਕਰਨਾ ਬਣਦਾ ਹੈ, ਨਹੀਂ ਤਾਂ ਗੁਰੂ ਜੀ ਦੀ ਹੁਕਮ ਅਦੂਲੀ ਹੈ। ਜੇ ਪੁੱਤਰ ਆਪਣੇ ਪਿਉ ਦਾ ਹੁਕਮ ਹੀ ਨਾ ਮੰਨੇ ਤਾਂ ਉਸ ਪੁੱਤਰ ਨੂੰ ਕੀ ਕਹੋਗੇ? ਕੀ ਪਿਤਾ ਦੀ ਖੁਸ਼ੀ ਦਾ ਉਹ ਪਾਤਰ ਬਣ ਸਕੇਗਾ? ਗੁਰੂ ਗ੍ਰੰਥ ਸਾਹਿਬ ਦੀ ਜੈ ਜੈਕਾਰ!

###

## ਆ ਸਤਿਗੁਰ ਬਾਜਾਂ ਵਾਲਿਆ

ਆ ਸਤਿਗੁਰੂ ਬਾਜਾਂ ਵਾਲਿਆ
ਸਾਡੀ ਪੇਸ਼ ਕੋਈ ਨਾ ਜਾਵੇ।
ਅੱਜ ਖੇਰੂੰ ਖੇਰੂੰ ਹੋ ਰਹੀ
ਤੇਰੀ ਕੌਮ ਨੂੰ ਕੌਣ ਬਚਾਵੇ।

ਅੰਮ੍ਰਿਤ ਪੀਣਾ ਛੱਡਿਆ,
ਇਨ੍ਹਾਂ ਛੱਡ ਦਿੱਤੀ ਸਰਦਾਰੀ।
ਕੁਰਸੀ ਗੋਲਕ ਲਈ ਸਾਰੇ
ਕਰਦੇ ਫਿਰਨ ਗੱਦਾਰੀ।
ਫਿਰਦੇ ਬਣ ਕੇ ਸ਼ੈਤਾਨ ਨੇ
ਬਿਨ ਤੇਰੇ ਕੌਣ ਸਮਝਾਵੇ।

ਜਿਨ੍ਹਾਂ ਦੀ ਖਾਤਰ ਬਾਪ ਵਾਰਿਆ
ਵਾਰੇ ਪੁੱਤਰ ਪਿਆਰੇ।
ਠੰਢੜੇ ਬੁਰਜ 'ਚ ਵਾਰ ਕੇ ਅੰਮੜੀ
ਰੱਬ ਦੇ ਸ਼ੁਕਰ ਗੁਜ਼ਾਰੇ।
ਪਏ ਚੌਧਰਾਂ ਪਿਛੇ ਦੌੜਦੇ
ਤੇਰੀ ਯਾਦ ਕਦੀ ਨਾ ਆਵੇ।

ਬਾਪੂ ਫਖਰ-ਏ-ਕੌਮ ਬਣਾਇਆ
ਖੀਵੀ ਬਣ ਗਈ ਮਾਂ।
ਪੰਥ ਤੇਰਾ ਹੁਣ ਲੱਭਦਾ ਫਿਰਦਾ
ਤੇਰੀ ਸੰਘਣੀ ਛਾਂ।
ਸਿੱਖ ਕੌਮ ਹੈ ਰਾਹ ਵੇਖਦੀ
ਕਦ ਬਾਜਾਂ ਵਾਲਾ ਆਵੇ।

ਕਿੰਜ 'ਸੁਰਜੀਤ' ਲਿਖਾਂ ਮੈਂ ਨਗਮੇ
ਕਿਸ ਨੂੰ ਦਰਦ ਸੁਣਾਵਾਂ।
ਕਿਹੜਾ ਗੀਤ ਦਰਦ ਦਾ ਛੇੜਾਂ
ਸੁੱਤੀ ਕੌਮ ਜਗਾਵਾਂ।
ਬਿਨ ਤੇਰੇ ਗੁਜਰੀ ਦੇ ਚੰਨਾ
ਜ਼ੁਲਮ ਨੂੰ ਕੌਣ ਮੁਕਾਵੇ?

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*

---

## ਮਰੀਚਕਾ

ਸੁਣਿਐ, ਧਰਤੀ 'ਤੇ ਮਰੀਚਕਾ ਹੁੰਦੀ ਏ,
ਮੈਂ ਜੰਗਲ, ਰੇਗਿਸਤਾਨ, ਸਮੁੰਦਰ ਗਾਹੇ,
ਪਰ ਮਰੀਚਕਾ ਨਹੀਂ ਮਿਲੀ।
ਸ਼ਾਇਦ ਹੁਣ ਮਿਲੇ ਵਿਦੇਸ਼ ਵਿਚ।
ਤੇ ਜਦੋਂ ਉਹ ਵਧੇਗੀ ਮੇਰੇ ਵੱਲ,
ਲਛਮਣ ਰੇਖਾ ਪਾਰ ਕਰਕੇ,
ਉਸ ਪਲ ਖੁਦ ਨੂੰ,
ਸਮਾਜਕ ਬੰਧਨ ਤੋੜਨ ਵਾਲਾ-ਰਾਵਣ,
ਔਰਤ ਦੇ ਜਜ਼ਬਾਤ ਕੁਚਲਦਾ-ਲਛਮਣ,
ਅਤੇ ਮਰੀਚਕਾ ਪਿੱਛੇ ਭੱਜਣ ਵਾਲਾ-ਰਾਮ,
ਮਹਿਸੂਸ ਕਰਾਂਗਾ...!
*(ਨੋਟ: ਰਮਾਇਣ ਦਾ ਸੰਸ਼ੋਧਨ...?)*

*-ਜੁਗਰਾਜ ਸਿੰਘ ਗਿੱਲ, ਸ਼ੌਰਕ*
*ਫੋਨ: 704-257-6693*

# ਮੀਰ ਦਾਦ ਖਾਂ ਦਾ ਚਾਚਾ

*ਗੁਰਚਰਨ ਸਿੰਘ ਸਹਿੰਸਰਾ ਹਿੰਦੋਸਤਾਨ ਦੀ ਜੰਗ-ਏ-ਆਜ਼ਾਦੀ ਦਾ ਇਨਕਲਾਬੀ ਯੋਧਾ ਸੀ। ਉਨ੍ਹਾਂ 'ਇਤਿਹਾਸ ਸਬ ਕਮੇਟੀ' ਦੀ ਰਹਿਨੁਮਾਈ ਹੇਠ ਗਦਰ ਪਾਰਟੀ ਦਾ ਸ਼ਾਨਾਂਮੱਤਾ ਇਤਿਹਾਸ ਵੀ ਲਿਖਿਆ। ਉਨ੍ਹਾਂ ਦੀਆਂ ਦੋ ਜਾਣਕਾਰੀ ਭਰਪੂਰ ਇਤਿਹਾਸਕ ਕਿਤਾਬਾਂ ਹਨ, 'ਕਦੇ ਉਹ ਵੀ ਦਿਨ ਸਨ' ਅਤੇ 'ਅੱਖੀਂ ਡਿੱਠੇ ਸੁਣੇ ਪਠਾਣ।' ਇਹ ਲੇਖ ਮੀਰ ਦਾਦ ਖਾਂ ਬਾਰੇ ਹੈ, ਜੋ ਸਾਨੂੰ ਕਸ਼ਮੀਰ ਸਿੰਘ ਕਾਂਗਣਾ (ਬੇਕਰਜ਼ਫੀਲਡ, ਫੋਨ: 661-331-5651) ਰਾਹੀਂ ਹਾਸਲ ਹੋਇਆ ਹੈ। -ਸੰਪਾਦਕ*

1938 ਦਾ ਸਿਆਲ ਟੱਪ ਚਲਿਆ ਸੀ, ਅੰਮ੍ਰਿਤਸਰ ਕਿਸਾਨ ਮੋਰਚੇ ਦੀ ਸਿਕੰਦਰ ਵਜ਼ਾਰਤ ਨਾਲ ਸੁਲ੍ਹਾ ਹੋ ਜਾਣ ਕਰਕੇ ਅਸੀਂ ਸ਼ਾਹਪੁਰ ਜੇਲ੍ਹ ਵਿਚੋਂ ਰਿਹਾ ਹੋ ਕੇ ਆਏ ਸਾਂ ਕਿ ਅਮਰੀਕਾ ਤੋਂ ਗਦਰ ਪਾਰਟੀ ਦਾ ਵਰਕਰ ਮੀਰ ਦਾਦ ਖਾਂ ਆਇਆ। ਅਸੀਂ ਉਸ ਦਾ ਨਾਂ ਨੂਰ ਦਾਦ ਖਾਂ ਰੱਖ ਕੇ ਆਪਣੇ ਨਾਲ ਹੀ ਕੰਮ ਕਰਨ ਲਈ ਅੰਮ੍ਰਿਤਸਰ ਰੱਖ ਲਿਆ। ਉਹ ਪਿੰਡ ਮੱਲੂ, ਇਲਾਕਾ ਛਛ, ਜ਼ਿਲ੍ਹਾ ਕੈਮਲਪੁਰ ਦਾ ਬੜਾ ਗੋਰਾ ਨਿਛੋਹ ਪਠਾਣ ਗੱਭਰੂ ਸੀ। ਅੱਖਾਂ ਮੋਟੀਆਂ ਤੇ ਬਿੱਲੀਆਂ ਅਤੇ ਮੱਕੀ ਦੇ ਸੂਤ ਵਰਗੀ ਨਿੱਕੀ-ਨਿੱਕੀ ਦਾੜ੍ਹੀ, ਠੋਡੀ ਤੋਂ ਲੈ ਕੇ ਕੰਨਾਂ ਤਕ ਇਕੋ ਜਿਹੀ, ਸਿਰ ਦੇ ਕੱਕੇ ਸੋਹਣੇ ਚਿਲਕਦੇ ਵਾਲ, ਕੱਦ ਵੱਲੋਂ ਲੰਮਾ ਤਾਂ ਨਹੀਂ ਸੀ ਪਰ ਮਧਰਾ ਵੀ ਨਹੀਂ ਸੀ। ਸੁਭਾਅ ਦਾ ਬੜਾ ਗਰਮ, ਪੂਰਾ ਪਠਾਣ। ਉਹ ਜਹਾਜੀ ਵਰਕਰ ਸੀ



ਗੁਰਚਰਨ ਸਿੰਘ ਸਹਿੰਸਰਾ

ਅਤੇ ਸ਼ੰਘਾਈ 'ਚ ਗਦਰ ਪਾਰਟੀ ਦਾ ਮੈਂਬਰ ਬਣ ਕੇ ਅਮਰੀਕਾ ਤੋਂ ਗਦਰ ਆਸ਼ਰਮ ਵਿਚੋਂ ਕਿਰਤੀ ਪਾਰਟੀ ਦੇ ਨਾਂ ਸਿਆਣ ਲੈ ਕੇ ਆਇਆ ਸੀ।

ਉਸ ਨੂੰ ਪੁਲਿਸ ਨੇ 1939 ਦੇ ਅਪਰੈਲ ਦੇ ਅਖੀਰਲੇ ਦਿਨਾਂ ਵਿਚ ਫੜ ਕੇ ਲਾਹੌਰ ਦੇ ਸ਼ਾਹੀ ਕਿਲ੍ਹੇ ਵਿਚ ਜਾ ਡੱਕਿਆ। ਅਸਾਂ ਆਪਣੇ ਇਕ ਬੰਦੇ ਨੂੰ ਉਸ ਦੇ ਪਿੰਡ ਭੇਜਿਆ ਕਿ ਉਹ ਉਸ ਦੇ ਕਿਸੇ ਰਿਸ਼ਤੇਦਾਰ ਨੂੰ ਮੁਲਾਕਾਤ ਵਾਸਤੇ ਲੈ ਆਏ ਪਰ ਉਹ ਲੋਕ ਐਨਾ ਡਰ ਗਏ ਕਿ ਉਸ ਦਾ ਕਿਸੇ ਨੇ ਇਤਬਾਰ ਨਾ ਕੀਤਾ ਤੇ ਕੋਈ ਵੀ ਉਸ ਦੀ ਮੁਲਾਕਾਤ ਨੂੰ ਨਾ ਆਇਆ।

ਉਧਰੋਂ ਸਾਡੀ ਜਾਨ ਜਾਵੇ ਕਿ ਸੀ. ਆਈ. ਡੀ. ਦੇ ਜੱਲਾਦ ਉਸ ਨੂੰ ਕੋਹੀ ਜਾਂਦੇ ਹੋਣਗੇ। ਅਖੀਰ ਮੈਂ ਆਪ ਗਿਆ। ਕਿਸੇ ਆਸਰੇ ਜਾਂ ਥਹੁ ਪਤੇ ਤੋਂ ਜਾਣਾ ਠੀਕ ਨਹੀਂ ਸੀ। ਇਸ ਲਈ ਮੈਂ ਪਹਿਲਾਂ ਪਿੰਡ ਘੇਪ ਵਿਚ ਜ਼ਿਲ੍ਹਾ ਕਾਂਗਰਸ ਕਮੇਟੀ ਦੇ ਦਫਤਰ ਗਿਆ। ਉਥੋਂ ਮੀਰ ਦਾਦ ਖਾਂ ਦੇ ਇਲਾਕੇ ਦੀ ਸਿਆਸੀ ਹਾਲਤ ਪੁੱਛੀ। ਪਤਾ ਲੱਗਾ ਕਿ ਉਸ ਦੇ ਪਿੰਡ ਦਾ ਸਿਕੰਦਰ ਖਾਂ ਸੁਰਖ ਪੋਸ਼ਾਂ (ਪਖਤੂਨਾਂ ਵਲੋਂ ਅੰਰਗੇਜ਼ਾਂ ਖਿਲਾਫ ਸ਼ੁਰੂ ਕੀਤੀ ਖੁਦਾਈ ਖਿਦਮਤਗਾਰ ਨੂੰ ਸੁਰਖ ਪੋਸ਼ ਲਹਿਰ ਵੀ ਕਹਿੰਦੇ ਹਨ) ਵਿਚ ਰਹਿ ਚੁਕਾ ਸੀ। ਮੈਨੂੰ ਉਸ ਦੇ ਥਾਂ-ਟਿਕਾਣੇ ਦਾ ਪਤਾ ਵੀ ਦਿੱਤਾ ਗਿਆ। ਮੈਂ ਜਾਣ-ਬੁਝ ਕੇ ਹਨੇਰਾ ਕਰਕੇ ਉਥੇ ਪਹੁੰਚਿਆ ਤੇ ਪਿੰਡੋਂ ਬਾਹਰ ਸਿਕੰਦਰ ਖਾਂ ਦੇ ਖੂਹ 'ਤੇ ਜਾ ਬੈਠਾ। ਦੁਆ ਸਲਾਮ ਕਰਕੇ ਆਪਣਾ ਨਾਂ-ਥਾਂ ਦੱਸਿਆ ਤੇ ਕਾਂਗਰਸ ਕਮੇਟੀ ਦੇ ਦਫਤਰੋਂ ਉਸ ਦੇ ਨਾਂ ਲਿਖਵਾਇਆ ਰੁੱਕਾ ਉਸ ਨੂੰ ਦਿੱਤਾ। ਜਦ ਉਸ ਨੇ ਮੈਨੂੰ ਪ੍ਰਵਾਨ ਕਰ ਲਿਆ ਤਾਂ ਮੈਂ ਉਸ ਨਾਲ ਸਾਰੀ ਗੱਲਬਾਤ ਕੀਤੀ।

ਉਸ ਨੇ ਹੋਰ ਵਾਕਫੀ ਲੈਣ ਲਈ ਬੜੇ ਸਵਾਲ ਕੀਤੇ। ਮੈਂ ਉਸ ਦਾ ਹਰ ਘਰ ਪੂਰਾ ਕੀਤਾ ਤੇ ਉਸ ਦੇ ਮਨ ਵਿਚੋਂ ਪੁਲਿਸ ਦੇ ਜਬਰ ਦਾ ਸਾਰਾ ਡਰ ਕੱਢਿਆ। ਉਹ ਕੁਝ ਦਿਲ ਧਰ ਆਇਆ।

ਉਹ ਮੇਰੇ ਲਈ ਰੋਟੀ ਲਿਆਇਆ ਤੇ ਨਾਲ ਪਿੰਡ ਦੇ ਤਿੰਨ-ਚਾਰ ਹੋਰ ਰਹਿ ਚੁਕੇ ਸੁਰਖ ਪੋਸ਼ਾਂ ਨੂੰ ਲੈ ਆਇਆ। ਮੈਂ ਉਸ ਨੂੰ ਸਾਰੀ ਵਿਥਿਆ ਦੱਸੀ। ਸਿਕੰਦਰ ਖਾਂ ਮੇਰੀ ਹਾਮੀ ਭਰਦਾ ਰਿਹਾ। ਉਹ ਵੀ ਮੰਨ ਗਏ। ਉਨ੍ਹਾਂ ਦੱਸਿਆ ਕਿ ਅੱਗੇ ਇਕ ਹਿੰਦੂ ਆਇਆ ਸੀ, ਉਹ ਸਾਨੂੰ ਪਤੀਜ ਨਾ ਸਕਿਆ। ਉਸ ਸਾਡੇ ਘਰ ਦੀ ਰੋਟੀ ਵੀ ਨਾ ਖਾਧੀ। ਉਪਰੰਤ ਅਸੀਂ ਮੀਰ ਦਾਦ ਖਾਂ ਦੇ ਘਰ ਗਏ। ਉਸ ਦੇ ਚਾਚੇ ਤੇ ਮਾਂ ਨੂੰ ਜਗਾਇਆ। ਮੈਂ ਉਨ੍ਹਾਂ ਨੂੰ ਸਾਰੀ ਗੱਲ ਸਮਝਾਈ।

ਮਾਂ ਨੂੰ ਜਦੋਂ ਪਤਾ ਲੱਗਾ ਕਿ ਮੀਰ ਦਾਦ ਪਾਸੋਂ ਆਇਆ ਹਾਂ ਤਾਂ ਉਹ ਮੇਰੇ ਦਾੜ੍ਹੀ, ਕੇਸਾਂ ਵਾਲਾ ਸਿੱਖ ਹੁੰਦਿਆਂ ਮੈਨੂੰ ਉਠ ਕੇ ਚਿੰਬੜ ਗਈ, ਘੁੱਟ ਕੇ ਜੱਫੀ ਵਿਚ ਲੈ ਲਿਆ, ਤੇ ਰੋ-ਰੋ ਮੀਰ ਦਾਦ ਦੇ ਵੈਣ ਪਾਉਣ ਲੱਗੀ। ਮੇਰਾ ਤੇ ਮੇਰੇ ਨਾਲ ਦਿਆਂ ਦਾ ਵੀ ਜੀ ਭਰ ਆਇਆ। ਸਭ ਨੇ ਉਸ ਨੂੰ ਦਮ-ਦਿਲਾਸਾ ਦਿਤਾ ਤੇ ਬੜੀ ਮੁਸ਼ਕਿਲ ਨਾਲ ਚੁਪ ਕਰਾਇਆ। ਉਹ ਹੰਝੂ ਭਰੀਆਂ ਅੱਖਾਂ ਤੇ ਰੁਗ ਭਰੇ ਗਲੇ ਨਾਲ ਮੀਰ ਦਾਦ ਬਾਰੇ ਗੱਲਾਂ ਪੁੱਛਣ ਲਗ ਪਈ। ਇਸ ਤਰ੍ਹਾਂ ਅੱਧੀ ਰਾਤ ਟੱਪ ਗਈ। ਅਖੀਰ ਗੱਲ ਸਵੇਰ ਉਤੇ ਜਾ ਪਈ। ਅਸੀਂ ਉਠ ਕੇ ਤੁਰਨ ਲੱਗੇ ਤਾਂ ਮੈਨੂੰ ਫੇਰ ਘੁਟ ਲਿਆ ਤੇ ਮੇਰਾ ਮੱਥਾ ਚੁੰਮ ਕੇ ਮੈਨੂੰ ਵਿਦਾ ਕੀਤਾ।

ਮੈਂ ਸਿਕੰਦਰ ਖਾਂ ਦੇ ਹੁਜਰੇ ਵਿਚ ਜਾ ਸੁੱਤਾ। ਸਵੇਰੇ ਚਹੁੰ-ਪੰਜਾਂ ਘਰਾਂ ਤੋਂ ਚਾਹ ਆਈ, ਜੋ ਮੈਨੂੰ ਪੀਣੀ ਪਈ। ਚਾਹ ਪਿਛੋਂ ਪਿੰਡ ਦੇ ਵੀਹ-ਪੰਝੀ ਬੰਦੇ ਹੁਜਰੇ ਵਿਚ ਆ ਇਕੱਠੇ ਹੋਏ। ਸਿਕੰਦਰ ਖਾਂ ਦੇਸ਼-ਪਰਦੇਸ ਦਾ ਹਾਲ ਜਾਣਨ ਲਈ ਮੇਰੇ ਉਤੇ ਸਵਾਲ ਕਰਨ ਲੱਗ ਪਿਆ। ਮੈਂ ਜਵਾਬ ਦੇਣੇ ਅਤੇ ਸਮਝਾਉਣੇ ਸ਼ੁਰੂ ਕੀਤੇ। ਦੁਪਹਿਰ ਤਕ ਚੰਗਾ ਸਟੱਡੀ ਸਰਕਲ ਲੱਗਾ ਰਿਹਾ। ਦੁਪਹਿਰ ਦੀ ਰੋਟੀ ਪਿਛੋਂ ਮੀਰ ਦਾਦ ਖਾਂ ਦੇ ਚਾਚੇ ਅਕਬਰ ਖਾਂ ਨੇ ਆ ਕੇ ਦਸਿਆ ਕਿ ਉਹ ਤਾਂ ਬੰਬਈ ਜਾ ਰਿਹਾ ਹੈ, ਪਰ ਕੱਲ੍ਹ ਸਵੇਰੇ ਮੀਰ ਦਾਦ ਦਾ ਛੋਟਾ ਭਾਈ ਸ਼ਾਹਾਨਚੀ ਖਾਂ ਮੇਰੇ ਨਾਲ ਜਾਏਗਾ। ਮੈਨੂੰ ਇਕ ਰਾਤ ਹੋਰ ਅਟਕਣਾ ਪਿਆ। ਮੇਰਾ ਪਿੰਡ ਦੇ ਪਠਾਣਾਂ ਵਿਚ ਬੜਾ ਆਦਰ ਮਾਣ ਬਣ ਗਿਆ। ਮੀਰ ਦਾਦ ਦੀ ਮਾਂ ਨੇ ਮੈਨੂੰ ਫੇਰ ਘਰ ਸੱਦਿਆ, ਜਿਥੇ ਮੀਰੇ ਦੀਆਂ ਕੇਵਲ ਚਾਚੀਆਂ, ਤਾਈਆਂ ਹੀ ਨਹੀਂ ਸਗੋਂ ਆਂਢ-ਗਵਾਂਢ ਦੀਆਂ ਸਭ ਤੀਵੀਆਂ ਤੇ ਕੁੜੀਆਂ ਪਰਦਾ ਛੱਡ ਕੇ ਮੈਨੂੰ ਵੇਖਣ-ਸੁਣਨ ਆਈਆਂ।

ਸਵੇਰੇ ਸ਼ਾਹਾਨਚੀ ਵਲੋਂ ਚਾਹ ਤੇ ਪਰੌਂਠੇ ਛਕ ਕੇ ਅਸੀਂ ਦੋਵੇਂ ਤੁਰ ਪਏ ਤੇ ਤਿੰਨ ਕੁ ਮੀਲ ਪਦ ਯਾਤਰਾ ਕਰਕੇ ਪੇਸ਼ਾਵਰ ਤੋਂ ਰਾਵਲਪਿੰਡੀ ਜਾ ਰਹੀ ਸੜਕ ਉਤੇ ਆ ਕੇ ਮੋਟਰ 'ਚ ਬੈਠ ਕੇ ਰਾਵਲਪਿੰਡੀ ਪੁੱਜ ਗਏ।

ਸ਼ਾਹਾਨਚੀ ਜਵਾਨੀ ਚੜ੍ਹ ਤੁਰਿਆ ਸੀ, ਪਰ ਮੁੱਛ (ਮੱਸ) ਅਜੇ ਨਹੀਂ ਸੀ ਫੁੱਟੀ। ਉਹ ਮੀਰ ਦਾਦ ਖਾਂ ਨਾਲੋਂ ਵਧੇਰੇ ਲੰਮਾ ਤੇ ਭਰਵਾਂ ਜਵਾਨ ਸੀ। ਉਸ ਨੇ ਪਠਾਣ ਗੱਭਰੂਆਂ ਵਾਲੇ ਸਾਰੇ ਟੌਹਰ ਕੱਢੇ ਹੋਏ ਸਨ।

ਰਾਵਲਪਿੰਡੀ ਆ ਕੇ ਉਸ ਨੂੰ ਲਾਹੌਰ ਜਾਣ ਵਾਲੀ ਮੋਟਰ ਪਾਸ ਖੜ੍ਹਾ ਕੇ ਮੈਂ ਟਿਕਟਾਂ ਲੈਣ ਗਿਆ। ਵਾਪਸ ਆਇਆ ਤਾਂ ਸ਼ਾਹਾਨਚੀ ਮੋਟਰ ਲਾਗੇ ਨਹੀਂ ਸੀ। ਮੈਂ ਇਧਰ-ਉਧਰ ਵੇਖਿਆ, ਕਿਤੇ ਨਾ ਦਿਸਿਆ। ਲਾਗੇ-ਚਾਗੇ ਭਾਲਿਆ, ਕਿਤੇ ਨਾ ਲੱਭਾ। ਮੋਟਰ ਤੁਰ ਗਈ ਪਰ ਉਸ ਦਾ ਕੋਈ ਪਤਾ ਨਾ ਲੱਗਾ। ਮੈਂ ਬਹੁਤ ਘਬਰਾਇਆ ਕਿ ਮੁੰਡਾ ਕਿਧਰ ਗਿਆ? ਉਸ ਦੇ ਘਰ ਵਾਲੇ ਮੈਨੂੰ ਤੇ ਮੇਰੀ ਪਾਰਟੀ ਨੂੰ ਕੀ ਆਖਣਗੇ? ਅਸੀਂ ਮੁੰਡਾ ਕਿਥੋਂ ਭਰਾਂਗੇ? ਛਛ ਦੇ ਪਠਾਣਾਂ ਵਿਚ ਰਖਿਆ ਸਾਡਾ ਪਹਿਲਾ ਹੀ ਕਦਮ ਔਝੜ ਪੈ ਗਿਆ। ਬਹੁਤ ਨਮੋਸ਼ੀ ਦੀ ਗੱਲ ਸੀ। ਮੇਰੇ ਤਾਂ ਪੈਰਾਂ ਹੇਠੋਂ ਮਿੱਟੀ ਨਿਕਲਦੀ ਜਾ ਰਹੀ ਸੀ।

ਅੰਤ ਹਾਰ-ਹੰਭ ਕੇ ਮੈਂ ਰਾਤ ਨੂੰ ਫੇਰ ਮੱਲੂ ਗਿਆ। ਸਿਕੰਦਰ ਖਾਂ ਨੂੰ ਸਾਰੀ ਗੱਲ ਦੱਸੀ। ਉਸ ਆਖਿਆ, ਫਿਕਰ ਨਾ ਕਰੋ। ਮੁੰਡਾ ਨਿਆਣਾ ਸੀ, ਡਰ ਗਿਆ ਹੋਣਾ ਏ ਕਿ ਮਤਾ ਸਿਧਾ ਲਿਜਾ ਕੇ ਕੈਦ ਹੀ ਨਾ ਕਰਵਾ ਦੇਵੇ। ਉਸ ਕਿਧਰ ਜਾਣਾ ਏ, ਆਪੇ ਮੁੜ ਆਵੇਗਾ। ਤੁਸੀਂ ਇਥੇ ਖੂਹ 'ਤੇ ਹੀ ਸਵੋਂ। ਸਵੇਰੇ ਮੂੰਹ ਹਨੇਰੇ ਇਥੋਂ ਮੁੜ ਜਾਇਓ। ਕਿਸੇ ਨੂੰ ਤੁਹਾਡਾ ਆਇਆਂ ਦਾ ਪਤਾ ਨਾ ਲੱਗੇ। ਤੜਕੇ ਉਹ ਮੂੰਹ ਹਨੇਰੇ ਹੀ ਚਾਹ-ਪਰੌਂਠੇ ਲੈ ਆਇਆ ਤੇ ਮੈਨੂੰ ਛਕਾ ਕੇ ਪਿਛੋਂ ਦੋ ਕੁ ਮੀਲ ਲੰਘਾ ਕੇ ਛੱਡ ਗਿਆ।

ਇਹ ਪਹਿਲੀ ਵਾਰੀ ਸੀ ਕਿ ਅਸੀਂ ਕਿਸੇ ਗਦਰੀ ਦੀ ਮੁਲਾਕਾਤ ਕਰਾਉਣ ਤੋਂ ਅਸਮਰਥ ਰਹੇ। ਦੋ ਮਹੀਨੇ ਦੀ ਕੁਹਾ-ਕੁਹਾਈ ਪਿਛੋਂ ਉਸ ਨੂੰ ਆਪਣੇ ਪਿੰਡ ਮੱਲੂ ਵਿਚ ਬੰਦ ਕਰ ਕੇ ਉਸ ਦਾ ਪੰਜਾਂ ਬੰਦਿਆਂ ਵਿਚ ਬੈਠਣਾ ਤੇ ਬੋਲਣਾ ਮਨ੍ਹਾਂ ਕਰ ਦਿੱਤਾ ਗਿਆ।

ਕੰਮ ਦੇ ਰੁਝੇਵੇਂ ਕਰਕੇ ਸਾਥੋਂ ਉਸ ਨੂੰ ਮਿਲਣ ਲਈ ਛੇਤੀ ਤਾਂ ਨਾ ਜਾ ਹੋਇਆ, ਅੰਤ ਜੁਲਾਈ ਦੇ ਅਖੀਰ 'ਤੇ ਮੈਂ ਆਪ ਉਸ ਨੂੰ ਮਿਲਣ ਗਿਆ ਤਾਂ ਜੋ ਪਤਾ ਕੀਤਾ ਜਾਏ ਕਿ ਕਿਲ੍ਹੇ ਵਿਚ ਉਸ ਨਾਲ ਕਿਵੇਂ ਬੀਤੀ ਤੇ ਕਿਹੜੀ-ਕਿਹੜੀ ਗੱਲ ਦਾ ਪੁਲਿਸ ਨੇ ਉਸ ਤੋਂ ਪਤਾ ਕੱਢ ਲਿਆ। ਜਾ ਕੇ ਪਤਾ ਲੱਗਾ ਕਿ ਉਹ ਕਈ ਦਿਨਾਂ ਤੋਂ ਬੀਮਾਰ ਪਿਆ ਹੈ। ਮੰਜੀ ਉਤੋਂ ਨਹੀਂ ਉਠਦਾ ਤੇ ਟੱਟੀ, ਪਿਸ਼ਾਬ ਵੀ ਉਤੇ ਹੀ ਕਰਦਾ ਹੈ। ਉਸ ਦਾ ਸੁਭਾਅ ਬੜਾ ਹੀ ਕੌੜਾ ਹੋ ਗਿਆ ਹੈ। ਕਿਸੇ ਨੂੰ ਅੰਦਰ ਨਹੀਂ ਵੜਨ ਦਿੰਦਾ।

ਸਿਕੰਦਰ ਖਾਂ ਨੇ ਕਿਹਾ, ਤੁਸੀਂ ਚੱਲੋ, ਸ਼ਾਇਦ ਤੁਹਾਨੂੰ ਮਿਲ ਪਏ। ਸਾਨੂੰ ਉਹ ਆਪਣੇ ਘਰ ਤਾਂ ਕੁਜਾਅ ਵਿਹੜੇ ਵਿਚ ਵੀ ਨਹੀਂ ਵੜਨ ਦਿੰਦਾ।

ਮੈਂ ਉਹਦੇ ਆਖੇ ਉਸ ਦੇ ਘਰ ਜਾ ਕੇ ਰਵਾਂ ਰਵੀ ਸਾਹਮਣੇ ਕੋਠੇ ਉਤੇ ਚੜ੍ਹ ਗਿਆ, ਜਿਥੇ ਮੈਂ ਉਸ ਦੀ ਮਾਂ ਨੂੰ ਪਹਿਲਾਂ ਮਿਲਿਆ ਸਾਂ। ਸਾਹਮਣੇ ਕੰਧ ਨਾਲ ਬੀਮਾਰ ਦੀ ਮੰਜੀ ਬਾਹਰੋਂ ਹੀ ਨਜ਼ਰ ਆਉਂਦੀ ਸੀ। ਉਸ ਉਤੇ ਕੋਈ ਜਣਾ ਰਜਾਈ ਉਤੋਂ ਚਿੱਟੀ ਚਾਦਰ ਲਈ ਮੂੰਹ ਸਿਰ ਵਲੇਟੀ ਲੰਮਾ ਪਿਆ ਜਾਪਦਾ ਸੀ। ਲਾਗੇ ਮਾਂ ਗੋਡਿਆਂ ਵਿਚ ਸਿਰ ਦਿੱਤੀ ਪੀੜ੍ਹੀ ਉਤੇ ਮਾਯੂਸੀ ਦੀ ਮੂਰਤ ਬਣੀ ਬੈਠੀ ਸੀ।

ਮੈਂ ਮਾਂ ਨੂੰ ਸਲਾਮ-ਦੁਆ ਬੁਲਾਈ ਤੇ ਉਸ ਦੇ ਹਿਲਣ-ਬੋਲਣ ਤੋਂ ਪਹਿਲਾਂ ਅਚਨਚੇਤ ਹੀ ਬੀਮਾਰ ਦੀ ਮੰਜੀ ਉਤੇ ਜਾ ਬੈਠਾ, "ਮੀਰ ਕੀ ਹਾਲ ਆ?" ਆਖ ਕੇ ਰਜਾਈ ਚੁੱਕ ਦਿਤੀ ਤਾਂ ਉਹ ਮੀਰ ਦਾਦ ਨਹੀਂ ਸੀ। ਰਜਾਈ ਲਪੇਟ ਕੇ ਬੰਦੇ ਵਾਂਗ ਲੰਮੀ ਪਾਈ ਹੋਈ ਸੀ, ਜੋ ਬਾਹਰੋਂ ਦੇਖਣ ਵਾਲੇ ਨੂੰ ਕਿਸੇ ਦੇ ਬੀਮਾਰ ਪਏ ਹੋਣ ਦਾ ਪੂਰਾ ਝੌਲਾ ਪਾਉਂਦੀ ਸੀ।

ਮੈਂ ਹੈਰਾਨ ਰਹਿ ਗਿਆ। ਮਾਂ ਮਾੜੀ ਜਿਹੀ ਮੁਸਕਰਾ ਕੇ ਉਠੀ ਅਤੇ ਉਸ ਨੇ ਸੱਦਕੇ ਵਾਰੀ ਕਰਦੀ ਨੇ ਮੈਨੂੰ ਜੱਫੀ ਪਾ ਲਈ।

"ਮੇਰਾ ਮੀਰ ਕਿਥੇ ਈ?" ਉਸ ਡਡੋਲਿਕੀ ਹੋ ਕੇ ਧਾਹ ਮਾਰਦੀ ਨੇ ਪੁੱਛਿਆ।

"ਮੈਂ ਤਾਂ ਉਸ ਨੂੰ ਆਪ ਮਿਲਣ ਆਇਆਂ ਹਾਂ।" ਮੈਂ ਝੂਠਾ ਜਿਹਾ ਪੈ ਕੇ ਉਤਰ ਦਿੱਤਾ।

"ਉਸਾਂ ਵੰਞਿਆ ਤਰੈ ਦਿਹਾੜੇ ਥੀ ਗਏ। ਉਹ ਤੁਸਾਂ ਨੂੰ ਮਿਲਣੇ ਕਲੋਕਾ ਵੰਞਿਆ ਹਈ।" ਮਾਂ ਹੈਰਾਨ ਹੋਈ ਨਿਰਾਸ਼ਾ 'ਚ ਡੋਬੂ ਲੈ ਰਹੀ ਸੀ।

"ਪਰਸੋਂ ਰਾਤ ਉਹ ਤੁਰ ਗਿਆ ਤੇ ਸਾਨੂੰ ਮੰਜੀ ਉਤੇ ਬੀਮਾਰ ਪਾਈ ਰੱਖਣ ਦਾ ਬਹਾਨਾ ਬਣਾਈ ਜਾਣ ਦਾ ਹੁਕਮ ਦੇ ਗਿਆ, ਜਿਸ ਨੂੰ ਅਸੀਂ ਬੜੀ ਆਗਿਆਕਾਰੀ ਤੇ ਕਾਮਯਾਬੀ ਨਾਲ ਪੂਰਾ ਕਰੀ ਜਾ ਰਹੇ ਹਾਂ।" ਮੈਨੂੰ ਆਏ ਨੂੰ ਵੇਖ ਕੇ ਮੀਰ ਦਾਦ ਖਾਂ ਦੀ ਅੰਦਰ ਆ ਵੜੀ ਚਾਚੀ ਆਖਿਆ।

ਉਨ੍ਹਾਂ ਦਾ ਸਾਂਗ ਕਾਮਯਾਬ ਸੀ। ਉਸ ਦੀ ਉਡੀਕ ਵਿਚ ਮੈਨੂੰ ਵੀ ਇਸ ਸਾਂਗ ਦਾ ਦੋ ਦਿਨ ਪਾਤਰ ਬਣ ਕੇ ਉਸ ਬੀਮਾਰ ਕੋਲ ਬੈਠਣਾ ਪਿਆ ਪਰ ਉਹ ਨਾ ਆਇਆ। ਤੀਜੇ ਦਿਨ ਮੈਂ ਉਥੋਂ ਤੁਰ ਪਿਆ। ਉਹ ਅੰਮ੍ਰਿਤਸਰ ਵੀ ਨਾ ਮਿਲਿਆ। ਉਥੇ ਉਹ ਸਾਈਂ ਫਕੀਰ ਦਾ ਵੇਸ ਧਾਰ ਕੇ ਆਇਆ ਤੇ ਤਿੰਨ ਦਿਨ ਮੈਨੂੰ ਉਡੀਕ ਕੇ ਵਾਪਸ ਮੁੜ ਗਿਆ ਸੀ।

ਅਗਸਤ ਦੇ ਅਖੀਰ ਵਿਚ ਖਬਰ ਆਈ ਕਿ ਉਸ ਨੂੰ ਨਜ਼ਰਬੰਦੀ ਤੋੜਨ ਦੇ ਅਪਰਾਧ ਵਿਚ ਗ੍ਰਿਫਤਾਰ ਕਰ ਲਿਆ ਗਿਆ ਸੀ। ਦਰਅਸਲ ਗੱਲ ਇਹ ਸੀ ਕਿ ਉਹ ਸਿਕੰਦਰ ਖਾਂ ਤੇ ਹੋਰ ਜਣਿਆਂ ਨੂੰ ਲਾਗਲੇ ਪਿੰਡਾਂ ਵਿਚ ਭੇਜ ਕੇ ਬੰਦਿਆਂ ਨੂੰ ਕਿਸੇ ਮਸੀਤੇ ਜਾਂ ਹੁਜਰੇ ਵਿਚ ਰਾਤ ਨੂੰ ਇਕੱਠਿਆਂ ਕਰ ਲੈਂਦਾ ਤੇ ਆਪ ਚੋਰੀ ਜਾ ਕੇ ਉਥੇ ਬੋਲ ਆਉਂਦਾ। ਇਸ ਪ੍ਰਚਾਰ ਦਾ ਸਰਕਾਰ ਨੂੰ ਵੀ ਪਤਾ ਲੱਗ ਗਿਆ ਤੇ ਉਸ ਉਤੇ ਪਿੰਡ ਬੰਦੀ ਦਾ ਹੁਕਮ ਤੋੜਨ ਦਾ ਮੁਕੱਦਮਾ ਚਲਾ ਦਿਤਾ। ਉਸ ਨੂੰ ਅਕਤੂਬਰ ਵਿਚ ਡੇਢ ਸਾਲ ਸਖਤ ਕੈਦ ਬੋਲ ਗਈ। ਮੁਕੱਦਮੇ ਵਿਚ ਵੀ ਉਸ ਨਾਲ ਸਾਡਾ ਕੋਈ ਜੋੜ ਨਾ ਜੁੜ ਸਕਿਆ। ਉਸ ਨੂੰ ਕੈਦ ਕਟਾਉਣ ਲਈ ਮਿੰਟਗੁਮਰੀ ਜੇਲ੍ਹ ਭੇਜ ਦਿਤਾ ਗਿਆ।

ਏਨੇ ਨੂੰ ਦੂਜੀ ਵੱਡੀ ਜੰਗ ਛਿੜ ਪਈ। ਅੰਗਰੇਜ਼ ਹਕੂਮਤ ਨੇ ਗਰਮ ਦਲਾਂ, ਜਥੇਬੰਦੀਆਂ, ਪਾਰਟੀਆਂ 'ਤੇ ਹੱਲਾ ਬੋਲ ਦਿੱਤਾ। ਫੜੋ-ਫੜਾਈਆਂ ਅਤੇ ਜੇਲ੍ਹਬੰਦੀਆਂ ਸ਼ੁਰੂ ਹੋ ਗਈਆਂ। ਅਸੀਂ ਬਚੇ ਰਹੇ ਬੰਦੇ ਲੁਕ-ਛਿਪ ਕੇ ਕੰਮ ਕਰਨ ਲੱਗ ਪਏ। ਸੀ. ਆਈ. ਡੀ. ਤੋਂ ਬਚਣ ਲਈ ਮੋਨੇ ਕੇਸ ਰੱਖਣ ਲੱਗ ਪਏ ਤੇ ਕੇਸਧਾਰੀ ਮੋਨੇ ਹੋ ਗਏ। ਮੇਰੀ ਡਿਊਟੀ ਸਰਹੱਦ ਵਲ ਪਠਾਣਾਂ ਵਿਚ ਲੱਗੀ, ਜਿਸ ਕਰਕੇ ਮੈਨੂੰ ਪਠਾਣੀ ਭੇਸ ਵਿਚ ਹਦਾਇਤ ਖਾਂ ਦੇ ਨਾਂ ਹੇਠ ਕੰਮ ਕਰਨਾ ਪਿਆ।

ਮੀਰ ਦਾਦ ਖਾਂ ਨੂੰ ਮਿਲਣਾ ਜ਼ਰੂਰੀ ਹੋ ਗਿਆ ਤਾਂ ਜੋ ਪਠਾਣਾਂ ਵਿਚ ਕੰਮ ਕਰਨ ਲਈ ਉਸ ਤੋਂ ਛਛ ਦੇ ਨਿੱਗਰ ਤੇ ਭਰੋਸੇਯੋਗ ਬੰਦਿਆਂ ਦਾ ਪਤਾ ਕੀਤਾ ਜਾਵੇ ਤੇ ਉਥੇ ਕਿਰਤੀ ਪਾਰਟੀ ਦਾ ਕੰਮ ਤੋਰਿਆ ਜਾਵੇ। ਮੈਂ ਫੇਰ ਮੱਲੂ ਗਿਆ ਅਤੇ ਸ਼ਾਹਾਨਚੀ ਨੂੰ ਲੈ ਕੇ ਮਿੰਟਗੁਮਰੀ ਆ ਗਿਆ। ਮੀਰ ਦਾਦ ਦੇ ਪਿੰਡ ਤੇ ਘਰ ਵਾਲਿਆਂ ਵਿਚ ਮੇਰਾ ਚੰਗਾ ਇਤਬਾਰ ਹੋ ਗਿਆ। ਉਸ ਦਾ ਚਾਚਾ ਅਕਬਰ ਖਾਂ ਡੰਗਰਾਂ ਦਾ ਵਪਾਰੀ ਸੀ। ਉਹ ਪੰਜਾਬੋਂ ਡੰਗਰ ਖਰੀਦ ਕੇ ਬੰਬਈ ਜਾ ਵੇਚਦਾ ਤੇ ਬਾਹਲਾ ਉਥੇ ਹੀ ਰਹਿੰਦਾ। ਮੈਂ ਉਸ ਦੇ ਨਾਂ 'ਤੇ ਮੀਰ ਦਾਦ ਦੀ ਮੁਲਾਕਾਤ ਕਰਨ ਦਾ ਫੈਸਲਾ ਕੀਤਾ। ਅਸੀਂ ਸਵੇਰੇ ਮਿੰਟਗੁਮਰੀ ਜੇਲ੍ਹ ਦੇ ਬੂਹੇ ਉਤੇ ਆ ਗਏ ਤੇ ਜਦ ਕੈਦੀਆਂ ਦੀਆਂ ਮੁਲਾਕਾਤਾਂ ਲਿਖੀਆਂ ਜਾ ਕੇ ਕਾਗਜ਼ ਅੰਦਰ ਆ ਗਏ ਤਾਂ ਦਰਬਾਨ ਸਾਨੂੰ ਆਵਾਜ਼ ਦੇਣ ਆਇਆ। ਅਸੀਂ ਦਰਵਾਜੇ ਦੇ ਪਾਸੇ ਜਾ ਕੇ ਦੇਖਿਆ ਤਾਂ ਦਰਬਾਨ ਵੀ ਪਠਾਣ ਸੀ। ਉਹ ਬਾਰੀ ਖੋਲ੍ਹ ਕੇ ਬਾਹਰ ਨਿਕਲ ਆਇਆ ਤੇ ਸਲਾਮ-ਦੁਆ ਪਿਛੋਂ ਉਸ ਨੇ ਮੈਨੂੰ ਮਾਮਾ-ਮਾਮਾ ਕਹਿ ਕੇ ਜੱਫੀ ਪਾ ਲਈ।

"ਉਏ ਮਾਮਾ ਅਕਬਰ ਖਾਨਾਂ, ਤੂੰ ਬੰਬਈਓ ਕਦੋਂ ਆਇਆਂ ਏਂ?" ਉਸ ਬੜੇ ਮਿਲਾਪੜੇ ਜਿਹੇ ਚਾਅ ਵਿਚ ਮੈਨੂੰ ਪੁੱਛਿਆ।

"ਮੀਰੇ ਦੀ ਗ੍ਰਿਫਤਾਰੀ ਦਾ ਪਤਾ ਲੱਗਾ ਤਾਂ ਆਉਣਾ ਹੀ ਪਿਆ।"

"ਬੜਾ ਚੰਗਾ ਕੀਤਾ ਈ।" ਉਸ ਨੇ ਪ੍ਰਸ਼ੰਸਾ ਪ੍ਰਗਟ ਕੀਤੀ।

"ਕੀ ਕਰਦਾ, ਪਿਉ ਤਾਂ ਗਰੀਬ ਸ਼ੁਹਦਿਆਂ ਦਾ ਹੈ ਨਹੀਂ, ਮੈਨੂੰ ਹੀ ਆਉਣਾ ਪੈਣਾ ਸੀ।" ਮੈਂ ਬੜੇ ਸਿਆਣਿਆਂ ਵਾਂਗ ਤਰਸਾਈਆਂ ਜਿਹੀਆਂ ਅੱਖਾਂ ਬਣਾ ਕੇ ਤੇ ਹਉਕਾ ਭਰ ਕੇ ਆਪਣੇ ਆਉਣ ਦੀ ਮਜਬੂਰੀ ਦਰਸਾਈ।

"ਚਲੋ ਘਰ ਵੰਞੋ!" ਉਸ ਨੇ ਸਾਨੂੰ ਘਰ ਜਾਣ ਦੀ ਸੁਲਾਹ ਮਾਰੀ, "ਮੈਂ ਅੰਦਰ ਚਾਬੀਆਂ ਦੇ ਕੇ ਹੁਣੇ ਆਇਆ।"


ਉਹ ਡਿਉੜੀ ਅੰਦਰ ਗਿਆ। ਮੈਂ ਅੰਦਰੋਂ ਬੜਾ ਘਾਬਰ ਗਿਆ ਸਾਂ ਪਰ ਉਤੋਂ ਤਕੜਾ ਰਿਹਾ। ਸ਼ਾਹਾਨਚੀ ਤੋਂ ਪੁਛਿਆ ਕਿ ਇਹ ਕੌਣ ਹੈ ਪਰ ਉਸ ਨੂੰ ਵੀ ਪਤਾ ਨਹੀਂ ਸੀ। ਹੁਣ ਕੀ ਕੀਤਾ ਜਾਏ? ਸਾਡੇ ਅੱਗੇ ਇਹ ਵੱਡਾ ਸਵਾਲ ਸੀ, ਰਹੀਏ ਜਾਂ ਨੱਠ ਜਾਈਏ। ਚਲੋ ਹੁਣ ਨਿਭੋ। ਫਸੀ ਨੂੰ ਫਟਕਣ ਕਾਹਦਾ? ਮਨ ਵਿਚ ਫੈਸਲਾ ਕਰਕੇ ਮੈਂ ਦਿਲ ਤਕੜਾ ਕਰ ਲਿਆ। ਉਹ ਕੋਈ ਪੰਜਾਂ ਕੁ ਮਿੰਟਾਂ ਪਿਛੋਂ ਆ ਗਿਆ। ਉਸ ਨੇ ਸਾਡੇ ਚਿਹਰਿਆਂ 'ਤੇ ਇਸ ਮਿਲਣੀ ਦੀ ਖੁਸ਼ੀ ਦੀ ਕੋਈ ਨਿਸ਼ਾਨੀ ਨਾ ਵੇਖ ਕੇ ਪੁਛਿਆ, "ਮਾਮਾ, ਤੁਸਾਂ ਮੈਨੂੰ ਸਿਆਤਾ ਨਹੀਂ?"

"ਨਹੀਂ।" ਅਸੀਂ ਦੋਵਾਂ ਜਵਾਬ ਦਿੱਤਾ।

"ਮੈਂ ਲਹਿੰਦੇ ਵਾਲੇ ਮਾਮੇ ਵਾਰਸ ਖਾਂ ਦਾ ਦੁਹਤਰਾ ਹਾਂ। ਇਸ ਨੱਡੇ ਨੂੰ ਤਾਂ ਮੈਂ ਅੱਜ ਹੀ ਵੇਖਿਆ ਹੈ। ਅੱਛਾ, ਮੈਂ ਤੈਨੂੰ ਨਿੱਕੇ ਹੁੰਦਿਆਂ ਦਾ ਵੇਖਿਆ ਹੋਇਆ ਏ, ਤਦੇ ਸਿਆਣ ਭੁੱਲ ਗਈ ਏ।"

ਮੇਰੇ ਅੰਦਰਲਾ ਧੁੜਕੂ ਦੂਰ ਹੋ ਗਿਆ। ਮੈਂ ਜ਼ਿਆਦਾ ਦਲੇਰੀ ਨਾਲ ਗੱਲਾਂ ਕਰਨ ਲੱਗ ਪਿਆ। ਸਾਡੇ ਸਭ ਦੀ ਕਾਮਯਾਬੀ ਵਿਚ ਹੁਣ ਕੋਈ ਸ਼ੱਕ ਨਹੀਂ ਸੀ ਦਿਸ ਰਿਹਾ। ਹੁਣ ਕੋਈ ਖਤਰਾ ਨਹੀਂ ਸੀ। ਮੈਂ ਉਸ ਨੂੰ ਉਲੂ ਬਣਾ ਸਕਦਾ ਸੀ।

ਉਸ ਨੇ ਸਾਨੂੰ ਆਪਣੇ ਕਵਾਟਰ ਵਿਚ ਲਿਜਾ ਬਿਠਾਇਆ। ਚਾਹ ਤੇ ਰੋਟੀ ਤਿਆਰ ਕਰ ਕੇ ਖਵਾਈ। ਬੜੀਆਂ ਗੱਲਾਂ ਹੋਈਆਂ। ਸ਼ਾਹਾਨਚੀ ਨੇ ਬੀਬੇ ਕਾਕਿਆਂ ਵਾਂਗ ਚੁੱਪ ਰੱਖੀ ਤੇ ਮੈਨੂੰ ਬੋਲਣ-ਕੂਣ ਦਾ ਮੌਕਾ ਦੇਈ ਗਿਆ। ਉਹ ਪਿੰਡ ਦੇ ਕਈ ਜੀਆਂ ਦੇ ਨਾਂ ਲੈ ਕੇ ਉਨ੍ਹਾਂ ਦੀ ਖਬਰਸਾਰ ਪੁੱਛਦਾ ਰਿਹਾ। ਮੈਂ ਬੰਬਈ ਰਹਿਣ ਦਾ ਬਹਾਨਾ ਲਾ ਕੇ ਆਖ ਛਡਦਾ, "ਪਤਾ ਨਹੀਂ, ਅੱਜ ਕੀ ਹਾਲ ਏ।" ਇਥੇ ਸ਼ਾਹਾਨਚੀ ਆਪਣਾ ਪਾਰਟ ਅਦਾ ਕਰਦਾ। ਉਹ ਉਨ੍ਹਾਂ ਦੀ ਖਬਰ ਆਦਿ ਦੇ ਛੱਡਦਾ। ਅਸੀਂ ਦੋਵੇਂ ਸਫਲ ਪਾਰਟ ਅਦਾ ਕਰ ਰਹੇ ਸੀ। ਮੈਂ ਅੰਮ੍ਰਿਤਸਰ, ਤਰਨ ਤਾਰਨ ਤੇ ਮੁਕਤਸਰ ਆਦਿ ਦੀਆਂ ਮਾਲ ਮੰਡੀਆਂ ਵਿਚੋਂ ਮਾਲ ਡੰਗਰ ਖਰੀਦਣ ਤੇ ਬੰਬਈ ਵਿਚ ਵੇਚਣ ਦੀਆਂ ਗੱਲਾਂ ਕਰੀ ਗਿਆ। ਉਹ ਆਪਣੇ ਜਵਾਨ ਹੋਣ, ਨੌਕਰੀ ਭਾਲਣ, ਵਾਰਡਰ ਬਣਨ, ਦਰਬਾਨ ਹੋਣ, ਆਪਣੇ ਨਾਲ ਵਾਹ ਪਏ ਦਰੋਗਿਆਂ ਤੇ ਸਾਹਿਬਾਂ ਦੀਆਂ ਗੱਲਾਂ ਸੁਣਾਈ ਗਿਆ। ਇਨ੍ਹਾਂ ਵਿਚ ਦੋਹਾਂ ਪਾਸਿਆਂ ਤੋਂ



ਮੀਰ ਦਾਦ ਖਾਂ

*ਮੀਰ ਦਾਦ ਖਾਂ ਭਾਰਤੀ ਦੀ ਜੰਗ-ਏ-ਆਜ਼ਾਦੀ ਦਾ ਸੂਰਮਾ ਸਰਹੱਦੀ ਪਠਾਣ ਸੀ, ਜੋ ਉਸ ਵਕਤ ਆਮ ਨੌਜਵਾਨਾਂ ਵਾਂਗ ਰੋਜ਼ੀ-ਰੋਟੀ ਦੀ ਭਾਲ ਵਿਚ ਅਮਰੀਕਾ ਗਿਆ। ਜਗਜੀਤ ਸਿੰਘ ਆਨੰਦ ਅਨੁਸਾਰ ਉਹ ਜਹਾਜਾਂ ਦੀ ਖਲਾਸੀ (ਕੁਲੀ) ਦਾ ਕੰਮ ਕਰਦਾ ਸੀ। ਰੂਸ ਥਾਣੀਂ ਆਉਂਦਾ ਹੋਇਆ ਆਜ਼ਾਦੀ ਦੀ ਉਹ ਚਿਣਗ ਲੈ ਕੇ ਆਇਆ ਕਿ ਆਪਣੀ ਜਵਾਨੀ ਦੇਸ਼, ਲੋਕ ਲਹਿਰਾਂ, ਲੋਕ ਹਿਤਾਂ ਖਾਤਰ ਕੁਰਬਾਨ ਕਰ ਦਿੱਤੀ। ਰੂਸ ਵਿਚ ਮਾਸਕੋ ਤੋਂ ਚਾਰ ਸਾਲ ਦੀ ਇਨਕਲਾਬੀ ਪੜ੍ਹਾਈ ਪਿਛੋਂ ਸਮੁੰਦਰੀ ਰਸਤੇ ਬੰਬਈ ਪੁੱਜਾ। ਇਕ ਸਾਲ ਗੋਦੀ ਮਜ਼ਦੂਰਾਂ ਵਿਚ ਕੰਮ ਕੀਤਾ ਤੇ ਦੂਜੀ ਵੱਡੀ ਜੰਗ ਦੇ ਪਹਿਲੇ ਮਹੀਨਿਆਂ ਵਿਚ ਵਤਨ ਮੁੜ ਆਇਆ। ਪਠਾਣਾਂ ਵਿਚ ਗੁਪਤ ਕੰਮ ਕਰਨਾ ਕੋਈ ਸੌਖਾ ਨਹੀਂ ਸੀ। ਛੇਤੀ ਫੜਿਆ ਗਿਆ। ਲਾਹੌਰ ਦੇ ਕਿਲ੍ਹੇ ਦਾ ਵਹਿਸ਼ੀਆਨਾ ਤਸ਼ੱਦਦ ਝੱਲਿਆ ਪਰ ਬਿਰਕਿਆ ਕੁਝ ਵੀ ਨਾ। ਸੈਂਟਰਲ ਜੇਲ੍ਹ ਦੀ 12 ਨੰਬਰ ਬੈਰਕ ਵਿਚ ਬੰਦ ਕਰ ਦਿੱਤਾ। ਲਾਹੌਰੋਂ ਮਿੰਟਗੁਮਰੀ ਨੂੰ ਚਲਾਣ ਦੌਰਾਨ ਉਕਾੜੇ ਕੋਲੋਂ ਸਣੇ ਹੱਥਕੜੀਆਂ ਬੇੜੀਆਂ ਦੇ ਤੇਜ਼ ਰਫਤਾਰ ਕਰਾਚੀ ਮੇਲ ਵਿਚੋਂ ਛਾਲ ਮਾਰ ਗਿਆ। ਉਸ ਦੀ ਸੂਰਮਤਾਈ ਦੀਆਂ ਧੁੰਮਾਂ ਪੈ ਗਈਆਂ। 1946 ਦੀ ਸਮੁੰਦਰੀ ਬੇੜੇ ਦੀ ਬਗਾਵਤ ਸਮੇਂ ਬੰਬਈ ਵਿਚ ਗੋਲੀ ਮਾਰ ਕੇ ਸ਼ਹੀਦ ਕਰ ਦਿੱਤਾ ਗਿਆ।*

(ਅਗਲੇ ਸਫੇ 'ਤੇ ਜਾਰੀ)

# ਰਸਦ ਅਤੇ ਰਸੀਦ

## ਸ਼ਬਦ ਝਰੋਖਾ



ਬਲਜੀਤ ਬਾਸੀ
ਫੋਨ: 734-259-9353

ਆਮ ਤੌਰ 'ਤੇ ਰਸਦ ਖਾਣ-ਪੀਣ ਦੇ ਸਮਾਨ ਨੂੰ ਆਖਦੇ ਹਨ। ਇਸ ਨੂੰ ਬੋਲ-ਚਾਲ ਵਿਚ ਸੌਦਾ-ਪੱਤਾ, ਸੀਦਾ-ਪੱਤਾ, ਰਾਸ਼ਨ-ਪਾਣੀ, ਆਟਾ-ਦਾਲ ਵੀ ਕਹਿ ਦਿੱਤਾ ਜਾਂਦਾ ਹੈ। ਰਸਦ ਸ਼ਬਦ ਦੀ ਬਹੁਤੀ ਵਰਤੋਂ ਲੜਾਈ ਵਿਚ ਲੜਦੇ ਫੌਜੀ ਕੈਂਪਾਂ ਵਿਚ ਭੰਡਾਰ ਕੀਤੇ ਗਏ ਅੰਨ ਲਈ ਹੁੰਦੀ ਹੈ। ਇਸ ਤੋਂ ਅੱਗੇ ਵਿਸਥਾਰ ਹੋ ਕੇ ਇਸ ਦਾ ਅਰਥ ਰਾਸ਼ਨ, ਪੂਰਤੀ, ਭੱਤਾ, ਹਿੱਸਾ, ਯੋਗਦਾਨ, ਕੋਟਾ ਆਦਿ ਵੀ ਹੋ ਜਾਂਦਾ ਹੈ। ਪਹਿਲਿਆਂ ਵਿਚ ਫੌਜੀ ਲੜਾਈਆਂ ਦੌਰਾਨ ਰਸਦ ਲੁੱਟਣਾ ਵੀ ਇਕ ਨਿਸ਼ਾਨਾ ਹੁੰਦਾ



ਸੀ। ਸ਼ਾਹ ਮੁਹੰਮਦ ਦੇ ਜੰਗਨਾਮੇ ਵਿਚ ਇਸ ਦਾ ਪ੍ਰਮਾਣ ਦੇਖੋ,

ਮੁਹਕਮ ਦੀਨ, ਸਰਦਾਰ ਨੂੰ ਲਿਖੀ ਅਰਜ਼ੀ,
ਤੁਸਾਂ ਰਸਦ ਲੁੱਟੇ ਚੰਗੇ ਸ਼ਾਨ ਦੇ ਜੀ।
ਦੇਹੁ ਭੇਜ ਉਰਾਰ ਸਭ ਕਾਰਖਾਨੇ,
ਅਸੀਂ ਰੱਖਾਂਗੇ ਨਾਲ ਰਮਾਨ ਦੇ ਜੀ।

ਰਸਦ ਸ਼ਬਦ ਫਾਰਸੀ ਵਲੋਂ ਭਾਰਤੀ ਭਾਸ਼ਾਵਾਂ ਵਿਚ ਦਾਖਲ ਹੋਇਆ। ਇਸ ਦਾ ਮੁਢਲਾ ਅਰਥ ਕੋਈ ਪਹੁੰਚਾਈ ਹੋਈ ਚੀਜ਼, ਮੰਗਵਾਈ ਹੋਈ ਵਸਤ, ਦਰਾਮਦ ਆਦਿ ਹੈ। ਇਸ ਤਰ੍ਹਾਂ ਰਾਸ਼ਨ-ਪਾਣੀ ਦੇ ਪ੍ਰਸੰਗ ਵਿਚ ਇਸ ਦਾ ਭਾਵ ਹੈ, ਉਹ ਚੀਜ਼ ਜੋ ਜਿਉਂਦੇ ਰਹਿਣ ਲਈ ਮਨੁੱਖ-ਮਾਤਰ ਨੂੰ ਪਹੁੰਚਾਈ ਜਾਂਦੀ ਜਾਂ ਜੋ ਉਹ ਵਸੂਲਦਾ ਹੈ। ਜੀਵਨ ਨਿਰਬਾਹ ਲਈ ਖਾਧ-ਖੁਰਾਕ ਹੀ ਵੱਡੀ ਲੋੜ ਹੈ, ਇਸ ਲਈ ਇਹ ਸ਼ਬਦ ਰਾਸ਼ਨ ਦੇ ਅਰਥਾਂ ਵਿਚ ਰੂੜ ਹੋ ਗਿਆ ਹੈ। ਉਂਜ ਵੀ ਰਸਦ ਸ਼ਬਦ ਦੀ ਅਸੀਂ ਉਦੋਂ ਹੀ ਵਰਤੋਂ ਕਰਦੇ ਹਾਂ, ਜਦੋਂ ਅਸੀਂ ਇਸ ਨੂੰ ਘਰ ਪੁੱਜਦਾ ਕਰਨ ਲਈ ਹੱਟੀਓਂ ਲੈਣ ਜਾਂਦੇ ਹਾਂ। ਫਾਰਸੀ ਵਿਚ ਇਸ ਦੇ ਪੁੱਜਦਾ ਕਰਨ, ਅਪੜਾਉਣ ਦੇ ਭਾਵ ਵੀ ਹਨ। ਭਾਈ ਨੰਦ ਲਾਲ ਦੀ ਫਾਰਸੀ ਕਵਿਤਾ ਵਿਚ ਦੇਖੋ,

ਕਸੇ ਬਹਾਲਿ ਗਰੀਬਾਨਿ ਬੇ-ਨਵਾ ਨ-ਰਸਦ,
ਰਸੀਦਾਇਮ ਬਜਾਇ ਕਿ ਬਾਦਸ਼ਾ ਨ ਰਸਦ।

ਮਤਲਬ ਕੋਈ ਗਰੀਬ ਮੁਸਾਫਰਾਂ 'ਤੇ ਤਰਸ ਨਹੀਂ ਕਰਦਾ, ਮੈਂ ਉਸ ਦਸ਼ਾ ਵਿਚ ਪਹੁੰਚ ਗਿਆ ਹਾਂ, ਜਿਥੇ ਬਾਦਸ਼ਾਹ ਵੀ ਪਹੁੰਚ ਨਹੀਂ ਸਕਦਾ।

ਫਾਰਸੀ ਵਿਚ ਰਸਦ ਤੋਂ ਰਸੀਦਨ ਕ੍ਰਿਆ ਬਣਦੀ ਹੈ, ਜਿਸ ਦਾ ਅਰਥ ਹੈ-ਪਹੁੰਚਣਾ, ਪੁੱਜਦਾ ਕਰਨਾ। ਭਾਈ ਨੰਦ ਲਾਲ ਦੀਆਂ ਫਾਰਸੀ ਗਜ਼ਲਾਂ ਵਿਚ ਹੀ ਇਸ ਦੀ ਭਾਲ ਕਰਦੇ ਹਾਂ, "ਦਰ ਕੂਚਾਇ ਇਸ਼ਕ ਅਰ ਚਿ ਮੁਹਾਲ ਅਸਤ ਰਸੀਦਨ।" ਅਰਥਾਤ ਭਾਵੇਂ ਪਿਆਰ ਦੇ ਮਾਰਗ ਵਿਚੀਂ ਪਹੁੰਚਣਾ ਕਠਿਨ ਹੈ। ਰਸੀਦਨ ਤੋਂ ਅੱਗੇ ਬਣਿਆ ਸ਼ਬਦ ਰਸੀਦ ਪੰਜਾਬੀ ਵਿਚ ਖਾਸਾ ਜਾਣਿਆ ਤੇ ਵਰਤਿਆ ਜਾਂਦਾ ਹੈ। ਦੁਕਾਨ ਤੋਂ ਰਸਦ ਲੈਣ ਜਾਂਦੇ ਹਾਂ ਤਾਂ ਰਸਦ ਦੇਣ ਪਿਛੋਂ ਦੁਕਾਨਦਾਰ ਸਾਨੂੰ ਪੈਸੇ ਵਸੂਲੀ ਦੇ ਸਬੂਤ ਵਜੋਂ ਇੱਕ ਲਿਖਤੀ ਜਾਂ ਛਪਿਆ ਕਾਗਜ਼ ਦਿੰਦਾ ਹੈ ਜਿਸ ਨੂੰ ਅਸੀਂ ਰਸੀਦ ਆਖਦੇ ਹਾਂ। ਰਸਦ ਲੈਣ ਪਿਛੋਂ ਇਸ ਦੀ ਵਸੂਲੀ ਦਾ ਸਬੂਤ ਇਹ ਰਸੀਦ ਹੈ। ਰਸੀਦ ਦਰਅਸਲ ਕਾਸੇ ਦੀ ਪਹੁੰਚ ਦਾ ਪ੍ਰਮਾਣ-ਪੱਤਰ ਹੈ। ਕਿਧਰੇ ਕਿਧਰੇ ਇਸ ਲਈ ਪਹੁੰਚ-ਰਸੀਦ ਸ਼ਬਦ ਵੀ ਚਲਦਾ ਹੈ। ਅੱਜ ਕਲ੍ਹ ਬਿਲ ਕਿਹਾ ਜਾਂਦਾ ਹੈ। 'ਗੁਰ ਪ੍ਰਤਾਪ ਸੂਰਜ' ਗ੍ਰੰਥ ਵਿਚ ਇਸ ਅਰਥ ਵਿਚ ਵਰਤੋਂ ਦੇਖੋ, 'ਨਿਤ ਦੇਹੁ ਰਸੀਦ।'

ਧਨ ਆਦਿ ਪ੍ਰਾਪਤ ਕਰਨ/ਲੈਣ ਦੇ ਸਬੂਤ ਵਜੋਂ ਸਰਕਾਰੀ ਕਾਗਜ਼ਾਂ ਤੇ ਡਾਕ ਟਿਕਟਾਂ ਜਿਹੀ ਰਸੀਦੀ ਟਿਕਟ ਲਾਈ ਜਾਂਦੀ ਹੈ। ਅੰਮ੍ਰਿਤਾ ਪ੍ਰੀਤਮ ਦੀ ਸਵੈ-ਜੀਵਨੀ ਦਾ ਨਾਂ ਹੈ, ਰਸੀਦੀ ਟਿਕਟ। ਖੁਸ਼ਵੰਤ ਸਿੰਘ ਨੇ ਇੱਕ ਵਾਰੀ ਮਖੌਲ ਵਜੋਂ ਅੰਮ੍ਰਿਤਾ ਪ੍ਰੀਤਮ ਨੂੰ ਕਿਹਾ ਸੀ ਕਿ ਤੇਰੀ ਜੀਵਨੀ ਏਨੀ ਛੋਟੀ ਤੇ ਤੁੱਛ ਹੈ ਕਿ ਇਸ ਨੂੰ ਰਸੀਦੀ-ਟਿਕਟ ਦੇ ਪਿਛੇ ਲਿਖਿਆ ਜਾ ਸਕਦਾ ਹੈ। ਅੰਮ੍ਰਿਤਾ ਨੇ ਆਪਣੀ ਸਵੈ-ਜੀਵਨੀ ਦਾ ਨਾਂ ਹੀ 'ਰਸੀਦੀ ਟਿਕਟ' ਰੱਖ ਦਿੱਤਾ। ਸੁਣਿਆ ਹੈ, ਇਸ 'ਤੇ ਫਿਲਮ ਵੀ ਬਣਨ ਵਾਲੀ ਹੈ। ਰਸੀਦ ਦਾ ਸ਼ਾਬਦਿਕ ਅਰਥ ਹੈ, 'ਉਹ ਪਹੁੰਚਿਆ।'

ਗੁਰੂ ਗ੍ਰੰਥ ਸਾਹਿਬ ਵਿਚ ਇਸ ਸ਼ਬਦ ਦੀ ਇਨ੍ਹਾਂ ਅਰਥਾਂ ਵਿਚ ਵਰਤੋਂ ਹੋਈ ਮਿਲਦੀ ਹੈ, "ਸੇਖ ਮਸਾਇਕ ਕਾਜੀ ਮੁਲਾ ਦਰਿ ਦਰਵੇਸ ਰਸੀਦ॥" (ਗੁਰੂ ਨਾਨਕ ਦੇਵ) ਅਰਥਾਤ ਅਨੇਕਾਂ, ਸ਼ੇਖ, ਕਾਜ਼ੀ, ਮੁੱਲਾਂ ਤੇਰੇ ਦਰਵਾਜੇ ਤਕ ਪਹੁੰਚੇ ਹੋਏ ਦਰਵੇਸ਼ ਆਏ। 'ਥੱਪੜ ਰਸੀਦ ਕੀਤਾ' ਦਾ ਮਤਲਬ ਹੈ, ਕਿਸੇ ਦੇ ਮੂੰਹ 'ਤੇ ਥੱਪੜ ਪਹੁੰਚਾਇਆ ਗਿਆ!

ਕੁਝ ਲੋਕ ਸਮਝਦੇ ਹਨ ਕਿ ਰਸੀਦ ਸ਼ਬਦ ਸ਼ਾਇਦ ਅੰਗਰੇਜ਼ੀ ਰਿਸੀਟ (Receipt) ਦਾ ਵਿਗੜਿਆ ਰੂਪ ਹੈ, ਪਰ ਅਜਿਹਾ ਨਹੀਂ ਹੈ। ਰਿਸੀਟ ਅਤੇ ਰਸੀਦ ਸ਼ਬਦਾਂ ਵਿਚਕਾਰ ਧੁਨੀ-ਸਮਾਨਤਾ ਵੀ ਹੈ, ਅਰਥ-ਸਮਾਨਤਾ ਵੀ ਪਰ ਦੋਨੋਂ ਸਜਾਤੀ ਨਹੀਂ ਹਨ। ਇਸ ਦੀ ਕੁਝ ਵਿਆਖਿਆ ਦੀ ਲੋੜ ਹੈ। ਅੰਗਰੇਜ਼ੀ ਰਿਸੀਟ ਵਿਚ ਕੁਝ ਪ੍ਰਾਪਤ ਕਰਨ ਦਾ ਭਾਵ ਹੈ। ਮੱਧਵਰਤੀ ਅੰਗਰੇਜ਼ੀ ਵਿਚ ਦਵਾਈਆਂ ਦੇ ਨੁਸਖੇ ਨੂੰ ਵੀ ਰਿਸੀਟ ਕਿਹਾ ਜਾਂਦਾ ਸੀ, ਜਿਸ ਲਈ ਰੈਸਿਪੀ ਸ਼ਬਦ ਵੀ ਹੈ। ਇਹ ਸ਼ਬਦ ਫਰਾਂਸੀਸੀ ਰਾਹੀਂ ਅੰਤਿਮ ਤੌਰ 'ਤੇ ਲਾਤੀਨੀ ਤੋਂ ਆਇਆ ਹੈ, ਜਿਸ ਵਿਚ ਇਸ ਦਾ ਰੂਪ ਸੀ Recepta ਅਤੇ ਅਰਥ ਸੀ, ਪ੍ਰਾਪਤ ਕੀਤਾ, ਸਮਝੋ ਅੰਗਰੇਜ਼ੀ Received, ਜਿਸ ਦੇ ਇਹੋ ਅਰਥ ਹੁੰਦੇ ਹਨ।

ਅਸਲ ਵਿਚ ਤਾਂ Receive ਵੀ ਅੰਤਿਮ ਤੌਰ 'ਤੇ ਇਸੇ ਲਾਤੀਨੀ ਸ਼ਬਦ ਨਾਲ ਜਾ ਜੁੜਦਾ ਹੈ, ਪਰ ਫਰਾਂਸੀਸੀ ਵਿਚ ਆ ਕੇ ਇਸ ਦੇ ਸ਼ਬਦ-ਜੋੜ ਵਿਚ 'ਪ' ਧੁਨੀ ਦੀ ਥਾਂ 'ਵ' ਧੁਨੀ ਨੇ ਲੈ ਲਈ। ਰਿਸੀਟ ਸ਼ਬਦ ਵਿਚ ਆ ਕੇ ਤਾਂ ਇਸ ਦੀ 'ਪ' ਧੁਨੀ ਵੀ ਅਲੋਪ ਹੋ ਗਈ। ਰਿਸੀਵ ਦਾ ਅਰਥ ਪ੍ਰਾਪਤ ਕਰਨਾ ਹੁੰਦਾ ਹੈ ਤੇ ਰਿਸੀਟ ਪ੍ਰਾਪਤੀ-ਪੱਤਰ ਹੀ ਤਾਂ ਹੈ। ਨੁਸਖੇ ਦੇ ਅਰਥ ਵਿਚ ਇਸ ਗੱਲ ਵੱਲ ਸੰਕੇਤ ਹੈ ਕਿ ਡਾਕਟਰ ਨੇ ਮਰੀਜ਼ ਦਾ ਮੁਆਇਨਾ ਕਰਕੇ ਉਸ ਨੂੰ ਦਿੱਤੀ ਜਾਣ ਵਾਲੀ ਦਵਾਈ ਅਤੇ ਉਸ ਨੂੰ ਬਣਾਉਣ ਦੀ ਵਿਧੀ ਲਿਖ ਕੇ ਪ੍ਰਾਪਤ ਜਾਂ ਵਸੂਲ ਕਰਵਾਈ ਹੈ। ਰੈਸਿਪੀ (Recipe) ਸ਼ਬਦ ਦਾ ਵੀ ਇਹੋ ਜਨਮ-ਸੂਤਰ ਹੈ ਪਰ ਰਿਸੀਟ ਭੂਤ ਕਾਲਕ ਹੈ, ਜਦਕਿ ਰੈਸਿਪੀ ਵਰਤਮਾਨ ਕਾਲਕ। ਪਕਵਾਨ ਬਣਾਉਣ ਦੀ ਵਿਧੀ ਅਰਥਾਤ ਵਿਅੰਜਨ ਦੇ ਅਰਥਾਂ ਵਿਚ ਇਸ ਦੀ ਵਰਤੋਂ 18ਵੀਂ ਸਦੀ ਦੇ ਅੱਧ ਵਿਚ ਸ਼ੁਰੂ ਹੋਈ।

ਕੁਝ ਵਿਦਵਾਨਾਂ ਨੇ ਰਸੀਦ ਸ਼ਬਦ ਨਾਲ



ਮਿਲਦੇ-ਜੁਲਦੇ ਰਸ਼ੀਦ ਸ਼ਬਦ ਨੂੰ ਵੀ ਇਥੇ ਥਾਂ-ਸਿਰ ਰੱਖਿਆ ਹੈ। 'ਮਹਾਨ ਕੋਸ਼' ਨੇ ਇਸ ਦੇ ਅਰਥ ਇਸ ਤਰ੍ਹਾਂ ਕੀਤੇ ਹਨ, "ਹਦਾਯਤ ਪ੍ਰਾਪਤ ਕਰਨ ਵਾਲਾ; ਹਦਾਯਤ ਪੁਰ ਚਲਨ ਵਾਲਾ; ਸਮਝ ਵਾਲਾ।" ਰਸ਼ੀਦ ਅਰਬੀ ਦਾ ਸ਼ਬਦ ਹੈ, ਜਿਸ ਤੋਂ ਮੁਰਸ਼ਿਦ ਵੀ ਬਣਿਆ। ਇਸ ਨੂੰ ਰਸੀਦ ਨਾਲ ਜੋੜਨ ਪਿਛੇ ਬੜੀ ਟੇਢੀ ਜਿਹੀ ਦਲੀਲ ਹੈ, ਇਸ ਨੂੰ ਅੱਗੇ ਲਈ ਛੱਡਦੇ ਹਾਂ।

ਇਹ ਸਾਰੇ ਸ਼ਬਦ ਅੱਗੇ ਪਹਿਲਵੀ ਦੇ 'ਰਸ਼' ਤੇ ਜ਼ੈਂਦ ਦੇ 'ਰਾਸ਼' ਨਾਲ ਜਾ ਜੁੜਦੇ ਹਨ। ਇਨ੍ਹਾਂ ਵਿਚ ਪਹੁੰਚਣ, ਘਟਣ, ਛੂਹਣ ਦਾ ਭਾਵ ਹੈ। ਫਾਰਸੀ ਵਿਚ ਇਸ ਦੀ ਵਰਤੋਂ ਇੱਕ ਤਰ੍ਹਾਂ ਕਿਸੇ ਸ਼ਬਦ ਦੇ ਪਿਛੇਤਰ ਵਜੋਂ ਵੀ ਹੁੰਦੀ ਹੈ, ਜਿਸ ਵਿਚ ਇਸ ਦਾ ਅਰਥ ਹੁੰਦਾ ਹੈ, ਜਿਸ ਤੱਕ ਪਹੁੰਚਿਆ ਜਾਂ ਪਹੁੰਚਾਇਆ ਜਾਵੇ ਜਿਵੇਂ ਦਾਦਰਸ (ਜਿਸ ਨੂੰ ਦਾਦ ਦਿੱਤੀ ਜਾਵੇ), ਫਰਿਆਦਰਸ (ਜਿਸ ਕੋਲ ਫਰਿਆਦ ਕੀਤੀ ਜਾਵੇ)। ਇਸ ਤੋਂ ਪਹੁੰਚ ਦੇ ਅਰਥਾਂ ਵਾਲਾ ਇੱਕ ਹੋਰ ਸ਼ਬਦ ਬਣਦਾ ਹੈ, ਰਸਾਈ। ਇਹ ਸ਼ਬਦ ਪੰਜਾਬੀ ਵਿਚ ਵੀ ਜਾਣਿਆ ਤੇ ਵਰਤਿਆ ਜਾਂਦਾ ਹੈ, 'ਕਿੰਜ ਘੱਲਾਂ ਕਾਸਦ ਕਰੇ ਰਸਾਈ ਨਾ ਰਹਿਬਰ ਹੀ ਭਟਕਿਆ ਫਿਰਦਾ ਏ ਤਾਂ ਹੀ ਤਾਂ ਮੰਜ਼ਿਲ ਬਿਆਈ ਨਾ।'

ਇਸੇ ਨਾਲ ਬਣਦਾ ਇੱਕ ਹੋਰ ਸ਼ਬਦ ਹੈ, 'ਰਸਾਂ' ਜਿਸ ਵਿਚ ਪਹੁੰਚਾਉਣ ਦਾ ਭਾਵ ਹੈ। ਇਹ ਵੀ ਆਮ ਤੌਰ 'ਤੇ ਪਿਛੇਤਰ ਵਜੋਂ ਵਰਤਿਆ ਜਾਂਦਾ ਹੈ। ਪੰਜਾਬੀ ਵਿਚ ਡਾਕੀਆ ਦੇ ਅਰਥਾਂ ਵਜੋਂ ਜਾਣਿਆ ਜਾਂਦਾ ਸ਼ਬਦ ਹੈ, ਚਿੱਠੀ ਰਸਾਣ, ਜੋ ਫਾਰਸੀ ਵਿਚ ਚਿੱਠੀ-ਰਸਾਂ ਹੈ। ਇਸ ਦਾ ਸ਼ਾਬਦਿਕ ਅਰਥ ਬਣਦਾ ਹੈ, ਚਿੱਠੀ ਪਹੁੰਚਾਉਣ ਵਾਲਾ। ਰਸਦ-ਰਸਾਂ ਹੁੰਦਾ ਹੈ, ਰਸਦ ਪਹੁੰਚਾਉਣ ਵਾਲਾ।

ਉਕਤ ਪਹਿਲਵੀ 'ਰਸ਼' ਜਾਂ ਜ਼ੈਂਦ 'ਰਾਸ਼' ਸੰਸਕ੍ਰਿਤ ਰਿਸ਼ ਨਾਲ ਸਬੰਧਤ ਹਨ, ਜੋ ਅੱਗੇ ਸੰਸਕ੍ਰਿਤ ਸ਼ਬਦ 'ਰਿ' (ਰਿਸ਼ੀ ਵਾਲਾ) ਨਾਲ ਜਾ ਜੁੜਦਾ ਹੈ। ਇਸ ਧਾਤੂ ਵਿਚ ਆਉਣ-ਜਾਣ, ਘੁੰਮਣ, ਪਾਉਣ, ਰਸਾਈ ਕਰਨ ਦੇ ਮੁੱਖ ਭਾਵ ਹਨ। ਇਸ ਦਾ ਜ਼ਿਕਰ ਪਿਛਲੇ ਲੇਖ ਵਿਚ ਵੀ ਹੋਇਆ ਸੀ ਅਤੇ ਦੱਸਿਆ ਗਿਆ ਸੀ ਕਿ ਇਸੇ ਤੋਂ ਰੁੱਤ ਅਤੇ ਰੀਤ/ਰੀਤੀ ਸ਼ਬਦ ਵਿਕਸਿਤ ਹੋਏ ਹਨ। ਦਰਅਸਲ 'ਰਿ' ਤੋਂ ਹੀ 'ਰਿਸ਼' ਜਿਹੀ ਧਾਤੂ ਵਿਕਸਿਤ ਹੋਈ ਹੈ, ਜਿਸ ਵਿਚ ਆਉਣ-ਜਾਣ, ਪਹੁੰਚਾਉਣ, ਰਸਾਈ ਕਰਨ ਦੇ ਭਾਵ ਹਨ। ਰਿਸ਼ੀ ਸ਼ਬਦ ਵੀ ਇਸੇ ਤੋਂ ਬਣਿਆ ਹੈ। 'ਰਿ' ਦੇ ਸਕੇ ਬਹੁਤ ਸਾਰੀਆਂ ਹਿੰਦ-ਯੂਰਪੀ ਭਾਸ਼ਾਵਾਂ ਵਿਚ ਮਿਲਦੇ ਹਨ। ਕੁਝ ਇੱਕ ਦੀ ਵਿਆਖਿਆ ਫਿਰ ਕਦੇ ਕਰਾਂਗੇ।

# ਮੀਰ ਦਾਦ ਖਾਂ ਦਾ ਚਾਚਾ

(ਪਿਛਲੇ ਸਫੇ ਦੀ ਬਾਕੀ)

ਕੱਟਣ-ਕਟਾਉਣ ਵਾਲੀ ਕੋਈ ਗੱਲ ਨਹੀਂ ਸੀ। ਇਸ ਲਈ ਸਮਾਂ ਚੰਗਾ ਲੰਘ ਗਿਆ।

ਮੁਲਾਕਾਤ ਦੇ ਵਕਤ ਉਹ ਸਾਨੂੰ ਡਿਊਟੀ ਅੰਦਰ ਲੈ ਗਿਆ ਤੇ ਨਿਵੇਕਲੇ ਕਮਰੇ ਅੰਦਰ ਬੈਂਚ 'ਤੇ ਬਿਠਾ ਕੇ ਚਲਾ ਗਿਆ। ਕੋਈ ਪੰਜਾਂ ਕੁ ਮਿੰਟਾਂ ਬਾਅਦ ਡਿਪਟੀ, ਮੀਰ ਦਾਦ ਖਾਂ ਨੂੰ ਲੈ ਕੇ ਆ ਗਿਆ।

ਅੰਦਰ ਵੜਦਿਆਂ ਹੀ ਮੇਰੇ ਵੱਲ ਵੇਖ ਕੇ ਮੀਰ ਦਾਦ ਕੁਝ ਨਾਂ-ਮਾਤਰ ਠਠੰਬਰਿਆ ਤੇ ਝਟ ਹੀ ਸੰਭਲ ਗਿਆ। ਉਹ ਮਾੜਾ ਜਿਹਾ ਮੁਸਕਰਾਇਆ। ਮੈਂ ਵੀ ਕਸਰ ਨਾ ਛੱਡੀ ਤੇ ਸੱਚੀਮੁਚੀਂ ਦੇ ਚਿਰੀਂ ਵਿਛੁੰਨੇ ਚਾਚਿਆਂ ਵਾਂਗ ਅੱਖਾਂ ਵਿਚ ਗਲੇਡੂ ਅਤੇ ਚਿਹਰੇ 'ਤੇ ਗਮੀ ਲਿਆ ਕੇ 'ਹਾਇ ਬੱਚਿਆ! ਤੂੰ ਕਿਥੇ?' ਦੀ ਧਾਹ ਮਾਰੀ ਤੇ ਉਸ ਨੂੰ ਜੱਫੀ ਵਿਚ ਘੁੱਟ ਲਿਆ। ਉਸ ਨੇ ਵੀ ਅੱਗੋਂ ਬਰਖੁਰਦਾਰਾਂ ਵਾਂਗ ਅਫਸੋਸੀ ਸ਼ਕਲ ਬਣਾ ਲਈ। ਫੇਰ ਉਹ ਸ਼ਾਹਾਨਚੀ ਨੂੰ ਮਿਲਿਆ। ਡਿਪਟੀ ਸਾਡੇ ਨਾਲ ਹੀ ਬੈਠ ਗਿਆ। ਖੈਰ-ਖਬਰ ਪੁਛਣ ਪਿਛੋਂ ਉਸ ਨੇ ਘਰ ਦੀਆਂ ਅਤੇ ਮੈਂ ਜੇਲ੍ਹ ਦੀਆਂ ਪੁਛਣੀਆਂ ਸ਼ੁਰੂ ਕਰ ਦਿੱਤੀਆਂ। ਸ਼ਾਹਾਨਚੀ ਨੇ ਮਾਂ ਤੇ ਚਾਚਿਆਂ, ਫੁੱਫੀਆਂ ਦੀਆਂ ਖੈਰਾਂ ਦਿੱਤੀਆਂ। ਅਖੀਰ ਅਸੀਂ ਆਪਣੇ ਮਤਲਬ ਵੱਲ ਆਏ। ਮੈਂ ਮੀਰ ਦਾਦ ਵੱਲ ਤਾਸ਼ ਦੇ ਹਾਣੀਆਂ ਵਾਂਗ ਅੱਖਾਂ ਪੁੱਟ ਕੇ ਵੇਖਿਆ। ਉਸ ਦੀਆਂ ਅੱਖਾਂ ਵਿਚੋਂ ਆਪਣਾ ਜਵਾਬ ਲੱਭ ਕੇ ਮੈਂ ਗੱਲ ਚਲਾਈ।

"ਮੀਰਿਆ ਦਸ ਸਾਲ ਹੋ ਗਏ ਤੈਨੂੰ ਬਾਹਰ ਗਏ ਨੂੰ, ਯਾਰ ਦੋਸਤ ਤਾਂ ਸਾਰੇ ਭੁੱਲ ਗਏ ਹੋਣਗੇ। ਕਿਸੇ ਤੈਨੂੰ ਸਿਆਣਾ ਵੀ ਸੀ ਕਿ ਨਹੀਂ?"

"ਕਾਕਾ ਬਹੁਤਿਆਂ ਤਾਂ ਮੈਨੂੰ ਸਿਆਤਾ ਹੀ ਨਹੀਂ।" ਉਹ ਮੇਰਾ ਭਾਵ ਤਾੜ ਗਿਆ।

"ਉਏ ਤੂੰ ਹੈ ਵੀ ਤੇ ਅਜੇ ਬਾਲੜਾ ਸੈਂ।" ਮੈਂ ਗੱਲ ਨੂੰ ਅਗਾਂਹ ਤੋਰਨ ਲਈ ਆਖਿਆ।

"ਪਰ ਕਾਕਾ (ਪਠਾਣਾਂ ਵਿਚ ਚਾਚੇ ਨੂੰ ਕਾਕਾ ਆਖਦੇ ਹਨ) ਸ਼ਮਸਾਬਾਦ ਵਾਲੇ ਮੁਹੰਮਦ ਖਾਂ ਨੇ ਮੈਨੂੰ ਵੇਖਦਿਆਂ ਹੀ ਸਿਆਣ ਲਿਆ।"

"ਕਿਹੜਾ ਮੁਹੰਮਦ ਖਾਂ?" ਮੈਂ ਹੋਰ ਵੀ ਭੋਲਾ ਹੋ ਗਿਆ।

"ਜਿਸ ਦਾ ਆਪਣੇ ਪਿੰਡ ਵਾਲੇ ਰਾਹ ਉਤੇ ਖੂਹ ਹੈ ਤੇ ਸ਼ਮਸਾਬਾਦ ਦੇ ਮਲਕ ਦੀ ਭੋਇੰ ਵਾਹੁੰਦਾ ਹੈ। ਹੁਣ ਦਾੜ੍ਹੀ ਨੂੰ ਵਸਮਾ ਲਾ ਕੇ ਰੰਗਦਾ ਹੈ।"

"ਹੱਛਾ! ਉਹ!" ਮੈਂ ਸਵੀਕਾਰ ਕਰ ਲਿਆ।

"ਫੇਰ ਵੈਸੇ ਵਾਲੇ ਮੌਲਵੀ ਕੁਤਬਦੀਨ ਦਾ ਪੁੱਤਰ ਯੂਬ ਖਾਂ ਵੀ ਮੈਨੂੰ ਬੜਾ ਨਿੱਘਾ ਹੋ ਕੇ ਮਿਲਿਆ।"

"ਹੱਛਾ।" ਮੈਂ ਹੁੰਗਾਰਾ ਦਿੱਤਾ।

"ਆਪਣੇ ਪਿੰਡ ਵਾਲੇ ਸਿਕੰਦਰ ਨੇ ਤਾਂ ਮੈਨੂੰ ਵੇਖਦਿਆਂ ਹੀ ਜੱਫੀ ਪਾ ਲਈ। ਮੇਰੇ ਮੁਕਦਮੇ ਵਿਚ ਉਸ ਬੜੀ ਦੌੜ ਭੱਜ ਕੀਤੀ।"

ਮੈਂ ਉਹ ਵੀ ਗਿਣ ਲਿਆ।

"ਕੁਤਬੇ ਦਾ ਆਜ਼ਮ ਖਾਂ, ਜੋ ਮੇਰੇ ਨਾਲ ਹਜ਼ਰੋਂ ਪੜ੍ਹਦਾ ਹੁੰਦਾ ਸੀ, ਮੈਨੂੰ ਉਚੇਚਾ ਮਿਲਣ ਆਉਂਦਾ ਰਿਹਾ।" ਇਸ ਤਰ੍ਹਾਂ ਉਹ ਸਾਰੇ ਉਥੇ ਬੰਦੇ ਦੱਸੀ ਗਿਆ ਤੇ ਮੈਂ ਦਿਲ ਉਤੇ ਲਿਖੀ ਗਿਆ। ਏਨੇ ਨੂੰ ਮੁਲਾਕਾਤ ਦਾ ਸਮਾਂ ਹੋ ਗਿਆ। ਅਸਾਂ ਵਿਛੜਨ ਲੱਗੇ ਜੱਫੀਆਂ ਪਾਈਆਂ।

ਤੁਰਨ ਲੱਗੇ ਤਾਂ ਡਿਪਟੀ ਕਹਿਣ ਲੱਗਾ, "ਤੁਸਾਂ ਪਸ਼ਤੋ ਨਹੀਂ ਬੋਲੀ?"

"ਇਸ ਲਈ ਕਿ ਤੁਹਾਨੂੰ ਦੁਭਾਸ਼ੀਆ ਨਾ ਲੱਭਣਾ ਪਏ।" ਮੈਂ ਤੁਰੰਤ ਜਵਾਬ ਦਿਤਾ (ਮੈਂ ਉਦੋਂ ਪਸ਼ਤੋ ਜਾਣਦਾ ਵੀ ਨਹੀਂ ਸਾਂ)।

ਡਿਪਟੀ ਹੱਸ ਪਿਆ। ਆਖਰੀ ਸਲਾਮ-ਦੁਆ ਬੁਲਾ ਕੇ ਅਸੀਂ ਬਾਹਰ ਆ ਗਏ। ਮੇਰੇ ਦੋਹਤੇ ਦਰਬਾਨ ਨੇ ਸਾਨੂੰ ਫੇਰ ਆ ਘੇਰਿਆ। ਚਾਹ ਪਿਆਈ ਤੇ ਰਾਹ ਵਾਸਤੇ ਅੱਠ-ਨੌਂ ਪਰੌਂਠੇ ਬੰਨ੍ਹ ਦਿੱਤੇ। ਅਸਾਂ ਵੀ ਉਸ ਦੇ ਬੱਚਿਆਂ ਨੂੰ ਦੋ ਰੁਪਏ ਦਿੱਤੇ ਅਤੇ ਸੁਖੀ-ਸਾਂਦੀ ਵਿਦਾ ਹੋ ਕੇ ਆ ਗਏ।

## ਸੰਪਾਦਕ ਦੀ ਡਾਕ

# ਧਰਮਾਂ ਦੇ ਸੰਬੋਧਨੀ ਸ਼ਬਦ

ਸੰਪਾਦਕ ਜੀਓ,

26 ਜਨਵਰੀ 2019 ਦੇ 'ਪੰਜਾਬ ਟਾਈਮਜ਼' ਵਿਚ ਸ. ਭਜਨ ਸਿੰਘ ਨੇ ਧਰਮਾਂ ਦੇ ਸੰਬੋਧਨੀ ਸ਼ਬਦਾਂ ਦੀ ਵਿਆਖਿਆ ਕੀਤੀ ਹੈ, ਜਿਨ੍ਹਾਂ ਵਿਚ "ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ" ਨੂੰ ਵੀ ਸ਼ਾਮਿਲ ਕੀਤਾ ਹੈ। ਵਾਹਿਗੁਰੂ ਜੀ ਕੀ ਫਤਿਹ ਬਹੁਤ ਹੀ ਅਨੋਖਾ ਸੰਕਲਪ ਹੈ, ਕਿਉਂਕਿ ਫਤਿਹ ਵੈਰੀ, ਵਿਰੋਧੀ, ਦੂਜੇ, ਔਕੜ ਜਾਂ ਰੋਗ 'ਤੇ ਪਾਈ ਜਾਂਦੀ ਹੈ, ਜਦਕਿ ਗੁਰਬਾਣੀ ਅਨੁਸਾਰ ਪ੍ਰਭੂ ਦਾ ਕੋਈ ਵੈਰੀ, ਸਾਨੀ ਜਾਂ ਸ਼ਰੀਕ ਨਹੀਂ ਹੈ ਅਤੇ ਨਾ ਹੀ ਉਸ ਵਿਚ ਕੋਈ ਘਾਟ ਹੈ। ਪ੍ਰਭੂ ਆਪ ਸ੍ਰਿਸ਼ਟੀ ਦਾ ਸਿਰਜਣਹਾਰ ਹੈ ਅਤੇ ਸਾਰੀ ਸ੍ਰਿਸ਼ਟੀ ਉਸੇ ਦੇ ਹੁਕਮ ਅਧੀਨ ਵਿਚਰਦੀ ਹੈ। ਗੁਰਬਾਣੀ ਹੋਰ ਕਿਸੇ ਦੂਜੇ ਦੀ ਹੋਂਦ ਅਤੇ ਸ਼ਕਤੀ ਨੂੰ ਪ੍ਰਵਾਨ ਨਹੀਂ ਕਰਦੀ ਜਿਸ 'ਤੇ ਪ੍ਰਭੂ ਨੂੰ ਫਤਿਹ ਪਾਉਣ ਦੀ ਲੋੜ ਹੋਵੇ। ਗੁਰਬਾਣੀ ਦੇ ਦ੍ਰਿਸ਼ਟੀਕੋਣ ਤੋਂ ਤਾਂ 'ਵਾਹਿਗੁਰੂ ਜੀ ਕੀ ਫਤਿਹ' ਦਾ ਸੰਕਲਪ ਪ੍ਰਭੂ ਨੂੰ ਛੁਟਿਆਉਂਦਾ ਹੈ।

ਅਸਲ ਵਿਚ 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ' ਬੋਲੇ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ 20ਵੀਂ ਸਦੀ ਦੇ ਤੀਜੇ ਦਹਾਕੇ ਵਿਚ 'ਸਿੱਖ ਰਹਿਤ ਮਰਯਾਦਾ' ਪ੍ਰਕਾਸ਼ਤ ਕਰਕੇ ਪ੍ਰਚਲਿਤ ਕੀਤਾ। ਸ. ਭਜਨ ਸਿੰਘ ਨੇ 'ਵਾਹਿਗੁਰੂ ਜੀ ਕੀ ਫਤਿਹ' ਦੀ ਤਰਕਸ਼ੀਲ ਵਿਆਖਿਆ ਕਰਨ ਲਈ ਇਸ ਨੂੰ 'ਖਾਲਸੇ ਦੀਆਂ ਉਪਲਬਧੀਆਂ, ਪ੍ਰਾਪਤੀਆਂ, ਜਿੱਤਾਂ ਵੀ ਪਰਮਾਤਮਾ ਦੀਆਂ ਹੀ ਹਨ' ਆਖ ਕੇ ਵਾਹਿਗੁਰੂ ਅਤੇ ਖਾਲਸਾ ਦੇ ਭੇਦ ਨੂੰ ਹੀ ਮਿਟਾ ਦਿੱਤਾ ਹੈ।

ਵੈਸੇ ਤਾਂ ਪਰਮਾਤਮਾ ਲਈ ਵਾਹਗੁਰੂ ਸ਼ਬਦ-ਜੋੜ ਵੀ ਸਿੱਖ ਜਗਤ ਨੂੰ ਇਤਿਹਾਸਕਾਰਾਂ ਦੀ ਹੀ ਦੇਣ ਹੈ, ਕਿਉਂਕਿ ਗੁਰਬਾਣੀ 'ਚ ਕਿਸੇ ਵੀ ਗੁਰੂ ਸਾਹਿਬ ਜਾਂ ਭਗਤ ਨੇ ਪਰਮਾਤਮਾ ਲਈ ਵਾਹਿਗੁਰੂ ਸ਼ਬਦ-ਜੋੜ ਨਹੀਂ ਵਰਤਿਆ। ਪਰਮਾਤਮਾ ਲਈ ਵਾਹੁ ਸ਼ਬਦ ਤਾਂ ਗੁਰੂ ਸਾਹਿਬ ਨੇ ਵਰਤਿਆ ਹੈ ਪਰ ਵਾਹਿਗੁਰੂ ਸ਼ਬਦ-ਜੋੜ ਨਹੀਂ। ਵਾਹਿਗੁਰੂ ਸ਼ਬਦ-ਜੋੜ ਕੇਵਲ ਭੱਟਾਂ ਨੇ ਗੁਰੂ ਸਾਹਿਬਾਨ ਦੀ ਮਹਿਮਾ ਵਿਚ ਰਚੇ ਸਵੱਈਆਂ ਵਿਚ ਹੀ ਵਰਤਿਆ ਹੈ।

-ਹਾਕਮ ਸਿੰਘ

## ਅੱਜ ਦੀ ਗੱਲ

ਫੋਨ ਸਮਾਰਟ ਵੰਡ ਦੇਣੇ ਹੁਣ
ਪੰਜਾਬੀ ਦੇਣੇ ਸਮਾਰਟ ਬਣਾ।
ਲੋਕਾਂ ਦਾ ਮੂੰਹ ਬੰਦ ਕਰਨ ਲਈ
ਉਲਾਂਭਾ ਇਹ ਵੀ ਦੇਣਾ ਲਾਹ।
ਵੋਟਾਂ ਖਾਤਰ ਐਲਾਨ ਸੀ ਕੀਤਾ
ਦੇਣੇ ਉਸ 'ਤੇ ਵੀ ਫੁੱਲ ਚੜ੍ਹਾ।
ਝਣਾ-ਖਣਾ ਨਾ ਫਾਇਦਾ ਚੁਕੇ
ਦੇਣੀਆਂ ਸ਼ਰਤਾਂ ਕਈ ਲਗਾ।
ਵੱਡੇ ਵੱਡੇ ਕਰਾਂਗੇ ਫੰਕਸ਼ਨ
ਲੈਣੀ ਗੁੱਡੀ ਫੇਰ ਚੜ੍ਹਾ।
ਰੁਜ਼ਗਾਰ ਦੇਣ ਦੀ ਲੋੜ ਨਹੀਂ
ਕੰਮ ਐਸੇ 'ਤੇ ਦੇਣੇ ਲਾ।
ਉਪਰ ਨੂੰ ਨਾ ਚੁੱਕਣ ਮੁੱਠੀਆਂ
ਨਾਹਰੇ ਦੇਣੇ ਸਭ ਭੁਲਾ।
ਉਡਦਿਆਂ ਤਾਈਂ ਚੋਗਾ ਪਾ ਕੇ
ਲੈਣੇ ਜਾਲ ਦੇ ਵਿਚ ਫਸਾ।
ਮਾੜਾ ਮੋਟਾ ਸਿਰ ਕੋਈ ਚੁੱਕੂ
ਦੇਵਾਂਗੇ ਡੰਡੇ ਨਾਲ ਝੁਕਾ।
ਲੋਕ ਸਭਾ ਚੋਣਾਂ ਆਈਆਂ ਨੇੜੇ
ਭਤਭੂ ਆਪਾਂ ਦਿਆਂਗੇ ਪਾ।

-ਜਗਮੀਤ ਸਿੰਘ ਪੰਧੇਰ
ਫੋਨ: 91-98783-37222

---

## ਮੈਂ ਬਉਰਾਨੀ ਹੋਈ

ਮੈਂ ਬਉਰਾਨੀ ਹੋਈ, ਨੀ ਮਾਏ
ਮੈਂ ਦੀਵਾਨੀ ਹੋਈ।
ਪੀੜਾਂ ਦਾ ਵਿਚ ਗਾਲਾ ਪਾ ਕੇ
ਗਮ ਦੀ ਚੱਕੀ ਝੋਈ।

ਸੱਚ ਨੂੰ ਸੂਲੀ ਚੜ੍ਹਿਆ ਤੱਕ ਕੇ
ਰੱਤ ਅੱਖੀਆਂ 'ਚੋਂ ਚੋਈ।
ਅੰਬਰੋਂ ਉਚੀਆਂ ਕੂਕਾਂ ਗਈਆਂ
ਰੂਹ ਮੇਰੀ ਜਦ ਰੋਈ।

ਪੀੜ ਤੇ ਮੇਰਾ ਸਾਥ ਪੁਰਾਣਾ
ਹੱਸਦੀ ਕੋਲ ਖਲੋਈ।
ਪੀੜ ਨਾਲ ਜਦ ਨਜ਼ਰ ਮਿਲਾਵਾਂ
ਹੋ ਜਾਵੇ ਅਧਮੋਈ।

ਪੀੜ ਤਾਂ ਸਾਡੇ ਨਾਲ ਹੀ ਜੰਮੀ
ਦੂਰ ਕਦੀ ਨਾ ਹੋਈ।
ਜਿਸ ਤਨ ਲਗਦੀ ਸੋਈ ਜਾਣੇ
ਹੋਰ ਨਾ ਜਾਣੇ ਕੋਈ।

ਤਨ ਦੀ ਚਾਦਰ ਹੋ ਗਈ ਮੈਲੀ
ਨਿਤ ਹੀ ਜਾਵਾਂ ਧੋਈ।
ਖਾਵਾਂ ਨਾ ਰੋਟੀ, ਪੀਵਾਂ ਨਾ ਪਾਣੀ
ਫਿਰਦੀ ਬਾਵਰੀ ਹੋਈ।

ਲਾਹ ਕੇ ਸਾਰੇ ਭਰਮ ਭੁਲੇਖੇ
ਲੈ ਲਈ ਕਾਲੀ ਲੋਈ।
ਹੋ ਜਾਵਾਂ 'ਸੁਰਜੀਤ'
ਜੇ ਸਾਂਵਲ ਸੁਣੇ ਮੇਰੀ ਅਰਜੋਈ।

-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ

ਕਹਾਣੀ

# ਰਹਿਮਤ

***ਗੁਰਨਾਮ ਸਿੰਘ ਚੌਹਾਨ ਪੱਤਰਕਾਰ ਵੀ ਹੈ ਤੇ ਕਹਾਣੀਕਾਰ ਵੀ। ਪੰਜਾਬ ਵਿਚ ਅਤਿਵਾਦ ਦੇ ਦੌਰ ਵਿਚ ਉਪਜੇ ਤਸ਼ੱਦਦ ਦੀ ਪੀੜਾ ਨੂੰ ਉਸ ਨੇ ਆਪਣੇ ਨਾਵਲ 'ਤਬੈ ਰੋਸ ਜਾਗਿਓ' ਵਿਚ ਹਕੀਕੀ ਰੂਪ ਦਿੱਤਾ ਹੈ। ਉਸ ਦਾ ਇਹ ਨਾਵਲ ਕੇਂਦਰੀ ਭਾਸ਼ਾ ਸੰਸਥਾਨ, ਮੈਸੂਰ (ਕਰਨਾਟਕ) ਵੱਲੋਂ ਖੋਜ ਵਿਦਿਆਰਥੀਆਂ ਲਈ ਵੀ ਚੁਣਿਆ ਗਿਆ ਹੈ। ਪੇਸ਼ ਹੈ ਪਾਠਕਾਂ ਲਈ ਉਸ ਦੀ ਇਕ ਨਵੀਂ ਕਹਾਣੀ, 'ਰਹਿਮਤ', ਜਿਸ ਵਿਚ ਉਸ ਨੇ ਸਾਡੇ ਸਮਾਜ ਵਿਚ ਧੀਆਂ ਨਾਲ ਹੁੰਦੀ ਬੇਇਨਸਾਫੀ ਨੂੰ ਬਿਆਨਦਿਆਂ ਅਜਿਹਾ ਮੋੜ ਦਿੱਤਾ ਹੈ ਕਿ ਪਾਠਕ ਦੀਆਂ ਅੱਖਾਂ ਨਮ ਹੋ ਜਾਂਦੀਆਂ ਹਨ। -ਸੰਪਾਦਕ***

ਡਿਪਟੀ ਕਮਿਸ਼ਨਰ ਦੇ ਦਫਤਰ ਮੂਹਰੇ ਉਡੀਕਵਾਨਾਂ ਦੀ ਭੀੜ ਲੱਗੀ ਹੋਈ ਸੀ। ਲੋਕ ਬਾਬੂਆਂ ਤੋਂ ਸਾਹਿਬ ਬਾਰੇ ਪੁੱਛਦੇ ਤਾਂ ਉਹ ਉਖੜੀ ਕੁਹਾੜੀ ਵਾਂਗ ਪੈਂਦੇ। ਹਾਲ ਵਿਚ ਇਕ ਬਜੁਰਗ ਹੱਥ ਵਿਚ ਸੋਟਾ ਤੇ ਮੈਲਾ ਜਿਹਾ ਝੋਲਾ ਲਈ ਕੁਰਸੀ 'ਤੇ ਬੈਠਾ ਸੀ। ਉਸ ਦਾ ਕੁੜਤਾ-ਪਜਾਮਾ ਥਾਂ ਥਾਂ ਤੋਂ ਪਾਟਿਆ ਹੋਇਆ ਤੇ ਜੇਬ ਵੱਖਰੇ ਰੰਗ ਦੇ ਧਾਗੇ ਨਾਲ ਸੀਤੀ ਹੋਈ ਸੀ।

ਇਕ ਸਫੈਦਪੋਸ਼ ਆਇਆ ਤੇ ਬਜੁਰਗ ਨੂੰ ਜਬਰੀ ਉਠਾ ਕੇ ਕੁਰਸੀ 'ਤੇ ਬੈਠ ਗਿਆ। ਬੇਵੱਸ ਤੇ ਭਰੇ ਪੀਤੇ ਬਜੁਰਗ ਨੇ ਔਲਾਦ ਨੂੰ ਕੋਸਦਿਆਂ ਬਾਬੂ ਤੋਂ ਪੁੱਛਿਆ, "ਕਾਕਾ ਜੀ! ਸਾਹਿਬ ਨੇ ਕਦੋਂ ਆਉਣਾ?"

"ਮੈਨੂੰ ਕੋਈ ਪਤਾ ਨਹੀਂ, ਐਵੇ ਨਾ ਦਿਮਾਗ ਖਾਈ ਜਾ?"

ਕੋਲ ਬੈਠੀ ਪ੍ਰੀਤੀ ਨੇ ਕਿਹਾ,"ਬਜੁਰਗਾਂ ਦਾ ਸਨਮਾਨ ਕਰਨਾ ਸਿੱਖੋ।"



**ਗੁਰਨਾਮ ਸਿੰਘ ਚੌਹਾਨ**
**ਪਾਤੜਾਂ, ਪਟਿਆਲਾ।**
**ਫੋਨ: 91-97815-74100**

"ਕੁੜੀਆਂ ਕਿੰਨੀਆਂ ਦਇਆਵਾਨ, ਮਿੱਠ ਬੋਲੜੀਆਂ, ਨਿਆਂ-ਪਸੰਦ ਹੁੰਦੀਆਂ ਨੇ, ਪਰ ਸਮਾਜ ਧੀਆਂ-ਧਿਆਣੀਆਂ ਉਤੇ ਅੱਤਿਆਚਾਰ ਤੇ ਬੇਇਨਸਾਫੀ ਦੀਆਂ ਹੱਦਾਂ ਪਾਰ ਕਰਕੇ ਪੁੱਤਰਾਂ ਨੂੰ ਘਰ ਅਤੇ ਜਮੀਨ-ਜਾਇਦਾਦ ਦਾ ਮਾਲਕ ਬਣਾ ਦਿੰਦਾ ਹੈ। ਧੀਆਂ ਫੇਰ ਵੀ ਮਾਪਿਆਂ ਦੀ ਸੁੱਖ ਮਨਾਉਂਦੀਆਂ ਨੇ। ਕਾਸ਼! ਮੇਰੀ ਧੀ ਜਿਉਂਦੀ ਹੁੰਦੀ ਤਾਂ ਮੇਰੀ ਹਾਲਤ ਦੇਖ ਕੇ ਉਸ ਨੇ ਮਰ-ਮਰ ਜਾਣਾ ਸੀ, ਜਿਸ ਨਾਲਾਇਕ ਨੂੰ ਪੜ੍ਹਾਇਆ ਲਿਖਾਇਆ, ਹਰ ਲੋੜ ਪੂਰੀ ਕੀਤੀ। ਉਸ ਨੇ ਘਰੋਂ ਕੱਢ ਕੇ ਭੀਖ ਮੰਗਣ ਲਈ ਮਜ਼ਬੂਰ ਕਰ ਦਿਤੈ, ਕਿਥੇ ਭਲਾ ਹੋਊ ਇਸ ਦਾ?" ਸੋਚਾਂ ਵਿਚ ਗਵਾਚੇ ਬਜੁਰਗ ਦਾ ਧਿਆਨ ਡਿਪਟੀ ਕਮਿਸ਼ਨਰ ਦੇ ਦਫਤਰ ਅੱਗੇ ਲੱਗੀ ਨੇਮ ਪਲੇਟ ਉਤੇ ਗਿਆ, "ਰੱਖਸ਼ਾ ਅਨਾਥ। ਇਹ ਤਖੱਲਸ ਜ਼ਿੰਦਗੀ ਵਿਚ ਪਹਿਲੀ ਵਾਰ ਦੇਖਿਆ ਹੈ, 'ਅਨਾਥ' ਕੋਈ ਜਾਤ-ਗੋਤ ਨਹੀਂ, ਫਿਰ ਇੰਨੇ ਵੱਡੇ ਅਫਸਰ ਦੇ ਨਾਂ ਨਾਲ ਕਿਵੇਂ ਜੁੜਿਆ? ਇਹ ਸ਼ਬਦ ਸਨਮਾਨ ਯੋਗ ਵੀ ਨਹੀਂ। 'ਅਨਾਥ' ਤਾਂ ਉਹ ਹੁੰਦੈ, ਜਿਸ ਦਾ ਮਾਂ-ਬਾਪ ਨਾ ਹੋਵੇ। ਨਹੀਂ! ਇਥੇ 'ਅਨਾਥ' ਦੀ ਥਾਂ 'ਨਾਥ' ਹੋਣਾ ਏ, ਗਲਤੀ ਨਾਲ 'ਐੜਾ' ਲਿਖਿਆ ਗਿਆ ਹੋਵੇਗਾ। ਇੰਨੀ ਵੱਡੀ ਗਲਤੀ ਨਹੀਂ ਹੋ ਸਕਦੀ, ਨੇਮ ਪਲੇਟ ਲਿਖੇ ਜਾਣ ਮਗਰੋਂ ਪੜ੍ਹੀ ਜ਼ਰੂਰ ਹੋਵੇਗੀ? ਚਲੋ ਆਪਾਂ ਕੀ ਲੈਣਾ ਇਸ ਤੋਂ?...ਨਹੀਂ ਯਾਰ! ਇਸ ਦਾ ਕੋਈ ਅਰਥ ਜਰੂਰ ਐ।"

ਉਹ 'ਅਨਾਥ' ਸ਼ਬਦ ਦੀ ਘੁੰਮਣ ਘੇਰੀ ਵਿਚੋਂ ਨਿਕਲਣਾ ਚਾਹੁੰਦਾ ਸੀ ਪਰ ਉਸ ਦੀ ਹਾਲਤ ਮੱਕੜੀ ਜਾਲ ਵਿਚ ਫਸੇ ਕੀੜੇ ਵਰਗੀ ਸੀ।

ਬੱਤੀ ਵਾਲੀ ਗੱਡੀ ਦੀ ਤਾਕੀ ਕਰਮਚਾਰੀ ਨੇ ਬੜੀ ਫੁਰਤੀ ਨਾਲ ਖੋਲ੍ਹੀ। ਉਸ ਵਿਚੋਂ ਨਿਕਲੀ ਔਰਤ ਨੇ ਉਡੀਕਵਾਨਾਂ ਨੂੰ ਮੁਖਾਤਬ ਹੁੰਦਿਆਂ ਕਿਹਾ, "ਮੁਆਫ ਕਰਨਾ ਤੁਹਾਨੂੰ ਉਡੀਕਣਾ ਪਿਆ। ਮੈਨੂੰ ਸੈਂਟਰਲ ਲਾਇਬਰੇਰੀ ਵਿਚ ਇਕ ਸੈਮੀਨਾਰ ਦੀ ਤਿਆਰੀ ਦਾ ਜਾਇਜ਼ਾ ਲੈਣ ਜਾਣਾ ਪੈ ਗਿਆ ਸੀ।"

ਇਕ ਪਾਸੇ ਖੜ੍ਹਾ ਬਜੁਰਗ 'ਅਨਾਥ' ਸ਼ਬਦ ਦੇ ਚੱਕਰਵਿਊ ਵਿਚ ਫਸਿਆ ਹੋਇਆ ਸੀ। ਡਿਪਟੀ ਕਮਿਸ਼ਨਰ ਦੇ ਮਿਠਾਸ ਭਰੇ ਬੋਲਾਂ ਨੇ ਉਸ ਨੂੰ ਝੰਜੋੜ ਕੇ ਰੱਖ ਦਿੱਤਾ। ਨਿਮਰਤਾ ਤੇ ਇਨਸਾਨੀਅਤ ਨੂੰ ਇੰਨੀ ਮਹੱਤਤਾ ਦੇਣ ਵਾਲੀ ਇਹ ਔਰਤ ਆਮ ਨਹੀਂ, ਦੇਵੀ ਹੈ। ਇਸ ਨੂੰ ਮੁਆਫੀ ਮੰਗਣ ਦੀ ਕੀ ਲੋੜ ਸੀ?" ਸੋਚਾਂ ਦੇ ਵਹਿਣ ਵਿਚ ਪਏ ਬਜੁਰਗ ਨੂੰ ਕਰਮਚਾਰੀ ਨੇ ਅੰਦਰ ਜਾਣ ਲਈ ਕਿਹਾ।

ਬਜੁਰਗ ਸਤਿ ਸ੍ਰੀ ਆਕਾਲ ਆਖ ਰਿਹਾ ਸੀ। ਡਿਪਟੀ ਕਮਿਸ਼ਨਰ ਨੇ ਬੈਠਣ ਲਈ ਆਖਦਿਆਂ ਕੰਮ ਬਾਰੇ ਪੁਛਿਆ।

ਪਲ ਦੀ ਖਾਮੋਸ਼ੀ ਮਗਰੋਂ ਬਜੁਰਗ ਨੇ ਤਰਲਾ ਜਿਹਾ ਪਾਇਆ, "ਬੀਬਾ ਜੀ, ਨੇਮ ਪਲੇਟ ਉਤੇ ਲਿਖੇ ਅਨਾਥ ਸ਼ਬਦ ਦਾ ਕੀ ਮਤਲਬ ਹੈ?"

"ਬਾਪੂ ਜੀ! ਤੁਸੀਂ ਕੀ ਲੈਣਾ, ਕੰਮ ਦੱਸੋ?"

ਬਜੁਰਗ ਨੇ ਹੱਥ ਜੋੜਦਿਆਂ ਕਿਹਾ, "ਬੀਬਾ, ਕੰਮ ਤਾਂ ਆਪੇ ਹੋ ਜਾਊ, ਕ੍ਰਿਪਾ ਕਰਕੇ ਮੈਨੂੰ ਇਸ ਬਾਰੇ ਦੱਸ ਦਿਓ।"

"ਕੋਈ ਨਹੀਂ!"

ਘੰਟੀ ਦੀ ਆਵਾਜ਼ ਸੁਣ ਕੇ ਆਏ ਸੇਵਾਦਾਰ ਨੇ ਆਖਿਆ, "ਹਾਂ ਜੀ।"

"ਦੋ ਕੱਪ ਚਾਹ ਲਿਆ।" ਉਹ ਕਾਗਜ਼ਾਂ ਦੀ ਫੋਲਾ ਫਾਲੀ ਕਰਦੀ ਸੋਚ ਰਹੀ ਸੀ, ਇਹ ਪਹਿਲਾ ਬੰਦਾ ਹੈ, ਜਿਸ ਨੇ 'ਅਨਾਥ' ਸ਼ਬਦ ਬਾਰੇ ਜਾਣਨਾ ਚਾਹਿਆ ਹੈ। ਇਸ ਨੂੰ ਇਹ ਪੁੱਛਣ ਦੀ ਕੀ ਲੋੜ ਪਈ? ਉਸ ਨੂੰ ਲੱਗਾ ਬਜੁਰਗ ਇਸ ਸ਼ਬਦ ਦੀ ਘੁੰਮਣ ਘੇਰੀ ਵਿਚ ਫਸਿਆ ਹੋਇਆ ਹੈ।

ਚਾਹ ਰੱਖਦੇ ਸੇਵਾਦਾਰ ਨੂੰ ਰੱਖਸ਼ਾ ਅਨਾਥ ਨੇ ਪੁੱਛਿਆ, "ਹੋਰ ਕੋਈ ਮਿਲਣ ਵਾਲਾ ਹੈ?"

"ਨਹੀਂ ਜੀ।"

ਰੱਖਸ਼ਾ ਅਨਾਥ ਨੇ ਬਜੁਰਗ ਨੂੰ ਚਾਹ ਲੈਣ ਲਈ ਆਖਦਿਆਂ ਨਾਂ-ਪਤਾ ਪੁੱਛਿਆ। ਚਾਹ ਦੀ ਚੁਸਕੀ ਲੈਂਦਿਆਂ ਉਹ ਬੋਲਣ ਹੀ ਲੱਗਾ ਸੀ ਕਿ ਫੋਨ ਦੀ ਘੰਟੀ ਵੱਜ ਗਈ, "ਹਾਂ ਜੀ ਸਰ। ਆ ਰਹੀ ਹਾਂ।"

ਬਜੁਰਗ ਨੇ ਕੱਪ ਰੱਖਦਿਆਂ ਕਿਹਾ, "ਬੀਬਾ ਜੀ! ਹੁਣ ਤੁਸੀਂ ਸੈਂਟਰਲ ਲਾਇਬਰੇਰੀ ਵਿਚ ਜਾਣਾ ਹੋਊ?"

"ਤੁਸੀਂ ਨਹੀਂ ਜਾਣਾ?" ਰੱਖਸ਼ਾ ਨੇ ਕਿਹਾ।

"ਇਹ ਕਿਵੇਂ ਹੋ ਸਕਦਾ ਹੈ ਜੀ।" ਬਜੁਰਗ ਨੇ ਝੋਲਾ ਸੰਭਾਲਦਿਆਂ ਕਿਹਾ।

ਰੱਖਸ਼ਾ 'ਅਨਾਥ' ਦੇ ਮਿਲਣਸਾਰ ਰਵੱਈਏ ਤੋਂ ਪ੍ਰਭਾਵਿਤ ਹੋਇਆ ਬਜੁਰਗ ਸੋਚ ਰਿਹਾ ਸੀ, ਕਿੰਨੀ ਚੰਗੀ ਅਫਸਰ ਹੈ।

ਲਾਇਬਰੇਰੀ ਵਿਚ ਪ੍ਰਵੇਸ਼ ਕਰਦੇ ਸਮੇਂ



ਬਜੁਰਗ ਡਿੱਗ ਪਿਆ। ਮਾਮੂਲੀ ਜਿਹੀ ਹਫੜਾ-ਤਫੜੀ ਹੋਈ ਤੇ ਰੱਖਸ਼ਾ 'ਅਨਾਥ' ਤੇਜ਼ੀ ਨਾਲ ਬਜੁਰਗ ਵੱਲ ਵਧੀ, ਉਦੋਂ ਤੱਕ ਕਰਮਚਾਰੀ ਉਸ ਨੂੰ ਉਠਾ ਕੇ ਪੁੱਛਣ ਲੱਗਾ, "ਬਾਬਾ, ਸੱਟ ਤਾਂ ਨ੍ਹੀਂ ਲੱਗੀ।"

"ਤੁਸੀਂ ਬਜੁਰਗ ਨੂੰ ਫੜ ਕੇ ਨਹੀਂ ਲਿਆ ਸਕਦੇ, ਜੇ ਇਨ੍ਹਾਂ ਦੇ ਸੱਟ ਲੱਗ ਜਾਂਦੀ ਤਾਂ...?" ਰੱਖਸ਼ਾ ਅਨਾਥ ਨੇ ਕਰਮਚਾਰੀਆਂ ਨੂੰ ਘੂਰਿਆ।

ਬਜੁਰਗ ਨੇ ਮੁਲਾਜ਼ਮ ਨੂੰ ਕਿਹਾ, "ਮੁਆਫ ਕਰਨਾ, ਮੇਰੇ ਕਰਕੇ ਤੁਹਾਨੂੰ ਝਿੜਕਾਂ ਪਈਆਂ ਨੇ।"

ਕਮਿਸ਼ਨਰ ਸ੍ਰੀਮਤੀ ਜਸਪ੍ਰੀਤ ਕੌਰ ਵੱਲੋਂ ਸੈਮੀਨਾਰ ਦਾ ਉਦਘਾਟਨ ਕੀਤੇ ਜਾਣ ਉਪਰੰਤ ਸਟੇਜ ਸੈਕਟਰੀ ਨੇ ਕਿਹਾ, "ਇਹ ਸੈਮੀਨਾਰ ਡਿਪਟੀ ਕਮਿਸ਼ਨਰ ਰੱਖਸ਼ਾ ਅਨਾਥ ਦੀ ਉਸਾਰੂ ਸੋਚ ਦਾ ਸਿੱਟਾ ਹੈ, ਉਹ ਇਕ ਬੇਦਾਗ, ਇਨਸਾਫ ਪਸੰਦ ਸ਼ਖਸੀਅਤ ਹਨ, ਔਰਤਾਂ ਉਤੇ ਹੁੰਦੇ ਜ਼ਬਰ ਜ਼ੁਲਮ ਵਿਰੁਧ ਨੰਗੇ ਧੜ ਲੜਨਾ ਉਨ੍ਹਾਂ ਦੀ ਫਿਤਰਤ ਹੈ।"

ਸੈਮੀਨਾਰ ਦੇ ਮੁੱਖ ਬੁਲਾਰੇ ਡਿਪਟੀ ਕਮਿਸ਼ਨਰ ਰੱਖਸ਼ਾ 'ਅਨਾਥ' ਨੇ ਆਪਣੇ ਕੁੰਜੀਵਤ ਭਾਸ਼ਣ ਦੌਰਾਨ ਕਿਹਾ, "ਮਰਦ ਪ੍ਰਧਾਨ ਸਮਾਜ ਵਿਚ ਕੁੜੀਆਂ ਨੂੰ ਮਾਰਨ ਦੀ ਸ਼ੁਰੂਆਤ ਕੋਈ ਨਵੀਂ ਨਹੀਂ, ਇਹ ਵਰਤਾਰਾ ਮੁੱਢ ਕਦੀਮ ਤੋਂ ਚੱਲਿਆ ਆਉਂਦਾ ਹੈ। ਪਹਿਲਾਂ ਕੁੜੀਆਂ ਨੂੰ ਜਨਮ ਲੈਣ ਉਪਰੰਤ ਦਾਈ, ਮਾਪੇ ਗਲ ਅੰਗੂਠਾ ਦੇ ਕੇ ਜਾਂ ਨੀਲੇ ਥੋਥੇ ਨਾਲ ਮਾਰ ਕੇ ਰੌਲਾ ਪਾਉਂਦੇ ਸਨ ਕਿ ਜਨਮ ਲੈਣ ਮਗਰੋਂ ਕੁੜੀ ਦੀ ਮੌਤ ਹੋ ਗਈ ਹੈ। ਸਾਇੰਸ ਦੀ ਤਰੱਕੀ ਨਾਲ ਕੁੜੀਆਂ ਨੂੰ ਮਾਰਨ ਦੇ ਤਰੀਕੇ ਅਸਾਨ ਹੋਏ ਹਨ। ਅਲਟਰਾ ਸਾਊਂਡ ਰਾਹੀਂ ਮਾਂ ਦੇ ਪੇਟ ਵਿਚ ਕੁੜੀ ਹੋਣ ਦਾ ਪਤਾ ਲੱਗਣ ਸਾਰ ਮਰਦਾਂ ਦੇ ਹੌਸਲੇ ਢਹਿ ਜਾਂਦੇ ਹਨ। ਉਹ ਆਨੇ ਬਹਾਨੇ ਜਨਮ ਤੋਂ ਪਹਿਲਾਂ ਹੀ ਧੀਆਂ ਦਾ ਖਾਤਮਾ ਕਰ ਦਿੰਦੇ ਨੇ।

ਪੰਦਰਵੀਂ ਸਦੀ ਦੇ ਹਾਕਮਾਂ ਵੱਲੋਂ ਔਰਤ ਜਾਤ ਉਤੇ ਕੀਤੇ ਜਾਂਦੇ ਜ਼ੁਲਮ ਵਿਰੁਧ ਇਨਕਲਾਬੀ ਸੋਚ ਦੇ ਧਾਰਨੀ ਮਹਾਨ ਸ਼ਖਸੀਅਤ ਗੁਰੂ ਨਾਨਕ ਦੇਵ ਜੀ ਨੇ ਆਵਾਜ਼ ਬੁਲੰਦ ਕਰਦਿਆਂ ਸ਼ਬਦ ਉਚਾਰਿਆ ਸੀ, 'ਸੋ ਕਿਉਂ ਮੰਦਾ ਆਖੀਐ ਜਿੱਤ ਜੰਮੇ ਰਾਜਾਨ।' ਗੁਰੂ ਸਾਹਿਬ ਦੇ ਸੰਦੇਸ਼ ਨੇ ਸਮੇਂ ਦੇ ਹਾਕਮਾਂ ਤੇ ਮਰਦ ਪ੍ਰਧਾਨ ਸਮਾਜ ਨੂੰ ਜਦੋਂ ਝੰਜੋੜਿਆ ਤਾਂ ਔਰਤ ਜਾਤ ਨੇ ਕੁਝ ਰਾਹਤ ਤਾਂ ਮਹਿਸੂਸ ਕੀਤੀ ਪਰ ਉਹ ਜੁਲਮ ਦੇ ਜੂਲੇ ਤੋਂ ਮੁਕਤ ਨਾ ਹੋ ਸਕੀ, ਕਿਉਂਕਿ ਉਹ ਪੜ੍ਹੀ-ਲਿਖੀ ਨਾ ਹੋਣ ਕਰਕੇ ਹੱਕ ਵਿਚ ਉਠੀ ਆਵਾਜ਼ ਦਾ ਪ੍ਰਚਾਰ ਨਾ ਕਰ ਸਕੀ।"

ਤਕਰੀਰ ਨੂੰ ਲੰਬੀ ਕਰਦਿਆਂ ਰੱਖਸ਼ਾ 'ਅਨਾਥ' ਨੇ ਕਿਹਾ, "ਗੁਰੂ ਨਾਨਕ ਦੇਵ ਜੀ ਦੇ ਸੰਦੇਸ਼ ਉਤੇ ਪਹਿਰਾ ਦਿੰਦਿਆਂ ਹੋਰ ਗੁਰੂ ਸਾਹਿਬਾਨ ਅਤੇ ਗੁਰਸਿੱਖਾਂ ਨੇ ਔਰਤਾਂ ਨੂੰ ਮਰਦਾਂ ਬਰਾਬਰ ਸਨਮਾਨ ਦਿਵਾਉਣ ਲਈ ਕਈ ਲਹਿਰਾਂ ਪੈਦਾ ਕੀਤੀਆਂ ਪਰ ਬਦਕਿਸਮਤੀ ਔਰਤਾਂ ਦੀ ਕਿ ਉਹ ਇਨ੍ਹਾਂ ਦਾ ਫਾਇਦਾ ਉਠਾਉਣ ਤੋਂ ਅਸਮਰੱਥ ਰਹੀਆਂ ਤੇ ਪੁੱਤਰ ਮੋਹ ਨੂੰ ਅਹਿਮੀਅਤ ਦਿੰਦਿਆਂ ਧੀਆਂ ਦਾ ਕਤਲ ਹੁੰਦਾ ਰਿਹਾ।

ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਨੇ ਕਾਬਲ ਦੀਆਂ ਸੰਗਤਾਂ ਦੇ ਨਾਮ 24 ਮਈ 1699 ਨੂੰ ਜਾਰੀ ਕੀਤੇ ਹੁਕਮਨਾਮੇ ਵਿਚ ਬੜੀ ਪ੍ਰਮੁੱਖਤਾ ਨਾਲ ਲਿਖਿਆ ਹੈ, 'ਭਾਦਣੀ ਤਥਾ ਕੰਨਿਆ ਮਾਰਨ ਵਾਲੇ ਸੇ ਨਾ ਮੇਲ ਰੱਖੇਂ।' ਅੱਜ ਸਿੱਖ ਅਖਵਾਉਣ ਵਾਲੇ ਲੋਕ ਆਪਣੇ ਅੰਦਰ ਝਾਤ ਮਾਰਨ, ਉਹ ਗੁਰੂ ਸਾਹਿਬਾਨ ਦੀ ਸਿੱਖਿਆ ਉਤੇ ਕਿੰਨਾ ਕੁ ਪਹਿਰਾ ਦਿੰਦੇ ਹਨ? ਕੀ ਅਜਿਹੀਆਂ ਘਿਨੌਣੀਆਂ ਕਾਰਵਾਈਆਂ ਕਰਨ ਵਾਲਿਆਂ ਨੂੰ ਬਖਸ਼ਿਆ ਜਾ ਸਕਦਾ ਹੈ?"

ਖਚਾਖਚ ਭਰੇ ਸੈਮੀਨਾਰ ਵਿਚ ਰੱਖਸ਼ਾ ਅਨਾਥ ਦਾ ਇਕ ਇਕ ਬੋਲ ਸਰੋਤਿਆਂ ਦੇ ਅੰਦਰ ਲਹਿ ਰਿਹਾ ਸੀ। ਉਹ ਜੋਸ਼ ਵਿਚ ਸੀ ਤੇ ਕਹਿ ਰਹੀ ਸੀ, "ਗੁਰੂ ਗੋਬਿੰਦ ਸਿੰਘ ਜੀ ਨੇ ਮਾਤਾ ਸਾਹਿਬ ਕੌਰ ਜੀ ਨੂੰ ਖਾਲਸਾ ਪੰਥ ਦੀ ਮਾਂ ਹੋਣ ਦਾ ਖਿਤਾਬ ਦੇ ਕੇ ਔਰਤਾਂ ਨੂੰ ਬਰਾਬਰੀ ਦਿੱਤੀ। ਮਾਈ ਭਾਗ ਕੌਰ ਤੇ ਝਾਂਸੀ ਦੀ ਰਾਣੀ ਨੇ ਮੈਦਾਨੇ ਜੰਗ ਵਿਚ ਜੂਝ ਕੇ ਸਾਬਤ ਕਰ ਦਿੱਤਾ ਕਿ ਔਰਤਾਂ ਕਿਸੇ ਤੋਂ ਘੱਟ ਨਹੀਂ। ਜੋ ਲੋਕ ਮਾਦਾ ਭਰੂਣ ਹੱਤਿਆ ਰਾਹੀਂ ਕੁੜੀਆਂ ਨੂੰ ਖਤਮ ਕਰ ਰਹੇ ਹਨ, ਅੱਜ ਦੀ ਸਭਾ ਉਨ੍ਹਾਂ ਕਾਤਲਾਂ ਨੂੰ ਪੁੱਛਦੀ ਹੈ ਕਿ ਕੁੜੀਆਂ ਦੀ ਹੋਂਦ ਬਿਨਾ ਉਹ ਸਮਾਜ ਦੇ ਰਿਸ਼ਤੇ-ਨਾਤਿਆਂ ਦਾ ਸਵਾਦ ਚੱਖ ਸਕਣਗੇ?" ਮਰਦ ਹੇਠਾਂ ਮੂੰਹ ਕਰੀ ਬੈਠੇ ਸਨ। ਔਰਤਾਂ ਹਰ ਸ਼ਬਦ ਦਾ ਸਵਾਗਤ ਕਰ ਰਹੀਆਂ ਸਨ।

ਭਾਸ਼ਣ ਦੇ ਅੰਤਲੇ ਬੋਲਾਂ ਵਿਚ ਉਸ ਦਾ ਮਨ ਭਰ ਗਿਆ ਤੇ ਉਸ ਕਿਹਾ, "ਮੈਂ ਬੜੀ ਬਦਨਸੀਬ ਹਾਂ, ਜਿਸ ਨੇ ਕਰਮਾਂ ਮਾਰੇ ਮਾਪਿਆਂ ਦਾ ਮੂੰਹ ਨਹੀਂ ਦੇਖਿਆ।"

ਇਨ੍ਹਾਂ ਸ਼ਬਦਾਂ ਨੇ ਹਾਲ ਵਿਚਲੇ ਲੋਕਾਂ ਨੂੰ ਝੰਜੋੜ ਕੇ ਰੱਖ ਦਿੱਤਾ ਤੇ ਬਹੁਤਿਆਂ ਦੀਆਂ ਅੱਖਾਂ ਤ੍ਰਿਪ ਤ੍ਰਿਪ ਵਗ ਪਈਆਂ। ਰੱਖਸ਼ਾ ਅਨਾਥ ਨੇ ਆਪਣੇ ਆਪ ਨੂੰ ਸੰਭਾਲਦਿਆਂ ਕਿਹਾ, "ਤੁਹਾਡੇ ਸਾਹਮਣੇ ਬਾਪੂ ਅਮਰੀਕ ਸਿੰਘ ਤੇ ਮਾਤਾ ਨਸੀਬ ਕੌਰ-ਉਹ ਦੋ ਸ਼ਖਸੀਅਤਾਂ ਹਨ, ਜਿਨ੍ਹਾਂ ਮਾਤਾ-ਪਿਤਾ ਦਾ ਪਿਆਰ ਦਿੰਦਿਆਂ, ਮੈਨੂੰ ਇਸ ਅਹੁਦੇ ਦੇ ਕਾਬਲ ਬਣਾਇਆ ਹੈ। ਮੇਰਾ ਰੋਮ ਰੋਮ ਇਨ੍ਹਾਂ ਦਾ ਕਰਜ਼ਾਈ ਹੈ। ਇਨ੍ਹਾਂ ਝਾੜੀ ਕੋਲੋਂ ਚੁੱਕ ਕੇ ਸਮਾਜ ਦੇ ਤਾਹਨੇ ਮਿਹਣਿਆਂ ਦੀ ਪ੍ਰਵਾਹ ਨਾ ਕਰਦਿਆਂ, ਮਾੜੀ ਆਰਥਕਤਾ ਦੇ ਬਾਵਜੂਦ ਵਧੀਆ ਪਰਵਰਿਸ਼ ਕੀਤੀ। ਇਨ੍ਹਾਂ ਦੇ ਅਸ਼ੀਰਵਾਦ ਸਦਕਾ ਮੈਂ ਆਈ. ਏ. ਐਸ. ਅਫਸਰ ਬਣੀ ਹਾਂ।"

ਇਸ ਤੋਂ ਪਹਿਲਾਂ ਉਹ ਕੁਝ ਹੋਰ ਬੋਲਦੀ, ਕੁਰਸੀ 'ਤੇ ਬੈਠਾ ਬਜੁਰਗ ਸੋਟੇ ਦੇ ਸਹਾਰੇ ਖੜ੍ਹਾ ਹੋਇਆ ਤੇ ਥਰਥਰਾਉਂਦੇ ਹੱਥ ਜੋੜ ਕੇ ਕਹਿਣ ਲੱਗਾ, "ਧੀਏ ਮੁਆਫ ਕਰ ਦੇ, ਮੈਂ ਹੀ ਉਹ ਬਦਨਸੀਬ ਬਾਪ ਹਾਂ, ਜਿਸ ਨੇ ਪੁੱਤਰ ਮੋਹ ਵਿਚ ਭਾਗਾਂ ਵਾਲੀ ਧੀ ਨੂੰ ਮਾਰਨਾ ਚਾਹਿਆ ਸੀ। ਮਨੁੱਖੀ ਆਵਾਜ਼ ਸੁਣ ਤੈਨੂੰ ਝਾੜੀ ਉਹਲੇ ਰੱਖ ਕੇ ਚਲਾ ਗਿਆ ਸਾਂ। ਮੁੜ ਕੇ ਆਇਆ ਤਾਂ ਉਥੇ ਕੁਝ ਨਹੀਂ ਸੀ। ਬੱਸ ਉਦੋਂ ਤੋਂ ਹੀ ਤੇਰੀ ਭਾਲ ਵਿਚ ਹਾਂ। ਰੱਬ ਦੇ ਵਾਸਤੇ ਧੀਏ ਮੁਆਫ ਕਰ ਦੇ।"

ਇਹ ਸੁਣਦੇ ਸਾਰ ਕਮਿਸ਼ਨਰ ਸ੍ਰੀਮਤੀ ਜਸਪ੍ਰੀਤ ਕੌਰ ਨੇ ਪੁਲਿਸ ਨੂੰ ਹਦਾਇਤ ਕੀਤੀ ਕਿ ਇਸ ਦੇ ਖਿਲਾਫ ਅਜਿਹਾ ਕੇਸ ਦਰਜ ਕਰੋ ਕਿ ਆਉਣ ਵਾਲੀਆਂ ਪੁਸ਼ਤਾਂ ਨੂੰ ਇਹ ਦੱਸ ਕੇ ਜਾਵੇ ਕਿ ਧੀ ਨੂੰ ਮਾਰਨ ਦੀ ਕੀ ਸਜ਼ਾ ਹੁੰਦੀ ਹੈ?"

ਜਿਉਂ ਹੀ ਪੁਲਿਸ ਬਜੁਰਗ ਵੱਲ ਵਧੀ ਤਾਂ ਰੱਖਸ਼ਾ ਅਨਾਥ ਦਾ ਦਿਲ ਪਿਘਲ ਗਿਆ ਤੇ ਉਸ ਕਿਹਾ, "ਪਲੀਜ਼! ਇਸ ਨੂੰ ਮੁਆਫ ਕਰ ਦਿਓ। ਪੁੱਤਰ ਦਾ ਸਤਾਇਆ ਪਹਿਲਾਂ ਹੀ ਦਰ ਦਰ ਭਟਕ ਰਿਹਾ ਹੈ।"

ਇਕੱਠੀ ਹੋਈ ਭੀੜ ਵਿਚ ਖੜ੍ਹੀ ਰੱਖਸ਼ਾ ਅਨਾਥ ਤੇ ਬਜੁਰਗ ਨਸੀਬਾਂ ਨੂੰ ਖੁਦਾਈ ਤੱਕੜੀ ਦੇ ਪੱਲੜਿਆਂ ਵਿਚ ਡੋਲਦੇ ਤੱਕ ਰਹੇ ਸਨ।

## ਮਿਨੀ ਕਹਾਣੀਆਂ

### ਬਾਪੂ ਦੀ ਮੰਜੀ

"ਵੱਡੇ ਮੰਮਾ, ਮੰਮੀ-ਪਾਪਾ ਦਾ ਬੈਡ ਵੀ ਆਪਾਂ ਨੂੰ ਸਾੜ੍ਹਨਾ ਪਊ? ਉਹ ਤਾਂ ਕਿੰਨਾ ਸੋਹਣਾ।" ਬੰਟੀ ਨੇ ਰੋਟੀ ਖਵਾ ਰਹੀ ਦਾਦੀ ਨੂੰ ਪੁਛਿਆ। ਨਵੇਂ ਰਿਵਾਜ ਅਨੁਸਾਰ ਉਹ ਵੀ ਆਪਣੇ ਦਾਦਾ-ਦਾਦੀ ਨੂੰ ਵੱਡੇ ਪਾਪਾ-ਮੰਮਾ ਬੋਲਦਾ ਸੀ।

"ਕਿਉਂ ਪੁੱਤ! ਆਪਾਂ ਕਿਉਂ ਸਾੜ੍ਹਨਾ ਸੁੱਖ ਨਾਲ?" ਭਜਨ ਕੌਰ ਨੇ ਬੁਰਕੀ ਬੰਟੀ ਦੇ ਮੂੰਹ 'ਚ ਪਾਉਂਦਿਆਂ ਪੁਛਿਆ।

"ਨਹੀਂ ਮੰਮਾ, ਜਦੋਂ ਕੋਈ ਮਰ ਜਾਂਦਾ, ਉਦੋਂ ਸਾੜ੍ਹਦੇ ਆ ਜਿਵੇਂ ਵੱਡੇ ਪਾਪਾ ਦੀ ਮੰਜੀ ਮੰਮੀ ਹੋਰਾਂ ਸਾੜ੍ਹੀ ਸੀ। ਨਾਲੇ ਕਹਿੰਦੀਆਂ ਸੀ, ਘਰ ਦੀ ਭੋਰਾ ਸਫਾਈ ਹੋਊ, ਬੂਹਾ ਮੱਲ ਰੱਖਿਆ, ਪਤਾ ਨਹੀਂ ਕਦੋਂ...।"

ਸੁਣ ਕੇ ਭਜਨ ਕੌਰ ਸੁੰਨ ਹੋ ਗਈ। ਬੰਟੀ ਨੇ ਹੋਰ ਕੀ ਕਿਹਾ, ਉਸ ਨੂੰ ਕੁਝ ਨਹੀਂ ਸੁਣਿਆ। ਸਾਰੀ ਕਹਾਣੀ ਉਸ ਦੀ ਸਮਝ 'ਚ ਆ ਗਈ।

ਦਰਅਸਲ ਕੁਝ ਦਿਨ ਪਹਿਲਾਂ ਧਰਮ ਸਿੰਘ ਦੀ ਮੌਤ ਹੋ ਗਈ ਸੀ, ਜੋ ਚੰਗੀ ਉਮਰ ਭੋਗ ਕੇ ਗਿਆ ਸੀ ਅਤੇ ਕਿਸੇ ਤਰ੍ਹਾਂ ਦਾ ਕੋਈ ਦੁੱਖ ਵੀ ਨਹੀਂ ਸੀ ਝੱਲਿਆ। ਧਰਮ ਸਿੰਘ ਨੇ ਸਾਰੀ ਉਮਰ ਡੱਟ ਕੇ ਮਿਹਨਤ ਕੀਤੀ ਸੀ ਅਤੇ ਪਰਿਵਾਰ ਨੂੰ ਪੈਰਾਂ ਸਿਰ ਕੀਤਾ ਸੀ। ਭਾਵੇਂ ਬਹੁਤੇ ਅਮੀਰ ਨਹੀਂ ਸਨ ਪਰ ਗੁਜਾਰਾ ਸੌਖਾ ਸੀ। ਇੱਕ ਮੁੰਡਾ ਨੌਕਰੀ ਕਰਦਾ ਸੀ, ਦੂਜਾ ਖੇਤੀ ਸਾਂਭ ਰਿਹਾ ਸੀ। ਵਿਆਹਾਂ ਪਿਛੋਂ ਵੀ ਪਰਿਵਾਰ ਨੂੰ ਇੱਕਜੁਟ ਰੱਖਿਆ ਸੀ।

ਧਰਮ ਸਿੰਘ ਦੀ ਮੌਤ ਤੇ ਭਜਨ ਕੌਰ ਨੇ ਆਪਣੇ ਮਨ ਨੂੰ ਕਾਬੂ 'ਚ ਰੱਖਿਆ ਸੀ। ਸਭ ਨੂੰ ਰੋਣ ਤੋਂ ਮਨ੍ਹਾਂ ਕਰ ਰਹੀ ਸੀ, "ਕਿਉਂ ਰੋਣਾ? ਉਹ ਤਾਂ ਆਪਣੀ ਉਮਰ ਭੋਗ ਕੇ ਗਿਆ।" ਉਸ ਨੇ ਮੁੰਡਿਆਂ-ਨੂੰਹਾਂ ਨੂੰ ਹੌਸਲਾ ਰੱਖਣ ਲਈ ਕਿਹਾ ਸੀ।

ਭੋਗ 'ਤੇ ਚੰਗਾ ਇਕੱਠ ਕੀਤਾ ਗਿਆ ਅਤੇ ਵਧੀਆ ਰੋਟੀ ਪਾਣੀ ਦਾ ਪ੍ਰਬੰਧ ਸੀ। ਫੁੱਲ ਪਾਉਣ ਜਾਣ ਸਮੇਂ ਭਜਨ ਕੌਰ ਬਿਰਧ ਸਰੀਰ ਕਾਰਨ ਜਾਣ ਤੋਂ ਮਨ੍ਹਾਂ ਕਰ ਰਹੀ ਸੀ, ਪਰ ਨੂੰਹਾਂ ਨੇ ਕਹਿ-ਕਹਾ ਕੇ ਗੱਡੀ 'ਚ ਬਿਠਾ ਦਿੱਤਾ ਸੀ। ਭਜਨ ਕੌਰ ਨੇ ਆ ਕੇ ਵੇਖਿਆ ਕਿ ਬਾਹਰਲੀ ਬੈਠਕ 'ਚੋਂ, ਜਿੱਥੇ ਦੋਵੇਂ ਜੀਅ ਸੌਂਦੇ ਸਨ, ਧਰਮ ਸਿੰਘ ਦੀ ਮੰਜੀ ਗਾਇਬ ਸੀ। ਪੁੱਛਣ 'ਤੇ ਨੂੰਹਾਂ ਨੇ ਦੱਸਿਆ ਕਿ ਬਾਬੇ ਦੇ ਕਹੇ ਅਨੁਸਾਰ ਉਨ੍ਹਾਂ ਗੁਰਦੁਆਰੇ ਭੇਜ ਦਿੱਤੀ ਹੈ। ਭਜਨ ਕੌਰ ਨੂੰ ਮਹਿਸੂਸ ਤਾਂ ਹੋਇਆ ਪਰ ਚੁੱਪ ਕਰ ਗਈ। ਕੋਲ ਪਈ ਮੰਜੀ ਦਾ ਵੀ ਉਸ ਨੂੰ ਆਸਰਾ ਸੀ ਜਿਵੇਂ ਧਰਮ ਸਿੰਘ ਅਜੇ ਵੀ ਕੋਲ ਪਿਆ ਹੋਵੇ। ਮੰਜੀ ਸਾੜ੍ਹਨ ਦੀ ਘਟਨਾ ਨੇ ਭਜਨ ਕੌਰ ਨੂੰ ਤੋੜ ਦਿੱਤਾ ਸੀ। ਉਹ ਚੁੱਪ ਚਾਪ ਉਠੀ ਤੇ ਬੈਠਕ 'ਚ ਚਲੀ ਗਈ।

ਮੰਜੀ ਵਾਲੀ ਖਾਲੀ ਥਾਂ ਵੇਖ ਉਸ ਦਾ ਮਨ ਬੇਕਾਬੂ ਹੋ ਗਿਆ ਤੇ ਉਹ ਧਾਹਾਂ ਮਾਰ-ਮਾਰ ਰੋਣ ਲੱਗੀ। ਪੂਰਾ ਪਰਿਵਾਰ ਇਕੱਠਾ ਹੋ ਗਿਆ ਪ੍ਰੰਤੂ ਭਜਨ ਕੌਰ ਕਿਸੇ ਵੀ ਤਰ੍ਹਾਂ ਚੁੱਪ ਨਹੀਂ ਸੀ ਹੋ ਰਹੀ। ਭਜਨ ਕੌਰ ਦੀ ਜਠਾਣੀ ਨੇ ਆ ਕੇ ਉਸ ਨੂੰ ਹੌਸਲਾ ਦੇ ਮਸਾਂ ਚੁੱਪ ਕਰਾਇਆ, "ਭਜਨ ਕੁਰੇ ਮੇਰੇ ਵੱਲ ਵੇਖ, ਮੈਂ ਵੀ ਜਿਉਂ ਰਹੀ ਹਾਂ, ਤੇਰੇ ਜੇਠ ਨੂੰ ਗਿਆਂ ਤਾਂ ਕਿੰਨੇ ਸਾਲ ਹੋ ਗਏ, ਇਹ ਤਾਂ ਇੱਕ ਦਿਨ ਹੋਣਾ ਹੀ ਹੈ।"

ਭਜਨ ਕੌਰ ਚੁੱਪ ਰਹੀ, ਕਿਸ ਨੂੰ ਅਸਲ ਕਹਾਣੀ ਦੱਸਦੀ! ਨੂੰਹਾਂ ਸਾਰੀ ਗੱਲ ਤਾੜ ਗਈਆਂ, ਉਨ੍ਹਾਂ ਲੱਗਦੀ ਵਾਹ ਭਜਨ ਕੌਰ ਨੂੰ ਇਕੱਲਿਆਂ ਨਾ ਛੱਡਿਆ ਅਤੇ ਦੋਹਾਂ ਭਰਾਵਾਂ ਨੂੰ ਪਾਸੇ ਹੀ ਰੱਖਿਆ। ਉਸ ਦਿਨ ਭਜਨ ਕੌਰ ਨੇ ਕੁਝ ਨਾ ਖਾਧਾ, ਜਠਾਣੀ ਦੇ ਜੋਰ ਪਾਉਣ 'ਤੇ ਚਾਹ ਪੀ ਲਈ। ਰਾਤ ਨੂੰ ਚੁੱਪ ਚਾਪ ਪੈ ਗਈ। ਸਵੇਰੇ ਜਦੋਂ ਵੱਡੀ ਨੂੰਹ ਚਾਹ ਦੇਣ ਗਈ ਤਾਂ ਆਵਾਜ਼ਾਂ ਮਾਰਨ 'ਤੇ ਵੀ ਭਜਨ ਕੌਰ ਨਾ ਹਿੱਲੀ। ਟੋਹ ਕੇ ਵੇਖਿਆ ਤਾਂ ਦੇਹ ਠੰਢੀ ਹੋ ਚੁਕੀ ਸੀ। ਭਜਨ ਕੌਰ ਵੀ ਧਰਮ ਸਿੰਘ ਦੇ ਨਾਲ ਹੀ ਆਪਣੀ ਮੰਜੀ ਖਾਲੀ ਕਰ ਗਈ ਸੀ। ਸਭ ਹੈਰਾਨ-ਪ੍ਰੇਸ਼ਾਨ ਕਿ ਇਹ ਕਿਵੇਂ ਹੋ ਗਿਆ! ਉਹ ਤਾਂ ਚੰਗੀ ਭਲੀ ਸੀ। ਨੂੰਹਾਂ ਨੂੰ ਇਸ ਪਵਿੱਤਰ ਰਿਸ਼ਤੇ ਦੀ ਸਾਂਝ ਦਾ ਅਹਿਸਾਸ ਹੋ ਗਿਆ ਸੀ।

*-ਗੁਰਮੀਤ ਸਿੰਘ ਮਰਾੜ੍ਹ*
*ਫੋਨ: 91-95014-00397*

### ਕਸੂਰ

ਇਕ ਸ਼ਰਾਬੀ ਨੇ ਨਸ਼ੇ ਦੀ ਭੈੜੀ ਆਦਤ ਕਾਰਨ ਆਪਣਾ ਸਭ ਕੁਝ ਗੁਆ ਲਿਆ। ਸ਼ਰਾਬੀ ਹੋ ਕੇ ਕਦੇ ਨੌਕਰੀ 'ਤੇ ਹਾਜ਼ਰ ਹੀ ਨਾ ਹੋਣਾ। ਆਖਰ ਤੰਗ ਆ ਕੇ ਮਾਲਕਾਂ ਨੇ ਨੌਕਰੀ ਤੋਂ ਕੱਢ ਦਿੱਤਾ। ਉਸ ਦੀ ਘਰ ਵਾਲੀ ਵੀ ਤੰਗ ਆ ਕੇ ਆਪਣੇ ਪੇਕੇ ਚਲੀ ਗਈ। ਉਦਾਸ ਬੈਠਾ, ਗੈਰਾਜ ਵਿਚ ਪਈਆਂ ਖਾਲੀ ਬੋਤਲਾਂ ਵੱਲ ਦੇਖ ਕੇ ਗੁੱਸੇ ਵਿਚ ਆ ਕੇ ਇਕ ਬੋਤਲ ਫਰਸ਼ 'ਤੇ ਪਟਕ ਕੇ ਮਾਰੀ ਤੇ ਬੋਲਿਆ, "ਸਾਲੀਏ ਤੂੰਹੀਓਂ ਮੇਰੀ ਨੌਕਰੀ ਛੁਡਾਈ।"

ਦੂਜੀ ਖਾਲੀ ਬੋਤਲ ਪਟਕ ਕੇ ਮਾਰੀ ਅਤੇ ਬੋਲਿਆ, "ਤੂੰਹੀਓਂ ਮੇਰੀ ਘਰਵਾਲੀ ਭਜਾਈ।"

ਤੀਸਰੀ ਬੋਤਲ ਫੜ੍ਹੀ, ਜੋ ਭਰੀ ਹੋਈ ਸੀ ਪਰ ਫਰਸ਼ 'ਤੇ ਪਟਕਣ ਤੋਂ ਰੁਕ ਕੇ ਬੋਲਿਆ, "ਤੇਰਾ ਤਾਂ ਕੋਈ ਕਸੂਰ ਨਹੀਂ, ਤੈਨੂੰ ਕਾਹਨੂੰ ਮਾਰਾਂ?" ਆਖ ਕੇ ਬੋਤਲ ਬੈਠਕ ਵਿਚ ਰੱਖ ਲਈ।

*-ਵਾਸਦੇਵ ਸਿੰਘ ਪਰਹਾਰ*
*ਫੋਨ: 206-434-1155*

# ਨਿਤਨੇਮ

ਰਣਜੀਤ ਕੌਰ ਰੋਜ਼ ਵਾਂਗ ਨਵੇਂ ਘਰ ਦੀ ਲਾਬੀ ਵਿਚ ਬੈਠੀ ਹੈ ਤੇ ਰੋਜ਼ ਵਾਂਗ ਉਸ ਦੀ ਦੋ ਸਾਲ ਦੀ ਪੜਪੋਤੀ ਖੁਸ਼ਨੂਰ ਉਸ ਕੋਲ ਛਾਲਾਂ ਮਾਰ-ਮਾਰ ਖੇਡ ਰਹੀ ਹੈ। ਇਸ ਨਵੇਂ ਘਰ ਆਏ ਉਨ੍ਹਾਂ ਨੂੰ ਤਿੰਨ ਸਾਲ ਹੀ ਹੋਏ ਹਨ। ਖੁਸ਼ਨੂਰ ਦੇ ਮਾਂ-ਪਿਓ ਦੇ ਵਿਆਹ ਸਮੇਂ ਹੀ ਤਾਂ ਨਵੇਂ ਘਰ ਰਿਹਾਇਸ਼ ਕੀਤੀ ਸੀ।

ਰਣਜੀਤ ਕੌਰ ਤੇ ਉਸ ਦੇ ਪਤੀ ਦਾ ਡੇਰਾ ਲਾਬੀ ਵਿਚ ਹੀ ਹੈ। ਇਥੇ ਲੇਟੇ ਉਹ ਆਪੋ-ਆਪਣੇ ਕੰਮ ਲੱਗੇ ਸਾਰੇ ਜੀਆਂ ਨੂੰ ਦੇਖਦੇ ਰਹਿੰਦੇ ਹਨ। ਕੋਈ ਖਾਸ ਤੌਰ 'ਤੇ ਬੁਲਾਵੇ ਜਾਂ ਨਾ, ਬੋਲ-ਬੁਲਾਰਾ ਚਲਦਾ ਰਹਿੰਦਾ ਹੈ। ਆਇਆ-ਗਿਆ ਸਿੱਧਾ ਉਨ੍ਹਾਂ ਕੋਲ ਆ ਕੇ ਹੀ ਬੈਠਦਾ



ਸ਼ਮਿੰਦਰ ਕੌਰ
ਸ੍ਰੀ ਮੁਕਤਸਰ ਸਾਹਿਬ
ਫੋਨ: 91-75268-08047

ਹੈ। ਖੁਸ਼ਨੂਰ ਰੌਲਾ ਪਾ ਰਹੀ ਹੈ। ਕੰਮ ਖਤਮ ਕਰ ਕੇ ਨੌਕਰ ਮੁੰਡਾ-ਕੁੜੀ ਵੀ ਉਸ ਨਾਲ ਖੇਡਣ ਲੱਗਦੇ ਹਨ, ਗੇਂਦ ਨੂੰ ਛੱਤ ਵੱਲ ਉਛਾਲਦੇ ਹਨ ਤੇ ਰੌਲਾ ਪਾਉਂਦੇ ਹਨ। ਰਣਜੀਤ ਕੌਰ ਇਸ ਰੌਲੇ-ਰੱਪੇ ਤੋਂ ਅੱਕੀ ਖਿਝ ਰਹੀ ਹੈ,

"ਕੁੜੇ ਫੜ ਲਓ ਕੁੜੀ ਨੂੰ, ਕੋਈ ਸੱਟ-ਫੇਟ ਲਵਾ ਲਊ। ਕਿਵੇਂ ਘਰ ਸਿਰ 'ਤੇ ਚੱਕਿਐ।...ਜਾਓ ਜਵਾਕੋ, ਬੱਸ ਕਰੋ ਹੁਣ, ਅੰਦਰ ਜਾ ਕੇ ਟੀ. ਵੀ. ਦੇਖ ਲਓ।...ਨੀ ਕੁੜੀਏ ਸੰਵਾ ਦੇ ਇਹਨੂੰ ਬਹੁਤ ਖੇਡ ਲਿਆ।...ਮੇਰੇ ਤਾਂ ਜੀਅ ਨੂੰ ਕੁਛ ਹੋਈ ਜਾਂਦੈ।"

ਘਬਰਾਹਟ ਤਾਂ ਹੋ ਹੀ ਜਾਂਦੀ ਹੈ। ਆਖਿਰ ਰਣਜੀਤ ਕੌਰ ਪਚਾਸੀਆਂ ਨੂੰ ਪਹੁੰਚ ਗਈ ਹੈ। ਬਸ ਗੁਸਲਖਾਨੇ ਤਕ ਜਾ ਆਉਂਦੀ ਹੈ। ਆਪਣੀ ਕ੍ਰਿਆ ਸਾਧ ਲੈਂਦੀ ਹੈ। ਕਦੇ ਕੋਈ ਜੀਅ ਉਸ ਕੋਲ ਬੈਠ ਜਾਂਦਾ, ਪਰ ਅਕਸਰ ਸਾਰੇ ਆਪੋ-ਆਪਣੇ ਕੰਮ ਲੱਗੇ ਰਹਿੰਦੇ। ਸਾਰਾ ਦਿਨ ਬੈਡ 'ਤੇ ਬੈਠੀ ਰਣਜੀਤ ਕੌਰ ਦੇ ਮਸਤਕ ਵਿਚ ਪਿਛਲੇ 85 ਸਾਲ ਅਤੇ ਆਉਣ ਵਾਲਾ ਅੰਤਿਮ ਸਮਾਂ ਘੁੰਮਦੇ ਰਹਿੰਦੇ। ਪਿਛਲੇ 15-20 ਸਾਲ ਤੋਂ ਕਿਸੇ ਆਏ-ਗਏ ਦੇ ਮਿਲਣ-ਵਿਛੜਨ ਸਮੇਂ ਉਹ ਰੋਣ ਲੱਗਦੀ ਕਿ ਹੁਣ ਦੇ ਮਿਲੇ ਫੇਰ ਮਿਲਾਂਗੇ ਜਾਂ ਨਹੀਂ, ਪਰ ਅਜੇ ਤੱਕ ਉਹ ਜਿਉਂਦੀ ਹੈ।

ਸਰੀਰ ਜ਼ਰੂਰ ਜਵਾਬ ਦੇ ਗਿਆ ਪਰ ਸੁਰਤ-ਹੋਸ਼ ਪੂਰਾ ਕਾਇਮ ਹੈ। ਨਿਗ੍ਹਾ ਕਮਜ਼ੋਰ ਹੋ ਗਈ, ਮੋਤੀਆ ਉਤਰ ਆਇਆ ਸੀ। ਉਹ ਯਾਦ ਕਰਦੀ ਹੈ ਕਿ ਮੈਂ ਕੋਹ ਵਾਟ ਤੋਂ ਆਉਂਦਾ ਬੰਦਾ ਪਛਾਣ ਲੈਂਦੀ ਸਾਂ। ਕੁੜੀਆਂ ਉਸ ਦੀ ਤੇਜ਼ ਨਿਗ੍ਹਾ 'ਤੇ ਹੈਰਾਨ ਹੁੰਦੀਆਂ, ਪਰ ਉਦੋਂ ਸਮਾਂ ਹੋਰ ਸੀ। ਉਦੋਂ ਉਹ ਰਣਜੀਤ ਕੌਰ ਨਹੀਂ, ਦੀਪੋ ਸੀ। ਆਪਣੇ ਦਾਦੇ ਦੀ ਲਾਡਲੀ ਦੀਪੋ।

ਆਪਣੇ ਬਾਪ ਨਾਲੋਂ ਵੱਧ, ਜਿਸ ਨੂੰ ਉਹ ਆਪਣੇ ਚਾਚੇ ਦੀ ਰੀਸੇ ਬਾਈ ਆਖਦੀ, ਦਾਦੇ ਨੂੰ ਯਾਦ ਕਰਦੀ।

ਦਾਦਾ ਰੋਜ਼ ਦੁਪਹਿਰ ਨੂੰ ਚਾਹ ਬਣਾਉਂਦਾ। ਆਪ ਪੀਂਦਾ ਤੇ ਦੀਪੋ ਨੂੰ 'ਵਾਜ ਮਾਰਦਾ। ਹੋਰ ਕਿਸੇ ਨੂੰ ਘੁੱਟ ਵੀ ਨਹੀਂ ਮਿਲਦੀ ਸੀ। ਉਸ ਸਮੇਂ ਚਾਹ ਦਾ ਚਲਨ ਏਨਾ ਨਹੀਂ ਸੀ, ਕਦੇ ਹੀ ਕੋਈ ਬਣਾਉਂਦਾ ਸੀ।

ਅਜੇ ਦੀਪੋ ਸੋਲਾਂ ਸਾਲ ਦੀ ਹੀ ਸੀ ਕਿ ਉਸ ਦਾ ਰਿਸ਼ਤਾ ਪੱਕਾ ਕਰ ਦਿੱਤਾ ਗਿਆ। ਨਾ ਬਾਪ-ਦਾਦਾ ਦੇਖਣ ਗਏ, ਨਾ ਕੁਝ ਪਤਾ ਕੀਤਾ। ਨਾ ਮੁੰਡੇ ਵਾਲਿਆਂ ਨੇ ਕੁੜੀ ਦੇਖੀ। ਜਿਸ ਪਰਿਵਾਰ ਨਾਲ ਜਮੀਨ ਦੀ ਵੱਟ ਸਾਂਝੀ ਸੀ, ਉਸੇ ਨੇ ਆਪਣੀ ਰਿਸ਼ਤੇਦਾਰੀ ਵਿਚ ਦੀਪੋ ਦਾ ਰਿਸ਼ਤਾ ਪੱਕਾ ਕਰ ਦਿੱਤਾ। ਦੀਪੋ ਦੇ ਦਾਦੇ ਨੇ ਮਾਨੇਆਣੇ ਵਾਲੇ ਸੱਜਣ ਸਿਓਂ ਨੂੰ ਕਿਹਾ ਸੀ, "ਬਸ ਸੱਜਣ ਸਿਆਂ, ਜਿਹੋ ਜਿਹੀ ਮੇਰੀ ਧੀ, ਓਹੋ ਜਿਹੀ ਤੇਰੀ, ਤੂੰ ਜਿਵੇਂ ਕਰੇਂਗਾ, ਚੰਗਾ ਹੀ ਕਰੇਂਗਾ।"

ਫੇਰ ਵੀ ਦੀਪੋ ਦੀ ਮਾਂ ਨੇ ਨਿਰੰਜਨ ਨਾਈ ਤੋਂ ਘਰ-ਬਾਰ ਬਾਰੇ ਪਤਾ ਕਰਵਾਇਆ। ਆਖਰ ਮਾਂ ਜੋ ਸੀ। ਨਾਈ ਨੇ ਦੱਸਿਆ ਕਿ ਜਮੀਨ-ਜਾਇਦਾਦ ਸਭ ਠੀਕ ਹੈ, ਦੋ ਭਾਈ ਨੇ, ਪਰ ਘਰ ਸੋਹਣਾ ਨਹੀਂ। ਤੇ ਮਾਂ ਚੁੱਪ ਕਰ ਰਹੀ।

ਸਹੁਰੇ ਘਰ ਪੇਕਿਆਂ ਵਾਲੀ ਮੌਜ ਨਹੀਂ ਸੀ। ਬੜੀਆਂ ਔਖਾਂ ਕੱਟੀਆਂ। ਦੀਪੋ ਦੀ ਸੱਸ ਤਾਂ ਪਹਿਲੇ-ਪਹਿਰ ਹੀ ਵਿਧਵਾ ਹੋ ਗਈ ਸੀ। ਦੀਪੋ ਦਾ ਪਤੀ ਆਪਣੇ ਪਿਤਾ ਦੀ ਮੌਤ ਤੋਂ ਤਿੰਨ ਮਹੀਨੇ ਪਿੱਛੋਂ ਪੈਦਾ ਹੋਇਆ। ਇਸ ਕਰਕੇ ਘਰ ਦੇ ਹਾਲਾਤ ਠੀਕ ਨਹੀਂ ਸਨ। ਨਾਨਾ ਵਿਧਵਾ ਧੀ ਦੇ ਘਰ ਨੂੰ ਸਾਂਭਦਾ, ਨਾਲ ਲੋਕਾਂ ਦੀਆਂ ਜਰਦਾ। ਸ਼ਰੀਕ ਘਰ ਦਾ ਮੁਖੀ ਨਾ ਹੋਣ ਕਰਕੇ ਲੁੱਟਣ ਨੂੰ ਪੈਂਦੇ। ਫਿਰ



ਮੁੰਡੇ ਉਡਾਰ ਹੋ ਕੇ ਜਿੰਮੇਵਾਰੀ ਸਾਂਭਣ ਲੱਗੇ, ਪਰ ਚਲਦੀ ਉਨ੍ਹਾਂ ਦੀ ਮਾਂ ਦੀ ਹੀ ਸੀ। ਜੋ ਕੁਝ ਉਸ ਨਾਲ ਵਾਪਰਿਆ ਸੀ, ਉਹਦਾ ਸੁਭਾਅ ਹੀ ਕੰਜੂਸੀ ਵਾਲਾ ਬਣ ਗਿਆ ਸੀ। ਖਾਣ ਨੂੰ ਰੋਟੀ ਵੀ ਰੱਜਵੀਂ ਨਾ ਦਿੰਦੀ। ਦੋਵੇਂ ਦਰਾਣੀ-ਜਠਾਣੀ ਚਟਣੀ ਕੁੱਟ ਕੇ ਰੱਖ ਦਿੰਦੀਆਂ ਤੇ ਕੂੰਡੇ ਵਿਚ ਰੋਟੀ ਘਸਾ ਕੇ ਖਾ ਲੈਂਦੀਆਂ। ਖੀਰ ਬਣਦੀ ਤਾਂ ਸੱਸ ਪੁੱਤਾਂ ਨੂੰ ਦੇ ਦਿੰਦੀ ਤੇ ਨੂੰਹਾਂ ਨੂੰ ਟਾਲਦੀ ਰਹਿੰਦੀ, "ਹੁਣ ਤਾਂ ਰੋਟੀ ਖਾ ਲਈ, ਫੇਰ ਖਾ ਲਿਓ,...ਹੁਣ ਤਾਂ ਚਾਹ ਪੀ ਲਈ, ਫੇਰ ਖਾ ਲਿਓ।" ਸ਼ਾਮ ਤੱਕ ਗਰਮੀ ਵਿਚ ਪਈ ਖੀਰ ਜਦ ਖੱਟੀ ਹੋ ਜਾਂਦੀ ਤਾਂ ਕਹਿ ਦਿੰਦੀ, ਹੁਣ ਖਾ ਲਓ।

ਘਰ ਸਭ ਹੁੰਦੇ-ਸੁੰਦੇ ਵੀ ਨਾ ਚੰਗਾ ਖਾਣ ਨੂੰ ਮਿਲਦਾ, ਨਾ ਪਹਿਨਣ ਨੂੰ। ਦੀਪੋ ਆਪਣੀ ਮਾਂ ਦੇ ਦਿੱਤੇ ਘੱਗਰੇ ਉਧੇੜ ਕੇ ਕੁੜਤੀਆਂ ਸੰਵਾ ਕੇ ਪਾਉਂਦੀ।

ਦੀਪੋ ਦੀ ਉਮਰ ਛੋਟੀ ਹੋਣ ਕਰਕੇ ਪਹਿਲੀ ਧੀ ਬਹੁਤ ਕਮਜ਼ੋਰ ਪੈਦਾ ਹੋਈ, ਜੋ ਤਿੰਨ-ਚਾਰ ਸਾਲ ਦੀ ਹੀ ਹੋ ਕੇ ਤੁਰਨ ਲੱਗੀ। ਜਦ ਤੱਕ ਮੁੰਡਾ ਨਾ ਹੋਇਆ, ਸੱਸ ਦੇ ਤਾਅਨੇ ਸੁਣੇ। ਉਹ ਆਪਣੇ ਪੁੱਤਾਂ ਦੇ ਪੁੱਤ ਛੇਤੀ ਵੇਖਣਾ ਚਾਹੁੰਦੀ ਸੀ, ਤੇ ਨਹੀਂ ਹੋਰ ਨੂੰਹ ਲੈ ਆਉਣ ਦੀ ਧਮਕੀ ਦਿੰਦੀ। ਉਨ੍ਹਾਂ ਦਿਨਾਂ ਨੂੰ ਯਾਦ ਕਰ ਕੇ ਦੀਪੋ ਦੀਆਂ ਅੱਖਾਂ ਹੁਣ ਵੀ ਭਰ ਆਉਂਦੀਆਂ ਹਨ।

ਮਾਂ ਪਿੱਛੇ ਪੁੱਤਾਂ ਦਾ ਸੁਭਾਅ ਵੀ ਸੂਮ ਹੀ ਸੀ। ਦੀਪੋ ਅੱਜ ਵੀ ਇਸ ਗੱਲ ਨੂੰ ਲੈ ਕੇ ਆਪਣੇ ਪਤੀ ਨਾਲ ਨਾਰਾਜ਼ਗੀ ਜਾਹਰ ਕਰਦੀ ਗਲਾ ਭਰ ਲੈਂਦੀ ਹੈ।

ਜਦ ਦੀਪੋ ਨੇ ਚਾਰੇ ਬੱਚਿਆਂ ਨੂੰ ਲੈ ਕੇ ਪੇਕੇ ਜਾਣਾ ਹੁੰਦਾ ਤਾਂ ਪੈਸੇ ਨਾ ਦੇਣ ਦਾ ਮਾਰਾ ਉਸ ਦਾ ਪਤੀ ਸੁਵਖਤੇ ਹੀ ਖੇਤ ਚਲਾ ਜਾਂਦਾ ਜਾਂ ਗੁਰਦੁਆਰੇ ਤੋਂ ਮੁੜਦਾ ਹੀ ਨਾ। ਦੀਪੋ ਤਿੰਨ ਧੀਆਂ ਤੇ ਇਕ ਪੁੱਤ ਨਾਲ ਪੇਕੇ ਜਾਣ ਲਈ ਖੜ੍ਹੀ ਸੀ। ਜੇਠ ਨੇ ਬਾਰਾਂ ਰੁਪਏ ਦਿੱਤੇ ਤੇ ਕੁਝ ਪੈਸੇ ਪੱਲਿਓਂ ਪਾ ਕੇ ਉਹ ਪੇਕੇ ਅੱਪੜੀ। ਮਾਂ ਕੋਲ ਜਾ ਕੇ ਬਹੁਤ ਰੋਸਾ ਕੀਤਾ, ਉਸ ਦੇ ਜਵਾਈ ਬਾਰੇ। ਇੱਕ ਕੁੜੀ ਦੇ ਪੈਰੀਂ ਟੁੱਟੀ ਚੱਪਲ ਸੀ। ਨਾਨੀ ਨੇ ਨਾਲ ਲੱਗਦੇ ਸ਼ਹਿਰ ਫਿਰੋਜ਼ਪੁਰ ਤੋਂ ਬੱਚਿਆਂ ਨੂੰ ਨਵੇਂ ਜੁੱਤੇ ਪਵਾ ਕੇ ਦਿੱਤੇ।

ਦੀਪੋ ਨੇ ਮਾਂ ਕੋਲ ਰੋਸ ਕੀਤਾ ਕਿ ਘਰੇ ਇੰਨਾ ਹੱਡ-ਭੰਨਵਾਂ ਕੰਮ ਕਰਨ ਦੇ ਬਾਵਜੂਦ ਉਸ ਨੂੰ ਪੇਕੇ ਆਉਣ ਲਈ ਕਿਰਾਇਆ ਵੀ ਪੂਰਾ ਨਹੀਂ ਮਿਲਦਾ। ਮਾਂ ਨੇ ਹੌਸਲਾ ਦਿੱਤਾ, "ਪੁੱਤ ਸੁੱਖ ਨਾਲ ਤੇਰੇ ਘਰ ਤਾਂ ਬਥੇਰਾ ਰਿਜ਼ਕ ਆ।" ਦੀਪੋ ਦਾ ਉਤਰ ਸੀ, "ਕੱਟੇ ਨੂੰ ਦੁੱਧ ਦਾ ਕੀ ਆਸਰਾ! ਜਦੋਂ ਮੈਨੂੰ ਦਿੰਦੇ ਨ੍ਹੀਂ, ਮੈਨੂੰ ਕੀ? ਮਾਂ-ਪੁੱਤ ਸਾਂਭ ਲੈਂਦੇ ਆ।"

ਅਸਲ ਵਿਚ ਉਸ ਦਾ ਪਤੀ ਸਾਉਣ ਸਿਓਂ ਬੜਾ ਭਗਤ ਬੰਦਾ ਹੈ। ਸਾਂਝੇ ਘਰ ਵਿਚੋਂ ਆਪਣਾ ਹੱਕ ਵੀ ਨਾ ਵਰਤਦਾ। ਖੁਦ ਵੀ ਪਾਟੇ-ਪੁਰਾਣੇ ਪਾ ਕੇ ਫਿਰਦਾ ਰਹਿੰਦਾ। ਤਿੰਨ ਧੀਆਂ ਤੇ ਇਕ ਪੁੱਤ ਰਣਜੀਤ ਕੌਰ ਦੇ। ਚਾਰ ਧੀਆਂ ਤੇ ਇਕ ਪੁੱਤ ਰਣਜੀਤ ਕੌਰ ਦੇ ਜੇਠ ਦੇ ਸਨ।

ਧੀਆਂ-ਪੁੱਤਾਂ ਦੇ ਵਿਆਹ ਹੁੰਦੇ ਤਾਂ ਰਣਜੀਤ ਕੌਰ ਨੂੰ ਸਲਾਮੀ ਦੇਣ ਨੂੰ ਪੈਸੇ ਨਾ ਮਿਲਦੇ। ਹੁਣ ਸਾਰੇ ਪੁੱਤ-ਧੀਆਂ ਵੀ ਦੋਹਤੇ-ਪੋਤਿਆਂ ਵਾਲੇ ਹੋ ਗਏ ਹਨ। ਆਪੋ-ਆਪਣੇ ਘਰਾਂ ਵਿਚ ਮਗਨ ਹਨ। ਹੁਣ ਉਹ ਉਮਰ ਦੇ ਆਖਰੀ ਪੜਾਅ ਵਿਚ ਹੈ। ਮਾਂ-ਪਿਓ, ਭਰਾ-ਭਰਜਾਈਆਂ, ਹੋਰ ਕਈ ਰਿਸ਼ਤੇਦਾਰ, ਭਤੀਜੇ, ਭਤੀਜ-ਨੂੰਹਾਂ ਵੀ ਅਕਾਲ ਚਲਾਣਾ ਕਰ ਗਏ ਹਨ।

ਇਹ ਸਭ ਚੇਤੇ ਕਰਦਿਆਂ ਰਣਜੀਤ ਕੌਰ ਲਾਬੀ ਵਿਚੋਂ ਸਾਹਮਣੇ ਦਿਸਦੇ ਵੇਲਾਂ-ਬੂਟੇ ਦੇਖਦੀ ਰਹਿੰਦੀ ਹੈ। ਕਿਸ ਬੂਟੇ ਨੂੰ ਕਿੰਨੇ ਫੁੱਲ ਲੱਗੇ ਹਨ, ਕਿਹੜਾ ਸੁੱਕ ਗਿਆ ਹੈ-ਦੂਰ ਬੈਠੀ ਇਹੀ ਦੇਖਦੀ ਰਹਿੰਦੀ ਹੈ। ਜਾਂ ਫੇਰ ਘਰ ਦੇ ਜੋ-ਜੋ ਪੱਖੇ ਉਸ ਦੀ ਨਜ਼ਰ ਪੈਂਦੇ ਹਨ, ਉਨ੍ਹਾਂ ਨੂੰ ਬੰਦ ਕਰਨ ਲਈ ਕਹਿੰਦੀ ਰਹਿੰਦੀ ਹੈ। ਪੋਤੀ ਫੋਨ 'ਤੇ ਕੰਨਾਂ ਵਿਚ ਕਥਾ-ਕੀਰਤਨ ਲਾ ਦਿੰਦੀ। ਰਣਜੀਤ ਕੌਰ ਸੁਣਦੀ ਰਹਿੰਦੀ। ਫੇਰ ਕਹਿੰਦੀ, "ਬੱਸ ਮੇਰੀ ਧੌਣ ਥੱਕ ਗਈ, ਲਾਹ-ਲੈ ਇਸ ਨੂੰ।"

ਪੋਤੀ ਪੁੱਛਦੀ, "ਬੇਬੇ ਕੀ ਦੱਸਿਆ ਫੇਰ ਬਾਬੇ ਨੇ?"

"ਬਹੁਤ ਕੁਝ ਦੱਸਿਆ।"

"ਕੀ ਕੁਝ, ਮੈਨੂੰ ਵੀ ਦੱਸ ਦੇ।"

"ਹੁਣ ਇੰਨਾ ਕੁਝ ਕਿਥੇ ਯਾਦ ਰਹਿੰਦਾ, ਸੁਣ ਲਿਆ, ਏਨਾ ਬੜਾ।"

ਕਦੇ ਜਦ ਪੋਤੀ ਆਖਦੀ, "ਕਿਵੇਂ ਆ ਦੀਪੋ?" ਤਾਂ ਬੜੇ ਦੁੱਖ ਨਾਲ ਆਖਦੀ, "ਦੀਪੋ ਕਹਿਣ ਵਾਲਾ ਤਾਂ ਕੋਈ ਵੀ ਨਹੀਂ ਰਿਹਾ।"

ਪੋਤੀ ਹੱਸ ਕੇ ਆਖਦੀ, "ਲੈ, ਇਹ ਕਿਹੜੀ ਵੱਡੀ ਗੱਲ ਹੈ, ਮੈਂ ਕਹਿ ਦਿਆਂ ਕਰੂੰ ਤੈਨੂੰ ਦੀਪੋ।"

ਰੋਜ਼ ਵਾਂਗ ਅੱਜ ਖੁਸ਼ਨੂਰ ਨੇ ਲਾਬੀ ਵਿਚ ਧਮੱਚੜ ਨਹੀਂ ਸੀ ਪਾਇਆ। ਵੱਡੇ ਰੋਟੀ-ਪਾਣੀ ਖਾ ਰਹੇ ਸਨ। ਘਰ ਵਿਚ ਚੁੱਪ-ਚਾਂ ਸੀ, ਪਰ ਰਣਜੀਤ ਕੌਰ ਨੂੰ ਅੱਜ ਵੀ ਠੀਕ ਮਹਿਸੂਸ ਨਹੀਂ ਸੀ ਹੋ ਰਿਹਾ। ਉਹ ਬੋਲੀ, "ਕੁੜੇ, ਨਿੱਕੀ ਕਿੱਥੇ ਐ? ਅੱਜ ਖੇਡਦੀ ਕਿਉਂ ਨ੍ਹੀਂ ਉਹ? ਸੌਂ ਗਈ? ਕੋਈ ਬੋਲਦਾ ਈ ਨ੍ਹੀਂ, ਮੇਰੇ ਤਾਂ ਜੀਅ ਨੂੰ ਕੁਛ ਹੋਈ ਜਾਂਦਾ।"

# ਟੀ. ਵੀ. ਅਤੇ ਰਿਸ਼ਤਿਆਂ ਦਾ ਨਿੱਘ

ਦੋ ਸਾਲਾਂ ਬਾਅਦ ਸਾਡਾ ਪਰਿਵਾਰ ਇਕੱਠਾ ਹੋਇਆ ਸੀ। ਅੱਧਾ ਪਰਿਵਾਰ ਆਸਟਰੇਲੀਆ ਤੇ ਅੱਧਾ ਅਮਰੀਕਾ। ਇਥੇ ਪੰਜਾਬ ਤਾਂ ਅਸੀਂ ਬਜੁਰਗ ਹੀ ਹਾਂ, ਦੋ ਅਸੀਂ ਤੇ ਦੋ ਬੇਜੀ-ਬਾਪੂ ਜੀ। ਕੱਲ ਅਜੇ ਆਏ ਸਾਰੇ, ਸਵੇਰੇ ਉਠਦਿਆਂ ਹੀ ਘੁੰਮਣ ਦੀ ਸਲਾਹ ਬਣਾ ਲਈ। ਸਾਡੇ ਤੋਂ ਤਾਂ ਬਹੁਤਾ ਤੁਰਿਆ ਨਹੀਂ ਜਾਂਦਾ। ਬੱਸ ਸਾਰੇ ਬੱਚੇ ਚਲੇ ਗਏ। ਮੈਂ ਸੋਚਿਆ ਉਨ੍ਹਾਂ ਦੇ ਆਉਣ ਤਕ ਸਬਜ਼ੀਆਂ ਬਣਾ ਲਵਾਂ, ਜਦੋਂ ਆਉਣਗੇ ਤਾਂ ਗਰਮ-ਗਰਮ ਰੋਟੀਆਂ ਨਾਲ ਖਾਣਾ ਪਰੋਸਾਂ। ਅਸੀਂ ਰੋਟੀ ਵੇਲੇ ਉਡੀਕਦੇ ਰਹੇ ਪਰ ਉਨ੍ਹਾਂ ਦੀ ਕੋਈ ਖਬਰ ਨਹੀਂ। ਬਈ ਘੁੰਮਣਾ ਹੁੰਦਾ ਤਾਂ ਆਪਣੇ ਅਮਰੀਕਾ-ਆਸਟਰੇਲੀਆ ਘੁੰਮਦੇ ਰਹੋ। ਭਾਰਤ ਆ ਕੇ ਤਾਂ

ਅੰਦਲੀਬ ਕੌਰ
ਫੋਨ: 91-99157-56799

ਟਿੱਕ ਕੇ ਬੈਠ ਜੋ, ਦੋ ਘੜੀ ਸਾਡੇ ਵੀ ਕਲੇਜੇ ਠੰਢ ਪਵੇ।

ਸ਼ਾਮ ਦੇ ਸੱਤ ਵੱਜ ਗਏ, ਫੋਨ ਕੀਤਾ ਤਾਂ ਪਤਾ ਲੱਗਾ ਕਿ ਲੇਟ ਆਉਣਗੇ। ਉਡੀਕ ਨਾ ਕਰਨਾ। ਹੁਣ ਇਹ ਫਿਲਮ ਵੇਖਣੀ ਵੀ ਅੱਜ ਪੰਜਾਬ ਆ ਕੇ ਹੀ ਯਾਦ ਆਉਣੀ ਸੀ, ਮੈਂ ਬੁੜ ਬੁੜ ਕਰਦਿਆਂ ਸਾਡੀ ਚਾਰਾਂ ਦੀ ਰੋਟੀ ਪਾਈ ਤੇ ਬੇਜੀ ਹੋਰਾਂ ਨੂੰ ਰੋਟੀ ਖਵਾਉਣ ਚਲੀ ਗਈ। ਬੇਜੀ ਨੇ ਸਭ ਤੋਂ ਪਹਿਲਾਂ ਪੁੱਛਿਆ, ਬੱਚੇ ਅਜੇ ਮੁੜੇ ਨ੍ਹੀਂ, ਕੁਵੇਲਾ ਹੋ ਗਿਆ। ਬੇਜੀ, ਉਹ ਫਿਲਮ ਵੇਖਣ ਚਲੇ ਗਏ ਨੇ, ਲੇਟ ਆਉਣਗੇ। ਮੈਂ ਪੁੱਛਿਆ, ਬੇਜੀ ਤੁਸੀਂ ਵੀ ਤਾਂ ਫਿਲਮ ਵੇਖਣ ਜਾਂਦੇ ਸੀ। ਬੇਜੀ ਮੁਸਕਰਾਉਂਦਿਆਂ ਬੋਲੇ, ਸਾਡੇ ਵੇਲੇ ਹਰ ਵੀਰਵਾਰ ਲੇਡੀਜ਼ ਸ਼ੋਅ ਹੁੰਦਾ ਸੀ, ਅਸੀਂ ਆਪਣਾ ਕੰਮ ਨਿਬੇੜ ਕੇ ਇਕੱਠੀਆਂ ਹੋ ਕੇ ਫਿਲਮ ਵੇਖਣ ਜਾਂਦੀਆਂ।

"ਹਾਂ ਬੇਜੀ ਯਾਦ ਹੈ, ਜਦੋਂ ਮੈਂ ਸਕੂਲ ਪੜ੍ਹਦੀ ਸੀ, ਸਾਨੂੰ ਸਕੂਲ ਵਲੋਂ ਕਿੰਨੀਆਂ ਫਿਲਮਾਂ ਦਿਖਾਉਂਦੇ ਸੀ। ਕਦੇ ਨਾਨਕ ਨਾਮ ਜਹਾਜ, ਕਦੇ ਸੰਤੋਸ਼ੀ ਮਾਂ। ਹਰ ਧਾਰਮਕ ਫਿਲਮ ਵੇਖਣ ਭੱਜੇ ਜਾਂਦੇ ਸੀ। ਮੇਰੇ ਜਨਮ ਦਿਨ 'ਤੇ ਵਿਹੜੇ ਵਿਚ ਵੀ. ਸੀ. ਆਰ. 'ਤੇ ਫਿਲਮ ਲਾਈ ਸੀ। ਸਾਰੇ ਕਿੰਨੇ ਖੁਸ਼ ਹੋਏ ਸਨ। ਕਿੰਨਾ ਮਜ਼ਾ ਆਉਂਦਾ ਸੀ। ਪਰ ਹੁਣ ਤਾ ਭਾਵੇਂ ਕਿੰਨੀਆਂ ਫਿਲਮਾਂ ਆਉਂਦੀਆਂ ਨੇ ਪਰ ਵੇਖਣ ਨੂੰ ਜੀਅ ਹੀ ਨਹੀਂ ਕਰਦਾ।"

"ਹਾਂ ਪੁੱਤ, ਉਦੋਂ ਇਕੱਠਿਆਂ ਦੇਖਣ ਵਿਚ ਮਜ਼ਾ ਹੀ ਕੁਝ ਹੋਰ ਸੀ।" ਹੁਣ ਬੇਜੀ ਆਪਣੀਆਂ ਪੁਰਾਣੀਆਂ ਯਾਦਾਂ ਵਿਚ ਗੁਆਚ ਗਏ, "ਮੈਨੂੰ ਅਜੇ ਤਕ ਯਾਦ ਹੈ ਕਿ ਸਾਡੀ ਗਲੀ ਵਿਚ ਸਭ ਤੋਂ ਪਹਿਲਾ ਟੀ. ਵੀ. ਲੱਗਾ ਸੀ। ਇੱਕ ਜਣਾ ਤਾਂ ਸਾਰਾ ਦਿਨ ਛੱਤ 'ਤੇ ਟੀ. ਵੀ. ਦਾ ਐਂਟੀਨਾ ਹੀ ਸੈਟ ਕਰਦਾ ਰਹਿੰਦਾ। ਲੋਕ ਕਿੰਨੇ ਦਿਨ ਮੁਬਾਰਕਾਂ ਦੇਣ ਆਉਂਦੇ ਰਹੇ। ਦੂਰਦਰਸ਼ਨ ਦੀ ਸ਼ੁਰੂਆਤ ਸ਼ਾਮ ਨੂੰ ਇਕ ਚੱਕਰ ਨੁਮਾ ਚਿੱਤਰ ਤੇ ਮਧੁਰ ਸੰਗੀਤ ਨਾਲ ਹੁੰਦੀ। ਕਈ ਵਾਰ ਅੱਗੇ ਬੈਠਣ ਲਈ ਲੜਾਈ ਵੀ ਹੋ ਜਾਂਦੀ। ਇਕ ਟੱਕ ਵੇਖੀ ਜਾਣਾ। ਸਮਾਚਾਰ ਵੀ ਪੂਰੇ ਸੁਣਦੇ ਸੀ। ਹੁਣ ਵਾਂਗ ਸਾਰਾ ਦਿਨ ਤਾਂ ਟੀ. ਵੀ. ਚਲਦਾ ਨਹੀਂ ਸੀ, ਸ਼ਾਮ ਨੂੰ ਬੱਸ ਕੁਝ ਦੇਰ ਹੀ ਪ੍ਰੋਗਰਾਮ ਆਉਂਦਾ। ਫਸਲਾਂ ਦਾ ਪ੍ਰੋਗਰਾਮ ਕ੍ਰਿਸ਼ੀ ਦਰਸ਼ਨ ਵੀ ਪੂਰਾ ਵੇਖਦੇ। ਐਤਵਾਰ ਰਾਮਾਇਣ, ਮਹਾਭਾਰਤ ਆਉਂਦੇ ਸੀ। ਸਾਰੇ ਕੰਮ ਨਿਬੇੜ ਕੇ ਇਕੱਠੇ ਹੋ ਕੇ ਬੈਠ ਜਾਂਦੇ ਵੇਖਣ। ਕਈ ਲੋਕ ਤਾਂ ਰਾਮਾਇਣ ਸ਼ੁਰੂ ਹੋਣ 'ਤੇ ਟੀ. ਵੀ. ਨੂੰ ਮੱਥਾ ਹੀ ਟੇਕਣ ਲੱਗ ਜਾਂਦੇ। ਆਲੇ ਦੁਆਲੇ ਦੀ ਪੂਰੀ ਭੀੜ ਵਿਹੜੇ ਵਿਚ ਇਕੱਠੀ ਹੋ ਜਾਂਦੀ।"

ਅਸੀਂ ਅਜੇ ਗੱਲਾਂ ਹੀ ਕਰ ਰਹੇ ਸਾਂ, ਬਾਹਰੋਂ ਬੱਚਿਆਂ ਦੇ ਰੌਲੇ ਤੋਂ ਪਤਾ ਲਗ ਗਿਆ, ਸਾਡੀਆਂ ਰੌਣਕਾਂ ਵਾਪਸ ਆ ਗਈਆਂ ਨੇ। ਸਾਰੇ ਬਹੁਤ ਖੁਸ਼ ਸਨ। ਮੈਂ ਪੁਛਿਆ, ਰੋਟੀ ਤਾਂ ਤੁਸੀਂ ਹੁਣ ਖਾਣੀ ਨਹੀਂ ਹੋਵੇਗੀ। ਪੀਜ਼ਾ, ਬਰਗਰ ਬਥੇਰਾ ਕੁਝ ਖਾ ਕੇ ਆਏ ਹੋਵੋਗੇ।

"ਨਹੀਂ ਮੰਮੀ ਖਾਧਾ ਤਾਂ ਸੀ ਪਰ ਹੁਣ ਸਾਨੂੰ ਤੁਹਾਡੇ ਹੱਥਾਂ ਦੇ ਬਣੇ ਖਾਣੇ ਦੀ ਭੁੱਖ ਲੱਗੀ ਹੈ।" ਸਭ ਨੂੰ ਮੇਰੇ ਹੱਥਾਂ ਦਾ ਬਣਿਆ ਖਾਣਾ ਬਹੁਤ ਪਸੰਦ ਸੀ। ਹੁੰਦਾ ਵੀ ਕਿਉਂ ਨਾ, ਕਿੰਨੇ ਘੰਟੇ ਲਾ ਕੇ ਸਭ ਦਾ ਮਨਪਸੰਦ ਬੈਂਗਣ ਦਾ ਭੜਥਾ, ਕਿਸੇ ਲਈ ਮਾਂਹ ਰਾਜਮਾਂਹ ਵਾਲੀ ਦਾਲ, ਸ਼ਾਹੀ ਪਨੀਰ, ਦਹੀਂ ਭੱਲੇ, ਖੀਰ ਤੇ ਪਤਾ ਨਹੀਂ ਹੋਰ ਕੀ ਚਾਵਾਂ ਨਾਲ ਬਣਾਇਆ ਸੀ। ਅੱਜ ਕਿੰਨੇ ਸਮੇਂ ਬਾਅਦ ਇਕੱਠੇ ਰੋਟੀ ਖਾ ਰਿਹਾ ਸੀ ਮੇਰਾ ਪੂਰਾ ਪਰਿਵਾਰ। ਬੱਚਿਆਂ ਨੇ ਰੱਜ ਕੇ ਰੋਟੀ ਖਾਧੀ, ਕਲੇਜੇ ਠੰਡ ਮੇਰੇ ਪਈ। ਸਕੂਨ ਮੇਰੇ ਅੰਦਰ ਆਇਆ, ਸਭ ਨੂੰ ਰਲ ਕੇ ਖਾਣਾ ਖਾਂਦਿਆਂ ਵੇਖ ਕੇ। ਜੀਅ ਕਰੇ ਇਹ ਪਲ ਇਥੇ ਹੀ ਰੋਕ ਲਵਾਂ।



ਅਜੇ ਇਸ ਤਾਣੇ-ਬਾਣੇ ਵਿਚ ਹੀ ਸੀ, ਛੋਟੀ ਸੰਮੀਆਂ ਨੇ ਆ ਕੇ ਪਿੱਛੋਂ ਘੁਟ ਕੇ ਗਲਵਕੜੀ ਵਿਚ ਲੈ ਲਿਆ। ਦਾਦੀ ਮਾਂ ਥੈਂਕਸ ਖੀਰ ਬਹੁਤ ਸੁਆਦ ਸੀ, ਬਹੁਤ ਮਜਾ ਆਇਆ। ਜੀਅ ਸਦਕੇ, ਮੇਰੇ ਬੱਚੇ ਨੂੰ ਮੈਂ ਹਰ ਰੋਜ਼ ਬਦਾਮਾਂ ਵਾਲੀ ਖੀਰ ਖਵਾਵਾਂਗੀ। ਸਾਰੇ ਉਠੇ ਤੇ ਮੇਰੇ ਬਣਾਏ ਖਾਣੇ ਦੀ ਤਾਰੀਫ ਕਰਦੇ ਕਦੋਂ ਖਿੰਡ ਪੁੰਡ ਆਪੋ ਆਪਣੇ ਕਮਰਿਆਂ ਵਿਚ ਜਾ ਵੜੇ। ਇਹ ਕੀ ਸੀ, ਬਸ ਅੱਧੇ ਕੁ ਘੰਟੇ ਲਈ ਝਲਕ ਦਿਖਾਈ, ਜਿਵੇਂ ਕੋਈ ਸੁਪਨਾ ਹੋਵੇ ਤੇ ਫਿਰ ਅੱਡੋ ਅੱਡ। ਹੁਣ ਤਾਂ ਟੀ. ਵੀ. ਦਾ ਵੀ ਕੋਈ ਬਹਾਨਾ ਨਹੀਂ ਇਕੱਠੇ ਹੋਣ ਲਈ, ਕਿਉਂਕਿ ਹਰ ਕਮਰੇ ਵਿਚ ਅੱਡੋ ਅੱਡ ਟੀ. ਵੀ.। ਪਤਾ ਨਹੀਂ ਇਹ ਸਾਰੀ ਦੁਨੀਆਂ ਇੰਨੀ ਅਮੀਰ ਕਿਉਂ ਹੋ ਗਈ। ਪੈਸਿਆਂ ਦੀ ਅਮੀਰੀ ਤੇ ਰਿਸ਼ਤਿਆਂ ਦੀ ਕੰਗਾਲੀ।

ਮੈਨੂੰ ਫੇਰ ਇਕ ਪੁਰਾਣੀ ਗੱਲ ਯਾਦ ਆ ਗਈ, ਜਦੋਂ ਮੈਂ ਆਪਣੀਆਂ ਭੈਣਾਂ ਨਾਲ ਕਿੰਨੀਆਂ ਝਿੜਕਾਂ ਖਾਧੀਆਂ ਸਨ, ਵੱਡੇ ਬਾਪੂ ਜੀ ਤੋਂ। ਬੜੀ ਜ਼ਿਦ ਕੀਤੀ ਤਾਂ ਵੀ. ਸੀ. ਆਰ. ਘਰ ਫਿਲਮ ਵੇਖਣ ਲਈ ਕਿਰਾਏ 'ਤੇ ਲਿਆਏ। ਬੜੇ ਚਾਅ ਨਾਲ ਫਿਲਮ ਵੇਖ ਰਹੇ ਸੀ, ਉਤੋਂ ਆ ਗਏ ਪਿੰਡੋਂ ਵੱਡੇ ਬਾਪੂ ਜੀ, ਬਸ ਫਿਰ ਕੀ ਸੀ, ਸਾਡੀ ਸਭ ਦੀ ਸ਼ਾਮਤ ਆਈ। ਅਜੇ ਵੀ ਯਾਦ ਕਰਕੇ ਕੰਬ ਜਾਈਦਾ। ਅਸੀਂ ਫਿਰ ਵੀ ਬਚ ਗਏ, ਸਾਡੇ ਮਾਪਿਆਂ ਨੂੰ ਕਿਤੇ ਵੱਧ ਝਿੜਕਾਂ ਪਈਆਂ। ਬਾਪੂ ਜੀ ਬੋਲੇ, ਇਹ ਘਰ ਕੀ ਕੰਜਰਖਾਨਾ ਲਾਇਆ ਹੋਇਆ ਹੈ, ਬੰਦ ਕਰੋ। ਸਾਰੇ ਇਕ ਦੂਜੇ ਵਿਚ ਟੱਕਰਾਂ ਮਰਦੇ ਇਧਰ ਓਧਰ ਭੱਜੇ, ਸਾਨੂੰ ਲੁਕਣ ਨੂੰ ਕੋਈ ਥਾਂ ਨਾ ਲੱਭੇ। ਦੋ ਦਿਨ ਤਕ ਬਾਪੂ ਜੀ ਅੱਗੇ ਜਾਣ ਦਾ ਹੌਂਸਲੇ ਨਾ ਪਿਆ। ਅੱਜ ਕਲ ਵਾਂਗ ਨਹੀਂ, ਬਾਪ-ਦਾਦੇ ਕੋਲ ਬੈਠੇ ਵੀ ਬਿਲਕੁਲ ਬਕਵਾਸ ਸੀਨ ਬੇਝਿਜਕ ਵੇਖੀ ਜਾਂਦੇ ਨੇ।

ਇਨ੍ਹਾਂ ਸੋਚਾਂ ਵਿਚ ਕਾਫੀ ਦੇਰ ਹੋ ਗਈ ਤੇ ਮੈਂ ਸੋਚਾਂ ਵਿਚੋਂ ਉਦੋਂ ਨਿਕਲੀ ਜਦੋਂ ਨਿੱਕੀ ਮੇਰੀ ਗੋਦ ਵਿਚ ਘੁਸੜ ਕੇ ਪੈ ਗਈ ਤੇ ਕਹਿਣ ਲੱਗੀ, "ਦਾਦੀ ਮਾਂ ਇਕ ਸੋਹਣੀ ਜਿਹੀ ਪਰੀਆਂ ਵਾਲੀ ਕਹਾਣੀ ਸੁਣਾਓ।"

"ਜਾਹ, ਟੀ. ਵੀ. 'ਤੇ ਆਪਣੇ ਕਾਰਟੂਨ ਵੇਖ।"

"ਨਹੀਂ ਦਾਦੀ ਮਾਂ, ਅਸੀਂ ਅਮਰੀਕਾ ਵੀ ਟੀ. ਵੀ. ਵੇਖਦੇ ਹੀ ਸੌਂਦੇ ਹਾਂ। ਮੰਮੀ-ਪਾਪਾ ਕੋਲ ਮੇਰੇ ਲਈ ਬਿਲਕੁਲ ਵਕਤ ਨਹੀਂ। ਤੁਸੀਂ ਸਾਡੇ ਨਾਲ ਚੱਲੋ, ਫਿਰ ਮੈਂ ਰੋਜ਼ ਤੁਹਾਡੇ ਤੋਂ ਕਹਾਣੀ ਸੁਣਾਂਗੀ।"

ਉਸ ਦੇ ਨਿੱਕੇ ਮਿੱਠੇ ਬੋਲਾਂ ਵਿਚ ਕਿੰਨਾ ਤਰਲਾ ਸੀ। ਬੱਚੇ ਹੋਣ ਭਾਵੇਂ ਬਜੁਰਗ ਹਮੇਸ਼ਾ ਸਾਥ ਚਾਹੁੰਦੇ ਹਨ। ਸਾਡੇ ਗਵਾਂਢ ਬਜੁਰਗ ਰਹਿੰਦੇ ਨੇ। ਸਾਰਾ ਦਿਨ ਸਵੇਰ ਤੋਂ ਸ਼ਾਮ ਉਨ੍ਹਾਂ ਦਾ ਟੀ. ਵੀ. ਚਲਦਾ ਹੈ, ਗੁਰਬਾਣੀ ਤੋਂ ਲੈ ਕੇ ਲੜੀਵਾਰ ਨਾਟਕ-ਬਸ ਚਲਦਾ ਹੀ ਰਹਿੰਦਾ ਹੈ। ਪੁੱਛਣ 'ਤੇ ਕਹਿਣ ਲੱਗੇ, "ਟੀ. ਵੀ. ਲੱਗਾ ਹੋਵੇ ਤਾਂ ਮੈਨੂੰ ਲਗਦਾ ਹੈ, ਕੋਈ ਮੇਰੇ ਨਾਲ ਹੈ। ਮੈਂ ਇੱਕਲੀ ਨਹੀਂ। ਸਾਰਾ ਪਰਿਵਾਰ ਤਾਂ ਬਾਹਰ ਵਿਦੇਸ਼ ਹੈ। ਜੀਅ ਲਾਵਾਂ ਤਾਂ ਕੀਹਦੇ ਨਾਲ ਲਾਵਾਂ। ਤੁਰਿਆ ਤਕ ਤਾਂ ਜਾਂਦਾ ਨਹੀਂ।"

ਜੀਵਨ ਕਿੰਨਾ ਬੇਵੱਸ ਹੋ ਜਾਂਦਾ ਹੈ। ਦੇਸ਼ਾਂ ਦੀਆਂ ਦੂਰੀਆਂ ਕਿੰਨੀਆਂ ਘਟ ਗਈਆਂ ਨੇ, ਸੰਸਾਰ ਵਿਚ ਕਿਸੇ ਵੀ ਕੋਨੇ ਚਲੇ ਜਾਓ। ਪਰੰਤੂ ਰਿਸ਼ਤਿਆਂ ਦੀਆਂ ਦੂਰੀਆਂ ਕਿੰਨੀਆਂ ਵਧ ਗਈਆਂ ਨੇ। ਇਕ ਕਮਰੇ ਤੋਂ ਦੂਜੇ ਕਮਰੇ ਜਾਣ ਦਾ ਵੀ ਸਮਾਂ ਨਹੀਂ ਮਿਲਦਾ। ਟੀ. ਵੀ. ਆਦਿ ਨੂੰ ਜੀਵਨ 'ਤੇ ਇੰਨਾ ਹਾਵੀ ਨਾ ਹੋਣ ਦਿਓ ਕਿ ਆਪਣੇ ਹੀ ਗੁਆਚ ਜਾਣ, ਵਿਛੜ ਜਾਣ ਤੇ ਦਿਲ ਦੀਆਂ ਗੱਲਾਂ ਵੀ ਸਾਂਝੀਆਂ ਨਾ ਕਰ ਸਕਣ।

ਵਕਤ ਨਿਕਾਲ ਕਰ
ਮਿਲ ਲੀਆ ਕਰੋ ਅਪਨੋ ਸੇ,
ਅਗਰ ਅਪਨੇ ਹੀ ਨਾ ਰਹੇਂਗੇ
ਤੋ ਵਕਤ ਕਾ ਕਯਾ ਕਰੋਗੇ।

# ਵਫਾ ਨੂੰ ਪ੍ਰਣਾਈ ਮੁਹੱਬਤ: ਕੀਮਾ-ਮਲਕੀ

**ਲੋਕ-ਗਾਥਾ**

ਤਿੰਨ-ਚਾਰ ਦਹਾਕੇ ਪਹਿਲਾਂ ਤੱਕ ਪੰਜਾਬ ਦੇ ਪਿੰਡਾਂ ਵਿਚ ਮੰਗਣੇ, ਵਿਆਹ ਜਾਂ ਕਿਸੇ ਹੋਰ ਖੁਸ਼ੀ ਦੇ ਮੌਕੇ 'ਤੇ ਕੋਠਿਆਂ ਦੀਆਂ ਛੱਤਾਂ ਉਤੇ ਲਾਊਡ ਸਪੀਕਰ ਰੱਖ ਕੇ ਰਿਕਾਰਡ ਸੁਣਨ ਦਾ ਆਮ ਰਿਵਾਜ ਸੀ। ਕਈ-ਕਈ ਦਿਨ ਮਸ਼ੀਨੀ ਤਵਿਆਂ ਨੇ ਰੌਣਕਾਂ ਲਾਈ ਰੱਖਣੀਆਂ। ਜਦੋਂ 'ਗੜ੍ਹ ਮੁਗਲਾਣੇ ਦੀਆਂ ਨਾਰਾਂ ਪੀਂਘਾਂ ਝੂਟਦੀਆਂ' ਵਾਲਾ ਰਿਕਾਰਡ ਵੱਜਣਾ ਤਾਂ ਕੀਮਾ-ਮਲਕੀ ਦੀ ਮੁਹੱਬਤ ਨੇ ਸਰੋਤਿਆਂ ਦੇ ਦਿਲਾਂ ਵਿਚ ਅਨੂਠੀਆਂ ਤਰਬਾਂ ਛੇੜ ਦੇਣੀਆਂ ਅਤੇ ਵਫਾ ਦੀ ਸਾਖਸ਼ਾਤ ਮੂਰਤ ਸ਼ਿਦਕਵਾਨ ਮਲਕੀ ਦੇ ਹੁਸਨਾਂ ਭਰੇ ਚਿਹਰੇ ਨੇ ਸਰੋਤਿਆਂ ਦੇ ਮਨਾਂ ਦੀਆਂ ਅੱਖਾਂ ਅੱਗੇ ਆ ਸਾਕਾਰ ਰੂਪ ਧਾਰਨਾ।

ਮਲਕੀ ਸਿੰਧ ਇਲਾਕੇ ਦੇ ਪਿੰਡ ਗੜ੍ਹ ਮੁਗਲਾਣੇ ਦੇ ਖਾਂਦੇ-ਪੀਂਦੇ ਵੜੈਚ ਜੱਟ ਰਾਏ ਮੁਬਾਰਕ ਅਲੀ ਦੀ ਲਾਡਲੀ ਧੀ ਸੀ। ਉਸ ਦਾ ਬਾਪ ਪਿੰਡ ਦਾ ਚੌਧਰੀ ਤੇ ਨੰਬਰਦਾਰ ਸੀ ਅਤੇ ਉਹਦਾ ਚਾਚਾ ਦਰੀਆ ਅਕਬਰ ਬਾਦਸ਼ਾਹ ਦੇ ਰਾਜ ਦਰਬਾਰ ਵਿਚ



**ਸੁਖਦੇਵ ਮਾਦਪੁਰੀ**
ਫੋਨ: 91-94630-34472

ਸੂਬੇਦਾਰ ਸੀ। ਰਾਏ ਮੁਬਾਰਕ ਦੇ ਦੋ ਗੇਲੀਆਂ ਵਰਗੇ ਪੁੱਤਰ ਸਨ-ਅਖਤੂ ਤੇ ਬਖਤੂ। ਸਰਕਾਰੇ ਦਰਬਾਰੇ ਚੌਧਰੀ ਦੀ ਚੰਗੀ ਪੁੱਛ ਪ੍ਰਤੀਤ ਹੋਣ ਕਰਕੇ ਉਨ੍ਹਾਂ ਦਾ ਇਲਾਕੇ ਵਿਚ ਚੰਗਾ ਦਬਦਬਾ ਸੀ। ਘਰ ਵਿਚ ਕਿਸੇ ਵੀ ਕਿਸਮ ਦੀ ਤੋਟ ਨਹੀਂ ਸੀ, ਚਾਰੇ ਬੰਨੇ ਸੱਭੇ ਖੈਰਾਂ ਸਨ। ਦੋਨੋਂ ਪੁੱਤਰ ਵਿਆਹੇ ਹੋਏ ਸਨ। ਮਲਕੀ ਦੀ ਮਾਂ ਜਮਾਲੋ ਪਰਿਵਾਰਕ ਸੁੱਖ ਭੋਗ ਰਹੀ ਸੀ। ਉਸ ਨੂੰ ਕੇਵਲ ਇੱਕ ਗੱਲ ਦੀ ਚਿੰਤਾ ਸੀ, ਕੌੜੀ ਵੇਲ ਵਾਂਗ ਵੱਧ ਰਹੀ ਮਲਕੀ ਲਈ ਵਰ ਲੱਭਣ ਦੀ। ਮਲਕੀ 'ਤੇ ਆਏ ਦਿਨ ਲੋਹੜੇ ਦਾ ਰੂਪ ਚੜ੍ਹ ਰਿਹਾ ਸੀ ਤੇ ਉਸ ਦੇ ਹੁਸਨ ਦੀ ਚਰਚਾ ਸੱਥਾਂ ਵਿਚ ਹੋ ਰਹੀ ਸੀ।

ਜਮਾਲੋ ਮਲਕੀ ਦੇ ਹੁਸਨ ਨੂੰ ਵੇਖ-ਵੇਖ ਆਪਣੇ ਆਪ 'ਤੇ ਮਾਣ ਮਹਿਸੂਸ ਕਰ ਰਹੀ ਸੀ, ਜਿਸ ਨੇ ਅਜਿਹੀ ਹੁਸਨਾਂ ਭਰੀ ਧੀ ਨੂੰ ਜਨਮ ਦਿੱਤਾ ਸੀ, ਪਰ ਏਹੀ ਹੁਸਨ ਜਮਾਲੋ ਲਈ ਚਿੰਤਾ ਦਾ ਖਉ ਬਣਿਆ ਹੋਇਆ ਸੀ। ਉਸ ਦਾ ਬਾਪ ਸਭ ਕਾਸੇ ਤੋਂ ਬੇਨਿਆਜ਼ ਹੋ ਕੇ ਬੇਫਿਕਰ ਜ਼ਿੰਦਗੀ ਬਤੀਤ ਕਰ ਰਿਹਾ ਸੀ। ਉਹਦੀ ਧੀ ਜਵਾਨੀ ਦੀਆਂ ਬਰੂਹਾਂ 'ਤੇ ਆਣ ਖਲੋਤੀ ਸੀ, ਪਰ ਉਸ ਨੂੰ ਕੋਈ ਚਿੰਤਾ ਨਹੀਂ ਸੀ।

ਰਾਏ ਮੁਬਾਰਕ ਅਬੈੜੇ ਸੁਭਾਅ ਦਾ ਮਾਲਕ ਸੀ, ਜਿਸ ਕਰਕੇ ਜਮਾਲੋ ਉਹਦੇ ਨਾਲ ਮਲਕੀ ਬਾਰੇ ਕੋਈ ਗੱਲ ਕਰਨੋਂ ਝਿਜਕਦੀ ਸੀ। ਆਖਰ ਇੱਕ ਦਿਨ ਹਿੰਮਤ 'ਕੱਠੀ ਕਰਦਿਆਂ ਜਮਾਲੋ ਨੇ ਚੌਧਰੀ ਨੂੰ ਆਖਿਆ, "ਮਖਿਆ ਮਲਕੀ ਦੇ ਅੱਬਾ ਤੂੰ ਕਿਉਂ ਅੱਖਾਂ ਮੁੰਦੀ ਫਿਰਦੈਂ, ਤੇਰੇ ਬੂਹੇ 'ਤੇ ਕੋਠੇ ਜਿੱਡੀ ਧੀ ਬੈਠੀ ਐ, ਉਹਨੂੰ ਵਿਆਹੁਣ ਦਾ ਕੋਈ ਬੰਨ ਸੁਬ ਕਰ।"

ਰਾਏ ਮੁਬਾਰਕ ਸੱਚਮੁੱਚ ਹੀ ਮਲਕੀ ਵੱਲੋਂ ਅਵੇਸਲਾ ਹੋਇਆ ਬੈਠਾ ਸੀ, ਉਹਦੇ ਲਈ ਤਾਂ ਉਹ ਅਜੇ ਵੀ ਗੁੱਡੀਆਂ ਪਟੋਲਿਆਂ ਨਾਲ ਖੇਡਦੀ ਬੱਚੀ ਸੀ।

"ਭਾਗਵਾਨੇ! ਤੂੰ ਕਾਹਨੂੰ ਆਪਣਾ ਲਹੂ ਸਾੜਦੀ ਐਂ, ਮਲਕੀ ਦਾ ਚਾਚਾ ਦਰੀਆ ਹੈਗਾ, ਆਪੇ ਕੋਈ ਇਹਦੇ ਹਾਣ ਪਰਵਾਣ ਦਾ ਵਰ ਲੱਭ ਦੇਊ, ਭਲਕੇ ਚਿੱਠੀ ਲਿਖਦਾਂ ਉਹਨੂੰ।"

ਅਗਲੀ ਭਲਕ ਰਾਏ ਮੁਬਾਰਕ ਨੇ ਆਪਣੇ ਛੋਟੇ ਵੀਰ ਦਰੀਏ ਨੂੰ ਚਿੱਠੀ ਲਿਖ ਭੇਜੀ।

ਵੱਡੇ ਭਰਾ ਦੀ ਚਿੱਠੀ ਮਿਲਦਿਆਂ ਸਾਰ ਦਰੀਏ ਨੂੰ ਖੁਸ਼ੀਆਂ ਚੜ੍ਹ ਗਈਆਂ। ਰਾਜ ਦਰਬਾਰ ਦੀ ਨੌਕਰੀ ਕਰਦਿਆਂ ਉਹਦੇ ਅੰਦਰ ਖੁਦਗਰਜ਼ੀ ਦੇ ਅੰਸ਼ ਪ੍ਰਵੇਸ਼ ਕਰ ਚੁਕੇ ਸਨ। ਉਹ ਆਪਣੇ ਨਿੱਜੀ ਹਿੱਤਾਂ ਲਈ ਕੁਝ ਵੀ ਕਰ ਸਕਦਾ ਸੀ। ਪਰੀਆਂ ਵਰਗੀ ਉਸ ਦੀ ਹੁਸਨਾਂ ਭਰੀ ਭਤੀਜੀ ਮਲਕੀ ਉਹਦੇ ਲਈ ਇੱਕ ਅਜਿਹੀ ਗਿੱਦੜਸਿੰਗੀ ਸਾਬਤ ਹੋ ਸਕਦੀ ਸੀ, ਜਿਸ ਰਾਹੀਂ ਉਹ ਬਾਦਸ਼ਾਹ ਦੇ ਦਰਬਾਰ ਵਿਚ ਉਚ ਪਦਵੀ ਪ੍ਰਾਪਤ ਕਰ ਸਕਦਾ ਸੀ। ਹੁਸਨਪ੍ਰਸਤ ਅਕਬਰ ਕੱਚੀਆਂ ਕੈਲਾਂ ਦਾ ਰਸੀਆ ਸੀ। ਦਰੀਏ ਨੇ ਆਪਣੇ ਨਿੱਜੀ ਹਿੱਤਾਂ ਨੂੰ ਮੁੱਖ ਰੱਖਦਿਆਂ ਮਲੂਕੜੀ ਮਲਕੀ ਰਾਹੀਂ ਉਸ ਦੀ ਇਸ ਕਮਜ਼ੋਰੀ ਦਾ ਲਾਭ ਉਠਾਉਣ ਦਾ ਮਨ ਬਣਾ ਲਿਆ।

ਆਥਣ ਪਸਰ ਰਹੀ ਸੀ, ਜਦੋਂ ਦਰੀਆ ਗੜ੍ਹ ਮੁਗਲਾਣੇ ਪੁੱਜਾ। ਉਸ ਨੂੰ ਵੇਖ ਕੇ ਉਹਦੇ ਵੱਡੇ ਭਰਾ ਰਾਏ ਮੁਬਾਰਕ ਅਤੇ ਦੋਨੋਂ ਭਤੀਜਿਆਂ ਨੂੰ ਖੁਸ਼ੀਆਂ ਚੜ੍ਹ ਗਈਆਂ। ਆਂਢੀ-ਗੁਆਂਢੀ ਉਹਦੀ ਖਬਰ ਸਾਰ ਲੈਣ ਆਏ, ਘਰ ਦੀਆਂ ਜਨਾਨੀਆਂ ਰੋਟੀ ਟੁੱਕ ਦੇ ਆਹਰ ਵਿਚ ਰੁੱਝ ਗਈਆਂ। ਮੁਰਗ ਮੁਸੱਲਮ ਭੁੰਨੇ ਗਏ। ਦਰੀਏ ਅਤੇ ਮੁਬਾਰਕ ਨੇ ਬੋਤਲਾਂ ਦੇ ਡੱਟ ਖੋਲ੍ਹ ਲਏ। ਉਹਦੇ ਭਤੀਜੇ ਉਹਦੀ ਖਾਤਰਦਾਰੀ ਵਿਚ ਪੇਸ਼-ਪੇਸ਼ ਸਨ। ਭਾਬੀ ਜਮਾਲੋ ਦਾ ਚਾਅ ਝੱਲਿਆ ਨਹੀਂ ਸੀ ਜਾਂਦਾ, ਜੋ ਆਨੀ-ਬਹਾਨੀ ਦੋਹਾਂ ਭਰਾਵਾਂ ਦੀ ਗੱਲਬਾਤ ਸੁਣਨ ਦਾ ਯਤਨ ਕਰ ਰਹੀ ਸੀ।

ਅੰਨ-ਪਾਣੀ ਛਕਣ ਛਕਾਉਣ ਮਗਰੋਂ ਜਨਾਨੀਆਂ ਆਪਣੇ ਕਮਰਿਆਂ 'ਚ ਚਲੀਆਂ ਗਈਆਂ, ਦਰੀਆ ਤੇ ਮੁਬਾਰਕ ਮੰਜੀਆਂ 'ਤੇ ਲੰਮੇ ਪੈ ਗਏ। ਦਰੀਆ ਆਪਣੇ ਦਿਲ ਦੀ ਗੱਲ ਕਰਨ ਲਈ ਉਤਾਵਲਾ ਸੀ। ਆਖਰ ਉਹਨੇ ਗੱਲ ਤੋਰੀ, "ਬੜੇ ਭਾਈ ਜਾਗਦੈਂ? ਗੱਲ ਮੂੰਹੋਂ ਕੱਢਣੀ ਬੜੀ ਔਖੀ ਐ। ਚੰਗੇ ਰਿਸ਼ਤੇਦਾਰ ਲੱਭਣੇ ਕਿਹੜਾ ਖਾਲਾ ਜੀ ਦਾ ਵਾੜਾ ਏ। ਵਾਰ-ਵਾਰ ਤਾਂ ਰਿਸ਼ਤੇ ਲੱਭਦੇ ਨ੍ਹੀਂ, ਚੰਗੇ ਪਰਿਵਾਰ ਨਾਲ ਹੱਥ ਜੁੜ ਜਾਣ ਤਾਂ ਧੀ ਸੁਖਾਲੀ ਤੇ ਮਾਪੇ ਵੀ ਸੁਖਾਲੇ। ਬੜੇ ਭਾਈ! ਜੇ ਮੇਰੀ ਗੱਲ ਮੰਨੇਂ ਤਾਂ ਆਪਾਂ ਆਪਣੀ ਮਲਕੀ ਦਾ ਰਿਸ਼ਤਾ ਬਾਦਸ਼ਾਹ ਅਕਬਰ ਨਾਲ ਕਰ ਦਿੰਦੇ ਆਂ, ਉਹ ਮੇਰੇ ਤੋਂ ਬਾਹਰ ਨ੍ਹੀਂ। ਐਡੇ ਵੱਡੇ ਸਾਕ ਨਾਲ ਸਿਰ ਜੋੜਨ ਨਾਲ ਸਾਰੇ ਖਾਨਦਾਨ ਨੂੰ ਬਹੁਤ ਫਾਇਦੈ, ਨਾਲੇ ਮਲਕੀ ਰਾਜ ਕਰੂ, ਗੋਲੀਆਂ 'ਤੇ ਹੁਕਮ ਚਲਾਊ, ਨਾਲੇ ਆਪਾਂ ਸਰਦਾਰੀਆਂ ਭੋਗਾਂਗੇ।"

ਰਾਏ ਮੁਬਾਰਕ ਦੇ ਚਿੱਤ ਚੇਤੇ ਵੀ ਨਹੀਂ ਸੀ ਕਿ ਦਰੀਆ ਐਡੀ ਵੱਡੀ ਗੱਲ ਆਖ ਦੇਵੇਗਾ। ਉਹ ਇੱਕਦਮ ਅੱਗ ਦੇ ਭਬੂਕੇ ਵਾਂਗ ਉਠ ਕੇ ਬੈਠ ਗਿਆ ਤੇ ਆਪਣੇ ਆਪ ਨੂੰ ਮਸੀਂ ਕਾਬੂ ਕਰਦਿਆਂ ਬੋਲਿਆ, "ਛੋਟੇ ਵੀਰ ਤੂੰ ਇਹ ਗੱਲ ਕਿਵੇਂ ਸੋਚ ਲਈ? ਮੈਂ ਆਪਣੀ ਮਲੂਕ ਜਿਹੀ ਗੁੱਡੀਆਂ ਪਟੋਲਿਆਂ ਨਾਲ ਖੇਡਦੀ ਧੀ ਨੂੰ ਬੁੱਢੇ ਖੋਸੜ ਅਕਬਰ ਦੇ ਲੜ ਕਿਵੇਂ ਲਾ ਦਿਆਂ। ਇਹਦੇ ਨਾਲੋਂ ਤਾਂ ਉਹਨੂੰ ਕਿਸੇ ਖੂਹ ਖਾਤੇ 'ਚ ਧੱਕਾ ਦੇਣਾ ਬਿਹਤਰ ਐ।"

ਦਰੀਆ ਮੁਬਾਰਕ ਦੇ ਕੱਬੇ ਸੁਭਾਅ ਤੋਂ ਵਾਕਿਫ ਸੀ। ਉਹਨੇ ਚੁੱਪ ਰਹਿਣਾ ਹੀ ਬਿਹਤਰ ਸਮਝਿਆ। ਦੋਨੋਂ ਸਾਰੀ ਰਾਤ ਉਸਲਵੱਟੇ ਭੰਨਦੇ ਰਹੇ।

ਦਰੀਏ ਦੇ ਸਾਰੇ ਮਨਸੂਬੇ ਧਰੇ ਧਰਾਏ ਰਹਿ ਗਏ। ਉਹਨੂੰ ਰੋਸ ਸੀ ਕਿ ਉਹਦੇ ਵੱਡੇ ਭਰਾ ਨੇ ਉਸ ਦੀ ਗੱਲ ਨਹੀਂ ਸੀ ਮੰਨੀ। ਬਦਲੇ ਦੀ ਭਾਵਨਾ ਉਹਦੇ ਮਨ ਅੰਦਰ ਘਰ ਕਰ ਚੁਕੀ ਸੀ। ਉਹਨੂੰ ਰਾਜ ਦਰਬਾਰ ਦਾ ਨਸ਼ਾ ਸੀ, ਉਹਨੇ ਮਨ ਵਿਚ ਕਿਹਾ, "ਵੇਖਾਂਗਾ ਕਿਹੜਾ ਵੱਡਾ ਨਾਢੂ ਖਾਂ ਮਲਕੀ ਨੂੰ ਵਿਆਹ ਕੇ ਲੈ ਜਾਊ।"

ਉਹ ਅਗਲੀ ਸਵੇਰ ਬਿਨਾ ਕੁਝ ਖਾਧੇ ਪੀਤੇ ਗੁੱਸੇ ਨਾਲ ਭਰਿਆ ਪੀਤਾ ਦਿੱਲੀ ਨੂੰ ਰਵਾਨਾ ਹੋ ਗਿਆ।

ਦਰੀਏ ਦੇ ਵਤੀਰੇ ਨੇ ਰਾਏ ਮੁਬਾਰਕ ਦੇ ਪਰਿਵਾਰ ਵਿਚ ਸੋਗੀ ਮਾਹੌਲ ਪੈਦਾ ਕਰ ਦਿੱਤਾ। ਮੁਬਾਰਕ ਨੇ ਦਰੀਏ ਨਾਲ ਹੋਈ ਬੀਤੀ ਸਾਰੀ ਗੱਲਬਾਤ ਆਪਣੇ ਪਰਿਵਾਰ ਵਿਚ ਬੜੀ ਗੰਭੀਰਤਾ ਨਾਲ ਵਿਚਾਰੀ।

ਜਮਾਲੋ ਬੜੀ ਗੰਭੀਰਤਾ ਨਾਲ ਮਲਕੀ ਦਾ ਵਿਆਹ ਛੇਤੀ ਕਰਨ ਬਾਰੇ ਆਖ ਰਹੀ ਸੀ। "ਬਾਦਸ਼ਾਹ ਦਾ ਕੀ ਐ, ਮਤੇ ਦਰੀਏ ਦੇ ਕਹੇ ਤੇ ਮਲਕੀ ਨੂੰ ਜ਼ੋਰੀਂ ਪਰਨਾ ਕੇ ਲੈ ਜਾਵੇ।"

ਜਮਾਲੋ ਦੀ ਵੱਡੀ ਭੈਣ ਲਾਲੋ ਤਖਤ ਹਜ਼ਾਰੇ ਦੇ ਚੌਧਰੀ ਮੌਜੂ ਦੇ ਵੱਡੇ ਪੁੱਤਰ ਜਾਨੀ ਚੌਧਰੀ ਨਾਲ ਵਿਆਹੀ ਹੋਈ ਸੀ। ਲਾਲੋ ਦੇ ਪਹਿਲੇ ਜਣੇਪੇ ਸਮੇਂ ਜਦੋਂ ਕੀਮੇ ਦਾ ਜਨਮ ਹੋਇਆ, ਜਮਾਲੋ ਤਖਤ ਹਜ਼ਾਰੇ ਆਈ ਹੋਈ ਸੀ। ਮੁੰਡੇ ਦੇ ਮਸਤਕ ਨੂੰ ਵੇਖ ਜਮਾਲੋ ਨੇ ਆਪਣੇ ਮਨ ਨਾਲ ਫੈਸਲਾ ਕਰ ਲਿਆ ਕਿ ਜੇ ਪਾਕਿ ਰਸੂਲ ਨੇ ਚਾਹਿਆ ਤਾਂ ਉਹ ਆਪਣੀ ਧੀ ਦਾ ਲੜ ਆਪਣੀ ਭੈਣ ਨੂੰ ਫੜਾ ਕੇ ਦੋਹਾਂ ਪਰਿਵਾਰਾਂ ਨੂੰ ਪੱਕੇ ਤੌਰ 'ਤੇ 'ਕੱਠਿਆਂ ਕਰ ਦੇਵੇਗੀ। ਉਦੋਂ ਉਹ ਹਾਮਲਾ ਸੀ ਤੇ ਦਿਨ ਪਾ ਕੇ ਮਲਕੀ ਨੇ ਜਨਮ ਲਿਆ ਸੀ। ਉਹਨੇ ਆਪਣੇ ਮਨ ਦੀ ਗੱਲ ਕਦੇ ਕਿਸੇ ਹੋਰ ਨਾਲ ਸਾਂਝੀ ਨਾ ਕੀਤੀ।

ਜਮਾਲੋ ਨੇ ਮਹਿਸੂਸ ਕੀਤਾ ਕਿ ਆਪਣੇ ਮਨ ਦੀ ਭਾਵਨਾ ਨੂੰ ਪੂਰੀ ਕਰਨ ਦਾ ਸਹੀ ਮੌਕਾ ਆ ਗਿਆ ਹੈ। ਉਹਨੇ ਸੋਚਿਆ ਕਿਉਂ ਨਾ ਹੁਣ ਉਹ ਮਲਕੀ ਦਾ ਰਿਸ਼ਤਾ ਕੀਮੇ ਨਾਲ ਕਰਨ ਦੀ ਸਲਾਹ ਰਾਏ ਮੁਬਾਰਕ ਨੂੰ ਦੇਵੇ। ਉਹਨੇ ਰਾਏ ਮੁਬਾਰਕ ਨਾਲ ਗੱਲ ਤੋਰੀ, ਉਹ ਪਹਿਲਾਂ ਹੀ ਤਿਆਰ ਸੀ, ਤਖਤ ਹਜ਼ਾਰੇ ਦੇ ਚੌਧਰੀ ਮੌਜੂ ਦੇ ਦੋਨੋਂ ਪਰਿਵਾਰ ਮਿਲ ਕੇ ਜ਼ਿਹਲਮ ਤੋਂ ਸਿੰਧ ਤੱਕ ਸਰਦਾਰੀਆਂ ਕਰਨਗੇ, ਇੱਕਠੇ ਸ਼ਿਕਾਰ ਖੇਡਣਗੇ, ਕਿਹੜਾ ਉਨ੍ਹਾਂ ਅੱਗੇ ਕੁਸਕੇਗਾ। ਕੀਮਾ ਮਲਕੀ ਦੇ ਹਾਣ ਦਾ ਛੈਲ ਛਬੀਲਾ ਗੱਭਰੂ ਸੀ। ਦੋਹਾਂ ਪਰਿਵਾਰਾਂ ਨੇ ਖਿੜੇ ਮੱਥੇ ਇਹ ਰਿਸ਼ਤੇ ਪਰਵਾਨ ਕਰ ਲਏ ਤੇ ਨਿਕਾਹ ਦਾ ਦਿਨ ਧਰ ਦਿੱਤਾ।

ਕੀਮਾ ਮੁਕਲਾਵਾ ਲੈਣ ਲਈ ਘੋੜੇ 'ਤੇ ਅਸਵਾਰ ਹੋ ਗੜ੍ਹ ਮੁਗਲਾਣੇ ਪੁੱਜ ਗਿਆ। ਉਹਦਾ ਸ਼ਗਨਾਂ ਨਾਲ ਸੁਆਗਤ ਕੀਤਾ ਗਿਆ।

ਕੀਮੇ ਨੂੰ ਕੀ ਪਤਾ ਸੀ ਕਿ ਹੋਣੀ ਉਹਦੇ ਲਈ ਖੁਸ਼ੀਆਂ ਦੀ ਥਾਂ ਗਰਮੀਆਂ ਲਈ ਖੜੋਤੀ ਹੈ। ਰਾਏ ਮੁਬਾਰਕ ਨੇ ਆਪਣੇ ਛੋਟੇ ਭਰਾ ਦਰੀਏ ਨੂੰ ਰਿਸ਼ਤੇਦਾਰਾਂ ਦੇ ਕਹਿਣ 'ਤੇ ਆਪਣੀ ਭਤੀਜੀ ਦੇ ਮੁਕਲਾਵੇ 'ਚ ਸ਼ਾਮਲ ਹੋਣ ਲਈ ਸੱਦਾ ਭੇਜ ਦਿੱਤਾ ਸੀ। ਉਹ ਨਹੀਂ ਸੀ ਜਾਣਦਾ ਕਿ ਦਰੀਆ ਅੱਗ ਦੀ ਨਾਲ ਬਣਿਆ ਅਜੇ ਤੱਕ ਠੰਢਾ ਨਹੀਂ ਸੀ ਹੋਇਆ, ਉਹਨੇ ਤਾਂ ਸਗੋਂ ਵੈਰੀ ਦਾ ਰੂਪ ਧਾਰ ਲਿਆ ਸੀ।

ਸਰਕਾਰੀ ਦਹਿਸ਼ਤਗਰਦੀ ਦੀ ਹੱਦ ਸੀ ਇਹ। ਦਰੀਏ ਨੇ ਕੁਮਕ ਲੈ ਕੇ ਏਸ ਤਰ੍ਹਾਂ ਚੜ੍ਹਾਈ ਕੀਤੀ ਸੀ ਜਿਵੇਂ ਕਿਸੇ ਸ਼ਾਹੀ ਬਾਗੀ ਨੂੰ ਗ੍ਰਿਫਤਾਰ ਕਰਨ ਜਾਣਾ ਹੋਵੇ। ਇਸ ਤੋਂ ਵੱਧ ਕੇ ਕਮੀਨਗੀ ਕੀ ਹੋ ਸਕਦੀ ਸੀ, ਦਰੀਏ ਨੇ ਆਪਣੇ ਮਕਸਦ ਲਈ ਸਰਕਾਰੀ ਦਬਾਅ ਦਾ ਇੱਕ ਹੋਰ ਹੱਥਕੰਡਾ ਵਰਤਿਆ ਕਿ ਸ਼ਾਇਦ ਡਰ ਦੇ ਮਾਰੇ ਮੁਬਾਰਕ ਹੋਰੀਂ ਮਲਕੀ ਨੂੰ ਬਾਦਸ਼ਾਹ ਅਕਬਰ ਦੇ ਹਰਮ ਵਿਚ ਭੇਜਣ ਲਈ ਰਾਜ਼ੀ ਹੋ ਜਾਣ। ਦਰੀਆ ਭਰਾ ਦੇ ਰਿਸ਼ਤੇ ਨੂੰ ਭੁੱਲ ਕੇ ਨਵਾਬੀ ਦਾ ਰੋਅਬ ਝਾੜ ਰਿਹਾ ਸੀ:

ਦਰੀਆ ਆਖਦਾ ਦੇਖ ਮੁਬਾਰਕਾ ਓਏ,
ਮੇਰੇ ਹੁਕਮ ਨੂੰ ਕਿਸੇ ਪਰਤਾਵਣ ਨਹੀਂ।
ਤੇਰੀ ਮਲਕੀ ਨੂੰ ਅਕਬਰ ਦੇ ਘਰ ਦੇਣਾ,
ਕੀਮੇ ਜੱਟ ਦੇ ਨਾਲ ਘਲਾਵਣਾ ਨਹੀਂ।
ਸਾਰਾ ਕੋੜਮਾ ਦਿੱਲੀ ਨੂੰ ਬੰਨ੍ਹ ਖੜਨਾ,
ਕਿਸੇ ਰਾਹ ਦੇ ਵਿਚ ਅਟਕਾਵਣਾ ਨਹੀਂ।
ਆ ਮੰਨ ਕਹਿਣਾ ਮੇਰੇ ਲੱਗ ਆਖੇ,
ਵੇਲਾ ਬੀਤਿਆ ਫੇਰ ਥਿਆਵਣਾ ਨਹੀਂ।
(ਬਖਸੀ ਈਸਾਈ)

ਦਰੀਏ ਦਾ ਇਹ ਹੱਥਕੰਡਾ ਵੀ ਕਾਰਗਰ ਸਾਬਤ ਨਾ ਹੋਇਆ। ਰਾਏ ਮੁਬਾਰਕ ਆਪਣੀ ਅੜੀ 'ਤੇ ਅੜਿਆ ਹੋਇਆ ਸੀ। ਉਹਨੂੰ ਆਪਣੀ ਇੱਜਤ ਪਿਆਰੀ ਸੀ, ਆਪਣੇ ਪਰਿਵਾਰ ਦੀ ਮਾਣ ਮਰਿਆਦਾ ਲਈ ਉਹ ਅਜਿਹੀਆਂ ਸੈਂਕੜੇ ਮੌਤਾਂ ਮਰਨ ਲਈ ਤਿਆਰ ਸੀ। ਉਹਨੇ ਦਰੀਏ ਨੂੰ ਲਲਕਾਰ ਕੇ ਆਖਿਆ, "ਕਮੀਨਿਆ, ਮਲਕੀ ਦਾ ਕੀਮੇ ਨਾਲ ਨਿਕਾਹ ਹੋ ਚੁੱਕੈ, ਉਹ ਹੁਣ ਉਹਦੀ ਐ, ਉਹਦੇ ਘਰ ਹੀ ਵੱਸੇਗੀ। ਇਹਦੇ ਤੋਂ ਮੈਂ ਸੈਆਂ ਬਾਦਸ਼ਾਹ ਵਾਰ ਸਕਦਾਂ...।"

ਦਰੀਏ ਦੇ ਪੈਰਾਂ ਥੱਲੇ ਜਿਵੇਂ ਅੰਗਿਆਰ ਮੱਚ ਰਹੇ ਸਨ। ਉਹ ਗੇੜੇ 'ਤੇ ਗੇੜਾ ਕੱਢ ਰਿਹਾ ਸੀ। ਉਸ ਦੀ ਆਤਮਾ ਉਸ ਨੂੰ ਲਾਹਨਤਾਂ ਵੀ ਪਾ ਰਹੀ ਸੀ ਪਰ ਜਦੋਂ ਬੰਦਾ ਆਪਣੇ-ਆਪ ਤੋਂ ਡਿੱਗ ਪਵੇ ਉਹ ਆਪਣੇ ਪਰਾਏ ਦੀ ਪਛਾਣ ਭੁੱਲ ਜਾਂਦੈ। ਆਪਣੀਆਂ ਧੀਆਂ ਵਰਗੀ ਭਤੀਜੀ 'ਤੇ ਜ਼ੁਲਮ ਕਰਦਿਆਂ ਉਸ ਨੂੰ ਭੋਰਾ ਵੀ ਸ਼ਰਮ ਨਹੀਂ ਸੀ ਮਹਿਸੂਸ ਹੋ ਰਹੀ। ਨਾ ਹੀ ਕਿਸੇ ਕਿਸਮ ਦਾ ਅਫਸੋਸ ਤੋਂ ਰਿਹਾ ਸੀ। ਸਰਕਾਰੀ ਅਫਸਰਸ਼ਾਹੀ ਤੇ ਰਾਜ ਦਰਬਾਰ ਦੇ ਰੋਅਬ ਨੇ ਉਹਦਾ ਸਿਰ ਫੇਰ ਦਿੱਤਾ ਸੀ।

ਰਾਏ ਮੁਬਾਰਕ, ਉਹਦੇ ਦੋਹਾਂ ਪੁੱਤਰਾਂ ਅਤੇ ਕੀਮੇ ਦੀਆਂ ਮੁਸ਼ਕਾਂ ਬੰਨ੍ਹ ਕੇ ਦਰੀਆ ਕਾਫਲੇ ਦੇ ਰੂਪ ਵਿਚ ਦਿੱਲੀ ਨੂੰ ਰਵਾਨਾ ਹੋ ਗਿਆ। 'ਕੱਲੇ-'ਕੱਲੇ ਕੈਦੀ ਦੀ ਕਈ-ਕਈ ਸਿਪਾਹੀ ਨਿਗਰਾਨੀ ਕਰ ਰਹੇ ਸਨ। ਉਨ੍ਹੀਂ ਦਿਨੀਂ ਪੈਦਲ ਹੀ ਜਾਣਾ-ਆਉਣਾ ਪੈਂਦਾ ਸੀ, ਅਫਸਰਸ਼ਾਹੀ ਘੋੜਿਆਂ, ਊਠਾਂ 'ਤੇ ਸਫਰ ਕਰਦੀ ਸੀ। ਬੜਾ ਲੰਬਾ ਤੇ ਬਿਖੜਾ ਪੈਂਡਾ ਸੀ ਇਹ ਜੋਖਮ ਭਰਿਆ।

ਮਲਕੀ ਲਈ ਤਾਂ ਜਾਣੀ ਸਾਰਾ ਸੰਸਾਰ ਹੀ ਸੁੰਨਾ ਹੋ ਗਿਆ ਸੀ, ਉਹਦਾ ਸੱਭੋ ਕੁਝ ਉਜੜ ਚੁਕਾ ਸੀ, ਸਿਰ ਦਾ ਸਾਈਂ ਕੀਮਾ, ਬਾਪ ਤੇ ਭਰਾ ਕੈਦੀ ਬਣਾ ਕੇ ਦਿੱਲੀ ਨੂੰ ਲਜਾਏ ਜਾ ਰਹੇ ਸਨ। ਉਹਦੀਆਂ ਅੱਖਾਂ ਅੱਗੇ ਹਨੇਰਾ ਛਾ ਗਿਆ। ਉਸ ਨੂੰ ਕੁਝ ਵੀ ਅਹੁੜ ਨਹੀਂ ਸੀ ਰਿਹਾ, ਕਰੇ ਤਾਂ ਕੀ ਕਰੇ? ਕਿਹੜੀ ਬਣਤ ਬਣਾਵੇ ਜਿਸ ਨਾਲ ਸਾਰੇ ਜਣੇ ਛੁੱਟ ਜਾਣ।

ਜਦੋਂ ਚਾਰੇ ਬੰਨੇ ਦੁੱਖਾਂ ਦਾ ਪਹਾੜ ਟੁੱਟਿਆ ਹੋਵੇ ਤਾਂ ਕਈ ਵਾਰ ਮਨੁੱਖ ਦੀਆਂ ਅੰਦਰੂਨੀ ਸ਼ਕਤੀਆਂ ਉਸ ਦਾ ਸਾਥ ਦਿੰਦੀਆਂ ਹਨ, ਆਤਮ ਵਿਸ਼ਵਾਸ ਅਜਿਹੀ ਸ਼ਕਤੀ ਹੈ, ਜੋ ਮਨੁੱਖ ਨੂੰ ਕਦੀ ਡੋਲਣ ਨਹੀਂ ਦਿੰਦੀ।

ਮਲਕੀ ਜਿੰਨੀ ਸਰੀਰਕ ਤੌਰ 'ਤੇ ਨਰੋਈ ਸੀ, ਉਨੀ ਹੀ ਅੰਦਰੋਂ ਮਜਬੂਤ ਸੀ, ਇਰਾਦੇ ਦੀ ਪੱਕੀ। ਉਹਨੇ ਆਪਣੇ ਮਨ ਨਾਲ ਪੱਕਾ ਫੈਸਲਾ ਕਰ ਲਿਆ ਕਿ ਉਹ ਅਦਲੀ ਰਾਜੇ ਅਕਬਰ ਦੇ ਦਰਬਾਰ ਵਿਚ ਜਾ ਕੇ ਫਰਿਆਦ ਕਰੇਗੀ।

ਮਲਕੀ ਨੇ ਗੇਰੂਏ ਬਸਤਰ ਪਹਿਨ ਕੇ ਸਾਧਣੀ ਦਾ ਰੂਪ ਧਾਰ ਲਿਆ। ਮੂੰਹ 'ਤੇ ਭਬੂਤੀ ਮਲ ਲਈ। ਗਲ ਵਿਚ ਮਾਲਾ, ਮੋਢੇ ਤੇ ਬਗਲੀ ਹੱਥ ਵਿਚ ਕਾਸਾ ਫੜ ਕੇ ਉਹ ਦਿੱਲੀ ਨੂੰ ਤੁਰ ਪਈ। ਜਿੱਧਰ ਜਿੱਧਰ ਦਰੀਏ ਦਾ ਕਾਫਲਾ ਜਾ ਰਿਹਾ ਸੀ, ਓਧਰ ਓਧਰ ਉਨ੍ਹਾਂ ਦੀ ਪੈੜ ਦੱਬਦੀ ਉਨ੍ਹਾਂ ਦੇ ਪਿੱਛੇ ਤੁਰੀ ਜਾ ਰਹੀ ਸੀ। ਸੈਂਕੜੇ ਕੋਹਾਂ ਦਾ ਲੰਬਾ ਤੇ ਬਿਖੜਾ ਪੈਂਡਾ... ਬੇਗਾਨੇ ਲੋਕ ਬੇਗਾਨੀ ਧਰਤੀ...ਪੈਰਾਂ 'ਚ ਬਿਆਈਆਂ ਪਾਟ ਗਈਆਂ, ਮਲੂਕੜੇ ਪੈਰਾਂ 'ਚੋਂ ਲਹੂ ਸਿਮ-ਸਿਮ ਜਾ ਰਿਹਾ ਸੀ ਪਰ ਉਸ ਦੇ ਆਤਮ ਵਿਸ਼ਵਾਸ ਨੇ ਉਹਨੂੰ ਥਿੜਕਣ ਨਾ ਦਿੱਤਾ। ਰਾਹ ਦੀਆਂ ਦੁਸ਼ਵਾਰੀਆਂ ਨੂੰ ਉਹ ਖਿੜੇ ਮੱਥੇ ਸਰ ਕਰ ਰਹੀ ਸੀ, ਉਹਦਾ ਨੂਰਾਹੀ ਚਿਹਰਾ ਦਗ-ਦਗ ਪਿਆ ਕਰਦਾ ਸੀ।

ਵਾਟਾਂ ਕੱਛਦਾ ਦਰੀਏ ਦਾ ਕਾਫਲਾ ਕੁਰੂਕਸ਼ੇਤਰ ਦੀ ਧਰਤੀ 'ਤੇ ਥਾਨੇਸਰ ਦੇ ਪੜਾਅ 'ਤੇ ਜਾ ਪੁੱਜਾ। ਮਲਕੀ ਵੀ ਮਗਰੇ ਪਹੁੰਚ ਗਈ। ਉਹਨੇ ਭਿੱਖਿਆ ਮੰਗਣ ਲਈ ਇੱਕ ਮਹਿਲ ਅੱਗੇ ਜਾ ਅਲਖ ਜਗਾਈ। ਦੇਵਨੇਤ ਇਹ ਮਹਿਲ ਅਕਬਰ ਦੀ ਰਾਜਪੂਤ ਰਾਣੀ ਦੀ ਧੀ ਜਮਨਾ ਦਾ ਸੀ। ਭਿੱਖਿਆ ਪਾਉਣ ਆਈ ਜਮਨਾ ਦੀ ਗੋਲੀ ਭਰ ਜੋਬਨ ਮੁਟਿਆਰ ਜੋਗਣ ਦਾ ਦਰਦ ਮਹਿਸੂਸ ਕਰਦਿਆਂ ਮਲਕੀ ਨੂੰ ਆਪਣੀ ਰਾਣੀ ਜਮਨਾ ਦੇ ਕੋਲ ਲੈ ਗਈ।

ਮਲਕੀ ਦੀ ਸੂਰਤ ਵੇਖ ਜਮਨਾ ਦੇ ਮਨ ਵਿਚ ਸੁੱਤੀ ਵੇਦਨਾ ਜਾਗ ਪਈ, ਉਹਨੂੰ ਇੰਜ ਜਾਪਿਆ ਜਿਵੇਂ ਉਹ ਉਹਦੀ ਨਿੱਕੀ ਭੈਣ ਹੋਵੇ ਦੁੱਖਾਂ ਨਾਲ ਭਰੀ ਹੋਈ, ਤਰਸ ਭਰੀਆਂ ਨਜ਼ਰਾਂ ਨਾਲ ਨਿਹਾਰਦੀ ਜਮਨਾ ਨੇ ਉਹਨੂੰ ਆਪਣੀ ਵੇਦਨਾ ਸੁਣਾਉਣ ਲਈ ਆਖਿਆ। ਮਲਕੀ ਨੇ ਬਿਨਾ ਕਿਸੇ ਸੰਕੋਚ ਤੋਂ ਵਿੱਥਿਆ ਸੁਣਾ ਦਿੱਤੀ ਤੇ ਇਹ ਵੀ ਦੱਸ ਦਿੱਤਾ ਕਿ ਉਹਦਾ ਚਾਚਾ ਦਰੀਆ ਉਸ ਨੂੰ ਬਾਦਸ਼ਾਹ ਅਕਬਰ ਨਾਲ ਪ੍ਰਣਾਉਣਾ ਚਾਹੁੰਦਾ ਹੈ, ਜਿਸ ਕਰਕੇ ਉਹ ਉਹਦੇ ਬਾਪ, ਭਰਾਵਾਂ ਅਤੇ ਉਹਦੇ ਪਤੀ ਨੂੰ ਬੰਦੀ ਬਣਾ ਕੇ ਲਿਆਇਆ ਹੈ।

ਜਮਨਾ ਆਪਣੇ ਬੁੱਢੇ ਬਾਪ ਦੇ ਸ਼ੌਕਾਂ ਤੋਂ ਚੰਗੀ ਤਰ੍ਹਾਂ ਜਾਣੂੰ ਸੀ। ਸ਼ਹਿਜ਼ਾਦਾ ਸਲੀਮ ਦੀ ਮਹਿਬੂਬਾ ਅਨਾਰਕਲੀ ਨੂੰ ਅਕਬਰ ਨੇ ਇਸ ਲਈ ਮਰਵਾ ਦਿੱਤਾ ਸੀ ਕਿ ਉਹ ਉਸ ਦੀ ਰਖੇਲ ਨਹੀਂ ਸੀ ਬਣੀ। ਜਮਨਾ ਆਪਣੀ ਬੁੱਢੀ ਮਾਂ ਲਈ ਨਵੀਂ ਸੌਂਕਣ ਕਿਵੇਂ ਬਰਦਾਸ਼ਤ ਕਰ ਸਕਦੀ ਸੀ। ਦਰੀਏ ਦੀ ਇਹ ਕਰਤੂਤ ਸੁਣ ਕੇ ਉਹ ਗੁੱਸੇ ਨਾਲ ਲਾਲ ਪੀਲੀ ਹੋ ਗਈ ਤੇ ਦਰੀਏ ਨੂੰ ਤੁਰੰਤ ਆਪਣੇ ਮਹਿਲੀਂ ਬੁਲਾ ਕੇ ਬੰਦੀਆਂ ਨੂੰ ਰਿਹਾ ਕਰਨ ਦਾ ਹੁਕਮ ਸੁਣਾ ਦਿੱਤਾ। ਮਲਕੀ ਨੂੰ ਉਸ ਨੇ ਆਪਣੇ ਕੋਲ ਹੀ ਰੱਖ ਲਿਆ ਤੇ ਵਿਸ਼ਵਾਸ ਦਵਾਇਆ ਕਿ ਉਸ ਨੂੰ ਬਾਦਸ਼ਾਹ ਅਕਬਰ ਵੱਲੋਂ ਪੂਰਾ ਇਨਸਾਫ ਮਿਲੇਗਾ।

ਦਰੀਏ ਦਾ ਨਿਸ਼ਾਨਾ ਤਾਂ ਅਕਬਰ ਦੇ ਦਰਬਾਰ ਵਿਚ ਉਚਾ ਅਹੁਦਾ ਹਾਸਲ ਕਰਨ ਦਾ ਸੀ, ਉਹਦੇ ਲਈ ਅਕਬਰ ਦੀਆਂ ਨਜ਼ਰਾਂ ਵਿਚ ਬਾਗੀ ਦਰਸਾਏ ਗਏ ਬੰਦੀਆਂ ਲਈ ਉਹਦੀ ਧੀ ਦਾ ਹੁਕਮ ਮੰਨਣਾ ਜਰੂਰੀ ਨਹੀਂ ਸੀ। ਇਸ ਲਈ ਉਹ ਰਾਤੋ ਰਾਤ ਅਗਾਂਹ ਤੁਰ ਗਏ।

ਅਗਲੀ ਸਵੇਰ ਜਮਨਾ ਨੂੰ ਕੈਦੀ ਅਗਾਂਹ ਤੋਰੇ ਜਾਣ ਦੀ ਖਬਰ ਮਿਲ ਗਈ। ਉਹਦਾ ਗੁੱਸਾ ਹੋਰ ਪ੍ਰਚੰਡ ਹੋ ਗਿਆ, ਉਹਨੇ ਦਰੀਏ ਨੂੰ ਉਹਦੀ ਕਮੀਨਗੀ ਅਤੇ ਉਹਦਾ ਹੁਕਮ ਨਾ ਮੰਨਣ ਦਾ ਮਜ਼ਾ ਚਖਾਉਣ ਦਾ ਫੈਸਲਾ ਕਰ ਲਿਆ। ਉਹਨੇ ਮਲਕੀ ਦਾ ਫਕੀਰੀ ਭੇਸ ਉਤਰਵਾ ਦਿੱਤਾ ਤੇ ਨਵੇਂ ਨਕੋਰ ਵਸਤਰ ਪਹਿਨਾ ਕੇ ਆਪਣੇ ਨਾਲ ਦਿੱਲੀ ਨੂੰ ਲੈ ਕੇ ਤੁਰ ਪਈ।

ਜਮਨਾ ਸਿੱਧੀ ਆਪਣੀ ਮਾਂ ਦੇ ਮਹਿਲ ਵਿਚ ਗਈ। ਉਸ ਨੂੰ ਦਰੀਏ ਦੀ ਕਮੀਨਗੀ ਭਰੀ ਸਾਜਿਸ਼ ਬਾਰੇ ਦੱਸਿਆ। ਰਾਣੀ ਇਹ ਸੁਣ ਕੇ ਸਿਰ ਤੋਂ ਪੈਰਾ ਤੱਕ ਝੰਜੋੜੀ ਗਈ। ਆਪਣੀ ਧੀ ਤੋਂ ਵੀ ਘੱਟ ਉਮਰ ਦੀ ਮਲਕੀ ਨੂੰ ਆਪਣੀ ਸੌਂਕਣ ਦੇ ਰੂਪ ਵਿਚ ਚਿਤਵ ਕੇ ਉਹ ਕੰਬ ਗਈ।

ਹਨੇਰਾ ਗੂੜ੍ਹਾ ਹੋਇਆ। ਬਾਦਸ਼ਾਹ ਅਕਬਰ ਆਪਣੇ ਦਰਬਾਰ ਵਿਚੋਂ ਵਿਹਲਾ ਹੋ ਕੇ ਆਪਣੀ ਮਨਮੋਹਣੀ ਰਾਣੀ ਦੇ ਮਹਿਲ ਵਿਚ ਆਇਆ ਤਾਂ ਸਾਰੇ ਦੀਵੇ ਗੁੱਲ ਹੋਏ ਪਏ ਸਨ ਤੇ ਰਾਣੀ ਖਣਪੱਟੀ ਲਈ ਪਈ ਸੀ। ਅੱਜ ਪਹਿਲੀ ਵਾਰ ਸੀ ਜਦੋਂ ਰਾਣੀ ਨੇ ਉਸ ਨਾਲ ਅਜਿਹਾ ਵਰਤਾਓ ਕੀਤਾ ਸੀ। ਉਸ ਕੋਲੋਂ ਕਿਹੜੀ ਅਵੱਗਿਆ ਹੋ ਗਈ ਕਿ ਰਾਣੀ ਨੇ ਮੂੰਹ ਸੁਜਾਇਆ ਹੋਇਆ ਹੈ। ਰਾਜੇ ਨੇ ਸੋਚਿਆ ਤੇ ਰਾਣੀ ਦੀ ਠੋਡੀ ਫੜ ਕੇ ਉਹਦਾ ਮੂੰਹ ਉਤਾਂਹ ਚੁੱਕਿਆ।

ਰਾਜੇ ਨੇ ਵੇਖਿਆ ਰਾਣੀ ਦੀਆਂ ਅੱਖਾਂ ਵਿਚੋਂ ਤ੍ਰਿਪ-ਤ੍ਰਿਪ ਹੰਝੂ ਡਿਗ ਰਹੇ ਸਨ। ਹੰਝੂ ਤਾਂ ਪੱਥਰ ਦਿਲਾਂ ਨੂੰ ਵੀ ਪਿਘਲਾ ਦਿੰਦੇ ਨੇ, ਅਕਬਰ ਕੀਹਦੇ ਪਾਣੀਹਾਰ ਸੀ! ਉਹਨੇ ਝੱਟ ਦੇਣੇ ਰਾਣੀ ਨੂੰ ਆਪਣੀ ਬੁੱਕਲ 'ਚ ਘੁਟਦਿਆਂ ਕਿਹਾ, "ਮੇਰੀ ਜਾਨ, ਕੋਈ ਗੱਲ ਵੀ ਤਾਂ ਦੱਸੋ ਕਿਹੜੀ ਗੱਲੋਂ ਸੋਹਣਿਆਂ ਨੇ ਅੱਖਾਂ ਸਜਾਈਆਂ ਨੇ।"

"ਰਾਜਨ।" ਰਾਣੀ ਗਲਾ ਸਾਫ ਕਰਦਿਆਂ ਬੋਲੀ, "ਤੁਸੀਂ ਤੇ ਅਦਲੀ ਰਾਜਾ ਅਖਵਾਂਦੇ ਓ, ਤੁਹਾਡੇ ਇਨਸਾਫ ਦੀਆਂ ਧੁੰਮਾਂ ਚਾਰੇ ਜਗ ਰੌਸ਼ਨ ਨੇ, ਮੇਰੇ ਪਾਸੋਂ ਕਿਹੜੀ ਖੁਨਾਮੀ ਹੋ ਗਈ ਹੈ, ਜੋ ਤੁਸੀਂ ਇੱਕ ਨਵੀਂ ਸੌਂਕਣ ਲਿਆ ਕੇ ਮੈਨੂੰ ਸਜ਼ਾ ਦੇ ਰਹੇ ਹੋ।"

"ਰਾਣੀ ਕੀ ਬੁਝਾਰਤਾਂ ਪਾ ਰਹੀ ਏਂ, ਸਾਫ ਗੱਲ ਕਰ।"

ਰਾਣੀ ਅਕਬਰ ਦੀ ਨਬਜ ਖੂਬ ਪਛਾਣਦੀ ਸੀ। ਉਹ ਉਹਦੇ ਪੂਰੇ ਪ੍ਰਭਾਵ ਥੱਲੇ ਸੀ। ਬੋਲੀ, "ਰਾਜਨ ਮੈਂ ਰਾਜਪੂਤ ਜੱਟਾਂ ਦੀ ਧੀ ਆਂ। ਤੁਸੀਂ ਸ਼ਾਇਦ ਇਹ ਨਹੀਂ ਜਾਣਦੇ ਜੱਟ ਜ਼ਿਮੀਦਾਰ ਜ਼ਾਇਦਾਦ ਪਿੱਛੋਂ ਆਪਣੇ ਸਕੇ ਭਰਾਵਾਂ ਨੂੰ ਵੱਢਣ ਲੱਗੇ ਭੋਰਾ ਕਿਰਕ ਨਹੀਂ ਕਰਦੇ। ਮੇਰੇ ਭੋਲੇ ਪਾਤਸ਼ਾਹ ਤੁਹਾਨੂੰ ਪਤੈ ਤੁਹਾਡੇ ਦਰਬਾਰ ਦਾ ਸੂਬੇਦਾਰ ਦਰੀਆ ਆਪਣੇ ਵੱਡੇ ਭਰਾ ਰਾਏ ਮੁਬਾਰਕ ਦੀ ਜਾਇਦਾਦ ਹੱੜਪਣ ਅਤੇ ਉਹਦੀ ਨੰਬਰਦਾਰੀ ਹਥਿਆਉਣ ਖਾਤਰ ਉਨ੍ਹਾਂ 'ਤੇ ਰਾਜ ਦਰਬਾਰ ਵਿਰੁੱਧ ਬਗਾਵਤ ਦਾ ਝੂਠਾ ਇਲਜਾਮ ਲਾ ਕੇ ਉਹਨੂੰ ਤੇ ਉਹਦੇ ਦੋਹਾਂ ਪੁੱਤਰਾਂ ਨੂੰ ਬੰਦੀ ਬਣਾ ਲਿਆਇਐ ਤੇ ਤੁਹਾਡੇ ਦਰਬਾਰ 'ਚ ਉਚਾ ਰੁਤਬਾ ਲੈਣ ਖਾਤਰ ਆਪਣੀ ਧੀਆਂ ਵਰਗੀ ਭਤੀਜੀ ਮਲਕੀ ਨੂੰ ਤੁਹਾਡੇ ਹਰਮ ਵਿਚ ਸ਼ਾਮਿਲ ਕਰਕੇ ਮੇਰੀ ਸੌਂਕਣ ਬਣਾਉਣ ਦੀ ਵਿਉਂਤ ਬਣਾ ਕੇ ਉਹਦੇ ਪਤੀ ਕੀਮੇ ਨੂੰ ਵੀ ਫੜ ਲਿਆਇਐ।"

ਰਾਣੀ ਦਾ ਬੋਲਣ ਦਾ ਅੰਦਾਜ਼ ਹੀ ਅਜਿਹਾ ਸੀ ਕਿ ਅਕਬਰ ਦੀ ਆਤਮਾ ਟੁੰਬੀ ਗਈ ਤੇ ਉਹ ਧੁਰ ਅੰਦਰ ਤੱਕ ਝੰਜੋੜਿਆ ਗਿਆ।

ਅਗਲੀ ਸਵੇਰ ਅਕਬਰ ਨੇ ਦਰੀਏ ਨੂੰ ਬੰਦੀਆਂ ਸਮੇਤ ਰਾਜ ਦਰਬਾਰ ਵਿਚ ਹਾਜ਼ਰ ਹੋਣ ਦਾ ਹੁਕਮ ਸੁਣਾ ਦਿੱਤਾ।

ਦਰੀਆ ਬੰਦੀਆਂ ਸਮੇਤ ਹਾਜ਼ਰ ਹੋ ਗਿਆ। ਬਾਦਸ਼ਾਹ ਅਕਬਰ ਨੇ ਉਹਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਦੇਖਿਆ, ਕਮੀਨਗੀ ਦੇ ਡੋਰੇ ਉਹਦੀਆਂ ਅੱਖੀਆਂ ਵਿਚ ਸਾਫ ਝਲਕ ਰਹੇ ਸਨ।

ਅਕਬਰ ਨੇ ਬੰਦੀਆਂ ਨੂੰ ਰਿਹਾ ਕਰਨ ਅਤੇ ਦਰੀਏ ਨੂੰ ਰਾਜ ਦਰਬਾਰ ਨਾਲ ਧੋਖਾਦੇਹੀ ਕਰਨ ਦੇ ਦੋਸ਼ ਵਿਚ ਫਾਂਸੀ ਦੀ ਸਜ਼ਾ ਦੇਣ ਦਾ ਹੁਕਮ ਸੁਣਾ ਦਿੱਤਾ।

ਮਲਕੀ ਜਮਨਾ ਤੇ ਉਹਦੀ ਮਾਂ ਰਾਣੀ ਦਾ ਲੱਖ ਲੱਖ ਸ਼ੁਕਰ ਅਦਾ ਕਰ ਰਹੀ ਸੀ, ਜਿਨ੍ਹਾਂ ਦੇ ਯਤਨਾਂ ਸਦਕਾ ਉਹਦੇ ਸਿਰ ਦੇ ਸਾਈਂ ਕੀਮੇ, ਬਾਪ ਅਤੇ ਭਰਾਵਾਂ ਦੀ ਬੰਦ ਖਲਾਸੀ ਹੋਈ ਸੀ।

ਜਮਨਾ ਸਭ ਨੂੰ ਆਪਣੇ ਨਾਲ ਥਾਨੇਸਰ ਲੈ ਆਈ। ਜਮਨਾ ਦੇ ਮਹਿਲ ਦੀ ਛੱਤ ਉਤੇ ਚੰਨ ਚਾਨਣੀ ਰਾਤ ਵਿਚ ਕੀਮਾ ਤੇ ਮਲਕੀ ਇੰਜ ਮਿਲੇ ਜਿਵੇਂ ਔੜਾਂ ਮਾਰੀ ਧਰਤੀ ਨੂੰ ਬਾਰਸ਼ ਦੀਆਂ ਬੂੰਦਾਂ ਮਿਲਦੀਆਂ ਹਨ। ਦੋਨੋਂ ਇੱਕ ਦੂਜੇ 'ਚ ਲੀਨ ਹੋਏ ਖਿੜੀ ਚਾਨਣੀ ਦਾ ਅਨੰਦ ਮਾਣਦੇ ਰਹੇ ਤੇ ਅਗਲੀ ਭਲਕ ਉਹ ਜਮਨਾ ਦਾ ਧੰਨਵਾਦ ਕਰਦੇ ਗੜ੍ਹ ਮੁਗਲਾਣੇ ਨੂੰ ਤੁਰ ਪਏ। ਸਾਰੇ ਮਾਹੌਲ ਵਿਚ ਮੁਹੱਬਤ, ਕੁਰਬਾਨੀ ਅਤੇ ਸਿਦਕ ਦਿਲੀ ਮਹਿਕਾਂ ਵੰਡ ਰਹੀ ਸੀ। ਜਮਨਾ ਆਪਣੇ ਮਹਿਲ ਦੀ ਛੱਤ 'ਤੇ ਖੜੀ ਆਪਣੇ ਮੁਹੱਬਤੀ ਮਹਿਮਾਨਾਂ ਨੂੰ ਜਾਂਦਿਆਂ ਵੇਖ ਰਹੀ ਸੀ, ਉਹਦੇ ਨੈਣਾਂ 'ਚੋਂ ਅਨੋਖੀ ਖੁਸ਼ੀ ਦੇ ਹੰਝੂ ਵਹਿ ਰਹੇ ਸਨ।

# ਸਮੁੰਦਰ ਹੇਠਲੀ ਦੁਨੀਆਂ ਦੀ ਸੈਰ-ਅਟਲਾਂਟਿਸ ਪਣਡੁੱਬੀ

'ਅਟਲਾਂਟਿਸ ਪਣਡੁੱਬੀ ਕੰਪਨੀ' ਹਵਾਈ ਦੀ ਮਸ਼ਹੂਰ ਇਨਾਮੀ ਕੰਪਨੀ ਹੈ ਤੇ ਆਪਣੇ ਗਾਹਕਾਂ ਦੀ ਸਿਫਾਰਿਸ਼ 'ਤੇ ਪਿਛਲੇ ਕਈ ਸਾਲਾਂ ਤੋਂ 'ਅਵਾਰਡ ਆਫ ਐਕਸੇਲੈਂਸ' ਜਿੱਤਦੀ ਆ ਰਹੀ ਹੈ। ਇਸ ਦੀਆਂ ਪੰਜ ਪਣਡੁੱਬੀਆਂ ਮੁਸਾਫਰਾਂ ਨੂੰ ਸਮੁੰਦਰ ਅੰਦਰਲੀ ਸੈਰ ਕਰਾਉਂਦੀਆਂ ਹਨ। ਟਿਕਟ ਅਗਾਊਂ ਰਿਜ਼ਰਵ ਕਰਾਉਣੀ ਪੈਂਦੀ ਹੈ। ਟਿਕਟ ਮੋੜਨ 'ਤੇ ਵੀਹ ਫੀਸਦੀ ਜੁਰਮਾਨਾ ਲਗਦਾ ਹੈ ਤੇ ਅਖੀਰਲੇ ਚੌਵੀ ਘੰਟੇ ਵਿਚ ਇਹ ਕਿਸੇ ਹਾਲਤ ਵਿਚ ਵੀ ਮੋੜਨ ਯੋਗ ਨਹੀਂ।

ਸਾਢੇ ਗਿਆਰਾਂ ਵੱਜ ਗਏ। ਅਟਲਾਂਟਿਸ ਸ਼ਟਲ ਬੋਟ ਦੇ ਚੱਲਣ ਦਾ ਵਾਰਨਿੰਗ ਹਾਰਨ ਵੱਜ ਗਿਆ। ਅਸੀਂ ਦੌੜ ਕੇ ਲਾਈਨ ਵਿਚ ਖੜੋ ਗਏ ਤੇ ਵਾਰੀ ਵਾਰੀ ਉਪਰ ਜਾ ਚੜ੍ਹੇ। ਉਪਰ ਚੜ੍ਹ ਵੇਖ ਕੇ ਬਹੁਤ ਨਿਰਾਸ਼ਾ ਹੋਈ ਕਿ ਇਹ ਕਿਸ਼ਤੀ ਵੀ ਕੱਲ੍ਹ ਵਰਗੀ ਹੀ ਸੀ। ਸੋਚਿਆ ਸੀ ਇਹ ਪਾਣੀ ਅੰਦਰ

**ਚਰਨਜੀਤ ਸਿੰਘ ਪੰਨੂ**

ਥੱਲੇ ਟੁੱਭੀਆਂ ਲਾਵੇਗੀ ਤੇ ਸਮੁੰਦਰੀ ਨਜ਼ਾਰਾ ਦਿਖਾਏਗੀ, ਪਰ ਇਹ ਵੀ ਕੱਲ੍ਹ ਵਾਲੀ ਦੀ ਭੈਣ! ਚਾਰ ਚੁਫੇਰਿਓਂ ਖੁੱਲ੍ਹੀ ਥੱਲੇ ਪਾਣੀ ਵਿਚ ਕਿਵੇਂ ਜਾਵੇਗੀ! ਇਸ ਦੀ ਵੀ ਛੱਤ ਤਾਂ ਖੁੱਲ੍ਹੀ ਹੈ!

50 ਕੁ ਆਦਮੀ ਚੁਫੇਰੇ ਲੱਗੇ ਬੈਂਚਾਂ 'ਤੇ ਬੈਠ ਗਏ। 'ਅਲੋਹਾ' ਦੇ ਜੈਕਾਰੇ ਨਾਲ ਕਿਸ਼ਤੀ ਆਪਣੇ ਸਮੇਂ ਅਨੁਸਾਰ ਸਮੁੰਦਰ ਵਿਚ ਠਿੱਲ੍ਹ ਪਈ। ਮਨ ਦਾ ਧੁੜਕੂ ਵਧ ਗਿਆ ਕਿ ਇੱਥੇ ਸਭ ਝੂਠ ਹੀ ਝੂਠ ਹੈ! ਕੱਲ੍ਹ ਵਾਂਗ ਸਾਡੇ ਨਾਲ ਅੱਜ ਵੀ ਧੋਖਾ ਹੋਊ। ਸਮੁੰਦਰ ਵਿਚ ਇਹ ਕਿਸ਼ਤੀ ਪਾਣੀ ਹੇਠ ਕਿਵੇਂ ਜਾਵੇਗੀ? ਕੈਪਟਨ ਨੇ ਅਨਾਊਂਸਮੈਂਟ ਸ਼ੁਰੂ ਕਰ ਦਿੱਤੀ। ਉਹ ਮੁਸਾਫਰ ਲੋਕਾਂ ਦੇ ਮਨੋਵਿਗਿਆਨਕ ਚਿਹਰੇ ਰੋਜ਼ਾਨਾ ਪੜ੍ਹਨ ਦਾ ਆਦੀ ਸੀ। ਉਹ ਆਸੇ ਪਾਸੇ ਦੀ ਜਾਣਕਾਰੀ ਦਿੰਦਾ ਸਾਡਾ ਧਿਆਨ ਅਸਲ ਮਨੋਰਥ ਤੋਂ ਪਾਸੇ ਹਟਾਈ ਜਾ ਰਿਹਾ ਸੀ। ਯਾਤਰੀ ਤਾਂ ਹਰ ਰੋਜ਼ ਉਸ ਕੋਲ ਨਵੇਂ ਆਉਂਦੇ ਹਨ ਪਰ ਉਹ ਤਾਂ ਇੱਕ ਹੀ ਹੈ ਜੋ ਅਨੇਕਾਂ ਸੈਲਾਨੀਆਂ ਦੀ ਮਾਨਸਿਕ ਸਥਿਤੀ ਵਿਸ਼ਲੇਸ਼ਣ ਕਰ ਸਕਦਾ ਹੈ। ਕਿਸ਼ਤੀ ਤੇਜ਼ੀ ਫੜਦੀ ਜਾ ਰਹੀ ਸੀ। ਅੱਜ ਛੱਲਾਂ ਦਾ ਜ਼ੋਰ ਘੱਟ ਸੀ। ਇਸ ਕਰ ਕੇ ਇਸ ਦੀ ਸਪੀਡ ਕੁੱਝ ਇਕਸਾਰ ਲੱਗ ਰਹੀ ਸੀ। 'ਔਹ ਦੇਖੋ ਡਾਲਫਨ! ਉਹ ਦੇਖੋ ਸ਼ਾਰਕ' ਇਹ ਕਹਿ ਕਹਿ ਕੇ ਕੈਪਟਨ ਲੋਕਾਂ ਨੂੰ ਹਸਾਈ ਜਾ ਰਿਹਾ ਸੀ, ਕਿਉਂਕਿ ਲੋਕ ਉਧਰ ਵੇਖਦੇ ਪਰ ਉਧਰ ਕੁੱਝ ਦਿਖਾਈ ਨਾ ਦਿੰਦਾ। ਮਜ਼ਾਕੀਆ ਕਿਸਮ ਦਾ ਇਹ ਕੈਪਟਨ ਨਵੇਂ ਨਿਵੇਕਲੇ ਚੁਟਕਲੇ ਸੁਣਾਈ ਜਾ ਰਿਹਾ ਸੀ।

"ਮੈਂ ਇਹ ਕੰਮ ਪਿਛਲੇ 30 ਸਾਲ ਤੋਂ ਕਰਦਾ ਹਾਂ। ਮੈਂ ਇਸ ਬੇੜੇ ਦਾ ਇੰਚਾਰਜ ਕੈਪਟਨ ਹਾਂ। ਮੈਂ ਪਾਣੀ ਦੇ ਉਪਰ ਵੀ ਜਹਾਜ ਚਲਾਉਂਦਾ ਹਾਂ ਤੇ ਸਮੁੰਦਰ ਦੇ ਪਾਣੀ ਥੱਲੇ ਵੀ। ਇਹ ਬਹੁਤ ਮਜੇ ਲੈਣ ਵਾਲਾ ਸਫਰ ਹੈ, ਡਰਨ ਦੀ ਲੋੜ ਨਹੀਂ। ਮੇਰੇ 'ਤੇ ਯਕੀਨ ਰੱਖੋ, ਤੁਸੀਂ ਬਿਲਕੁਲ ਮਹਿਫੂਜ਼ ਹੋ। ਖੁਦਾ ਨਾ ਕਰੇ, ਜੇ ਕੋਈ ਭਾਣਾ ਵਰਤ ਗਿਆ ਤਾਂ ਸਮਝੋ ਤੁਹਾਡੀ ਲਾਟਰੀ ਖੁੱਲ੍ਹ ਗਈ। ਤੁਹਾਡੇ ਵਾਰਸਾਂ ਨੂੰ ਲੱਖਾਂ ਡਾਲਰ ਮੁਆਵਜ਼ਾ ਮਿਲੇਗਾ। ਮੁਆਫ ਕਰਨਾ! ਇਹ ਤਾਂ ਤੁਹਾਨੂੰ ਹਸਾ ਰਿਹਾ ਸੀ। ਤੁਸੀਂ ਸੋਚ ਰਹੇ ਹੋਵੋਗੇ ਕਿ ਇਹ ਜਹਾਜ ਸਮੁੰਦਰ ਵਿਚ ਕਿਸ ਤਰ੍ਹਾਂ ਵੜੇਗਾ? ਧਰਵਾਸ ਰੱਖੋ! ਥੋੜ੍ਹੀ ਦੇਰ ਵਿਚ ਅਸੀਂ ਇਕ ਜਹਾਜ ਹੋਰ ਬਦਲਾਂਗੇ। ਜਿਸ ਬੇੜੀ 'ਤੇ ਤੁਸੀਂ ਹੁਣ ਸਵਾਰ ਹੋਏ ਹੋ, ਇਹ ਇੱਕ ਮੈਰੀਨ ਸ਼ਟਲ ਹੈ, ਜੋ ਉਸ 'ਸਬ-ਮੈਰੀਨ ਸਟੇਸ਼ਨ' ਤੱਕ ਪਹੁੰਚਾਉਣ ਦਾ ਸਾਧਨ ਹੈ, ਜੋ ਡੂੰਘੇ ਸਮੁੰਦਰ ਵਿਚ ਹੈ। ਅਸੀਂ ਹੁਣੇ ਉਸ ਕਿਸ਼ਤੀ ਤੱਕ ਪਹੁੰਚਣ ਵਾਲੇ ਹਾਂ ਜਿੱਥੋਂ ਤੁਸੀਂ ਥੱਲੇ ਪਾਤਾਲ ਦੀ ਗਹਿਰਾਈ ਵਿਚ ਜਾਉਗੇ।"

ਦੂਰ ਦੂਰ ਤੱਕ ਕਿਸੇ ਜਹਾਜ ਦਾ ਕੋਈ ਨਾਂ ਨਿਸ਼ਾਨ ਨਾ ਦਿਸਿਆ। ਸਿਰਫ ਇੱਕ ਝਾਲਰਾਂ ਵਾਲੀ ਕਿਸ਼ਤੀ ਖੜ੍ਹੀ ਸੀ, ਜੋ ਉਸ ਨੇ ਹੁਣੇ ਦੱਸਿਆ ਹੈ ਕਿ ਇਹੀ 'ਸਬ-ਮੈਰੀਨ ਸਟੇਸ਼ਨ' ਸਾਡੇ ਇਨ੍ਹਾਂ ਸਮੁੰਦਰੀ ਜਹਾਜਾਂ ਦੀ ਨਿਗਰਾਨੀ ਤੇ ਹਿਫਾਜ਼ਤ ਵਾਸਤੇ ਖੜ੍ਹੀ ਰਹਿੰਦੀ ਹੈ। ਫਿਰ ਵੀ ਉਸ ਦੀਆਂ ਮੋਮੋ-ਠਗਣੀਆਂ ਗੱਲਾਂ ਨਾਲ ਮੁਸਾਫਰਾਂ ਨੇ ਹੌਸਲਾ ਨਾ ਫੜਿਆ। ਬੱਚੇ ਮੇਰੇ ਵੱਲ ਦੇਖ ਕੇ ਤਸੱਲੀ ਦੇਣ ਲੱਗੇ 'ਡੈਡੀ ਹੌਸਲਾ ਕਰੋ, ਅੱਜ ਇਹ ਧੋਖਾ ਨਹੀਂ ਕਰੇਗਾ, ਜ਼ਰੂਰ ਕੋਈ ਕਰਾਮਾਤ ਕਰ ਕੇ ਦਿਖਾਏਗਾ।'

ਜਹਾਜ ਅਸਲੀ ਰੰਗ ਵਿਚ ਆ ਗਿਆ। ਮੈਂ ਸਮੁੰਦਰ ਥੱਲੇ ਜਾਣ ਦੇ ਸੁਪਨੇ ਦੇਖਣ ਲੱਗ ਪਿਆ। ਇਕ ਹੋਰ ਦੋ-ਮੰਜ਼ਲੀ ਬੇੜੀ ਸਮੁੰਦਰ ਵਿਚ ਤੈਰ ਰਹੀ ਹੈ। ਸੋਚਿਆ, ਸ਼ਾਇਦ ਜਹਾਜ ਹੋਵੇਗਾ ਤੇ ਉਸ ਵਿਚ ਚੜ੍ਹ ਕੇ ਅਸੀਂ ਥੱਲੇ ਜਾਵਾਂਗੇ। ਨੇੜੇ ਜਾ ਕੇ ਵੇਖਿਆ, 'ਸਮੁੰਦਰੀ ਮੈਰੀਨ ਦੀ ਰਾਖੀ ਵਾਸਤੇ ਐਮਰਜੈਂਸੀ ਵਹੀਕਲ' ਉਸ 'ਤੇ ਲਿਖਿਆ ਹੈ। ਕੈਪਟਨ ਨੇ ਦੱਸਿਆ, "ਹੁਣ ਤੁਹਾਨੂੰ ਬਹੁਤੀ ਉਡੀਕ ਨਹੀਂ ਕਰਨੀ ਪਵੇਗੀ, ਮੈਂ ਹੁਣੇ ਮੰਤਰ ਮਾਰਾਂਗਾ ਤੇ ਥੱਲਿਓਂ ਫੜ ਫੜ ਕਰਦੀ ਇੱਕ (ਸਬ-ਮੈਰੀਨ) ਡੁਬਕਣੀ ਕਿਸ਼ਤੀ ਬਾਹਰ ਨਿਕਲੇਗੀ, ਜੋ ਪਹਿਲਾਂ ਹੋਰ ਮੁਸਾਫਰ ਲੈ ਕੇ ਹੇਠਾਂ ਗਈ ਹੈ। ਤੁਹਾਨੂੰ ਉਸ ਵਿਚ ਵਾੜ ਦਿਆਂਗੇ।"

ਸੱਚਮੁੱਚ ਬੜਾ ਅਲੋਕਾਰ ਨਜ਼ਾਰਾ ਸੀ। ਝਬਦੇ ਹੀ ਪਾਣੀ ਵਿਚੋਂ ਇੱਕ ਟੀਸੀ ਪ੍ਰਗਟ ਹੋਈ। ਹੌਲੀ ਹੌਲੀ ਉਪਰ ਉਠਦਾ ਇਹ ਆਕਾਰ ਵੱਡਾ ਹੁੰਦਾ ਗਿਆ ਤੇ ਆਖਰ ਚਿੱਟੇ ਰੰਗ ਦੀ ਇਕ ਹੋਰ ਕਿਸ਼ਤੀ/ਟਿਊਬ ਦਿਸਣ ਲੱਗੀ। ਹੜ ਹੜ ਕਰ ਕੇ ਉਸ ਦੀ ਉਪਰਲੀ ਛੱਤ, ਟੋਪੀ, ਗੁੰਬਦ ਤੇ ਫਿਰ ਸਾਰੀ ਪਣਡੁੱਬੀ ਬਾਹਰ ਆ ਗਈ। ਉਹ ਹੁਣ ਬਿਲਕੁਲ ਇਸੇ ਵਰਗਾ ਨੰਗਾ ਜਹਾਜ ਬਣ ਗਿਆ ਜੋ ਹੌਲੀ ਹੌਲੀ ਸਰਕਦਾ ਸਾਡੇ ਜਹਾਜ ਦੇ ਨੇੜੇ ਪਹੁੰਚ ਗਿਆ। ਸਿਕਿਉਰਿਟੀ ਜਹਾਜ ਵੀ ਇੱਧਰ ਸਰਕ ਆਇਆ। ਨਵੀਂ ਡੁਬਕਣੀ ਨੂੰ ਸਿਕਉਰਿਟੀ ਜਹਾਜ ਅਤੇ ਸਾਡੇ ਜਹਾਜ ਵਿਚਾਲੇ ਘੇਰ ਕੇ ਕਾਰਿੰਦਿਆਂ ਨੇ ਰੱਸਿਆਂ ਨਾਲ ਬੰਨ ਲਿਆ। ਯਾਤਰੀ ਇਹ ਅਦਿੱਖ ਨਜ਼ਾਰਾ ਸਾਹ ਰੋਕ ਕੇ ਵੇਖਦੇ ਰਹੇ। ਦੂਸਰੇ ਜਹਾਜ ਵਿਚੋਂ ਥੱਲਿਓਂ ਪੌੜੀਆਂ ਰਾਹੀਂ ਮੁਸਾਫਰ ਉਪਰ ਆਉਣੇ ਸ਼ੁਰੂ ਹੋ ਗਏ।


"ਤੁਹਾਨੂੰ ਉਸ ਜਹਾਜ ਵਿਚ ਉਪਰਲੀ ਛੱਤ ਤੋਂ ਪੌੜੀਆਂ ਰਾਹੀਂ ਥੱਲੇ ਤਹਿਖਾਨੇ ਵਿਚ ਜਾਣਾ ਪਵੇਗਾ। ਪੌੜੀਆਂ ਬਹੁਤ ਤੰਗ ਹਨ, ਸਹਿਜ ਨਾਲ ਜਾਇਓ। ਸਾਨੂੰ ਮੁਸ਼ਕਿਲ ਵਿਚ ਨਾ ਪਾ ਦਿਓ ਕਿ ਲੈਣੇ ਦੇ ਦੇਣਾ ਪੈ ਜਾਣ।" ਕੈਪਟਨ ਮੁੜ ਮੁੜ ਮੁਸਾਫਰਾਂ ਨੂੰ ਤਾੜਨਾ ਕਰ ਰਿਹਾ ਸੀ।

ਵੇਖਦੇ ਵੇਖਦੇ ਉਸ ਕਿਸ਼ਤੀ ਵਿਚੋਂ ਮੁਸਾਫਰ ਉਪਰ ਆ ਗਏ। ਅਸੀਂ ਸੋਚਦੇ ਸੀ ਕਿ ਸ਼ਾਇਦ ਸਮੁੰਦਰ ਵਿਚੋਂ ਉਹ ਭਿੱਜੇ ਹੋਏ ਨੁੱਚੜਦੇ ਆਉਣਗੇ, ਪਰ ਕੁੱਝ ਵੀ ਨਹੀਂ। ਉਹ ਸਾਫ ਸੁਥਰੇ ਹੱਸਦੇ, ਨੱਚਦੇ, ਟੱਪਦੇ ਆ ਰਹੇ ਸਨ। ਉਨ੍ਹਾਂ ਵਿਚ ਬੱਚੇ, ਬੁੱਢੇ, ਜਵਾਨ, ਕਾਲੇ, ਪੀਲੇ ਸਾਰੇ ਵਰਗਾਂ ਦੇ ਲੋਕ ਸ਼ਾਮਲ ਸਨ। ਇਸ ਤੋਂ ਪਹਿਲਾਂ ਸਾਡੇ ਕਪਤਾਨ ਦੇ ਦੱਸਣ ਤੋਂ ਜਾਪਿਆ ਸੀ ਕਿ ਦਸ ਸਾਲ ਤੋਂ ਛੋਟੇ ਬੱਚੇ ਹੇਠਾਂ ਨਹੀਂ ਜਾ ਸਕਦੇ। ਇਹ ਸੁਣ ਕੇ ਸਾਡਾ ਛੋਟਾ ਗੁਰਸ਼ਾਨ ਅੱਖਾਂ ਮੱਲਦਾ ਰੋਣਹਾਕਾ ਹੋ ਰਿਹਾ ਸੀ। ਕਿਸੇ ਸਵਾਰੀ ਨੇ ਦੱਸਿਆ ਸੀ ਪਈ ਗੁਰਸ਼ਾਨ ਜੋ ਨੌਂ ਸਾਲ ਦਾ ਹੈ, ਨਹੀਂ ਜਾ ਸਕੇਗਾ ਪਰ ਕਿਸ਼ਤੀ ਵਿਚੋਂ ਗੁਰਸ਼ਾਨ ਤੋਂ ਛੋਟੇ ਬੱਚੇ ਵੀ ਬਾਹਰ ਆ ਰਹੇ ਸਨ। ਮੈਂ ਗੁਰਸ਼ਾਨ ਨੂੰ ਦਿਲਾਸਾ ਦਿੱਤਾ ਕਿ ਕੋਈ ਚਿੰਤਾ ਨਾ ਕਰ, ਤੈਨੂੰ ਨਾਲ ਲੈ ਕੇ ਹੀ ਜਾਵਾਂਗੇ। ਉਹ ਖੁਸ਼ੀ ਨਾਲ ਉਛਲ ਪਿਆ। ਇਸ ਤਰ੍ਹਾਂ ਹੌਲੀ ਹੌਲੀ ਉਹ ਸਾਰੇ ਮੁਸਾਫਰ ਸਾਡੇ ਵਾਲੇ ਬੈਂਚਾਂ 'ਤੇ ਬੈਠਦੇ ਗਏ ਤੇ ਅਸੀਂ ਥੱਲੇ ਦੂਸਰੀ ਕਿਸ਼ਤੀ ਵਿਚ ਚਲੇ ਗਏ। ਉਪਰਲੀ ਛੱਤ ਵਾਂਗ ਥੱਲੇ ਬੇਸਮੈਂਟ ਵਿਚ ਵੀ ਬਾਹਰਲੀਆਂ ਕੰਧਾਂ ਦੇ ਨਾਲ ਬੈਂਚ ਗੱਡੇ ਹੋਏ ਹਨ। ਉਨ੍ਹਾਂ 'ਤੇ ਕੁਰਸੀਆਂ ਨੁਮਾ 48 ਕੱਟ ਲੱਗੇ ਹਨ ਯਾਨਿ ਕਿ ਇਹ 48 ਸਵਾਰਾਂ ਦੇ ਬੈਠਣ ਵਾਸਤੇ ਬਣੀ ਹੈ। ਕੁਰਸੀ ਸਾਹਮਣੇ ਬਾਹਰ ਵੱਲ ਨੂੰ ਮੋਟੇ ਗੋਲ ਸ਼ੀਸ਼ੇ ਦੀ ਬੰਦ ਖਿੜਕੀ ਸੀ। ਉਸ ਵਿਚੋਂ ਬਹੁਤ ਦੂਰ ਤੱਕ ਬਾਹਰਲਾ ਸੁੰਦਰ ਨਜ਼ਾਰਾ ਦਿਸਦਾ ਸੀ।

ਜਹਾਜ ਦੇ ਕੈਪਟਨ ਨੇ 'ਅਲੋਹਾ' ਦਾ ਜੈਕਾਰਾ ਛੱਡਿਆ ਤੇ ਸਾਰੇ ਮੁਸਾਫਰਾਂ ਨੇ 'ਮਾਹਾਲੋ... ਅਲੋਹਾ...' ਦੀ ਲੰਬੀ ਆਵਾਜ਼ ਨਾਲ ਹੁੰਗਾਰਾ ਭਰਿਆ। ਇਹ ਨਾਅਰਾ ਸ਼ੁੱਭ ਸ਼ਗਨਾਂ ਦੀ ਨਿਸ਼ਾਨੀ ਹੈ ਜੋ 'ਬੋਲੇ ਸੋ ਨਿਹਾਲ... ਜਾਂ ਬੋਲ ਸੀਆ ਪਤੀ ਰਾਮ...' ਵਰਗਾ ਸਮਝਿਆ ਜਾਂਦਾ ਹੈ। ਕੈਪਟਨ ਨੇ ਗਿਅਰ ਬਦਲਿਆ, ਇੰਜਣ ਨੇ ਗਤੀ ਫੜੀ ਤੇ ਇਹ ਸਮੁੰਦਰ ਦੇ ਥੱਲੇ ਧਰਤੀ ਵੱਲ ਨੂੰ ਵਧਣਾ ਸ਼ੁਰੂ ਹੋ ਗਿਆ। ਕਿਸ਼ਤੀ ਅੰਦਰ ਅੱਗੇ ਪਿੱਛੇ ਦੋਹੀਂ ਪਾਸੀਂ ਲੱਗੀ ਮੀਟਰ ਪੱਟੀ ਇਸ ਦੀ ਸਪੀਡ ਤੇ ਡੂੰਘਾਈ ਦਾ ਪੈਮਾਨਾ ਦਰਸਾ ਰਹੀ ਸੀ। ਬੋਟ ਵੇਖਦੇ ਹੀ ਵੇਖਦੇ 120 ਫੁੱਟ ਦੀ ਡੂੰਘਾਈ 'ਤੇ ਪਹੁੰਚ ਗਈ। ਅੰਦਰ ਨਾਲੋ ਨਾਲ ਲਾਲ ਅੱਖਰਾਂ ਵਿਚ ਜਗ ਰਿਹਾ ਨੋਟਿਸ ਬੋਰਡ ਕਿਸ਼ਤੀ ਦੀ ਹਾਥ ਦੱਸੀ ਜਾ ਰਿਹਾ ਸੀ। ਇਹ ਨਜ਼ਾਰਾ ਠੀਕ ਇਸ ਤਰ੍ਹਾਂ ਸੀ ਜਿਵੇਂ ਅਸੀਂ ਪਹਾੜੀ ਖੱਡਾਂ ਵਿਚੋਂ ਜਾ ਰਹੇ ਹੋਈਏ। ਸਮੁੰਦਰ ਤੋਂ ਥੱਲੇ ਵਾਲੇ ਹਿੱਸੇ ਵਿਚ ਵੀ ਬਾਹਰ ਵਾਂਗ ਪਹਾੜ ਦਿਸਦੇ ਹਨ। ਪੱਥਰ, ਖੱਡਾਂ, ਜੰਗਲ, ਰੰਗ ਬਰੰਗੀਆਂ ਮੱਛੀਆਂ ਦੇ ਝੁੰਡ, ਸਪੰਜ-ਬਾਬ ਤੇ ਹੋਰ ਅਨੇਕਾਂ ਕਿਸਮ ਦੇ ਨਵੇਂ ਨਿਵੇਕਲੇ ਸਮੁੰਦਰੀ ਜੀਵ ਅੱਖਾਂ ਵਿਚਦੀ ਲੰਘਦੇ ਪਿੱਛੇ ਦੌੜਦੇ ਜਾਂਦੇ ਹਨ।

ਧਰਤੀ ਵਾਂਗ ਸਮੁੰਦਰ ਵਿਚ ਵੀ ਤਕੜੇ ਮਾੜੇ ਦੇ ਫਰਕ ਵਾਲਾ ਸਿਧਾਂਤ ਚਾਲੂ ਹੈ। ਵੱਡੀ ਮੱਛੀ ਛੋਟੀ ਨੂੰ ਖਾਂਦੀ ਹੈ ਤੇ ਛੋਟੀ ਹੋਰ ਛੋਟੀ ਖੁਰਦਬੀਨੀ ਜੀਵਾਂ ਦਾ ਸ਼ਿਕਾਰ ਕਰਦੀ ਹੈ। ਸੂਖਮਦਰਸ਼ੀ ਜੰਤੂ ਕੇਕੜੇ, ਘੋਗੇ, ਮੱਛੀਆਂ ਠਿਗਣੀਆਂ ਬੌਣੀਆਂ, ਚਮਚਿੱਚੜ, ਝੀਂਗਾ ਮੱਛੀਆਂ ਦੀ ਖੁਰਾਕ ਬਣਦੇ ਹਨ। ਅੱਖਾਂ ਤੋਂ ਬਗੈਰ ਵੀ ਕਈ ਜੀਵ ਸਮੁੰਦਰ ਵਿਚ ਮੌਜੂਦ ਹਨ, ਜੋ ਆਪਣੀ ਹੋਰ ਸੁੰਘਣ ਸ਼ਕਤੀ ਨਾਲ ਇਨ੍ਹਾਂ ਛੋਟੇ ਟਿਊਬ-ਵਾਰਮ ਦਾ ਸ਼ਿਕਾਰ ਕਰਦੇ ਹਨ। ਬਹੁਤ ਸਾਰੀਆਂ ਉਪ-ਜਾਤੀਆਂ ਦੇ ਜੀਵ ਸਥਲ ਪੌਦੇ ਜਾਂ ਚੱਟਾਨ ਵਾਂਗ ਜਾਪਦੇ ਹਨ ਪਰ ਉਹ ਆਪਣੀ ਜਗ੍ਹਾ ਤੋਂ ਤੁਰ ਕੇ, ਹਿੱਲ ਕੇ ਅੱਗੇ ਪਿੱਛੇ ਜਾਂਦੇ ਵੇਖੇ ਜਾ ਸਕਦੇ ਹਨ। ਜ਼ੋਰਸਿਡ ਮੱਛੀ ਗੀਜ਼ਰ ਦੇ ਪਾਣੀਆਂ 'ਤੇ ਪਲਣ ਵਾਲੇ ਜੀਵਾਂ ਨੂੰ ਖੁਰਾਕ ਬਣਾਉਣ ਵਿਚ ਸਭ ਤੋਂ ਅੱਗੇ ਹੈ। ਆਮ ਕਰਕੇ ਇਨ੍ਹਾਂ ਜਾਤੀਆਂ, ਉਪ-ਜਾਤੀਆਂ ਦੀ ਮਿਆਦ ਪੰਜਾਹ ਕੁ ਸਾਲ ਤੱਕ ਹੁੰਦੀ ਹੈ।"

"ਲਓ ਜੀ ਵੇਖ ਲਓ ਕਈ ਕਿਸਮ ਦੀਆਂ ਮੱਛੀਆਂ ਦੇ ਵਰਾਇਟੀ ਸ਼ੋ। ਅਨੇਕਾਂ ਕਿਸਮ ਦੀਆਂ ਰੰਗ-ਬਰੰਗੀਆਂ, ਸੱਪ ਵਰਗੀਆਂ ਮੱਛੀਆਂ, ਪੂੰਗ, ਬਿੱਛੂ-ਮੱਛੀਆਂ ਇੱਧਰ ਉਧਰ ਟੱਪਦੀਆਂ, ਦੌੜਦੀਆਂ ਨਜ਼ਰ ਆ ਰਹੀਆਂ ਹਨ। ਅਣਗਿਣਤ ਕਿਸਮ ਦੇ ਲੱਤਾਂ ਬਾਂਹਾਂ ਵਾਲੇ ਮੂੰਗਾ ਤੇ ਵੱਡੀਆਂ ਛੋਟੀਆਂ ਨਸਲਾਂ ਦੇ ਜੀਵ ਨਜ਼ਰ ਆ ਰਹੇ ਹਨ। 'ਲੱਖਾਂ ਹਜ਼ਾਰਾਂ ਮੱਛੀਆਂ ਦੇ ਝੁੰਡ! ਜੇ ਹੋਰ ਵੱਡੀਆਂ ਮੱਛੀਆਂ ਨਾ ਨਿਗਲਣ ਤਾਂ ਸਮੁੰਦਰ ਗੰਧਲਾ ਹੋ ਜਾਏ।" ਕੈਪਟਨ ਨਾਲੋ ਨਾਲ ਵਿਖਿਆਨ ਕਰੀ ਜਾ ਰਿਹਾ ਹੈ। ਉਸ ਨੇ ਦੱਸਿਆ ਕਿ ਹੁਣ ਤੁਸੀਂ ਵ੍ਹੇਲ ਵੀ ਦੇਖੋਗੇ। ਉਸ ਦੱਸਿਆ ਕਿ ਦੂਜੇ ਪਾਸੇ ਡੌਲਫਿਨ ਹਨ, ਇਹ ਮਨੁੱਖ ਨੂੰ ਪਿਆਰ ਕਰਦੀਆਂ ਹਨ,




ਪਰ ਇਹ ਸਾਨੂੰ ਕਿਤੇ ਨਾ ਦਿਸੀਆਂ।

'ਔਹ ਦੇਖੋ ਜੰਗਲ, ਪਹਾੜ...।' ਕਿਸੇ ਕੁਮੈਂਟੇਟਰ ਵਾਂਗ ਕੈਪਟਨ ਦੀਆਂ ਟੋਕਾਂ, ਚੋਭਾਂ ਵੀ ਲਾਹੇਵੰਦ ਜਾਣਕਾਰੀ ਦਿੰਦੀਆਂ ਯਾਤਰੀਆਂ ਦਾ ਮਨੋਰੰਜਨ ਕਰ ਰਹੀਆਂ ਹਨ। ਮੱਛੀਆਂ ਦੇ ਝੁੰਡ ਜਹਾਜ ਦੇ ਨੇੜੇ ਦੌੜਦੇ ਆ ਰਹੇ ਹਨ। ਮੈਨੂੰ ਕਿਸੇ ਦੀ ਦੱਸੀ ਇਹ ਗੱਲ ਸਹੀ ਜਾਪੀ ਕਿ ਮੱਛੀਆਂ ਨੂੰ ਲੁਭਾਉਣ ਲਈ ਕੰਪਨੀ ਦਾ ਇੱਕ ਹੋਰ ਗੋਤਾ-ਖੋਰ ਜਹਾਜ ਦੇ ਅੱਗੇ ਜਾਂਦਾ ਫੀਡ ਖਿਲਾਰਦਾ ਰਹਿੰਦਾ ਹੈ ਭਾਵੇਂ ਅਜਿਹਾ ਕੋਈ ਬੰਦਾ ਸਾਡੇ ਨਜ਼ਰੀਂ ਨਾ ਪਿਆ। ਹਰੀਆਂ ਫਸਲਾਂ ਵਾਂਗ ਹੇਠਲਾ ਚਾਰ ਚੁਫੇਰਾ ਲਹਿਲਹਾ ਰਿਹਾ ਹੈ। ਇਹ ਖੜ੍ਹੀਆਂ ਫਸਲਾਂ ਹਿੱਲ ਕੇ ਤੁਰਨ ਲੱਗੀਆਂ ਹਨ। ਮੈਂ ਸਮਝਿਆ, ਇਹ ਜਹਾਜ ਦੇ ਪ੍ਰੈਸ਼ਰ ਦੀ ਛੱਲ ਨਾਲ ਹਿੱਲੇ ਹਨ ਪਰ ਕੈਪਟਨ ਨੇ ਦੱਸਿਆ ਕਿ ਇਹ ਹੀ ਅੰਨ੍ਹੇ ਜੀਵ ਹਨ, ਜੋ ਵੇਖਣ ਨੂੰ ਥਿਰ ਜਾਪਦੇ ਹਨ ਪਰ ਆਪਣੇ ਬਚਾਅ ਲਈ ਜਾਂ ਆਪਣੇ ਸ਼ਿਕਾਰ ਪਿੱਛੇ ਆਪਣੇ ਆਪ ਹਿੱਲ ਪੈਂਦੇ ਹਨ।

ਅਜੀਤ ਕੁੱਝ ਬੇਆਰਾਮੀ ਮਹਿਸੂਸ ਕਰਨ ਲੱਗੀ। ਸ਼ਾਇਦ ਹੇਠਲੀ ਹਵਾ ਦੇ ਦਬਾ ਕਰ ਕੇ ਜਾਂ ਮਨੋਵਿਗਿਆਨਕ ਕਾਰਨ ਉਸ ਨੇ ਘੁੱਟਣ ਜਿਹੀ ਮਹਿਸੂਸ ਕੀਤੀ। ਸਾਰੇ ਮੁਸਾਫਰ ਸਮੁੰਦਰ ਦੇ ਨਜ਼ਾਰੇ ਤੋਂ ਹਟ ਕੇ ਉਸ ਵੱਲ ਵੇਖਣ ਲੱਗੇ। ਮੈਂ ਕਪਤਾਨ ਨੂੰ ਕਿਹਾ ਕਿ ਇਸ ਨੂੰ ਆਕਸੀਜਨ ਦਾ ਸੈਲੰਡਰ ਦੇ ਦੇਵੇ। ਉਹ ਅਜੇ ਸੋਚ ਹੀ ਰਿਹਾ ਸੀ ਕਿ ਹਰਜੋਤ ਬੇਟੀ ਨੇੜੇ ਪਹੁੰਚ ਕੇ ਉਸ ਦਾ ਸਿਰ ਫੜ ਬੈਠੀ। ਉਸ ਨੇ ਇਕਦਮ ਪਰਸ ਵਿਚੋਂ ਮੋਸ਼ਨ ਸਿੱਕਨੈਸ ਵਾਸਤੇ ਡਰਾਮਾਮੀਨ ਗੋਲੀ ਕੱਢ ਕੇ ਆਪਣੀ ਮਾਂ ਨੂੰ ਦੇ ਦਿੱਤੀ ਜਿਸ ਨਾਲ ਉਸ ਨੇ ਕੁੱਝ ਰਾਹਤ ਮਹਿਸੂਸ ਕੀਤੀ। ਮੁਸਾਫਰਾਂ ਦਾ ਧਿਆਨ ਉਸ ਵਲ ਹੋ ਗਿਆ ਸੀ ਕਿ ਕਿਤੇ ਹੰਗਾਮੀ ਹਾਲਤ ਵਿਚ ਕਿਸ਼ਤੀ ਵਾਪਸ ਨਾ ਲੈ ਜਾਣੀ ਪਵੇ। ਉਹ ਠੀਕ ਹੋ ਗਈ। ਸਭ ਨੇ ਰਾਹਤ ਮਹਿਸੂਸ ਕੀਤੀ। ਮੈਂ ਕਿਹਾ, "ਜੇ ਘਬਰਾਹਟ ਮਹਿਸੂਸ ਹੁੰਦੀ ਹੈ ਤਾਂ ਅੱਖਾਂ ਬੰਦ ਕਰ ਲਓ।"

"ਤੁਸੀ ਮੇਰੀ ਮਹਿੰਗੀ ਟਿਕਟ ਖਰੀਦੀ ਹੈ, ਮੈਂ ਕਿਉਂ ਅੱਖਾਂ ਮੀਟਾਂ, ਮੈਂ ਹੁਣ ਠੀਕ ਹਾਂ, ਮੇਰਾ ਭੋਰਾ ਫਿਕਰ ਨਾ ਕਰੋ, ਮੈਂ ਸਮੁੰਦਰ ਵੇਖਾਂਗੀ।" ਉਸ ਦੇ ਕੋਰੇ ਜਿਹੇ ਜੁਆਬ ਨੇ ਸਭ ਨੂੰ ਹਸਾ ਦਿੱਤਾ।

ਪਣਡੁੱਬੀ ਅੰਦਰ ਪੈਰੀ-ਸਕੋਪ ਵੀ ਮੌਜੂਦ ਸੀ। ਇਸ ਨਾਲ ਨਾਲੋ ਨਾਲ ਬਾਹਰ ਦਾ ਨਜ਼ਾਰਾ ਵੀ ਵੇਖਿਆ ਜਾ ਸਕਦਾ ਹੈ, ਪਰ ਅੰਦਰ ਹੇਠਾਂ ਜਾ ਕੇ ਬਾਹਰ ਵੇਖਣ ਦੀ ਫੁਰਸਤ ਕਿਸੇ ਨੂੰ ਵੀ ਨਹੀਂ।

ਹੇਠਾਂ ਇਕ ਵੱਡਾ ਜਹਾਜ ਪਿਆ ਵੇਖ ਕੇ ਕੈਪਟਨ ਨੇ ਡੁੱਬੇ ਹੋਏ ਜਹਾਜ/ਬੇੜੇ ਦੇ ਆਸੇ ਪਾਸੇ ਚੱਕਰ ਕੱਟਿਆ। ਉਸ ਵਿਚ ਹਜ਼ਾਰਾਂ ਕਿਸਮ ਦੀਆਂ ਮੱਛੀਆਂ ਮੌਜ ਮੇਲਾ ਕਰਦੀਆਂ ਚੱਕਰ ਕੱਟ ਰਹੀਆਂ ਹਨ। ਮੈਂ ਸੋਚਿਆ ਕਿ ਸ਼ਾਇਦ ਇਹ ਜਹਾਜ ਸਮੁੰਦਰੀ ਅਧਿਕਾਰੀਆਂ ਨੇ ਸਾਡੇ ਵਰਗੇ ਯਾਤਰੂਆਂ ਦੀ ਦਿਲਚਸਪੀ ਵਾਸਤੇ ਨੁਮਾਇਸ਼ ਖਾਤਰ ਰੱਖਿਆ ਹੋਵੇਗਾ। ਕਪਤਾਨ ਨੇ ਦੱਸਿਆ ਕਿ ਇਸ 'ਕਾਰਥਾਸਿਨੀਅਨ' ਨਾਮੀ ਸਮੁੰਦਰੀ ਬੇੜੇ ਦੀ ਵੀਹ ਕੁ ਸਾਲ ਪਹਿਲਾਂ ਨਿਸ਼ਾਨਦੇਹੀ ਕੀਤੀ ਗਈ ਸੀ। ਇਹ ਪਿਛਲੀ ਸਦੀ ਦਾ ਡੁੱਬਿਆ ਹੋਇਆ ਸੀ। ਕਈ ਜਹਾਜ ਜੋ ਡੁੱਬ ਜਾਂਦੇ ਨੇ, ਇਸ ਤਰ੍ਹਾਂ ਸਮੁੰਦਰ ਦੇ ਢਿੱਡ ਅੰਦਰ ਪਏ ਰਹਿੰਦੇ ਨੇ। ਸੁਰੱਖਿਆ ਅਧਿਕਾਰੀ ਮੁਸਾਫਰਾਂ ਨੂੰ ਤੇ ਕੀਮਤੀ ਸਾਮਾਨ ਨੂੰ ਕੱਢ ਲੈਂਦੇ ਨੇ। ਜਹਾਜ ਨੂੰ ਬਾਹਰ ਕੱਢਣ ਦਾ ਐਨਾ ਸਮਾਂ ਜਾਂ ਸਰੋਤ ਨਹੀਂ ਹੁੰਦਾ ਤੇ ਨਾ ਕੋਈ ਏਨਾ ਤਰੱਦਦ ਕਰਦਾ ਹੈ। ਏਨਾ ਭਾਰਾ ਖਰਚ ਕਰ ਕੇ ਜਹਾਜ ਕੱਢਣ ਦੀ ਥਾਂ ਇੱਥੇ ਹੀ ਪਏ ਰਹਿਣ ਦਿੰਦੇ ਹਨ।

ਕੋਈ ਚਾਲੀ ਮਿੰਟ ਦੇ ਸਫਰ ਪਿਛੋਂ ਕਿਸ਼ਤੀ ਵਾਪਸ ਆਉਣੀ ਸ਼ੁਰੂ ਹੋ ਗਈ। ਇਸ ਸਫਰ ਨੇ ਕੱਲ੍ਹ ਵਾਲੀ ਕਿਸ਼ਤੀ ਦੇ ਭੁਲੇਖੇ ਤੇ ਉਲਾਂਭੇ ਲਾਹ ਦਿੱਤੇ। ਕੈਪਟਨ ਤੇ ਹੋਰ ਸਾਰਾ ਸਟਾਫ ਬਹੁਤ ਵਿਹਾਰਕ ਖੁਸ਼ਦਿਲ ਤੇ ਮਦਦਗਾਰ ਸਾਬਤ ਹੋਇਆ। ਉਨ੍ਹਾਂ ਨੇ ਆਪਣੇ ਸਿੱਧੜ ਜਿਹੇ ਮਜ਼ਾਕੀਆ ਅੰਦਾਜ਼ ਵਿਚ ਸਫਰ ਨੂੰ ਹੋਰ ਸੁਖਦਾਇਕ ਬਣਾਈ ਰੱਖਿਆ।

ਇਸੇ ਲਹਾਇਨਾ ਕਸਬੇ ਤੋਂ ਮੈਨੂੰ ਬਾਬਾ ਬੋਹੜ ਦੇ ਦਰਸ਼ਨ ਵੀ ਹੋ ਗਏ ਤੇ ਮੇਰੀ ਚਿਰਾਂ ਦੀ ਸਮੁੰਦਰ ਥੱਲੇ ਦੀ ਸੈਰ ਵਾਲੀ ਰੀਝ ਵੀ ਪੂਰੀ ਹੋ ਗਈ।

## ਨਦੀ

ਕੋਈ ਚੜ੍ਹਦੀ ਰਹੀ, ਕੋਈ ਲਹਿੰਦੀ ਰਹੀ
ਕੋਈ ਸੰਗ ਚੱਟਾਨਾਂ ਦੇ ਖਹਿੰਦੀ ਰਹੀ।
ਪਹਾੜਾਂ, ਮੈਦਾਨਾਂ ਨੂੰ ਗਾਹੁੰਦੀ ਰਹੀ।
ਨਦੀ ਵਗਦੀ ਰਹੀ, ਨਦੀ ਗਾਉਂਦੀ ਰਹੀ।

ਉਹ ਲੰਘ ਗਈ ਪੁਲਾਂ ਦੇ ਥੱਲੇ ਥੱਲੇ
ਉਹਦੀ ਡੈਮਾਂ 'ਤੇ ਹੋ ਗਈ ਬੱਲੇ ਬੱਲੇ।
ਕਦੀ ਭਬਕਦੀ, ਕਦੀ ਮੁਸਕਾਉਂਦੀ ਰਹੀ...।

ਕਦੀ ਬੱਦਲ ਬਣ ਬਣ ਵਰ੍ਹਦੀ ਰਹੀ
ਕਦੀ ਸੁੱਕੀਆਂ ਨਹਿਰਾਂ ਨੂੰ ਭਰਦੀ ਰਹੀ।
ਭਰ ਭਰ ਕੇ ਆਪਾ ਵਰਤਾਉਂਦੀ ਰਹੀ...।

ਉਹਦੀ ਰੂਹ ਵਿਚ ਅੰਬਰ ਵਿਛਦੇ ਰਹੇ
ਉਹਤੋਂ ਪੰਛੀ ਗਾਉਣਾ ਸਿੱਖਦੇ ਰਹੇ।
ਸੀਨੇ ਠੰਢ ਹਵਾਵਾਂ ਦੇ ਪਾਉਂਦੀ ਰਹੀ...।

ਕਦੀ ਨੀਂਵੀਂ ਹੋ ਹੋ ਖੜ੍ਹ ਖੜ੍ਹ ਗਈ
ਕਦੀ ਕੰਢਿਆਂ ਉਤੋਂ ਦੀ ਹੜ੍ਹ ਹੜ੍ਹ ਗਈ।
ਇੰਜ ਸਾਗਰ ਦੀ ਤਾਂਘ ਸਤਾਉਂਦੀ ਰਹੀ...।

ਜ਼ਿੰਦਗੀ ਵਿਚ ਉਹਦੀ ਲਹਿਰ ਵਸੇ
ਉਹਦੇ ਕੰਢਿਆਂ 'ਤੇ ਪਿੰਡ ਤੇ ਸ਼ਹਿਰ ਵਸੇ।
ਉਹ ਸੱਭਿਅਤਾਵਾਂ ਨੂੰ ਨਹਿਲਾਉਂਦੀ ਰਹੀ...।

ਪਾਣੀ ਵਗਦੇ ਰਹਿਣ ਤਾਂ ਚੰਗੇ ਨੇ
ਪਾਣੀ ਖੜ੍ਹ ਜਾਵਣ ਤਾਂ ਗੰਦੇ ਨੇ।
ਜ਼ਿੰਦਗੀ ਦਾ ਸਬਕ ਪੜ੍ਹਾਉਂਦੀ ਰਹੀ...।

ਲੱਗੇ ਸਦੀਆਂ ਤੋਂ ਇੱਕੋ ਥਾਂ ਖੜ੍ਹੀ ਖੜ੍ਹੀ
ਰਹਿੰਦੀ ਹਰ ਪਲ ਫਿਰ ਵੀ ਚਲੋ ਚਲੀ।
ਅਮਰਤਾ ਦਾ ਭੇਦ ਸੁਲਝਾਉਂਦੀ ਰਹੀ।
ਨਦੀ ਵਗਦੀ ਰਹੀ, ਨਦੀ ਗਾਉਂਦੀ ਰਹੀ।

***-ਡਾ. ਸੁਖਪਾਲ ਸੰਘੇੜਾ***
*dr.sukhpal.sanghera@gmail.com*

---

## ਆਉ ਪੰਜਾਬੀ ਸਿੱਖੀਏ

ਊੜਾ ਉਠ ਸੁੱਤਿਆ
ਐੜਾ ਆਦਰ ਕਰ ਮਾਂ-ਬੋਲੀ ਦਾ
ਈੜੀ ਇਸ਼ਕ ਜਗਾ ਪੰਜਾਬੀ ਦਾ
ਸੱਸਾ ਸਿਫਤਾਂ ਕਰ ਪੰਜਾਬੀ ਦੀਆਂ
ਮੇਰਾ ਨਾਮ ਹੈ ਪੰਜਾਬੀ
ਮੇਰਾ ਧਾਮ ਹੈ ਪੰਜਾਬੀ
ਮੈਂ ਸਿੱਖਦਾ ਪੰਜਾਬੀ
ਮੈਂ ਦਿਖਦਾ ਪੰਜਾਬੀ
ਮੈਂ ਬੋਲਦਾ ਪੰਜਾਬੀ
ਬੂਹੇ ਖੋਲ੍ਹਦਾ ਪੰਜਾਬੀ
ਸਭ ਤੋਂ ਸੋਹਣੀ ਮਾਂ-ਬੋਲੀ
ਮਨ ਮੋਹਣੀ ਹੈ ਮਾਂ-ਬੋਲੀ
ਮਾਂ-ਬੋਲੀ ਸਭ ਨਾਲੋਂ ਮਿੱਠੀ
ਇਸ ਤੋਂ ਰਸੀਲੀ ਹੋਵੇ ਜੋ ਭਾਸ਼ਾ
ਮੈਨੂੰ ਹਾਲੇ ਤੀਕ ਨਾ ਡਿੱਠੀ
ਲਾਲਪੁਰੀ ਯਾਰਾ ਭਾਸ਼ਾਵਾਂ
ਸਾਰੀਆਂ ਸਿੱਖ ਲਈਂ ਤੂੰ
ਮਾਂ-ਬੋਲੀ ਬਿਨ ਗੁਜ਼ਾਰਾ ਨਹੀਂ
ਮੇਰੀ ਗੱਲ ਲਿਖ ਲਈਂ ਤੂੰ।
ਆਉ ਪਹਿਲਾਂ ਸਿੱਖ ਲਈਏ
ਆਪਣੀ ਮਾਂ-ਬੋਲੀ ਨੂੰ
ਅਣਗੌਲਿਆਂ ਨਾ ਕਰੀਏ
ਗੁਰੂਆਂ ਟੋਲ੍ਹੀ ਨੂੰ!

***-ਰਵਿੰਦਰ ਸਿੰਘ ਲਾਲਪੁਰੀ***
***ਫੋਨ: 91-94634-52261***

---

## ਕੁਝ ਸ਼ੇਅਰ

ਜੁਗਨੂਆਂ ਨੂੰ ਆਖ ਦਓ, ਚਾਨਣ ਨਾ ਕਰੋ,
ਇਸ਼ਕ ਦਾ ਰੋਗੀ ਕੋਈ ਆਖਰੀ ਸਾਹਾਂ 'ਤੇ ਹੈ।

---

ਕਦਮ ਚਲ ਪਏ ਨੇ, ਮੰਜ਼ਿਲ ਬੜੀ ਦੂਰ ਹੈ।
ਦੁਆਵਾਂ ਦੇ ਨਾਲ ਹੀ, ਦਰਦ ਹਲਕਾ ਹੋ ਜਾਣਾ।

---

ਮੈਂ ਸ਼ੀਸ਼ੇ ਨੂੰ ਕਿਹਾ ਮੇਰਾ ਵਜ਼ਨ ਘਟਾ,
ਸ਼ੀਸ਼ਾ ਕਹੇ ਮੈਂ ਉਹੀ ਦਿਖਾਂਦਾ, ਤੂੰ ਜਿਹੋ ਜਿਹਾ।

***-ਠਾਕਰ ਸਿੰਘ ਬਸਾਤੀ***

# ਰਣਜੀਤ ਸਿੰਘ ਦਾ ਰਾਜ: ਕੁਝ ਨੁਕਤੇ

**ਇਤਿਹਾਸ**

ਈਸਟ ਇੰਡੀਆ ਕੰਪਨੀ ਦਾ ਅਫਸਰ ਬਰਨਜ਼ 1831 ਵਿਚ ਪੰਜਾਬ ਆਇਆ ਦੱਸਦਾ ਹੈ ਕਿ ਰਣਜੀਤ ਸਿੰਘ ਦੇ ਰਾਜ ਵਿਚ ਕੇਵਲ ਇਕ ਲੱਖ ਸਿੱਖ ਸਨ। ਉਸ ਨੇ ਲਿਖਿਆ, "ਨਿਗੂਣੀ ਗਿਣਤੀ ਬਹੁਤ ਵੱਡੀ ਗਿਣਤੀ 'ਤੇ ਰਾਜ ਕਰੇ, ਕਮਾਲ ਹੈ। ਜਿਥੇ ਉਨ੍ਹਾਂ ਦੀ ਸਭ ਤੋਂ ਸੰਘਣੀ ਵਸੋਂ ਹੈ, ਉਥੇ ਵੀ ਉਹ ਅਬਾਦੀ ਦਾ ਤੀਜਾ ਹਿੱਸਾ ਹਨ।" ਇਤਿਹਾਸਕਾਰ ਜੇ. ਐਸ. ਗਰੇਵਾਲ ਸਿੱਖਾਂ ਦੀ ਗਿਣਤੀ 15 ਲੱਖ ਦੱਸਦਾ ਹੈ, ਜੋ ਅਬਾਦੀ ਦਾ 12.5 ਫੀਸਦੀ ਬਣਦਾ ਹੈ, ਕੁੱਲ ਅਬਾਦੀ ਸਵਾ ਕਰੋੜ ਸੀ। ਇਕ ਹੋਰ ਵਿਦਵਾਨ ਕੁਲ ਅਬਾਦੀ ਡੇਢ ਕਰੋੜ ਲਿਖਦਾ ਹੈ।

ਬਰਨਜ਼ ਦਾ ਹਵਾਲਾ ਦੇ ਕੇ ਗਰੇਵਾਲ ਲਿਖਦਾ ਹੈ ਕਿ ਸਿੱਖ ਅਬਾਦੀ ਹਰ ਸਾਲ ਵਧ ਰਹੀ ਸੀ।

ਰਾਜਮੋਹਨ ਗਾਂਧੀ
ਅਨੁਵਾਦਕ: ਹਰਪਾਲ ਸਿੰਘ ਪੰਨੂ

ਕੁੱਲ ਸਿੱਖ ਅਬਾਦੀ ਵਿਚੋਂ 90 ਫੀਸਦੀ ਸਿੱਖ ਅੱਪਰ ਬਾਰੀ ਅਤੇ ਅੱਪਰ ਰਚਨਾ ਦੋਆਬ ਵਿਚ ਵਸਦੇ ਸਨ, ਜੋ ਅੱਜ ਅੰਮ੍ਰਿਤਸਰ, ਲਾਹੌਰ ਅਤੇ ਜਲੰਧਰ ਦੁਆਬ ਦਾ ਇਲਾਕਾ ਹੈ। ਇਨ੍ਹਾਂ ਇਲਾਕਿਆਂ ਵਿਚ ਸਿੱਖਾਂ ਦੀ ਬਹੁਗਿਣਤੀ ਸੀ।

ਅਬਾਦੀ ਦੇ ਅੰਕੜਿਆਂ ਵਿਚ ਮੱਤਭੇਦ ਹੁੰਦਾ ਰਹਿਣਾ ਹੈ, ਏਨੀ ਗੱਲ ਸਹੀ ਹੈ ਕਿ ਵੱਡੇ ਪੰਜਾਬ ਵਿਚਲੀ ਕੁਲ ਅਬਾਦੀ ਵਿਚੋਂ ਬਹੁਗਿਣਤੀ ਮੁਸਲਮਾਨਾਂ ਦੀ ਸੀ, ਉਨ੍ਹਾਂ ਤੋਂ ਘੱਟ ਪਰ ਸਿੱਖਾਂ ਤੋਂ ਵੱਧ ਹਿੰਦੂ ਸਨ। ਹਕੂਮਤ ਕਰਨ ਵਾਲਿਆਂ ਵਿਚ ਹਿੰਦੂ ਸਿੱਖ ਮਿਲਾ ਕੇ 50 ਫੀਸਦੀ ਤੋਂ ਵੱਧ ਸਨ ਤੇ ਇਨ੍ਹਾਂ ਵਿਚੋਂ ਜਾਤ ਦੀ ਸ਼੍ਰੇਣੀ ਵਜੋਂ ਦੇਖੀਏ ਤਾਂ ਜੱਟ ਸਭ ਤੋਂ ਵੱਧ ਸਨ।

ਸਦੀਆਂ ਬੀਤ ਗਈਆਂ, ਪਹਿਲੀ ਵਾਰ ਮੁਸਲਮਾਨਾਂ 'ਤੇ ਗੈਰ ਮੁਸਲਮਾਨਾਂ ਨੇ ਹਕੂਮਤ ਕੀਤੀ, ਜਿਸ ਨੂੰ ਜੱਟ ਸਿੱਖ ਹਕੂਮਤ ਵੀ ਕਿਹਾ ਜਾ ਸਕਦਾ ਹੈ। ਮਹਾਰਾਜਾ ਬੇਸ਼ਕ ਸ਼ਰਧਾਲੂ ਸਿੱਖ ਸੀ, ਪਰ ਉਸ ਨੇ ਧਰਮ ਆਧਾਰਤ ਰਾਜ (ਥੀਓਕਰੇਸੀ) ਕਾਇਮ ਨਹੀਂ ਕੀਤਾ। ਸਿਵਲ ਅਤੇ ਫੌਜ ਵਿਚ ਮੁਸਲਮਾਨ ਅਫਸਰ ਤੇ ਮੁਲਾਜ਼ਮ ਸਨ। ਅਸੀਂ ਦੇਖ ਲਿਆ ਹੈ, ਅਜ਼ੀਜ਼-ਉਦ-ਦੀਨ ਵਿਦੇਸ਼ ਮੰਤਰੀ ਸੀ। ਉਸ ਦੇ ਭਰਾ ਵੀ ਅਹਿਮ ਥਾਂਵਾਂ 'ਤੇ ਰਹੇ, ਤੋਪਖਾਨਾ ਰਿਹਾ ਹੀ ਮੁਸਲਮਾਨ ਜਰਨੈਲਾਂ ਕੋਲ। ਕਿੰਨੀਆਂ ਰਿਆਸਤਾਂ ਦੇ ਖੁਦਮੁਖਤਾਰ ਹਾਕਮ ਮੁਸਲਮਾਨ ਹੀ ਰਹੇ ਜੋ ਮਾਮਲਾ ਤਾਰ ਦਿੰਦੇ।

ਦਰਬਾਰ ਦੀ ਬੋਲੀ ਫਾਰਸੀ ਸੀ। ਮੁਸਲਮਾਨ ਚਾਹੁੰਦੇ ਸਨ ਸ਼ੱਰਾ ਮੁਤਾਬਕ ਨਿਆਂ ਮਿਲੇ, ਮੁਸਲਮਾਨ ਕਾਜ਼ੀ ਨਿਯੁਕਤ ਕੀਤੇ। ਅਨੇਕ ਸ਼ਫਾਖਾਨਿਆਂ ਵਿਚ ਯੂਨਾਨੀ ਦਵਾਈ ਮੁਫਤ ਮਿਲਦੀ। ਫਕੀਰ ਨੂਰ-ਉਦ-ਦੀਨ ਇਨ੍ਹਾਂ ਸ਼ਫਾਖਾਨਿਆਂ ਦੀ ਨਿਗਰਾਨੀ ਕਰਦੇ। ਸਕੂਲਾਂ ਵਿਚ ਅਰਬੀ ਅਤੇ ਕੁਰਾਨ ਪੜ੍ਹਾਏ ਜਾਂਦੇ ਤੇ ਪੜ੍ਹਾਉਣ ਵਾਸਤੇ ਵਧੇਰੇ ਕਰਕੇ ਵਿਧਵਾਵਾਂ ਹੁੰਦੀਆਂ, ਲੋੜਵੰਦ ਕੁੜੀਆਂ ਹੁੰਦੀਆਂ। ਮੁੰਡੇ ਅਤੇ ਕੁੜੀਆਂ ਪੜ੍ਹਦੇ। ਉਹ ਮਸਜਿਦਾਂ ਅਤੇ ਖਾਨਗਾਹਾਂ ਵਿਚ ਸ਼ਰਧਾਂਜਲੀ ਦੇਣ ਅਕਸਰ ਜਾਂਦਾ। ਮੁਸਲਮਾਨ ਔਰਤ ਮੋਰਾਂ ਨਾਲ ਵਿਆਹ ਕਰਵਾ ਲਿਆ ਤਾਂ ਉਸ ਨੂੰ ਧਰਮ ਬਦਲਣ ਲਈ ਨਹੀਂ ਕਿਹਾ, ਮੁਸਲਮਾਨ ਰਹੀ। ਇਨ੍ਹਾਂ ਗੱਲਾਂ ਕਾਰਨ ਇਹ ਸਿੱਧ ਕਰਨਾ ਔਖਾ ਹੈ ਕਿ ਉਹ ਮੁਸਲਮਾਨਾਂ ਦਾ ਵਿਰੋਧੀ ਸੀ।

ਪੰਜਾਬ ਦਾ ਇਤਿਹਾਸ ਲਿਖਣ ਵਾਲਾ ਫਰਾਂਸੀਸੀ ਯਾਂ ਮੇਰੀ ਲੇਫੋਨ ਹੈ, ਜਿਸ ਦਾ ਖਿਆਲ ਹੈ, ਡੇਢ ਕਰੋੜ ਪੰਜਾਬੀਆਂ ਦੀ ਵਸੋਂ ਵਾਲੇ ਪੰਜਾਬ ਵਿਚ "ਮਹਾਰਾਜੇ ਦਾ ਸਿਵਲ ਅਤੇ ਮਿਲਟਰੀ ਫਰੇਮ ਬਹੁਭਾਂਤੀ ਕਲਚਰ ਵਾਲਾ ਸੀ। ਸਾਰੇ ਲੋਕਾਂ ਨੂੰ ਲੱਗਦਾ ਸੀ ਕਿ ਇਹ ਸਾਡਾ ਦੇਸ਼ ਹੈ, ਜਿਸ ਵਿਚ ਪੰਜਾਬੀ ਰੰਗ, ਪੰਜਾਬੀ ਸੁਗੰਧ ਹੈ। ਸਤਲੁਜ ਤੋਂ ਲੈ ਕੇ ਸਿੰਧ ਤੱਕ, ਹਿਮਾਲਾ ਦੀਆਂ ਜੜ੍ਹਾਂ ਤੋਂ ਲੈ ਕੇ ਸਿੰਧ ਫਰੰਟੀਅਰ ਤੱਕ ਵੰਨ-ਸੁਵੰਨਤਾ ਸੀ।"

ਸਹੀ ਹੈ ਕਿ ਸੱਤਾ ਪ੍ਰਬੰਧ ਵਿਚ ਮੁਸਲਮਾਨਾਂ ਦੀ ਤਾਕਤ ਘੱਟ ਸੀ। ਮਹਾਰਾਜੇ ਦੇ ਪਸੰਦੀਦਾ ਅਫਸਰ, ਵਜ਼ੀਰ, ਜਰਨੈਲ ਵਧੀਕ ਡੋਗਰੇ, ਸਿੱਖ ਅਤੇ ਬ੍ਰਾਹਮਣ ਸਨ। ਪੰਡਿਤ ਗੰਗਾ ਰਾਮ ਸਟੇਟ ਮਿਲਟਰੀ ਦਾ ਚੀਫ ਸੀ ਤੇ ਉਸ ਦੇ ਦੇਹਾਂਤ ਪਿੱਛੋਂ ਇਸੇ ਪਦਵੀ 'ਤੇ ਉਸ ਦਾ ਵਾਰਸ ਪੰਡਿਤ (ਪਿੱਛੋਂ ਜਾ ਕੇ ਰਾਜਾ) ਦੀਨਾ ਨਾਥ ਹੋਇਆ। ਇਹ ਦੋਵੇਂ ਕਸ਼ਮੀਰੀ ਬ੍ਰਾਹਮਣ ਸਨ।

ਤਿੰਨੇ ਫਕੀਰ ਭਰਾ ਮਹਾਰਾਜੇ ਦਾ ਭਰੋਸਾ ਜਿੱਤ ਚੁਕੇ ਸਨ, ਪੂਰਾ ਦਬ-ਦਬਾਉ ਸੀ ਪਰ ਉਹ ਵਧੀਕ ਦਖਲ ਦੇਣ ਤੋਂ ਖੁਦ ਹੀ ਪਰਹੇਜ਼ ਕਰਦੇ ਸਨ। ਫੌਜ ਵਿਚ ਮੁਸਲਮਾਨ ਭਰਤੀ ਹੋਏ, ਬਹਾਦਰੀ ਦਿਖਾਈ ਤਾਂ ਇਨਾਮ ਮਿਲੇ ਪਰ ਇਹ ਨਹੀਂ ਕਿ ਉਨ੍ਹਾਂ ਦੀ ਸਲਾਹ ਨਾਲ ਯੁੱਧ ਨੀਤੀ ਤੈਅ ਹੋਵੇਗੀ। ਮੋਰਾਂ ਉਤੇ ਮਹਾਰਾਜਾ ਫਿਦਾ ਸੀ ਪਰ ਰਾਜ ਪ੍ਰਬੰਧ ਵਿਚ ਉਸ ਨੂੰ ਦਖਲ ਨਹੀਂ ਦੇਣ ਦਿੱਤਾ। ਦਰਬਾਰ ਵਿਚਲੇ ਹਿੰਦੂ, ਸਿੱਖ ਅਤੇ ਯੂਰਪੀਅਨਾਂ ਤੋਂ ਸਲਾਹ ਮਸ਼ਵਰਾ ਲੈਂਦਾ, ਇਸ ਦੇ ਮੁਕਾਬਲੇ ਮੁਸਲਮਾਨ ਘੱਟ ਹੁੰਦੇ। ਅਜਿਹਾ ਕਿਸੇ ਦੁਸ਼ਮਣੀ ਜਾਂ ਬਦਲਾਖੋਰੀ ਦੀ ਭਾਵਨਾ ਨਾਲ ਨਹੀਂ ਹੋਇਆ, ਉਨ੍ਹਾਂ ਦਿਨਾਂ ਵਿਚ ਹਾਲਾਤ ਦਾ ਪਿਛੋਕੜ ਹੀ ਸਿੱਖ-ਮੁਸਲਮਾਨ ਟੱਕਰ ਵਿਚ ਸੀ, ਉਸੇ ਟੱਕਰ ਵਿਚ ਰਣਜੀਤ ਸਿੰਘ ਨੇ ਸੱਤਾ ਹਾਸਲ ਕੀਤੀ।

ਕੁਲ ਮੁਸਲਮਾਨ ਮੁਖੀਆਂ ਵਿਰੁਧ, ਖਾਸ ਕਰ ਮੁਲਤਾਨ ਤੇ ਕਸੂਰ ਨੂੰ ਛੱਡ ਕੇ ਰਣਜੀਤ ਸਿੰਘ ਨੂੰ ਖੂਨੀ ਜੰਗਾਂ ਨਹੀਂ ਲੜਨੀਆਂ ਪਈਆਂ। ਇਨ੍ਹਾਂ ਦੋ ਹਾਕਮਾਂ ਨੂੰ ਵੀ ਉਨ੍ਹਾਂ ਦੇ ਹੀ ਇਲਾਕੇ ਵਿਚ ਸੱਤਾ ਤੇ ਸ਼ਾਨ ਸੌਂਪ ਦਿੱਤੀ। ਆਪਣੇ ਦੁਸ਼ਮਣ ਨੂੰ ਤਲਵਾਰ ਦੀ ਥਾਂ ਉਹ ਪਿਆਰ ਨਾਲ ਜਿੱਤਣ ਵਾਲਾ ਸ਼ਖਸ ਸੀ। ਲਾਹੌਰ ਤੇ ਰਾਵਲਪਿੰਡੀ ਡਿਵੀਜ਼ਨਾਂ ਵਿਚ ਚੱਠਿਆਂ ਤੇ ਭੱਟੀਆਂ ਨੇ ਬਗਾਵਤ ਕੀਤੀ ਪਰ ਇਹ ਬਗਾਵਤ ਨਾ ਧਾਰਮਿਕ ਰੰਗ ਦੀ ਸੀ ਤੇ ਨਾ ਕਾਮਯਾਬ ਹੀ ਹੋਈ। ਉਹ ਮੁਸਲਮਾਨ ਹੋ ਕੇ ਸਿੱਖ ਮਹਾਰਾਜੇ ਦੇ ਖਿਲਾਫ ਨਹੀਂ ਉਠੇ, ਸਾਬਕਾ ਹਾਕਮ ਤਤਕਾਲੀ ਹਾਕਮ ਵਿਰੁਧ ਬਾਗੀ ਹੋ ਗਿਆ ਸੀ। ਮੁਲਤਾਨ ਤੇ ਕਸੂਰ ਦੇ ਕਬਾਇਲੀ ਪਖਤੂਨ ਹਾਰ ਗਏ, ਹਾਰਨ ਤੋਂ ਬਾਅਦ ਫਿਰ ਮਹਾਰਾਜੇ ਵਲੋਂ ਹਾਕਮ ਹੋ ਗਏ।

ਕੁਝ ਇਤਿਹਾਸਕਾਰਾਂ ਨੇ ਇਹ ਵੀ ਲਿਖਿਆ ਕਿ ਮੁਲਤਾਨ ਦੇ ਪਠਾਣ, ਚੱਠੇ ਜਾਂ ਭੱਟੀ, ਮਹਾਰਾਜੇ ਦੀ ਹਕੂਮਤ ਵਿਚ ਨਮਕ ਹਰਾਮ ਸਨ। ਆਧੁਨਿਕ ਪਾਕਿਸਤਾਨੀ ਇਤਿਹਾਸਕਾਰਾਂ ਨੇ ਦੋਸ਼ ਲਾਇਆ ਹੈ ਕਿ ਮਹਾਰਾਜੇ ਨੇ ਮਸਜਿਦਾਂ ਨੂੰ ਬਾਰੂਦ ਬਣਾਉਣ ਵਾਲੇ ਕਾਰਖਾਨੇ ਬਣਾ ਲਿਆ ਸੀ ਤੇ ਮਸਜਿਦਾਂ ਤਬੇਲੇ ਬਣ ਗਈਆਂ ਸਨ। ਕੀ ਪਤਾ ਬਾਦਸ਼ਾਹੀ ਮਸਜਿਦ ਵਿਚ, ਜਿਵੇਂ ਦੋਸ਼ ਲਾਇਆ ਜਾਂਦਾ ਹੈ, ਤੋਪਾਂ, ਬੰਦੂਕਾਂ ਸਟੋਰ ਕੀਤੀਆਂ ਹੋਣ। ਇਸ ਪਿਛੇ ਧੌਂਸ ਜਮਾਉਣ ਦਾ ਇਰਾਦਾ ਵੀ ਹੋ ਸਕਦਾ ਹੈ।

ਮੁਗਲ ਅਫਸਰ ਨਵਾਬ ਭਿਖਾਰੀ ਖਾਨ ਨੇ 1753 ਵਿਚ ਜਿਹੜੀ ਸੁਨਹਿਰੀ ਮਸਜਿਦ ਤਾਮੀਰ ਕੀਤੀ, ਲੇਫੋਨ ਲਿਖਦਾ ਹੈ ਕਿ ਸਿੱਖਾਂ ਨੇ ਸੱਤਾ ਸੰਭਾਲਦਿਆਂ ਹੀ ਇਸ ਨੂੰ ਗੁਰਦੁਆਰੇ ਵਿਚ ਤਬਦੀਲ ਕਰ ਦਿੱਤਾ, ਇਹ ਹੋਇਆ ਸੀ ਪਰ ਮਿਸਲਦਾਰਾਂ ਨੇ ਕੀਤਾ; ਇਹ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਸੰਭਾਲਣ ਤੋਂ ਪਹਿਲਾਂ ਦੀ ਘਟਨਾ ਹੈ। ਇਹ ਵੀ ਲੇਫੋਨ ਨੇ ਦੱਸਿਆ ਹੈ ਕਿ 1820 ਵਿਚ ਦਰਬਾਰ ਦੇ ਮੁਸਲਮਾਨਾਂ ਦਾ ਵਫਦ ਮਹਾਰਾਜੇ ਨੂੰ ਮਿਲਿਆ ਤੇ ਅਰਜ਼ ਕੀਤੀ ਕਿ ਮਸਜਿਦ, ਮਸਜਿਦ ਹੀ ਰਹਿਣੀ ਚਾਹੀਦੀ ਹੈ। ਫਕੀਰ ਅਜ਼ੀਜ਼-ਉਦ-ਦੀਨ ਅਤੇ ਫਰਾਂਸਿਸ ਐਲਰਡ ਨੇ ਮਹਾਰਾਜੇ ਅੱਗੇ ਮੁਸਲਮਾਨਾਂ ਦੀ ਵਕਾਲਤ ਕਰਦਿਆਂ ਕਿਹਾ ਕਿ ਗੱਲ ਠੀਕ ਹੈ। ਮਹਾਰਾਜੇ ਨੇ ਗੱਲ ਤਾਂ ਮੰਨੀ ਹੀ, ਐਲਰਡ ਦੀ ਹੀ ਡਿਊਟੀ ਲਾ ਦਿੱਤੀ ਕਿ ਗੁੰਬਦਾਂ ਦੀ ਪੁਰਾਣੀ ਸੁਨਹਿਰੀ ਦਿੱਖ ਕਾਇਮ ਕਰੋ।

1834 ਵਿਚ ਐਲਰਡ ਨੇ ਰਣਜੀਤ ਸਿੰਘ ਨੂੰ ਕਿਹਾ, ਮੈਨੂੰ ਹੁਣ ਫਰਾਂਸ ਜਾਣ ਦੀ ਆਗਿਆ ਦਿਉ। ਲਾਹੌਰ ਜੰਮੇ ਮੇਰੇ ਬੱਚੇ ਈਸਾਈ ਮਾਹੌਲ ਵਿਚ ਪੜ੍ਹ ਸਕਣਗੇ। ਮਹਾਰਾਜੇ ਨੇ ਆਗਿਆ ਤਾਂ ਦਿੱਤੀ ਹੀ, ਇਹ ਵੀ ਕਿਹਾ, ਹਰ ਬੰਦੇ ਨੂੰ ਹੱਕ ਹੈ ਕਿ ਉਹ ਆਪਣਾ ਧਰਮ ਚੁਣੇ ਤੇ ਨਿਭਾਏ। ਜਾਉ। ਫਰਾਂਸੀਸੀ ਅਖਬਾਰਾਂ ਵਿਚ ਇਹ ਬਿਆਨ ਛਪਿਆ।



*ਮਹਾਰਾਜਾ ਰਣਜੀਤ ਸਿੰਘ ਦਾ ਇਕ ਚਿੱਤਰ*

ਜਦੋਂ ਮਹਾਰਾਜੇ ਨੇ ਲਾਹੌਰ ਦੀ ਵਾਗਡੋਰ ਸੰਭਾਲੀ, ਮਸੀਤਾਂ ਤੇ ਹੋਰ ਪਵਿੱਤਰ ਇਮਾਰਤਾਂ ਮੁਸਲਮਾਨਾਂ ਦੇ ਕੰਟਰੋਲ ਵਿਚ ਸਨ। ਸ਼ਾਹ ਸ਼ਰਾਜ਼ (ਮੌਤ 1692) ਦਾ ਮਕਬਰਾ ਇਸ ਕਰਕੇ ਢਾਹੁਣਾ ਪਿਆ ਕਿਉਂਕਿ ਕਈ ਹੋਰ ਵੱਡੀਆਂ ਇਮਾਰਤਾਂ ਨੂੰ ਬਚਾਉਣ ਵਾਸਤੇ ਖੰਦਕ ਪੁਟਣੀ ਜ਼ਰੂਰੀ ਸੀ। ਮੁਗਲ ਦੌਰ ਦੀਆਂ ਜੋ ਇਮਾਰਤਾਂ ਨੁਕਸਾਨੀਆਂ ਗਈਆਂ ਜਾਂ ਸੰਗਮਰਮਰ ਉਖਾੜੀ ਗਈ, ਉਨ੍ਹਾਂ ਵਿਚ ਜਹਾਂਗੀਰ ਦਾ ਮਕਬਰਾ ਵੀ ਸੀ।

ਅੰਮ੍ਰਿਤਸਰ ਵਿਚ ਦਰਬਾਰ ਸਾਹਿਬ ਦੀ ਨਵ-ਉਸਾਰੀ ਵਾਸਤੇ, ਕਾਂਗੜੇ ਵਿਚ ਪ੍ਰਾਚੀਨ ਹਿੰਦੂ ਮੰਦਿਰ ਜਵਾਲਾਮੁਖੀ ਵਾਸਤੇ ਧਨ, ਸੋਨਾ ਅਤੇ ਸੰਗਮਰਮਰ ਦਿੱਤੇ। ਮਹਾਰਾਜੇ ਨੇ ਲਾਹੌਰ ਵਿਚ ਗੁਰੂ ਰਾਮਦਾਸ ਦੇ ਨਾਮ 'ਤੇ ਗੁਰਦੁਆਰਾ ਅਤੇ ਗੁਰੂ ਅਰਜਨ ਦੇਵ ਦੇ ਸ਼ਹੀਦੀ ਅਸਥਾਨ 'ਤੇ ਯਾਦਗਾਰ ਬਣਵਾਈ। ਗੁਰਮੁਖੀ ਲਿਪੀ ਲਈ ਉਤਸ਼ਾਹ ਵਧਿਆ। ਪਾਠ ਪੋਥੀਆਂ ਇਸ ਲਿਪੀ ਵਿਚ ਲਿਖਵਾਈਆਂ। ਕੁਝ ਮੁਸਲਮਾਨ ਕੁੜੀਆਂ ਨੇ ਗੁਰਮੁਖੀ ਸਿੱਖੀ। ਹਿੰਦੂਆਂ ਦੀ ਧਾਰਮਕ ਜਗਿਆਸਾ ਦੀ ਤ੍ਰਿਪਤੀ ਵਾਸਤੇ ਭਾਗਵਤ ਪੁਰਾਣ ਅਤੇ ਸ਼ਿਵ ਪੁਰਾਣ ਦੀਆਂ ਲਾਹੌਰ ਵਿਚ ਅਨੇਕ ਜਿਲਦਾਂ ਲਿਖਵਾਈਆਂ।

ਰਣਜੀਤ ਸਿੰਘ ਸਭ ਧਰਮਾਂ ਦਾ ਆਦਰ ਕਰਦਾ ਸੀ ਪਰ ਦਰਬਾਰ ਵਿਚ ਉਸ ਦੇ ਆਪਣੇ ਧਰਮ ਦੇ ਅਨੇਕ ਨਿਸ਼ਾਨ ਸਨ। ਕਦੀ ਕਦਾਈਂ ਹਾਥੀ ਉਤੇ ਸੁਨਹਿਰੀ ਪਾਲਕੀ ਵਿਚ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਕੇ, ਆਪਣਾ ਸੁਨਹਿਰੀ ਹੌਦੇ ਵਾਲਾ ਹਾਥੀ ਉਸ ਦੇ ਪਿਛੇ ਤੋਰਦਾ ਹੋਇਆ ਉਸ ਦਾ ਕਾਫਲਾ ਕੂਚ ਕਰਦਾ।

ਉਂਜ, ਦੇਸ਼ ਵਿਚ ਧਾਰਮਕ ਤਣਾਓ ਵਾਲੀਆਂ ਘਟਨਾਵਾਂ ਵੀ ਵਾਪਰਦੀਆਂ। ਕਈ ਥਾਂਵਾਂ ਉਤੇ ਗਊ ਹੱਤਿਆ 'ਤੇ ਪਾਬੰਦੀ ਸੀ ਪਰ ਇਹ ਉਨ੍ਹਾਂ ਥਾਂਵਾਂ 'ਤੇ ਸੀ ਜਿਥੇ ਹਿੰਦੂਆਂ ਦੀ ਗਿਣਤੀ ਵਧੀਕ, ਮੁਸਲਮਾਨਾਂ ਦੀ ਘੱਟ ਸੀ। ਕਿਹਾ ਜਾਂਦਾ ਹੈ ਕਿ 1780 ਤੋਂ 1849 ਤੱਕ ਮੁਸਲਮਾਨ ਪੰਜਾਬੀਆਂ ਅਤੇ ਪਠਾਣਾਂ ਉਪਰ ਸਿੱਖਾਂ ਵਲੋਂ ਧਾਰਮਿਕ ਸਖਤੀਆਂ ਹੋਈਆਂ। ਇਸ ਗੱਲ ਦੇ ਗਲਤ ਹੋਣ ਦਾ ਨਿਪਟਾਰਾ ਇਕ ਚਸ਼ਮਦੀਦ ਗਵਾਹ ਆਪਣੀ ਲਿਖਤ ਵਿਚ ਕਰ ਰਿਹਾ ਹੈ। ਅਲੈਗਜ਼ੈਂਡਰ ਬਰਨਜ਼ ਦਸਦਾ ਹੈ ਕਿ ਜੋ ਸਿੱਖ ਮਹਾਰਾਜੇ ਦੇ ਘੋੜਿਆਂ ਦੀ ਰਾਖੀ ਕਰਦੇ ਸਨ, ਉਨ੍ਹਾਂ ਨੇ ਇਕ ਮਸੀਤ ਦੀ ਮੁਰੰਮਤ ਕਰਵਾਈ ਤੇ ਇਉਂ ਲਿਸ਼ਕਾ ਦਿੱਤੀ ਕਿ ਧੁੱਪ ਵਿਚ ਅੱਖਾਂ ਚੁੰਧਿਆ ਜਾਂਦੀਆਂ ਕਿਉਂਕਿ ਜਿਸ ਹਕੀਮ ਨੇ ਬਿਮਾਰ ਘੋੜੇ ਠੀਕ ਕਰ ਦਿੱਤੇ ਸਨ, ਉਹ ਇਸ ਮਸਜਿਦ ਵਿਚ ਨਮਾਜ਼ ਪੜ੍ਹਨ ਜਾਂਦਾ ਹੁੰਦਾ ਸੀ।

ਯਹੂਦੀ ਡਾਕਟਰ ਜੋਸਫ ਵੋਲਫ ਯਾਤਰਾ ਦੌਰਾਨ ਮਹਾਰਾਜੇ ਨੂੰ ਮਿਲਿਆ ਤੇ ਲਿਖਿਆ, ਧਰਮ ਬਾਰੇ ਰਣਜੀਤ ਸਿੰਘ ਦੀ ਉਦਾਰਤਾ ਅਤੇ ਜਬਰਨ ਧਰਮ ਪਰਿਵਰਤਨ ਦੀ ਮੂਰਖਤਾ ਵਿਰੁਧ ਉਸ ਦੇ ਖਿਆਲਾਂ ਤੋਂ ਮੈਂ ਪ੍ਰਭਾਵਿਤ ਹੋਇਆ। ਅਨੇਕ ਮੁਸਲਮਾਨ ਹਾਕਮਾਂ ਨੂੰ ਹਰਾ ਕੇ ਮਹਾਰਾਜਾ ਕਿਹਾ ਕਰਦਾ ਸੀ, ਤਲਵਾਰ ਦੀ ਧਾਰ ਧਰਮ ਦੇ ਸੱਚ ਦਾ ਹਮੇਸ਼ਾ ਪ੍ਰਗਟਾਵਾ ਨਹੀਂ ਹੁੰਦੀ।

ਅਸੀਂ ਬਾਅਦ ਵਿਚ ਦੇਖਾਂਗੇ ਕਿ ਵੀਹਵੀਂ ਸਦੀ ਦੇ ਪੰਜਾਬੀ ਮੁਸਲਮਾਨ ਸਰਦਾਰਾਂ ਦੇ ਵਡੇਰੇ ਮਹਾਰਾਜੇ ਦੇ ਦਰਬਾਰ ਵਿਚ ਅਫਸਰ ਹੁੰਦੇ ਸਨ। ਇਸੇ ਗੱਲ ਤੋਂ ਮਹਾਰਾਜੇ ਦੇ ਇਸਲਾਮ ਬਾਬਤ ਖਿਆਲਾਂ ਦੀ ਝਲਕ ਦਿਸ ਜਾਂਦੀ ਹੈ। ਫਜ਼ਲਿ ਹੁਸੈਨ ਅਤੇ ਖਿਜ਼ਰ ਹਯਾਤ ਟਿਵਾਣਾ ਇਨ੍ਹਾਂ ਵਿਚੋਂ ਹੀ ਸਨ।

---

ਰਣਜੀਤ ਸਿੰਘ ਦੇ ਰਾਜ ਵਿਚ ਪੰਜਾਬ ਅੰਦਰ ਕੋਈ ਵੱਡੀ ਮੁਸਲਿਮ ਧਾਰਮਕ ਬਗਾਵਤ ਨਹੀਂ ਹੋਈ, ਸਿੰਧ ਦੇ ਪੱਛਮ ਵੱਲ ਪਖਤੂਨਾਂ ਨੇ ਛੁਟ-ਪੁਟ ਜਨੂੰਨੀ ਬਗਾਵਤਾਂ ਕੀਤੀਆਂ। 1824 ਵਿਚ ਅਕਾਲੀ ਫੂਲਾ ਸਿੰਘ ਨਿਹੰਗ ਚੀਫ ਅਤੇ ਬਲਭਦਰ ਗੋਰਖਿਆਂ ਦਾ ਚੀਫ ਮਹਾਰਾਜੇ ਵਲੋਂ ਪੇਸ਼ਾਵਰ ਦਾ ਕਬਜ਼ਾ ਛੁਡਾਉਣ ਭੇਜੇ, ਜਿਥੇ ਪਖਤੂਨਾਂ ਨੇ ਕਬਜ਼ਾ ਕਰ ਲਿਆ ਸੀ। ਲੜਦੇ ਹੋਏ ਦੋਵੇਂ ਜਰਨੈਲ ਮਾਰੇ ਗਏ ਪਰ ਚਾਰ ਹਜ਼ਾਰ ਪਖਤੂਨ ਵੀ ਮਰੇ ਤੇ ਕਿਲ੍ਹੇ 'ਤੇ ਪੰਜਾਬ ਦੀ ਸੈਨਾ ਦਾ ਕਬਜ਼ਾ ਮੁੜ ਹੋ ਗਿਆ ਜਿਥੇ ਦੀਵਾਨ ਚੰਦ (ਮੌਤ 1825), ਹਰੀ ਸਿੰਘ ਨਲੂਆ ਅਤੇ ਦੋ ਫਰਾਂਸੀਸੀ ਜਰਨੈਲਾਂ-ਐਲਾਰਡ ਤੇ ਵੈਂਤੂਰਾ ਨੇ ਪ੍ਰਬੰਧ ਸੰਭਾਲਿਆ।



*ਇਕ ਚਿੱਤਰਕਾਰ ਦੀ ਨਜ਼ਰ ਵਿਚ ਮਹਾਰਾਜਾ ਰਣਜੀਤ ਸਿੰਘ ਦਾ ਦਰਬਾਰ।*

ਇਸ ਲੜਾਈ ਤੋਂ ਦੋ ਸਾਲ ਬਾਅਦ ਪੰਜਾਬ ਵਿਚ ਖਤਰਨਾਕ ਬਗਾਵਤ ਦੀ ਹਨੇਰੀ ਝੁੱਲੀ। ਬਾਗੀ ਨਾ ਪਖਤੂਨ ਸੀ, ਨਾ ਪੰਜਾਬੀ; ਹਿੰਦੁਸਤਾਨੀ ਸੀ ਸੱਯਦ ਅਹਿਮਦ, ਲਖਨਊ ਨੇੜੇ ਰਾਇ ਬਰੇਲੀ ਵਿਚ ਜੰਮਿਆ, ਦਿੱਲੀ ਦੇ ਮੁਸਲਮਾਨ ਸ਼ੱਰਈ ਵਿਦਵਾਨ ਸ਼ਾਹ ਵਲੀਉਲਾ (1703-62) ਦਾ ਮੁਰੀਦ। ਸੱਯਦ ਅਹਿਮਦ ਨੂੰ ਲੱਗਾ ਕਿ ਦਿੱਲੀ ਤੇ ਲਾਹੌਰ ਵਿਚੋਂ ਮੁਸਲਮਾਨ ਹਕੂਮਤ ਦਾ ਖਾਤਮਾ ਹੋਣਾ ਤਾਂ ਪਰਲੋ ਆਉਣ ਵਰਗੀ ਸਥਿਤੀ ਹੈ, ਇਹ ਨਹੀਂ ਬਰਦਾਸ਼ਤ ਹੁੰਦੀ।

ਅੰਗਰੇਜ਼ਾਂ ਅਤੇ ਸਿੱਖਾਂ-ਦੋਵਾਂ ਦਾ ਦੁਸ਼ਮਣ ਸੀ ਪਰ ਦੋਵਾਂ ਵਿਚੋਂ ਸਿੱਖਾਂ ਦਾ ਬਹੁਤਾ। ਉਤਰ ਪ੍ਰਦੇਸ਼ ਵਿਚੋਂ ਉਸ ਨੇ ਜਹਾਦੀਆਂ ਦੀ ਭਰਤੀ ਵੱਡੀ ਪੱਧਰ 'ਤੇ ਕੀਤੀ। ਦਿਲਚਸਪ ਗੱਲ ਇਹ ਕਿ ਇੱਡੇ ਵੱਡੇ ਕਾਰਵਾਂ ਨੂੰ ਅੰਗਰੇਜ਼ਾਂ ਨੇ ਬਰਾਸਤਾ ਸਿੰਧ ਪੇਸ਼ਾਵਰ ਜਾਣ ਤੋਂ ਰੋਕਿਆ ਕਿਉਂ ਨਾ?

1825 ਵਿਚ ਉਤਰੀ ਹਿੰਦੁਸਤਾਨ ਵਿਚ ਜੋ ਪੈਂਫਲਿਟ ਵੰਡੇ, ਉਨ੍ਹਾਂ ਵਿਚੋਂ ਇਕ 'ਤੇ ਲਿਖਿਆ, ਦੇਰ ਪਹਿਲਾਂ ਸਿੱਖ ਕੌਮ ਨੇ ਲਾਹੌਰ ਸਰ ਕਰ ਲਿਆ ਹੈ। ਉਨ੍ਹਾਂ ਦੀਆਂ ਜ਼ਿਆਦਤੀਆਂ ਸਭ ਹੱਦਾਂ ਪਾਰ ਕਰ ਗਈਆਂ ਹਨ। ਬਿਨਾਂ ਕਿਸੇ ਉਕਸਾਹਟ ਦੇ ਉਨ੍ਹਾਂ ਨੇ ਹਜ਼ਾਰਾਂ ਮੁਸਲਮਾਨ ਮਾਰ ਦਿੱਤੇ ਹਨ। ਮਸੀਤਾਂ ਵਿਚੋਂ ਅਜ਼ਾਨ ਦੇਣੀ ਬੰਦ ਕਰਵਾ ਦਿੱਤੀ ਹੈ ਤੇ ਗਊ ਹੱਤਿਆ ਉਪਰ ਪੂਰਨ ਪਾਬੰਦੀ ਹੈ।

ਭਾਰਤੀ ਸ਼ਹਿਰਾਂ ਵਿਚੋਂ ਜਹਾਦੀ, ਹਥਿਆਰ ਅਤੇ ਪੈਸੇ ਇਕੱਠੇ ਕਰਕੇ 1826 ਵਿਚ ਜਹਾਦ ਦਾ ਐਲਾਨ ਕਰਕੇ ਪੇਸ਼ਾਵਰ ਦੇ ਕਬਾਇਲੀ ਇਲਾਕੇ ਵਿਚ ਆਣ ਪੁੱਜਾ। ਕੁਝ ਸਮੇਂ ਲਈ ਯੂਸਫਜ਼ਈ, ਖੱਟਕ ਅਤੇ ਹੋਰ ਕਬਾਇਲੀਆਂ ਉਤੇ ਜਹਾਦੀਆਂ ਦਾ ਅਸਰ ਹੋਇਆ। ਮਹਾਰਾਜੇ ਵਲੋਂ ਥਾਪੇ ਪਖਤੂਨ ਹਾਕਮ ਨੇ ਪੇਸ਼ਾਵਰ ਖਾਲੀ ਕਰ ਦਿੱਤਾ। ਐਲਾਰਡ ਅਤੇ ਵੈਂਤੂਰਾ ਫਿਰ ਫੌਜਾਂ ਲੈ ਕੇ ਆ ਗਏ ਤੇ ਪੇਸ਼ਾਵਰ ਦਾ ਇਕ ਹਿੱਸਾ ਮੱਲ ਲਿਆ।

ਸਮੇਂ-ਸਮੇਂ ਮਹਾਰਾਜਾ ਕਬਾਇਲੀਆਂ ਨੂੰ ਪਾੜੀ ਰੱਖਣ ਲਈ ਪੈਸਾ ਅਤੇ ਉਨ੍ਹਾਂ ਵਿਚਲੀ ਜੱਦੀ ਦੁਸ਼ਮਣੀ ਨੂੰ ਹਥਿਆਰ ਬਣਾਉਂਦਾ, ਕਦੀ ਵੱਡੀ ਸੈਨਾ ਨਾਲ ਦਬਾਉਂਦਾ। 1830 ਦੀਆਂ ਗਰਮੀਆਂ ਵਿਚ ਕੰਵਰ ਸ਼ੇਰ ਸਿੰਘ, ਹਰੀ ਸਿੰਘ ਨਲਵਾ ਅਤੇ ਐਲਾਰਡ ਦੀ ਕਮਾਨ ਵਿਚ ਵੱਡੇ ਲਸ਼ਕਰ ਨੇ ਬਾਗੀਆਂ ਵਿਰੁਧ ਜੰਗ ਜਿੱਤ ਲਈ। ਲੁਧਿਆਣੇ ਵਿਚ ਪੰਜਾਬ ਦੇਸ਼ ਦੇ ਇੰਚਾਰਜ, ਕੰਪਨੀ ਦੇ ਅਫਸਰ ਨੇ ਦਿੱਲੀ ਰੈਜ਼ੀਡੈਂਟ ਨੂੰ ਰਿਪੋਰਟ ਭੇਜੀ, ਜਿਸ ਵਿਚ ਇਸ ਬਗਾਵਤ ਨੂੰ ਕੁਚਲਣ ਦਾ ਵਿਸਥਾਰ ਦਰਜ ਹੈ। ਲਿਖਿਆ ਕਿ ਹਰੀ ਸਿੰਘ ਨਲੂਏ ਤੋਂ ਮੂਲਵਾਦੀ ਸੱਯਦ ਅਹਿਮਦ ਹਾਰ ਗਿਆ।

ਬਾਗੀਆਂ ਨੇ ਹੁਣ ਦੂਜਾ ਰਾਹ ਅਪਨਾਇਆ। ਆਹਮੋ-ਸਾਹਮਣੇ ਲੜਨ ਦਾ ਤਰੀਕਾ ਛੱਡ ਕੇ ਲੁਕ ਛੁਪ ਕੇ ਉਹ ਘਾਤ ਲਾ ਕੇ ਹਮਲੇ ਕਰਨ ਲੱਗ ਪਏ। ਕੁਝ ਝੜਪਾਂ ਵਿਚ ਭਾਰੀ ਨੁਕਸਾਨ ਕਰਕੇ ਜਿੱਤ ਵੀ ਜਾਂਦੇ।

ਇਸ ਲੜਾਈ ਦਾ ਖਾਤਮਾ ਉਦੋਂ ਹੋਇਆ ਜਦੋਂ ਪਖਤੂਨਾਂ ਨੇ ਹਿੰਦੁਸਤਾਨੀ ਜਹਾਦੀਆਂ ਨੂੰ ਨਾਪਸੰਦ ਕਰਨਾ ਸ਼ੁਰੂ ਕਰ ਦਿੱਤਾ। ਉਸ ਉਤੇ ਦੋਸ਼ ਲੱਗੇ ਕਿ ਉਹ ਹਿੰਦੁਸਤਾਨੀ ਜਹਾਦੀਆਂ ਨੂੰ ਇਕ-ਇਕ ਕਰਕੇ ਪਖਤੂਨ ਕੁੜੀਆਂ ਵੰਡ ਰਿਹਾ ਸੀ। ਪੇਸ਼ਾਵਰ ਦੇ ਲੋਕ ਭੜਕ ਉਠੇ, ਬੇਸ਼ਕ ਇਹ ਵੀ ਕਿਹਾ ਗਿਆ ਕਿ ਦੋਸ਼ ਝੂਠੇ ਹਨ। ਪਖਤੂਨ ਇਤਿਹਾਸ ਦੇ ਵਿਦਿਆਰਥੀ ਓਲਫ ਕਾਰੋ ਨੇ ਇਹ ਭੇਤ ਖੋਲ੍ਹਿਆ ਹੈ, ਜੋ ਬਾਅਦ ਵਿਚ ਨੌਰਥ ਵੈਸਟ ਫਰੰਟੀਅਰ ਪ੍ਰੋਵਿੰਸ ਵਿਚ ਅੰਗਰੇਜ਼ਾਂ ਨੇ ਗਵਰਨਰ ਲਾਇਆ ਸੀ।

ਬੁਰੇ ਭਾਗ, ਉਸ ਦੇ ਜਹਾਦੀ ਸਾਥੀ ਸਾਥ ਛੱਡਣ ਲੱਗ ਪਏ, ਕਈ ਥਾਂਵਾਂ 'ਤੇ ਕਤਲ ਹੋਏ। ਸੱਯਦ ਅਹਿਮਦ ਅੰਗਰੇਜ਼ ਫੌਜਾਂ ਅਤੇ ਬੇਰਹਿਮ ਪਖਤੂਨਾਂ ਦੇ ਵਿਚਕਾਰ ਫਸ ਗਿਆ। ਤ੍ਰਿਸਕਾਰੇ ਹੋਏ ਸੱਯਦ ਉਪਰ ਮਈ 1831 ਵਿਚ ਅਚਨਚੇਤੀ ਕੰਵਰ ਸ਼ੇਰ ਸਿੰਘ ਦੀ ਸੈਨਿਕ ਟੁਕੜੀ ਨੇ ਬਾਲਾਕੋਟ ਵਿਚ ਹੱਲਾ ਕਰਕੇ ਦਿਨ ਕਟੀ ਕਰਦੇ ਇਸ ਬਾਗੀ ਨੂੰ ਮਾਰ ਮੁਕਾਇਆ। ਕਾਬਲ ਦੀ ਸ਼ਹਿ ਉਤੇ ਗਾਹੇ-ਬਗਾਹੇ ਪੇਸ਼ਾਵਰ ਵਿਚ ਬਗਾਵਤਾਂ ਉਠਦੀਆਂ ਰਹੀਆਂ।

ਦਿਲਚਸਪ ਵਾਕਿਆ ਇਹ ਕਿ ਸੱਯਦ ਦੇ ਸੱਦੇ ਕਾਰਨ ਪੰਜਾਬ ਦੇ ਕਿਸੇ ਮੁਸਲਮਾਨ ਚੀਫ ਨੇ ਸਰਕਾਰ ਖਾਲਸਾ ਦਾ ਸਾਥ ਨਹੀਂ ਛੱਡਿਆ, ਇਉਂ ਪੰਜਾਬ ਵਿਚ ਪੱਤਾ ਤੱਕ ਨਾ ਹਿੱਲਿਆ।

# ਪੰਜਾਬੀ 'ਤੇ ਭਾਰੂ ਪੈ ਰਹੀ ਅੰਗਰੇਜ਼ੀ ਬਾਰੇ ਵਿਅੰਗਮਈ ਫਿਲਮ 'ਓ ਅ'

ਮਹਿੰਗੇ ਸਕੂਲਾਂ ਵਿਚ ਅੰਗਰੇਜ਼ੀ ਮਾਧਿਅਮ ਦੀ ਪੜ੍ਹਾਈ ਨੇ ਪੰਜਾਬੀ ਮਾਂ ਬੋਲੀ ਦੇ ਨੱਕ 'ਚ ਦਮ ਕੀਤਾ ਹੋਇਆ ਹੈ। ਇਕ ਪਾਸੇ ਆਪਾਂ ਸਰਕਾਰੀ ਅਦਾਰਿਆਂ ਵਿਚ ਪੰਜਾਬੀ ਲਾਗੂ ਕਰਵਾਉਣ ਦਾ ਢੰਡੋਰਾ ਪਿੱਟ ਰਹੇ ਹਾਂ ਤੇ ਦੂਜੇ



ਪਾਸੇ ਆਪਣੇ ਬੱਚਿਆਂ ਨੂੰ ਅੰਗਰੇਜ਼ੀ ਸਕੂਲਾਂ ਵਿਚ ਪੜ੍ਹਾਉਣ ਦੀ ਸੋਚ ਅਪਨਾਈ ਬੈਠੇ ਹਾਂ, ਜਿੱਥੇ ਮਾਂ ਬੋਲੀ ਉਚਾਰਨ 'ਤੇ ਬੱਚੇ ਨੂੰ ਜੁਰਮਾਨਾ ਹੁੰਦਾ ਹੈ, ਜਾਂ ਸਜ਼ਾ ਮਿਲਦੀ ਹੈ। ਅਜਿਹੇ ਹਾਲਾਤ ਵਿਚ ਪੰਜਾਬੀ ਮਾਂ ਬੋਲੀ ਦੇ ਸਤਿਕਾਰ ਨੂੰ ਬਰਾਬਰੀ ਦਿਵਾਉਣਾ ਅੱਜ ਮੁੱਖ ਲੋੜ ਹੈ।

ਅਜਿਹੇ ਸਮਾਜਕ ਮੁੱਦਿਆਂ ਨੂੰ ਸਿਨੇਮਾ ਦੇ ਮਾਧਿਅਮ ਰਾਹੀਂ ਮਨੋਰੰਜਨ ਜ਼ਰੀਏ ਲੋਕ ਆਵਾਜ਼ ਬਣਾਉਣਾ ਇੱਕ ਚੰਗੀ ਪਹਿਲਕਦਮੀ ਹੈ। ਪਹਿਲੀ ਫਰਵਰੀ ਨੂੰ ਰਿਲੀਜ਼ ਹੋਣ ਵਾਲੀ ਫਰਾਈਡੇਅ ਰਸ਼ ਮੋਸ਼ਨ ਪਿਕਚਰਜ਼, ਸ਼ਿਤਿਜ ਚੌਧਰੀ ਫਿਲਮਜ਼ ਅਤੇ ਨਰੇਸ਼ ਕਥੂਰੀਆ ਫਿਲਮਜ਼ ਦੇ ਬੈਨਰ ਦੀ ਪੰਜਾਬੀ ਫਿਲਮ 'ਓ ਅ' ਅਜੋਕੇ ਦੌਰ ਦੀ ਸਿੱਖਿਆ ਪ੍ਰਣਾਲੀ



ਤੇ ਮਾਂ ਬੋਲੀ ਦੇ ਘਟਦੇ ਸਤਿਕਾਰ 'ਤੇ ਚਿੰਤਾ ਪ੍ਰਗਟਾਉਂਦੀ ਇੱਕ ਵਿਅੰਗਮਈ ਕਾਮੇਡੀ ਫਿਲਮ ਹੈ, ਜੋ ਦਰਸ਼ਕਾਂ ਨੂੰ ਮਨੋਰੰਜਨ ਦੇ ਨਾਲ-ਨਾਲ ਮਾਂ ਬੋਲੀ ਨਾਲ ਜੁੜਨ ਦਾ ਸੁਨੇਹਾ ਦੇਵੇਗੀ। ਇਹ ਫਿਲਮ ਪੰਜਾਬ ਦੇ ਡਿਜੀਟਿਲ ਹੋ ਰਹੇ ਵਿੱਦਿਅਕ ਅਦਾਰਿਆਂ ਦੀ ਕਾਰਜ ਪ੍ਰਣਾਲੀ ਤੇ ਮਹਿੰਗੇ ਸਕੂਲਾਂ 'ਚ ਬੱਚੇ ਪੜ੍ਹਾਉਣ ਦੀ ਦੌੜ ਨੂੰ ਵਿਅੰਗਮਈ ਤਰੀਕੇ ਨਾਲ ਪੇਸ਼ ਕਰੇਗੀ। ਇਹ ਵੀ ਸੱਚ ਹੈ ਕਿ ਮਹਿੰਗੇ ਸਕੂਲਾਂ ਦੇ ਖਰਚੇ ਝੱਲਣਾ ਹਰ ਕਿਸੇ ਦੇ ਵੱਸ ਦੀ ਗੱਲ ਨਹੀਂ। ਇਹ ਫਿਲਮ ਜਿੱਥੇ ਮਾਪਿਆਂ ਦੀਆਂ ਮਜਬੂਰੀਆਂ,ਮਾਨਸਿਕਤਾ, ਸਰਕਾਰੀ ਤੇ ਪ੍ਰਾਈਵੇਟ ਸਕੂਲਾਂ ਵਿਚ ਪੜ੍ਹਨ ਵਾਲੇ ਬੱਚਿਆਂ ਵਿਚਲੀ ਹੀਣ ਭਾਵਨਾ ਦੀ ਕਹਾਣੀ ਪੇਸ਼ ਕਰਦੀ ਹੈ, ਉਥੇ ਮਾਂ ਬੋਲੀ ਤੋਂ ਦੂਰ ਹੋ ਕੇ ਅੰਗਰੇਜ਼ੀ ਬੋਲੀ ਨੂੰ ਦਿੱਤੀ ਜਾ ਰਹੀ ਪਹਿਲ ਦੀ ਤ੍ਰਾਸਦੀ ਵੀ ਬਿਆਨ ਕਰਦੀ ਹੈ।

ਫਿਲਮ ਵਿਚ ਤਰਸੇਮ ਜੱਸੜ, ਨੀਰੂ ਬਾਜਵਾ, ਬੀ. ਐਨ. ਸ਼ਰਮਾ, ਗੁਰਪ੍ਰੀਤ ਘੁੱਗੀ, ਕਰਮਜੀਤ ਅਨਮੋਲ, ਮਾਸਟਰ ਤੇਜ਼, ਪੋਪੀ ਜੱਬਲ ਆਦਿ ਕਲਾਕਾਰਾਂ ਨੇ ਅਹਿਮ ਕਿਰਦਾਰ ਨਿਭਾਏ ਹਨ। ਫਿਲਮ ਦੀ ਕਹਾਣੀ ਤੇ ਪਟਕਥਾ ਨਰੇਸ਼ ਕਥੂਰੀਆ ਨੇ ਲਿਖੀ ਹੈ ਤੇ ਨਿਰਦੇਸ਼ਕ ਸ਼ਿਤਿਜ਼ ਚੌਧਰੀ ਹਨ। ਇਹ ਲੇਖਕ ਤੇ ਨਿਰਦੇਸ਼ਕ ਇਸ ਫਿਲਮ ਦੇ ਨਿਰਮਾਤਾ ਵੀ ਹਨ।

ਫਿਲਮ ਦੀ ਇਕ ਨਿਰਮਾਤਾ ਰੁਪਾਲੀ ਗੁਪਤਾ ਨੇ ਦੱਸਿਆ ਕਿ ਇਹ ਫਿਲਮ ਇੱਕ ਮਨੋਰੰਜਨ ਭਰਪੂਰ ਕਹਾਣੀ 'ਤੇ ਆਧਾਰਤ ਹੈ, ਜੋ ਸਮਾਜਕ ਮੁੱਦਿਆਂ ਦੀ ਗੱਲ ਕਰਦੀ ਸਾਰਥਕ ਕਾਮੇਡੀ ਤੇ ਸੰਗੀਤਮਈ ਮਨੋਰੰਜਨ ਦਾ ਸੁਮੇਲ ਹੈ।

*-ਸੁਰਜੀਤ ਜੱਸਲ*
*ਫੋਨ: 91-98146-07737*

# ਪੰਜਾਬੀ ਸਿਨੇਮਾ ਦਾ ਕੱਦ ਹੋਰ ਉਚਾ ਕਰੇਗੀ ਫਿਲਮ 'ਹਾਈਐਂਡ ਯਾਰੀਆਂ'

ਪੰਜਾਬੀ ਸਿਨੇਮਾ ਇਸ ਵੇਲੇ ਸਿਖਰਾਂ ਛੋਹ ਰਿਹਾ ਹੈ। ਨਵੇਂ ਵਿਸ਼ਿਆਂ 'ਤੇ ਨਵੇਂ ਤਜਰਬਿਆਂ ਨਾਲ ਫਿਲਮਾਂ ਬਣਾਈਆਂ ਜਾ ਰਹੀਆਂ ਹਨ। ਇਸੇ ਲੜੀ ਤਹਿਤ ਨਿਰਦੇਸ਼ਕ ਪੰਕਜ ਬਤਰਾ ਨੇ ਇਕ ਨਵੇਂ ਵਿਸ਼ੇ 'ਤੇ ਤਜਰਬਾ ਕਰਦਿਆਂ ਪੰਜਾਬੀ ਫਿਲਮ 'ਹਾਈਐਂਡ ਯਾਰੀਆਂ' ਬਣਾਈ ਹੈ। ਇਹ ਪਹਿਲੀ ਪੰਜਾਬੀ ਫਿਲਮ ਕਹੀ ਜਾ



ਸਕਦੀ ਹੈ, ਜਿਸ ਦੀ 95 ਫੀਸਦੀ ਸ਼ੂਟਿੰਗ ਲੰਡਨ ਵਰਗੇ ਮਹਿੰਗੇ ਮੁਲਕ 'ਚ ਕੀਤੀ ਗਈ ਹੈ।

22 ਫਰਵਰੀ ਨੂੰ ਰਿਲੀਜ਼ ਹੋ ਰਹੀ ਇਹ ਫਿਲਮ ਪੰਜਾਬੀ ਸਿਨੇਮਾ ਦਾ ਮਿਆਰ ਹੋਰ ਉਚਾ ਚੁੱਕਣ ਦਾ ਦਮ ਰੱਖਦੀ ਹੈ। 'ਪਟਾਰਾ ਟਾਕੀਜ਼ ਪ੍ਰਾਈਵੇਟ ਲਿਮਟਿਡ', 'ਪੰਕਜ ਬੱਤਰਾ ਫਿਲਮਜ਼' ਅਤੇ 'ਸਪੀਡ ਰਿਕਾਰਡਜ਼' ਦੇ ਬੈਨਰ ਹੇਠ ਬਣੀ ਨਿਰਮਾਤਾ ਸੰਦੀਪ ਬਾਂਸਲ, ਪੰਕਜ ਬੱਤਰਾ, ਰੂਬੀ ਅਤੇ ਦਿਨੇਸ਼ ਔਲਖ ਦੀ ਇਸ ਫਿਲਮ ਦੀ ਦਿਲਚਸਪ ਕਹਾਣੀ ਤਿੰਨ ਨੌਜਵਾਨਾਂ 'ਤੇ ਆਧਾਰਤ ਹੈ, ਜੋ ਪੰਜਾਬ ਦੇ ਵੱਖ ਵੱਖ ਸ਼ਹਿਰਾਂ ਤੋਂ ਲੰਡਨ ਪੜ੍ਹਾਈ ਕਰਨ ਗਏ ਹੁੰਦੇ ਹਨ। ਇਹ ਪੰਜਾਬੀ ਦੀ ਅਜਿਹੀ ਪਹਿਲੀ ਫਿਲਮ ਹੋਵੇਗੀ ਜਿਸ ਵਿਚ ਪੰਜਾਬ ਦੇ ਤਿੰਨ ਵੱਡੇ ਸਟਾਰ ਗਾਇਕ ਤੇ ਅਦਾਕਾਰ ਰਣਜੀਤ ਬਾਵਾ, ਨਿੰਜਾ ਅਤੇ ਜੱਸੀ ਗਿੱਲ ਇਕੱਠੇ ਨਜ਼ਰ ਆਉਣਗੇ।

ਰਣਜੀਤ ਬਾਵਾ ਨੇ ਇਸ ਫਿਲਮ 'ਚ ਇੱਕ ਦੇਸੀ ਤੇ ਸਾਧਾਰਨ ਜਿਹੇ ਮੁੰਡੇ ਦਾ ਕਿਰਦਾਰ ਨਿਭਾਇਆ ਹੈ, ਜੋ ਬਠਿੰਡੇ ਤੋਂ ਲੰਡਨ ਪੜ੍ਹਾਈ ਲਈ ਜਾਂਦਾ ਹੈ। ਉਸ ਦਾ ਇਸ ਫਿਲਮ ਵਿਚਲਾ ਕਿਰਦਾਰ ਉਸ ਦੀਆਂ ਪਹਿਲੀਆਂ ਫਿਲਮਾਂ ਨਾਲੋ ਬਿਲਕੁੱਲ ਵੱਖਰਾ ਹੋਵੇਗਾ। ਫਿਲਮ 'ਚੰਨਾ ਮੇਰਿਆ' ਰਾਹੀਂ ਫਿਲਮ ਖੇਤਰ ਨਾਲ ਜੁੜਿਆ ਗਾਇਕ ਨਿੰਜਾ ਵੀ ਇਸ ਫਿਲਮ 'ਚ ਵੱਖਰੇ ਰੂਪ 'ਚ ਦਿਖੇਗਾ, ਉਹ ਇਸ ਫਿਲਮ ਵਿਚ ਚੰਡੀਗੜ੍ਹ ਦੇ ਇੱਕ ਹਿੰਦੂ ਪਰਿਵਾਰ ਦੇ ਮੁੰਡੇ ਦਾ ਕਿਰਦਾਰ ਨਿਭਾ ਰਿਹਾ ਹੈ। ਇਸ ਫਿਲਮ ਰਾਹੀਂ ਵੱਖਰੀ ਦਿੱਖ 'ਚ ਨਜ਼ਰ ਆਉਣ ਵਾਲਾ 'ਯੈਂਕੀ ਬੁਆਏ' ਜੱਸੀ ਗਿੱਲ ਫਿਲਮ 'ਚ ਅੰਮ੍ਰਿਤਸਰ ਦੇ ਇੱਕ ਪੜ੍ਹੇ-ਲਿਖੇ ਤੇ ਆਮੀਰ ਪਰਿਵਾਰ ਦੇ ਮੁੰਡੇ ਦਾ ਕਿਰਦਾਰ ਨਿਭਾ ਰਿਹਾ ਹੈ। ਪੜ੍ਹਾਈ ਕਰਨ ਲਈ ਲੰਡਨ ਗਏ ਜਦੋਂ ਇਹ ਤਿੰਨੋਂ ਨੌਜਵਾਨ ਇਕੱਠੇ ਹੁੰਦੇ ਹਨ, ਫਿਰ ਉਥੇ ਜੋ ਮਾਹੌਲ ਬਣਦਾ ਹੈ, ਉਸੇ 'ਤੇ ਇਸ ਫਿਲਮ ਦੀ ਕਹਾਣੀ ਟਿਕੀ ਹੈ।



ਨਿਰਦੇਸ਼ਕ ਪੰਕਜ ਬੱਤਰਾ ਇਸ ਫਿਲਮ ਤੋਂ ਪਹਿਲਾਂ 'ਨੌਟੀ ਜੱਟਸ', 'ਗੋਰਿਆਂ ਨੂੰ ਦਫਾ ਕਰੋ', 'ਬੰਬੂਕਾਟ', 'ਦਿਲਦਾਰੀਆਂ' ਅਤੇ 'ਸੱਜਣ ਸਿੰਘ ਰੰਗਰੂਟ' ਵਰਗੀਆਂ ਹਿੱਟ ਫਿਲਮਾਂ ਬਣਾ ਚੁਕਾ ਹੈ। ਇਸ ਫਿਲਮ ਜ਼ਰੀਏ ਉਹ ਆਪਣੇ ਪ੍ਰੋਡਕਸ਼ਨ ਹਾਊਸ 'ਪੰਕਜ ਬੱਤਰਾ ਫਿਲਮਜ਼' ਦੀ ਸ਼ੁਰੂਆਤ ਵੀ ਕਰਨਗੇ। ਪੰਕਜ ਬੱਤਰਾ ਮੁਤਾਬਕ ਉਨ੍ਹਾਂ ਦੀ ਇਹ ਫਿਲਮ ਇੱਕ ਵੱਖਰੀ ਕਿਸਮ ਦੀ ਹੋਵੇਗੀ। ਫਿਲਮ ਦੀਆਂ ਹੀਰੋਇਨਾਂ ਆਰੂਸ਼ੀ ਸ਼ਰਮਾ, ਮੁਸਕਾਨ ਸੇਠੀ ਤੇ ਨਵਨੀਤ ਕੌਰ ਢਿੱਲੋਂ ਹਨ। ਫਿਲਮ ਦੀ ਕਹਾਣੀ ਗੁਰਜੀਤ ਸਿੰਘ ਨੇ ਲਿਖੀ ਹੈ ਤੇ ਡਾਇਲਾਗ ਜਤਿੰਦਰ ਲੱਲ ਨੇ ਲਿਖੇ ਹਨ। ਫਿਲਮ ਦਾ ਸੰਗੀਤ ਬੀ. ਪਰੈਕ, ਗੋਲਡ ਬੁਆਏ ਅਤੇ ਜੈ ਦੇਵ ਨੇ ਤਿਆਰ ਕੀਤਾ ਹੈ। ਗੀਤ ਜਾਨੀ, ਵਿੰਦਰ ਨੱਥੂਮਾਜਰਾ ਤੇ ਨਿਰਮਾਣ ਨੇ ਲਿਖੇ ਹਨ, ਜੋ ਗਾਏ ਜੱਸੀ ਗਿੱਲ, ਨਿੰਜਾ, ਰਣਜੀਤ ਬਾਵਾ ਸਮੇਤ ਹੋਰ ਨਾਮੀ ਗਾਇਕਾਂ ਨੇ ਹਨ। ਪੰਜਾਬ ਤੋਂ ਪੜ੍ਹਾਈ ਲਈ ਵਿਦੇਸ਼ ਪਹੁੰਚੇ ਤਿੰਨ ਨੌਜਵਾਨਾਂ ਦੇ ਵੱਖੋ ਵੱਖ ਮਾਹੌਲ ਨੂੰ ਦਰਸਾਉਦੀ ਇਹ ਫਿਲਮ ਸ਼ਹਿਰੀ ਅਤੇ ਪੇਂਡੂ ਨੌਜਵਾਨਾਂ ਦੀ ਜ਼ਿੰਦਗੀ ਨੂੰ ਵੀ ਪਰਦੇ 'ਤੇ ਪੇਸ਼ ਕਰੇਗੀ।

*-ਸਾਕਾ ਨੰਗਲ*
*ਫੋਨ: 91-70094-76970*

# ਪੰਜਾਬੀ ਸੰਗੀਤ ਦੀ ਦੁਨੀਆਂ 'ਚ ਵੱਡੀਆਂ ਪੁਲਾਂਘਾਂ ਪੁੱਟ ਰਿਹਾ ਸਿਮਰ ਗਿੱਲ

ਪੰਜਾਬੀ ਗਾਇਕੀ ਦੇ ਖੇਤਰ ਵਿਚ ਅਨੇਕਾਂ ਅਜਿਹੇ ਸਥਾਪਤ ਗਾਇਕ ਹਨ, ਜੋ ਸੋਸ਼ਲ ਮੀਡੀਆ ਦੀ ਦੇਣ ਹਨ। ਕਿਸੇ ਵੇਲੇ ਸ਼ੈਰੀ ਮਾਨ, ਕੁਲਵਿੰਦਰ ਬਿੱਲਾ, ਸਤਿੰਦਰ ਸਰਤਾਜ, ਸੱਜਣ ਅਦੀਬ, ਸੁਨੰਦਾ ਸ਼ਰਮਾ, ਸ਼ਲੀਨਾ ਸ਼ੈਲੀ ਆਦਿ ਕਲਾਕਾਰਾਂ ਨੇ ਆਪਣੀ ਕਲਾ ਨੂੰ ਆਮ ਲੋਕਾਂ ਤੱਕ ਪਹੁੰਚਾਉਣ ਲਈ ਸੋਸ਼ਲ ਮੀਡੀਆ ਖਾਸ ਕਰ ਯੂਟਿਊਬ ਦਾ ਸਹਾਰਾ ਲਿਆ ਸੀ, ਜਿਸ 'ਤੇ ਦਰਸ਼ਕਾਂ ਦੇ ਪਿਆਰ ਨੂੰ ਵੇਖਦਿਆਂ ਪੰਜਾਬ ਦੀਆਂ ਨਾਮਵਰ ਸੰਗੀਤ ਕੰਪਨੀਆਂ ਨੇ ਉਨ੍ਹਾਂ ਦੀ ਬਾਂਹ ਫੜੀ ਤੇ ਅੱਜ ਇਹ ਸਟਾਰ ਗਾਇਕਾਂ ਦੀ ਕਤਾਰ ਵਿਚ ਗਿਣੇ ਜਾਂਦੇ ਹਨ।

ਅਜਿਹੇ ਹੀ ਗਾਇਕਾਂ 'ਚੋਂ ਇੱਕ ਨਵਾਂ ਨਾਂ ਹੈ, ਸਿਮਰ ਗਿੱਲ, ਜੋ ਸ਼ੈਰੀ ਮਾਨ ਦੀ ਗਾਇਕੀ ਤੋਂ ਪ੍ਰਭਾਵਿਤ ਹੋ ਕੇ ਇਸ ਖੇਤਰ ਵਿਚ ਆਇਆ ਤੇ ਉਸੇ ਦੇ ਨਕਸ਼ੇ ਕਦਮਾਂ 'ਤੇ ਚੱਲਦਿਆਂ ਆਪਣੀ ਮੰਜ਼ਿਲ ਦਾ ਰਾਸਤਾ ਚੁਣਿਆ। ਸਿਮਰ ਦੇ ਗਾਏ ਗੀਤ 'ਡਾਲਰ' ਨੇ ਹੀ ਉਸ ਨੂੰ ਰਾਤੋ-ਰਾਤ ਸਟਾਰ ਬਣਾ ਦਿੱਤਾ ਸੀ। ਸਿਮਰ ਦੇ ਗਾਏ ਅਨੇਕਾਂ ਗੀਤ ਅੱਜ ਉਸ ਦੀ ਪਛਾਣ ਹਨ। ਇਨ੍ਹੀਂ ਦਿਨੀਂ ਆਏ ਉਸ ਦੇ ਨਵੇਂ ਗੀਤ 'ਪੈਗ ਪਾਉਣ ਵੇਲੇ' ਦੀ ਚਰਚਾ ਜ਼ੋਰਾਂ 'ਤੇ ਹੈ। ਹਰ ਮਹਿਫਿਲ ਅਤੇ ਡੀ. ਜੇ. ਸਮਾਗਮ ਦੀ ਇਹ ਗੀਤ ਪਹਿਲੀ ਪਸੰਦ ਬਣਿਆ ਹੋਇਆ ਹੈ। ਸਿਮਰ ਗਿੱਲ ਨਵੀਂਆਂ ਤੇ ਵਿਲੱਖਣ ਪੈੜਾਂ ਪਾਉਣ ਵਾਲਾ ਗਾਇਕ ਹੈ। ਉਸ ਦੀ ਗਾਇਕੀ ਸਮਾਜਕ ਕਦਰਾਂ ਕੀਮਤਾਂ ਦੀ ਗੱਲ ਕਰਦੀ ਹੈ। ਥੋੜੇ ਸਮੇਂ 'ਚ ਹੀ ਆਏ ਉਸ ਦੇ ਗਿਣਵੇਂ ਜਿਹੇ ਗੀਤਾਂ ਨੇ ਉਸ ਨੂੰ ਚੰਗੇ ਗਾਇਕਾਂ ਦੀ ਕਤਾਰ 'ਚ ਖੜ੍ਹਾ ਦਿੱਤਾ ਹੈ।

ਲੁਧਿਆਣਾ ਵਾਸੀ ਸਿਮਰ ਨੇ ਦੱਸਿਆ ਕਿ ਉਸ ਨੂੰ ਕਲਾ ਦੀ ਸੌਗਾਤ ਪਰਿਵਾਰ 'ਚੋਂ ਹੀ ਮਿਲੀ। ਉਸ ਦੇ ਪਿਤਾ ਜੀ ਗੁਰੂ ਘਰ 'ਚ ਕੀਰਤਨੀਏ ਹੋਣ ਕਰਕੇ ਉਸ ਨੇ ਛੋਟੀ ਉਮਰੇ ਹੀ ਹਾਰਮੋਨੀਅਮ 'ਚ ਮੁਹਾਰਤ ਲੈ, ਰਾਗ ਵਿੱਦਿਆ ਦਾ ਗਿਆਨ ਹਾਸਲ ਕੀਤਾ। ਸਕੂਲ-ਕਾਲਜ ਦੇ ਦਿਨਾਂ ਵਿਚ ਸਿਮਰ ਨੂੰ ਗੀਤ ਲਿਖਣ ਦਾ ਸ਼ੌਕ ਸੀ। ਫਿਰ ਅਚਾਨਕ ਸ਼ੈਰੀ ਮਾਨ ਦੀ ਗਾਇਕੀ ਤੋਂ ਪ੍ਰਭਾਵਿਤ ਹੋ ਸਿਮਰ ਨੇ ਵੀ ਗਾਇਕੀ ਨੂੰ ਅਪਨਾ ਲਿਆ। ਯਾਰਾਂ ਦੋਸਤਾਂ ਦੀਆਂ ਮਹਿਫਿਲਾਂ 'ਚ ਗਾਉਂਦੇ ਸਿਮਰ ਦੀ ਗਾਇਕੀ ਨੂੰ ਇੱਕ ਨਵੀਂ ਦਿਸ਼ਾ ਮਿਲੀ। ਪੜ੍ਹਾਈ ਦੇ ਦਿਨਾਂ ਵਿਚ ਉਸ ਦੀ ਆਰਥਕਤਾ ਐਨੀ ਮਜਬੂਤ ਨਹੀਂ ਸੀ ਕਿ ਉਹ ਲੱਖਾਂ



ਰੁਪਏ ਖਰਚ ਕੇ ਗੀਤ ਦਾ ਵੀਡੀਓ ਤਿਆਰ ਕਰਦਾ। ਉਸ ਨੇ ਯੂਟਿਊਬ ਦਾ ਸਹਾਰਾ ਲੈ ਆਪਣੀ ਗਾਇਕੀ ਦਾ ਆਗਾਜ਼ ਕੀਤਾ। ਐਮੀ ਵਿਰਕ ਦੇ ਗਾਏ ਇੱਕ ਚਰਚਿਤ ਗੀਤ 'ਚੰਡੀਗੜ੍ਹ ਸ਼ਹਿਰ ਦੀਆਂ ਕੁੜੀਆਂ' ਦਾ ਜੁਆਬ ਗਾ ਕੇ ਯੂਟਿਊਬ 'ਤੇ ਪਾਇਆ, ਜਿਸ ਨੂੰ ਦਰਸ਼ਕਾਂ ਨੇ ਬਹੁਤ ਪਸੰਦ ਕੀਤਾ। ਇਸ ਤਰ੍ਹਾਂ ਸਿਮਰ ਗਿੱਲ ਯੂਟਿਊਬ 'ਤੇ ਆਪਣੇ ਗੀਤ ਪਾਉਂਦਾ ਗਿਆ ਤੇ ਦਰਸ਼ਕ ਪਸੰਦ ਕਰਦੇ ਗਏ।

ਅਚਾਨਕ ਮਿਊਜ਼ਿਕ ਟਾਈਮ ਪ੍ਰੋਡਕਸ਼ਨ ਦੀ ਮਾਲਕ ਦੀ ਸਿਮਰ ਦੀ ਕਲਾ 'ਤੇ ਮਿਹਰ ਹੋਈ ਤਾਂ ਉਸ ਨੂੰ ਵਧੀਆ ਢੰਗ ਨਾਲ ਰਿਕਾਰਡ ਹੋ ਕੇ ਰਿਲੀਜ਼ ਹੋਣ ਦਾ ਮੌਕਾ ਮਿਲ ਗਿਆ। ਜਦ ਇਸ ਕੰਪਨੀ ਨੇ ਉਸ ਦਾ ਗੀਤ 'ਡਾਲਰ' ਰਿਲੀਜ਼ ਕੀਤਾ ਤਾਂ ਇਹ ਰਾਤੋ ਰਾਤ ਡੇਢ ਲੱਖ ਦਰਸ਼ਕਾਂ ਦੀ ਪਸੰਦ ਹੋ ਨਿਬੜਿਆ। ਉਸ ਦਾ ਗੀਤ 'ਤਜਰਬਾ' ਜ਼ਿੰਦਗੀ ਦੇ ਸੰਘਰਸ਼ਮਈ ਪਲਾਂ ਦੀ ਦਾਸਤਾਨ ਬਿਆਨਦਾ ਉਸ ਦੀ ਆਪਣੀ ਹੱਡਬੀਤੀ ਲੱਗਦਾ ਹੈ। ਸਿਮਰ ਦੇ 'ਡਾਲਰ', 'ਚੰਡੀਗੜ੍ਹ', 'ਤਜਰਬਾ', 'ਸਮੈਕ', 'ਪੈਗ ਲਾਉਣ ਵੇਲੇ', 'ਪੋਕਮੈਨ' ਆਦਿ ਅੱਧੀ ਦਰਜਨ ਗੀਤ ਮਾਰਕੀਟ ਵਿਚ ਆ ਚੁਕੇ ਹਨ, ਜੋ ਉਸ ਦੇ ਸਰੋਤਿਆਂ ਦੀ ਪਸੰਦ ਹਨ। ਗਾਇਕ-ਗੀਤਕਾਰ ਦੇ ਨਾਲ ਨਾਲ ਉਹ ਇੱਕ ਵਧੀਆ ਅਦਾਕਾਰ ਵੀ ਹੈ। ਆਪਣੇ ਗੀਤਾਂ ਦੇ ਵੀਡੀਓ ਵਿਚ ਆਪ ਹੀ ਕੰਮ ਕਰਦਾ ਹੈ। ਉਸ ਦੇ ਗੀਤਾਂ ਦੇ ਵਿਸ਼ੇ ਮਿਆਰੀ ਹੁੰਦੇ ਹਨ।

ਹਥਿਆਰਾਂ, ਨਸ਼ਿਆਂ ਵੱਲ ਉਤਸ਼ਾਹਿਤ ਕਰਦੇ ਗੀਤ ਗਾਉਣਾ ਉਸ ਦੀ ਸੋਚ ਦੇ ਖਿਲਾਫ ਹੈ। ਭੜਕੀਲੇ, ਗੈਰ ਪਰਿਵਾਰਕ ਵੀਡੀਓ ਬਣਾ ਕੇ ਰਾਤੋ ਰਾਤ ਸਟਾਰ ਬਣਨ ਲਈ ਉਹ ਸਮਾਜਕ ਕਦਰਾਂ ਕੀਮਤਾਂ ਨੂੰ ਛਿੱਕੇ ਨਹੀਂ ਟੰਗਦਾ।

ਸਿਮਰ ਗਿੱਲ ਨੇ ਦੱਸਿਆ ਕਿ ਗਾਇਕੀ ਵਿਚ ਚੰਗੀ ਤਰ੍ਹਾਂ ਪੈਰ ਜਮਾਉਣ ਪਿਛੋਂ ਹੀ ਉਹ ਫਿਲਮਾਂ ਬਾਰੇ ਸੋਚੇਗਾ, ਫਿਲਹਾਲ ਉਸ ਨੇ ਗਾਇਕੀ ਦੇ ਖੇਤਰ ਵਿਚ ਅਜੇ ਬਹੁਤ ਕੁਝ ਕਰਨਾ ਹੈ।

*-ਹਰਜਿੰਦਰ ਸਿੰਘ*
*ਫੋਨ: 91-94638-28000*

# Friends Of Punjab Foundation




## 'ਮੇਰਾ ਪਿੰਡ' ਦੇ ਵਾਸੀ ਤੁਹਾਨੂੰ ਹਾਕਾਂ ਮਾਰ ਰਹੇ ਹਨ

**ਗੁਰੂਆਂ ਦੀ ਧਰਤੀ ਦੇ ਵਾਸੀਆਂ ਅਤੇ ਤੁਹਾਡੇ ਬਚਪਨ ਦੀਆਂ ਯਾਦਾਂ ਨੂੰ ਅੱਜ ਤੁਹਾਡੀ ਲੋੜ ਹੈ**

**ਮੇਰਾ ਪਿੰਡ**

ਪ੍ਰਥਮ ਪਾਤਿਸ਼ਾਹ ਗੁਰੂ ਨਾਨਕ ਦੇਵ ਜੀ ਨੇ ਆਪਣੇ ਬਚਪਨ ਤੋਂ ਲੈ ਕੇ ਜ਼ਿੰਦਗੀ ਦੇ ਆਖਰੀ ਦਿਨਾਂ ਤੱਕ ਮਨੁੱਖਤਾ ਦੀ ਸੇਵਾ ਕੀਤੀ ਅਤੇ ਗਰੀਬਾਂ ਦੀ ਮਦਦ ਕੀਤੀ। ਉਨ੍ਹਾਂ ਦਾ ਸੁਨੇਹਾ ਸੀ, "ਨਾਮ ਜਪੋ, ਕਿਰਤ ਕਰੋ, ਵੰਡ ਛਕੋ।" ਸਿੱਖੀ ਇਥੋਂ ਹੀ ਸ਼ੁਰੂ ਹੁੰਦੀ ਹੈ। ਸਾਡੇ ਵਿਚੋਂ ਬਹੁਤੇ 'ਨਾਮ ਜਪੋ' ਅਤੇ 'ਕਿਰਤ ਕਰੋ' ਦੇ ਹੁਕਮ 'ਤੇ ਤਾਂ ਪਹਿਰਾ ਦਿੰਦੇ ਹਨ, ਪਰ ਗਰੀਬਾਂ ਦੀ ਮਦਦ, ਖਾਸ ਕਰ ਜੋ ਥੁੜ੍ਹਾਂ ਦੇ ਮਾਰੇ ਹੁੰਦੇ ਹਨ, ਲਈ 'ਵੰਡ ਛਕੋ' ਦੇ ਹੁਕਮ ਨੂੰ ਵਿਸਾਰ ਛੱਡਦੇ ਹਨ।

'ਫਰੈਂਡਜ਼ ਆਫ ਪੰਜਾਬ ਫਾਊਂਡੇਸ਼ਨ' ਨਾਲ ਜੁੜੇ ਪਰਵਾਸੀ ਭਾਰਤੀ ਗਰੀਬਾਂ ਦੀ ਮਦਦ ਕਰਨ ਲਈ ਆਪਣੇ ਪਿੰਡਾਂ ਨੂੰ ਅਪਨਾ ਰਹੇ ਹਨ। ਬੇਔਲਾਦ ਗਰੀਬ ਬਜ਼ੁਰਗ, ਗਰੀਬ ਵਿਧਵਾਵਾਂ, ਅੰਗਹੀਣ ਅਤੇ ਗਰੀਬ ਪਰਿਵਾਰ ਦੇ ਵਿਦਿਆਰਥੀਆਂ ਨੂੰ ਮਦਦ ਮਿਲ ਰਹੀ ਹੈ। ਇਸ ਦੀਆਂ ਕੁਝ ਅਸਲ ਮਿਸਾਲਾਂ ਇਸ ਤਰ੍ਹਾਂ ਹਨ:

*ਬੇਜਮੀਨ ਵਿਧਵਾ, ਤਿੰਨ ਮੁਟਿਆਰ ਧੀਆਂ (ਜਿਨ੍ਹਾਂ ਵਿਚੋਂ ਦੋ ਅੰਗਹੀਣ ਹਨ)।

*ਐਮ. ਏ. ਦੀ ਪੜ੍ਹਾਈ ਪੂਰੀ ਕਰ ਰਹੀ ਗਰੀਬ ਨੌਜਵਾਨ ਲੜਕੀ।

*ਗਰੀਬ ਕਿਸਾਨ ਦੀ ਅਪਾਹਜ ਵਿਧਵਾ ਅਤੇ ਉਸ ਦੇ ਦੋ ਬੱਚੇ।

*ਦੋ ਬੱਚਿਆਂ ਦਾ ਬੇਜਮੀਨਾ ਬਾਪ, ਜੋ ਬੁਰੀ ਤਰ੍ਹਾਂ ਜ਼ਖਮੀ ਹੋਈ ਲੱਤ ਦਾ ਇਲਾਜ ਨਾ ਕਰਵਾ ਸਕਣ ਕਰ ਕੇ ਕੰਮ ਨਹੀਂ ਕਰ ਸਕਦਾ।

*ਪਿੰਡ ਦੇ ਅਖੌਤੀ ਮੈਡੀਕਲ ਡਾਕਟਰ ਵਲੋਂ ਗਲਤ ਇਲਾਜ ਕੀਤੇ ਜਾਣ ਕਾਰਨ ਗਰੀਬ ਪਰਿਵਾਰ ਦਾ ਇਕ ਨੌਜਵਾਨ ਵਿਦਿਆਰਥੀ, ਜਿਸ ਦੇ ਦੋਵੇਂ ਗੁਰਦੇ ਫੇਲ੍ਹ ਹੋ ਚੁਕੇ ਹਨ।

ਇਨ੍ਹਾਂ ਅਤੇ ਕਈ ਹੋਰ ਪਿੰਡਾਂ ਦੇ ਸੈਂਕੜੇ ਲੋਕਾਂ ਦੀ 'ਫਰੈਂਡਜ਼ ਆਫ ਪੰਜਾਬ ਫਾਊਂਡੇਸ਼ਨ' ਵਲੋਂ ਮਦਦ ਕੀਤੀ ਜਾ ਰਹੀ ਹੈ। ਫਾਊਂਡੇਸ਼ਨ ਆਪ ਕੋਈ ਪੈਸਾ ਇਕੱਠਾ ਨਹੀਂ ਕਰਦੀ, ਸਿਰਫ ਪਰਵਾਸੀ ਭਾਰਤੀਆਂ ਦੀ 'ਮੇਰਾ ਪਿੰਡ' ਯਾਨਿ ਆਪਣਾ ਪਿੰਡ ਅਪਨਾਉਣ ਵਿਚ ਮਦਦ ਕਰਦੀ ਹੈ। ਪੂਰੇ ਵੇਰਵੇ ਸਾਡੀ ਵੈਬ ਸਾਈਟ www.friendsofpunjabfoundation.org ਤੋਂ ਹਾਸਲ ਕੀਤੇ ਜਾ ਸਕਦੇ ਹਨ।

**ਸਾਡੇ ਨਾਲ ਫੋਨ ਰਾਹੀਂ ਵੀ ਸੰਪਰਕ ਕੀਤਾ ਜਾ ਸਕਦਾ ਹੈ:**

**ਭੁਪਿੰਦਰ ਸਿੰਘ ਹੁੰਦਲ, ਫੋਨ: 630-802-2179**

E-mail: hundalb@yahoo.com






# Best Truck Driving School

**2641 S. Lynhurst Dr., Suite# 511, Indianapolis, IN 46241**

**ਖੁਸ਼ਖਬਰੀ ! ਖੁਸ਼ਖਬਰੀ ! ਖੁਸ਼ਖਬਰੀ !**

**ਸਾਰੀਆਂ 48 ਸਟੇਟਾਂ ਵਿਚ ਮਨਜ਼ੂਰਸ਼ੁਦਾ**

- ਆਪਣੀ ਸਟੇਟ ਤੋਂ CDL Learning Permit ਲੈ ਕੇ ਆਓ ਅਤੇ ਇੰਡੀਅਨਐਪੋਲਿਸ (ਇੰਡੀਆਨਾ) ਸਾਡੇ ਸਕੂਲ ਤੋਂ Class A CDL ਟਰੇਨਿੰਗ ਤੇ ਟੈਸਟਿੰਗ ਲਓ।
- CDL Road Test Exam ਪਾਸ ਕਰਨ ਤੋਂ ਬਾਅਦ ਆਪਣੀ ਸਟੇਟ ਤੋਂ ਜਾ ਕੇ CDL License ਦੀ ਫੋਟੋ ਲਵਾਓ ਅਤੇ CDL Class A License ਪਾਓ।
- ਇੰਡੀਅਨਐਪੋਲਿਸ ਵਾਸੀਆਂ ਨੂੰ ਜਾਬ ਛੱਡਣ ਦੀ ਲੋੜ ਨਹੀਂ, ਅਸੀਂ ਤੁਹਾਡੇ Work Schedule ਮੁਤਾਬਕ ਟਰੇਨਿੰਗ ਦੇਵਾਂਗੇ।

**ਫੋਨ: 317-518-3388**

3-




# US Business Brokers Inc.

## American Financing Group LLC

101 W 22nd St, Suite 111, Lombard, IL 60148
23280 Pacific Highway South, Suite 307, Kent, WA 98032

**ਬਿਜਨਸ ਵੇਚਣ ਤੇ ਖਰੀਦਣ ਅਤੇ ਫਾਇਨਾਂਸ ਕਰਵਾਉਣ ਲਈ ਸੰਪਰਕ ਕਰੋ**









## Financing - Loans

- We do all kinds of SBA & Conventional loans.
- We are specialized in Gas Stations, Liquor Stores, Hotels, Convenience Stores, Motels, Apartment Buildings, Strip Plazas, Commercial Buildings, Food Franchise.
- Purchase/Refinance
- Lowest Rates (With or Without Real Estate)
- Best Possible Mortgage Solutions For You...

AMERICAN AFG FINANCING GROUP LLC

*Contact us Buy or Sell business*

**AJ Sandhu (MBA)**

*Managing Broker/Realtor/Consultant*
*Licensed in IL, IN, WA*

**Contact us for any Financing Need Nationwide.**

- FAST APPROVAL • QUICK CLOSINGS • SBA 504 & 7A
- CONVENTIONAL LOANS • HOTELS, MOTELS
- GAS STATIONS, TRUCK STOPS • INDUSTRIAL CLIENT
- SUBWAY, DUNKIN DONUTS
- LIQUOR STORES, C-STORES, CAR WASH

**916-995-0783 (Cell)**

**425-529-6283 (Cell)**

*630-206-2467 (Fax)*

www.ubbchicago.com aj@ubbchicago.com